# ਜੇਹਾ ਡਿਠਾ ਮੈ ਤੇਹੋ ਕਹਿਆ



## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਦੇ ਜੀਵਨ ਸੰਬੰਧੀ

## ਅੱਖੀਂ ਡਿਠੇ, ਹੱਡੀ ਵਾਪਰੇ ਬਿਰਤਾਂਤ

ਸੰਪਾਦਕ:- ਗੁਰਦੀਪ ਸਿੰਘ

www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ



ਭਾਈ ਸਾਹਿਬ ਰਣਧੀਰ ਸਿੰਘ ਜੀ
ਅਤੇ
ਬਾਊ ਮਲ ਸਿੰਘ ਜੀ

www.AKJ.Org

# ਜੇਹਾ ਡਿਠਾ ਮੈ ਤੇਹੋ ਕਹਿਆ

# ਪੁਸਤਕਾਂ ਮਿਲਣ ਦਾ ਪਤਾ:

- **ਸਿੰਘ ਬ੍ਰਦਰਜ਼**
  223, ਸਿਟੀ ਸੈਂਟਰ,
  ਅੰਮ੍ਰਿਤਸਰ।
  ਫੋਨ: +91 9915048001,
  +91 9915048004

- **ਪ੍ਰੋ. ਜੋਗਾ ਸਿੰਘ**
  ਸਟਾਫ ਕੁਆਟਰ ਨੰ:35,
  ਗੁਰੂ ਨਾਨਕ ਦੇਵ ਇੰਜਨੀਅੰਗ ਕਾਲਜ,
  ਲੁਧਿਆਣਾ ਫੋਨ: +91 9855490633

- **ਸ. ਜੀ.ਪੀ. ਸਿੰਘ**
  ਹਾਊਸ ਨੰ:3848,
  ਸੈ. 32-ਡੀ, ਚੰਡੀਗੜ੍ਹ।
  ਫੋਨ: +91 9814203848

- **Bh. Bhajneet Singh**
  7351 130 Street
  Surrey, Canada BC V3W 7R1
  Ph. No. 001 810 230 4763

- **Bh. Harpreet Singh**
  24-21 East view gate
  Brompton -ON Canada -LP6 1P6
  Ph.no. 001 437 777 9567

- **Bh. Sohan Singh**
  1259--S.Wilshire Avenue
  Mountain Houe CA- 95391 U.S.A.
  Ph.no. 001 916 661 9523

- **Bh. Jasjit Singh**
  26-Van Buren Avenue
  Carteret NJ-07008 U.S.A.
  Ph.no. 001 732 887 7516

- **Bh. Satvinder Singh**
  17-Exeter Gardens
  Ilford IG1-3LA UK
  Ph.no. 0044 795 8481981

- **Bh. Jujhar Singh**
  9-Needwood Park
  Burton-On-Trent
  Borton Under Needwood
  Stafford Shire DE13-8PA UK
  Ph.no. 0044 755 471 1133.

- **Bh. Harpreet Singh**
  47 Baverstock Rd
  Flat bush Auckland 2016
  New Zealand
  Ph.no. 006 422 393 2394

- **Bh. Kamaldeep Singh**
  102 St.George Rd
  Shepporton Vic 3630 Australia
  Ph.no. 006 142 365 4033.

- **Bh. Simrat Pal Singh**
  168 Kilroy Street, Winnipeg,
  MB R3Y 0Z4, Canada
  Ph.no. 001 204 979 7500

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥

# ਜੇਹਾ ਡਿਠਾ ਮੈ ਤੇਹੋ ਕਹਿਆ


ਸੰਪਾਦਕ :

**ਗੁਰਦੀਪ ਸਿੰਘ**



ਪ੍ਰਕਾਸ਼ਕ :

**ਗੁਰਦੀਪ ਸਿੰਘ**

209, ਅਜੀਤ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ-143001

ਫੋਨ ਨੰ. 94638-27597

E-mail: cmgurdipsingh@gmail.com



www.AKJ.Org

# ਜੇਹਾ ਡਿਠਾ ਮੈ ਤੇਹੋ ਕਹਿਆ

*ਸੰਪਾਦਕ :*
**ਗੁਰਦੀਪ ਸਿੰਘ**
209, ਅਜੀਤ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ-143001
ਫੋਨ ਨੰ. 94638-27597
E-mail: cmgurdipsingh@gmail.com

*ਪਹਿਲੀ ਵਾਰ :* ਅਕਤੂਬਰ 2020

ਭੇਟਾ ਰਹਿਤ

*ਪ੍ਰਕਾਸ਼ਕ :*
**ਗੁਰਦੀਪ ਸਿੰਘ**
209, ਅਜੀਤ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ-143001
ਫੋਨ ਨੰ. 94638-27597
E-mail: cmgurdipsingh@gmail.com

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

www.AKJ.Org

# ਤਤਕਰਾ


- ਪੁਸਤਕ ਬਾਰੇ ਦੋ ਹਰਫ਼ — ਭਾ. ਗੁਰਦੀਪ ਸਿੰਘ — 6
- ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੰਖੇਪ ਜੀਵਨ — ਗਿ. ਨਾਹਰ ਸਿੰਘ ਜੀ — 9
- ਜੇਹਾ ਡਿਠਾ ਮੈ ਤੇਹੋ ਕਹਿਆ — ਗਿ. ਨਾਹਰ ਸਿੰਘ ਜੀ — 24
- ਡਿੱਠੇ, ਸੁਣੇ ਤੇ ਹੱਡੀਂ ਵਾਪਰੇ ਬਿਰਤਾਂਤ — ਭਾ. ਸੁਰਜਨ ਸਿੰਘ ਜੀ — 38
- ਅੱਖੀਂ ਡਿੱਠੇ ਭਾਈ ਸਾਹਿਬ — ਪ੍ਰਿੰ. ਧਰਮਾਨੰਤ ਸਿੰਘ ਜੀ — 74
- ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ — ਭਾ. ਆਤਮਾ ਸਿੰਘ ਜੀ — 77
- ਭਾਈ ਸਾਹਿਬ ਜੀ ਨਾਲ ਮੇਰੀ ਪਹਿਲੀ ਮੁਲਾਕਾਤ — ਸ. ਮੁਨਸ਼ਾ ਸਿੰਘ ਜੀ ਦੁਖੀ — 79
- ਪੂਰਬ ਕਰਮ ਅੰਕੁਰ ਜਬ ਪ੍ਰਗਟੇ — ਡਾ. ਗੁਰਬਚਨ ਸਿੰਘ ਜੀ — 89
- ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥ — ਇਕ ਗੁਰਮਤਿ ਪ੍ਰੇਮੀ — 91
- ਪਹਿਲਾ ਦਰਸ ਮਿਲਾਪ — ਭਗਤ ਅਮਰ ਸਿੰਘ ਜੀ — 93
- ਭਾਈ ਸਾਹਿਬ ਜੀ ਦੀਆਂ ਪੁਸਤਕਾਂ ਬਾਰੇ ਜਾਣ-ਪਛਾਣ — ਸ. ਗੁਰਪਾਲ ਸਿੰਘ ਜੀ ਲੰਡਨ — 96
- ਭਾਈ ਸਾਹਿਬ ਵਲੋਂ ਗੁਰਬਾਣੀ ਦਾ ਅਦਬ ਸਤਿਕਾਰ — ਸੰਤ ਵਿਸਾਖਾ ਸਿੰਘ ਜੀ — 101
- ਬੀਤੀਆਂ ਯਾਦਾਂ — ਬੀਬੀ ਸਤਵੰਤ ਕੌਰ ਜੀ — 103
- ਗੁਰਸਿੱਖੀ ਦੀਆਂ ਝਲਕਾਂ — ਗਿ. ਹਰਬੰਸ ਸਿੰਘ ਜੀ — 108
- ਗੁਰਸਿੱਖ ਮੀਤ — ਗਿ. ਦਲਜੀਤ ਸਿੰਘ ਜੀ — 117
- ਮੇਰੇ ਪਿਆਰੇ ਦੀਆਂ ਅਭੁਲ ਯਾਦਾਂ — ਭਾ. ਬਹਾਦਰ ਸਿੰਘ ਜੀ — 121
- ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਅਧਿਆਤਮਕ ਜੀਵਨ — ਡਾ. ਤਰਲੋਚਨ ਸਿੰਘ ਜੀ — 125
- ਕਿਥੋਂ ਲੱਭਾਂ ਕਿਥੋਂ 'ਸਾਥੀ' ਵੀਰ ਰਣਧੀਰ ਨੂੰ — ਗਿ. ਹਰਭਜਨ ਸਿੰਘ ਜੀ — 134
- ਗੁਰਮੁਖ ਪਿਆਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੇਵਾ ਵਿਚ ਪ੍ਰੇਮ ਪੱਤਰ — 137
- ਪ੍ਰਧਾਨਗੀ ਐਡਰੈਸ — ਗਿ. ਹਰਿਭਗਤ ਸਿੰਘ ਜੀ — 139
- ਸ੍ਰਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫਰੰਸ — 154
- ਬਾਹਰ ਤੋਂ ਵੱਖ ਵੱਖ ਸਭਾਵਾਂ ਅਤੇ ਸੋਸਾਇਟੀਆਂ ਵੱਲੋਂ ਆਈਆਂ ਹੋਈਆਂ ਚਿੱਠੀਆਂ — 154
- ਚੀਫ਼ ਖ਼ਾਲਸਾ ਦੀਵਾਨ ਦਾ ਫ਼ੈਸਲਾ — 157


***

# ਪੁਸਤਕ ਬਾਰੇ ਦੋ ਹਰਫ਼

ਪੰਥ ਦੀ ਸੋਨ ਚਿੜੀ, ਵੀਹਵੀਂ ਸਦੀ ਦੇ ਮਹਾਨ ਤਪੱਸਵੀ, ਗੁਰਦੁਆਰਾ ਅਤੇ ਗਦਰ ਲਹਿਰ ਦੇ ਮੋਢੀ, ਗੁਰਮਤਿ ਸੁਧਾਰਕ ਦਿੱਬ ਦ੍ਰਿਸ਼ਟੀ ਦੇ ਮਾਲਕ, ਸਤਿਕਾਰ ਯੋਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਉੱਪਰ ਝਾਤ ਪਾਉਂਦਾ ਬਹੁਤ ਸਾਰਾ ਸਾਹਿਤ ਉਨ੍ਹਾਂ ਦੀਆਂ ਆਪਣੀ ਲਿਖਤਾਂ ਅਤੇ ਹੋਰ ਸਤਿਸੰਗੀਆਂ, ਵਿਦਵਾਨਾਂ ਵਲੋਂ ਵੱਖ-ਵੱਖ ਪੁਸਤਕਾਂ ਵਿਚ ਉਪਲੱਬਧ ਹੈ ਜਿਵੇਂ ਕਿ—

(1) ਜੇਲ੍ਹ ਚਿੱਠੀਆਂ: ਲਿਖਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ
(2) ਰੰਗਲੇ ਸੱਜਣ : ਲਿਖਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ
(3) ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? : ਲਿਖਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ
(4) ਅੰਮ੍ਰਿਤ ਕੀ ਹੈ ? : ਲਿਖਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ
(5) ਭਾਈ ਸਾਹਿਬ ਰਣਧੀਰ ਸਿੰਘ ਜੀ ਸਿਮਰਤੀ ਗ੍ਰੰਥ-ਸ. ਜੈ ਤੇਗ ਸਿੰਘ ਅਨੰਤ ਕੈਨੇਡਾ।
(6) ਸੋਨ ਚਿੜੀ ਚੜੀ ਗੈਣਿ : ਭਾਈ ਜੋਧ ਸਿੰਘ ਜੀ ਦਿੱਲੀ
(7) ਤਵਾਰੀਖ ਅਖੰਡ ਕੀਰਤਨੀ ਜਥਾ : ਭਾਈ ਜੋਧ ਸਿੰਘ ਜੀ ਦਿੱਲੀ
(8) ਪੂਰਬ ਜਨਮ ਕੇ ਮਿਲੇ ਸੰਜੋਗੀ : ਪ੍ਰੋ. ਠਾਕੁਰ ਸਿੰਘ ਜੀ, ਸ੍ਰੀ ਅੰਮ੍ਰਿਤਸਰ
(9) ਜੀਵਨ ਚਰਿੱਤਰ : ਭਾਈ ਸਾਹਿਬ ਰਣਧੀਰ ਸਿੰਘ ਜੀ (ਪਹਿਲਾਂ ਸੂਰਾ ਮਾਸਿਕ ਪੱਤਰ ਤੇ ਹੁਣ ਆਤਮ ਰੰਗ ਪ੍ਰਕਾਸ਼ਨ, ਚੰਡੀਗੜ)
(10) ਭਾਈ ਸਾਹਿਬ ਰਣਧੀਰ ਸਿੰਘ ਜੀ : ਜਨਮ ਸ਼ਤਾਬਦੀ ਵਿਸ਼ੇਸ਼ ਅੰਕ (ਮਾਸਿਕ ਪੱਤਰ ਸੂਰਾ ਜੁਲਾਈ 1978 ਦਾ ਵਿਸ਼ੇਸ਼ ਅੰਕ)

ਇਸ ਤੋਂ ਇਲਾਵਾ ਪੰਜਾਬੀ/ਉਰਦੂ ਅਖਬਾਰਾਂ, ਰਸਾਲਿਆਂ ਖਾਸ ਕਰ ਪੰਜਾਬੀ ਰਤਨ ਲੁਧਿਆਣਾ, ਸੂਰਾ ਮਾਸਿਕ ਪੱਤਰ, ਆਤਮ ਰੰਗ ਚੰਡੀਗੜ ਗੁਰਮਤਿ ਪ੍ਰਕਾਸ਼ ਸ੍ਰੀ ਅੰਮ੍ਰਿਤਸਰ, ਪ੍ਰਕਾਸ਼ ਪਟਿਆਲਾ, ਬਲਿਓ ਚਰਾਗ ਪਟਿਆਲਾ, ਸੋ ਕਹੀਅਤ ਹੈ ਸੂਰਾ ਆਦਿ ਵਿਚ ਉਨ੍ਹਾਂ ਦੀ ਜੀਵਨ ਬਾਰੇ, ਜਾਣਕਾਰੀ ਦਿੰਦੇ ਬੇਅੰਤ ਲੇਖ ਛਪਦੇ ਰਹੇ ਹਨ।

ਭਾਈ ਸਾਹਿਬ ਜੀ 16 ਅਪਰੈਲ 1961 ਵਿਚ ਗੁਰਪੁਰੀ ਸਿਧਾਰ ਗਏ ਸਨ। ਉਨ੍ਹਾਂ ਦੇ ਅਕਾਲ ਚਲਾਣੇ ਤੇ ਭੋਗ ਸਮੇਂ, ਵਿਦਵਾਨਾਂ ਅਤੇ ਉਨ੍ਹਾਂ ਦੇ ਖਾਸ ਸਤਿਸੰਗੀਆਂ ਵੱਲੋਂ ਉਨ੍ਹਾਂ ਦੀ ਯਾਦ ਅੰਦਰ ਲਿਖੇ ਗਏ ਲੇਖਾਂ ਦਾ, ਇਕ ਵਿਸ਼ੇਸ਼ ਅੰਕ ਉਨ੍ਹਾਂ ਦੇ ਜੀਵਨ ਦੇ ਹਮੇਸ਼ਾ ਸੰਗ ਸਾਥ ਰਹੇ ਮੁੱਢਲੇ ਸਤਿਸੰਗੀ, ਗਿਆਨੀ ਨਾਹਰ ਸਿੰਘ ਜੀ ਗੁਜਰਵਾਲ (ਜੋ ਕਿ ਪੰਜਾਬੀ ਰਤਨ ਹਫਤਾਵਾਰੀ ਰਸਾਲੇ ਦੇ ਐਡੀਟਰ ਸਨ), ਵੱਲੋਂ ਭਾਈ ਰਣਧੀਰ ਸਿੰਘ



www.AKJ.Org

ਨੰਬਰ 24 ਅਗਸਤ 1961 ਵਿਚ ਕੱਢਿਆ ਗਿਆ ਸੀ। ਇਨ੍ਹਾਂ ਵਿਚੋਂ ਕੁਝ ਕੁ ਲੇਖਾਂ ਨੂੰ ਛੱਡ ਕੇ, ਵਿਸ਼ੇਸ਼ ਅੰਕ ਵਿਚਲੇ ਬਹੁਤੇ ਲੇਖ ਉਪਰਕੋਤ ਵਰਣਨ ਕਿਤਾਬਾਂ ਜਾਂ ਰਸਾਲਿਆਂ ਵਿਚ ਹੁਣ ਤਾਈਂ ਨਹੀਂ ਛਪੇ। ਇਸ ਤੋਂ ਇਲਾਵਾ, ਭਾਈ ਸੁਰਜਨ ਸਿੰਘ ਜੀ ਗੁਜਰਵਾਲ ਵੀ ਭਾਈ ਸਾਹਿਬ ਜੀ ਤੋਂ 1902 ਤੋਂ ਸੰਗਤ ਕਰਦੇ ਰਹੇ ਹਨ। ਉਨ੍ਹਾਂ ਦੇ ਵੀ ਲਿਖੇ ਭਾਈ ਸਾਹਿਬ ਜੀ ਦੇ ਜੀਵਨ ਸੰਬੰਧੀ ਅੱਖੀਂ ਡਿੱਠੇ ਸੁਣੇ ਤੇ ਹੱਡੀ ਵਾਪਰੇ ਬਿਰਤਾਂਤ ਸੂਰਾ ਮਾਸਿਕ ਪੱਤਰ ਵਿਚ ਛਪੇ ਸਨ। ਉਨ੍ਹਾਂ ਨੂੰ ਪੁਸਤਕ ਰੂਪ ਵਿਚ ਸੂਰਾ ਮਾਸਿਕ ਪੱਤਰ ਸ੍ਰੀ ਅੰਮ੍ਰਿਤਸਰ ਵੱਲੋਂ ਸਭ ਤੋਂ ਪਹਿਲਾਂ ਜੀਵਨ ਚਰਿੱਤਰ ਭਾਈ ਸਾਇਬ ਰਣਧੀਰ ਸਿੰਘ ਜੀ ਨਾਂ ਹੇਠ ਛਾਪਿਆ ਗਿਆ ਸੀ ਪ੍ਰੰਤੂ ਬਾਅਦ ਵਿਚ ਇਹ ਨਹੀਂ ਛਪ ਸਕਿਆ।

ਅਖੰਡ ਕੀਰਤਨ ਜਥਾ ਪਟਿਆਲਾ ਵਲੋਂ ਸੂਰਾ ਮਾਸਿਕ ਪੱਤਰ 1966 ਵਿਚ ਆਰੰਭ ਕੀਤਾ ਗਿਆ ਸੀ ਜਿਹੜਾ ਸਮੇਂ ਸਮੇਂ ਕਈ ਸ਼ਹਿਰਾਂ ਦਾ ਸਫ਼ਰ ਕਰਦਾ, ਅਖ਼ੀਰ ਅਪ੍ਰੈਲ 2002 ਵਿਚ ਬੰਦ ਹੋ ਗਿਆ। ਇਸ ਮਾਸਿਕ ਪੱਤਰ ਵਿਚ ਵੀ ਭਾਈ ਸਾਹਿਬ ਜੀ ਦੇ ਪ੍ਰੇਮੀ ਸਤਿਸੰਗੀਆ ਵੱਲੋਂ ਆਪਣੇ ਨਾਲ ਹੱਡ ਬੀਤੇ ਬਿਰਤਾਂਤ ਛੱਪਦੇ ਰਹੇ ਹਨ। ਪਰੰਤੂ ਇਹ ਲੇਖ ਵੀ ਕਿਸੇ ਪੁਸਤਕ ਜਾਂ ਰਸਾਲੇ ਦਾ ਹਿੱਸਾ ਨਹੀਂ ਬਣ ਸਕੇ ਤੇ ਹੁਣ ਤਾਈਂ ਅਛੱਪ ਹੀ ਰਹੇ ਹਨ।

ਗੁਰਪੁਰ ਵਾਸੀ ਜਥੇਦਾਰ ਭਾਈ ਰਾਮ ਸਿੰਘ ਜੀ ਵਲੋਂ 20ਵੀਂ ਸਦੀ ਦੇ ਨੌਂਵੇਂ ਦਹਾਕੇ ਦੇ ਅਖ਼ੀਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਆਪਣੀ ਕਰ ਕਮਲਾਂ ਨਾਲ ਲਿਖ ਕੇ ਸੇਵਾ ਕੀਤੀ ਗਈ ਸੀ। ਕਿਉਂਕਿ ਉਹ ਰਾਗਮਾਲਾ ਨੂੰ ਗੁਰਬਾਣੀ ਨਹੀਂ ਸੀ ਮੰਨਦੇ ਤੇ ਨਾ ਹੀ ਪੜ੍ਹਦੇ ਸਨ, ਇਸ ਕਰਕੇ ਉਨ੍ਹਾਂ ਪਹਿਲਾਂ ਰਾਗਮਾਲਾ ਇਸ ਵਿਚ ਦਰਜ ਨਹੀਂ ਸੀ ਕੀਤੀ। ਇਕ ਪੰਥਕ ਜਥੇਬੰਦੀ ਅਤੇ ਉਸ ਨਾਲ ਸਬੰਧਕ ਖਾੜਕੂ ਜਥੇਬੰਦੀਆਂ ਨੇ ਇਸ ਸਬੰਧੀ ਵਾਵੇਲਾ ਖੜਾ ਕਰ ਦਿੱਤਾ। ਆਪਣੀ ਸੌੜੀ ਸੋਚ ਮੁਤਾਬਕ ਜਥੇਦਾਰ ਸਾਹਿਬ ਜੀ ਦੇ ਹੱਥ ਵੱਢਣ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। (ਇਹ ਮਸਲਾ ਬਾਅਦ ਵਿਚ ਪੰਥਕ ਨੇਤਾਵਾਂ ਦੇ ਦਖਲ ਨਾਲ ਸੁਲਝਾ ਲਿਆ ਗਿਆ ਸੀ) ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਪੰਥ ਦੇ ਇਕ ਪ੍ਰਸਿੱਧ ਵਿਦਵਾਨ, ਗੁਰਬਾਣੀ ਤੇ ਵਿਆਖਿਆਕਾਰ ਅਤੇ ਤੀਖਣ ਬੁੱਧੀ ਦੇ ਮਾਲਕ ਹੋਏ ਹਨ। ਵਿਰੋਧੀ ਇਹ ਜਾਣਦੇ ਸਨ ਕਿ ਤਲਵਾੜਾ ਜੀ ਦੀਆਂ ਰਾਗਮਾਲਾ ਬਾਰੇ ਅਕੱਟ ਦਲੀਲਾਂ ਅਤੇ ਸਬੂਤਾਂ ਅੱਗੇ ਉਹ ਟਿਕ ਨਹੀਂ ਸਕਣਗੇ। ਇਸ ਲਈ ਜਥੇਦਾਰ ਸਾਹਿਬ ਦੇ ਨਾਲ ਨਾਲ ਉਨ੍ਹਾਂ ਨੂੰ ਵੀ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਇਸ ਖਤਰੇ ਨੂੰ ਭਾਂਪਦੇ ਹੋਏ ਸਤਿਕਾਰਯੋਗ ਤਲਵਾੜਾ ਜੀ ਕੋਲ ਰਾਗਮਾਲਾ ਅਤੇ ਵਿਵਾਦਿਤ ਪੰਥਕ ਵਿਸ਼ਿਆਂ ਸੰਬੰਧੀ ਜੋ ਵੀ ਮਸੌਦਾ ਉੱਪਲਬਧ ਸੀ ਉਸ ਦੀ ਇਕ ਇਕ ਕਾਪੀ ਫੋਟੋ ਸਟੇਟ ਕਰਕੇ ਦਾਸ ਕੋਲ ਸੁਰੱਖਿਅਤ ਰਹਿਣ ਲਈ ਸੌਂਪ ਦਿੱਤੀ ਗਈ ਸੀ। ਉਨ੍ਹਾਂ ਵਿਚ ਇਕ ਕੂਕਾ ਕੁਫਰ ਤੋੜ ਅਕਾਲੀ ਕਾਨਫਰੰਸ ਜੋ ਕਿ ਪੰਜ ਪਿਆਰਿਆਂ ਦੀ ਪ੍ਰਧਾਨਗੀ ਹੇਠ ਪਿੰਡ ਮੁਲਾਂ ਪੁਰ ਦਾਖਾ ਮਿਤੀ 21-22 ਫ਼ਰਵਰੀ 1942 ਨੂੰ ਹੋਈ ਸੀ, ਸਮੇਂ ਪੜ੍ਹਿਆ ਗਿਆ ਪ੍ਰਧਾਨਗੀ ਐਡਰੈਸ ਵੀ ਸੀ। ਕੂਕਿਆਂ ਵਲੋਂ ਸੰਨ 18 ਅਪ੍ਰੈਲ 1941 ਨੂੰ ਰਾਵਲਪਿੰਡੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ (ਪਤਰਿਆਂ) ਨੂੰ ਵੱਖ-ਵੱਖ ਕਰਕੇ ਪੱਤਰਾ ਪਾਠ ਕਰਨ ਵਾਲੀ



www.AKJ.Org

ਮਨਮੱਤ ਕਰਨ ਦੀ ਕੋਸ਼ਿਸ ਕੀਤੀ ਗਈ ਸੀ ਜਿਸ ਦਾ ਭਾਈ ਸਾਹਿਬ ਸਮੇਤ ਸਮੁੱਚੇ ਪੰਥ ਹਿਤੂ ਨੇਤਾਵਾਂ, ਸੰਗਤਾਂ ਵਲੋਂ ਵਿਰੋਧ ਕੀਤਾ ਗਿਆ ਸੀ। ਬਾਬਾ ਵਿਸਾਖਾ ਸਿੰਘ ਕਿਸ਼ਨਪੁਰਾ ਜ਼ਿਲ੍ਹਾ ਫ਼ਿਰੋਜ਼ਪੁਰ, ਜਿੰਨ੍ਹਾਂ ਨੇ ਮਾਲਵਾ ਇਤਿਹਾਸ ਨੂੰ ਚਾਰ ਭਾਗਾਂ ਵਿਚ ਲਿਖ ਕੇ ਪ੍ਰਕਾਸ਼ਿਤ ਕੀਤਾ ਸੀ, ਉਹ ਵੀ ਭਾਈ ਸਾਹਿਬ ਜੀ ਦੇ ਸਮਕਾਲੀ ਸਨ ਤੇ ਉਨ੍ਹਾਂ ਵਲੋਂ ਪੰਜਾਬੀ ਰਤਨ ਲੁਧਿਆਣਾ ਵਿਚ ਲਿਖਿਆ ਲੇਖ, "ਭਾਈ ਸਾਹਿਬ ਜੀ ਵੱਲੋਂ ਗੁਰਬਾਣੀ ਦਾ ਅਦਬ ਸਤਿਕਾਰ", ਇਸ ਪੁਸਤਕ ਵਿਚ ਸ਼ਾਮਿਲ ਕੀਤਾ ਗਿਆ ਹੈ। ਉਸ ਵਿਚ ਉਨ੍ਹਾ ਕੂਕਿਆਂ ਦੀ ਪਤਰਾ ਪਾਠ ਵਾਲੀ ਕੀਤੀ ਮਨਮੱਤ ਵਿਰੁਧ ਹੋਈਆਂ ਚਾਰ ਕਾਨਫ਼ਰੰਸਾਂ ਵਿਚੋਂ ਦੋ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਭਾਈ ਸਾਹਿਬ ਜੀ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੋ ਕੇ ਉਨ੍ਹਾਂ ਕਾਨਫਰੰਸਾਂ ਦੀ ਪ੍ਰਧਾਨਗੀ ਕੀਤੀ ਸੀ। ਪਹਿਲੀ ਕਾਨਫ਼ਰੰਸ ਸਮੇਂ ਪੰਜਾਂ ਪਿਆਰਿਆਂ ਦੀ ਮੌਜੂਦਗੀ ਵਿਚ ਸਟੇਜ ਸਕੱਤਰ (ਗਿਆਨੀ ਹਰਭਗਤ ਸਿੰਘ ਜੀ ਨਾਰੰਗਵਾਲ ਜੋ ਚੋਹਾਂ ਕਾਨਫਰੰਸਾਂ ਦੇ ਸਟੇਜ ਸਕੱਤਰ ਸਨ) ਵੱਲੋਂ ਪੜ੍ਹਿਆ ਗਿਆ ਉਹ ਪ੍ਰਧਾਨਗੀ ਐਡਰੈਸ ਆਮ ਤੌਰ 'ਤੇ ਕਿਤੋਂ ਵੀ ਉਪਲਬਧ ਨਹੀਂ ਹੈ, ਉਸ ਨੂੰ ਵੀ ਸੁਰੱਖਿਅਤ ਰੱਖਣ ਵਾਸਤੇ ਇਸ ਪੁਸਤਕ ਵਿਚ ਅੰਤਿਕਾ ਨੰਬਰ 1 ਦੇ ਤੌਰ ਤੇ ਅਖ਼ੀਰ ਵਿਚ ਛਾਪਿਆ ਗਿਆ ਹੈ।

ਸੋ, ਇਸ ਸਾਰੇ ਪੁਰਾਣੇ ਦੁਰਲੱਭ ਖ਼ਜ਼ਾਨੇ ਨੂੰ ਇਕ ਪੁਸਤਕ ਦਾ ਰੂਪ ਦੇ ਕੇ, ਜੋ ਕਿ ਭਾਈ ਸਾਹਿਬ ਜੀ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਬਾਰੇ ਚਾਨਣਾ ਪਾਉਂਦਾ ਹੈ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ, ਜਿਸ ਨੇ ਭਾਈ ਸਾਹਿਬ ਜੀ ਅਤੇ ਨਾ ਹੀ ਉਨ੍ਹਾਂ ਦੇ ਨਜ਼ਦੀਕ ਰਹਿ ਕੇ ਆਤਮਿਕ ਰੰਗ ਮਾਣਨ ਵਾਲੇ ਗੁਰਸਿਖਾਂ ਦੇ ਦਰਸ਼ਨ ਜਾਂ ਸਤਸੰਗਤਿ ਕੀਤੀ ਹੈ, ਨੂੰ ਜਾਗਰੂਕ ਕਰਨ ਹਿੱਤ, ਸਤਿਗੁਰੂ ਜੀ ਦੀਆਂ ਪ੍ਰੇਰਨਾ ਅਤੇ ਅਸੀਸਾਂ ਸਦਕਾ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ। ਦਾਸ ਉਨ੍ਹਾਂ ਸਾਰੇ ਸਰੋਤਾਂ, ਖ਼ਾਸਕਰ ਭਾਈ ਸਾਹਿਬ ਰਣਧੀਰ ਸਿੰਘ ਸਿਮ੍ਰਤੀ ਗ੍ਰੰਥ ਦਾ ਧੰਨਵਾਦੀ ਹੈ, ਜਿਨ੍ਹਾਂ ਤੋਂ ਇਸ ਪੁਸਤਕ ਵਿੱਚ ਲੇਖ ਅਤੇ ਚਿੱਤਰ ਲਏ ਗਏ ਹਨ। ਜੇ ਸੰਗਤਾਂ ਦੀ ਨਜ਼ਰ ਗੋਚਰੇ ਕੋਈ ਓਕਾਈ ਜਾਂ ਖਾਮੀ ਸਾਹਮਣੇ ਆਵੇ ਤਾਂ ਸੂਚਿਤ ਕਰ ਦੇਣਾ ਜੀ ਤਾਂ ਕਿ ਅਗਲੀ ਐਡੀਸ਼ਨ ਵਿਚ ਲੋੜੀਂਦੀ ਸੋਧ ਕੀਤੀ ਜਾ ਸਕੇ। ਉਮੀਦ ਹੈ ਸੰਗਤਾਂ ਇਸ ਪੁਸਤਕ ਤੋਂ ਲਾਭ ਉਠਾਣਗੀਆਂ।

ਸੰਗਤਾਂ ਦਾ ਦਾਸ

**ਗੁਰਦੀਪ ਸਿੰਘ**

ਸਾਬਕਾ ਚੀਫ਼ ਮੈਨੇਜਰ

ਪੰਜਾਬ ਐਂਡ ਸਿੰਧ ਬੈਂਕ

***



www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੰਖੇਪ ਜੀਵਨ

**ਗਿਆਨੀ ਨਾਹਰ ਸਿੰਘ ਜੀ ਗੁੱਜਰਵਾਲ**

ਭਾਈ ਸਾਹਿਬ ਦਾ ਵੇਰਵੇ ਸਾਹਿਤ ਤੇ ਅੱਡੋ ਅੱਡੀ ਹਾਲਾਤ, ਜਿਹਾ ਕਿ ਸਿਖੀ ਦਾ ਪ੍ਰੇਮ ਲਗਣਾ, ਐਬਟਾਬਾਦ ਦਾ ਪ੍ਰਸੰਗ ਤੇ ਜੇਲ੍ਹਾਂ ਦੇ ਸਮਾਚਾਰ, ਨਾਮ ਬਾਣੀ ਦੇ ਅਭਿਆਸ ਆਦਿ ਭਾਈ ਸਾਹਿਬ ਨੇ ਖ਼ੁਦ ਆਪਣੀਆਂ ਜੇਲ੍ਹ ਚਿੱਠੀਆਂ ਵਿੱਚ ਲਿਖੇ ਹਨ। ਉਨ੍ਹਾਂ ਦੇ ਜੀਵਨ ਨੂੰ ਪੂਰੇ ਤੌਰ ਪਰ ਜਾਨਣ ਲਈ, ਜੇਲ੍ਹ ਚਿੱਠੀਆਂ, ਰੰਗਲੇ ਸਜਣ, ਆਜ਼ਾਦੀ ਦੀਆਂ ਲਹਿਰਾਂ ਤੇ ਪੰਜਾਬੀ ਰਤਨ ਦਾ ਭਾਈ ਸਾਹਿਬ ਰਣਧੀਰ ਸਿੰਘ ਨੰਬਰ ਆਦਿ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ। ਨਾਮ ਬਾਣੀ ਦੇ ਪ੍ਰਤਾਪ ਤੇ ਭਜਨ ਅਭਿਆਸ ਬਾਰੇ ਉਹਨਾਂ ਦੇ ਜੋ ਆਤਮ ਰੰਗਾਂ ਦੇ ਤਜ਼ਰਬੇ ਹਨ, ਉਹ ਉਨ੍ਹਾਂ ਦੀਆਂ ਪੁਸਤਕਾਂ ਪੜ੍ਹਨ ਤੋਂ ਪਤਾ ਲਗਦਾ ਹੈ। ਏਥੇ ਉਹਨਾਂ ਦਾ ਸੰਖੇਪ ਜੀਵਨ, ਇਕ ਨਜ਼ਰ ਵਿੱਚ, ਪਾਠਕਾਂ ਦੇ ਸਾਹਮਣੇ ਲਿਆਉਣ ਲਈ ਲਿਖਿਆ ਜਾਂਦਾ ਹੈ।

ਭਾਈ ਸਾਹਿਬ ਦੇ ਜੀਵਨ ਦੇ ਵੱਡੇ ਚਾਰ ਹਿੱਸੇ ਕੀਤੇ ਜਾ ਸਕਦੇ ਹਨ। ਪਹਿਲਾਂ ਬਚਪਨ ਤੇ ਵਿਦਿਆ ਪ੍ਰਾਪਤੀ–ਏਹ ਸਮਾਂ 1878 ਤੋਂ ਲੈ ਕੇ 1900 ਈ: ਤਕ ਦਾ ਹੈ। ਦੂਜਾ ਹਿੱਸਾ 1901 ਤੋਂ 1914–15 ਤੱਕ ਦਾ ਹੈ। 1901 ਤੋਂ 1903 ਤਕ ਤਸੀਲਦਾਰੀ ਦਾ ਸਮਾਂ ਸੀ ਜੋ ਇਸੇ ਵਿੱਚ ਸ਼ਾਮਲ ਹੈ। ਤੀਜਾ 1915 ਤੋਂ 1930 ਤਕ ਦਾ ਜੇਲ੍ਹ ਯਾਤਰਾ ਦਾ ਕਸ਼ਟਾਂ ਭਰਿਆ ਸਮਾਂ ਹੈ। ਚੌਥਾ 1930 ਤੋਂ 1961 ਤਕ ਦਾ 30 ਸਾਲ ਦਾ ਸਮਾਂ ਅਖੰਡ ਪਾਠ ਤੇ ਅਖੰਡ ਕੀਰਤਨ ਦੇ ਸਮਾਗਮ ਕਰਨ, ਪੁਸਤਕਾਂ ਲਿਖਣ ਤੇ ਅੰਮ੍ਰਿਤ ਸੰਚਾਰ ਤੇ ਸਿੱਖੀ ਪ੍ਰਚਾਰ ਦਾ ਸਮਾਂ ਹੈ।

ਭਾਈ ਸਾਹਿਬ ਦਾ ਜਨਮ 25 ਹਾੜ ਸੰਮਤ 1935 ਬਿਕ੍ਰਮੀ ਮੁ: 7 ਜੁਲਾਈ 1878 ਈ: ਦਿਨ ਐਤਵਾਰ ਦਾ ਹੈ। ਆਪ ਦੇ ਪਿਤਾ ਸ. ਨੱਥਾ ਸਿੰਘ ਜੀ ਜੱਜ ਹਾਈ ਕੋਰਟ ਨਾਭਾ ਸਨ ਤੇ ਮਾਤਾ ਮਾਈ ਪੰਜਾਬ ਕੌਰ ਜੀ, ਜਿਸ ਦੇ ਪੇਕੇ ਪਿੰਡ ਭਾਈ ਕੀ ਥੇੜੀ, ਭਾਈ ਭਗਤੂ ਜੀ ਦੇ ਬੰਸ ਵਿੱਚੋਂ ਸਨ।

1900 ਈ: ਵਿੱਚ ਆਪ ਨੇ ਬੀ.ਏ. ਦਾ ਇਮਤਿਹਾਨ ਦਿੱਤਾ। ਇੱਥੇ ਆਪ ਪਹਿਲਾਂ ਗੌਰਮਿੰਟ ਕਾਲਜ ਲਾਹੌਰ ਵਿੱਚ ਪੜ੍ਹੇ, ਫੇਰ ਐੱਫ. ਸੀ. ਮਿਸ਼ਨ ਕਾਲਜ ਲਾਹੌਰ ਵਿੱਚ ਜਾ ਦਾਖਲ ਹੋਏ। ਪੜ੍ਹਾਈ ਦੇ ਸਮੇਂ ਵਿੱਚ ਹੀ ਆਪ ਨੂੰ ਗੁਰਬਾਣੀ ਦਾ ਪ੍ਰੇਮ ਲਗਾ ਤੇ ਸਿੰਘ ਸਜਣ ਦੀ ਲਗਨ ਪੈਦਾ ਹੋਈ। ਪੜ੍ਹਾਈ ਛੱਡਣ ਉਪਰੰਤ ਆਪ ਦੇ ਪਿਤਾ ਜੀ ਨੇ ਆਪ ਨੂੰ ਨਾਇਬ ਤਹਿਸੀਲਦਾਰ ਲਗਵਾ ਦਿੱਤਾ ਤੇ ਆਪ ਪਲੇਗ ਡਿਊਟੀ ਪਰ ਇਕ ਅੰਗਰੇਜ਼ ਮੈਡੀਕਲ ਅਫ਼ਸਰ ਮਿ: ਫਿਸ਼ਰ ਦੇ ਨਾਲ ਡਿਊਟੀ ਪਰ ਲੱਗੇ। ਏਸੇ ਸਮੇਂ ਵਿੱਚ ਹੀ ਦੋਹਾਂ ਡਾਕਟਰਾ ਮਿ: ਫਿਸ਼ਰ ਤੇ ਡਾਕਟਰ ਡਾਬ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬਾਰੇ



www.AKJ.Org

ਜੋ ਵਿਚਾਰ ਹੋਈ, ਉਹ 'ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ? ਨਾਮੇ ਪੁਸਤਕ ਵਿੱਚ ਦਰਜ ਹੈ। ਏਹ ਭਾਈ ਸਾਹਿਬ ਦੀ ਸਭ ਤੋਂ ਪਹਿਲੀ ਪੁਸਤਕ ਹੈ ਜੋ 1910 ਵਿੱਚ ਛਪੀ ਸੀ। ਆਪ ਨੇ 14 ਜੂਨ 1903 ਈ: ਨੂੰ ਪਿੰਡ ਬਕਾਪੁਰ ਤਸੀਲ ਫਿਲੌਰ ਜ਼ਿਲਾ ਜਲੰਧਰ ਦੇ ਦੀਵਾਨ ਵਿੱਚ ਅੰਮ੍ਰਿਤ ਛਕਿਆ, ਜਿਸ ਵਿੱਚ ਮੌਲਵੀ ਕਰੀਮ ਬਖਸ਼ ਦੇ ਖਾਨਦਾਨ ਨੂੰ ਸਿੰਘ ਸਜਾਇਆ ਗਿਆ ਸੀ। ਫੇਰ ਕੁਝ ਸਮਾਂ 1905 ਵਿੱਚ ਐਬਟਾਬਾਦ ਇਕ ਦਫ਼ਤਰ ਵਿੱਚ ਹੈਡ ਕਲਰਕ ਵੀ ਰਹੇ ਸਨ। ਏਹ ਸਾਰਾ ਹਾਲ ਜੇਲ੍ਹ ਚਿੱਠੀਆਂ ਵਿੱਚ ਦਰਜ ਹੈ।

1907 ਵਿੱਚ ਆਪ ਸ: ਹਰਬੰਸ ਸਿੰਘ ਜੀ ਅਟਾਰੀ ਦੀ ਪ੍ਰੇਰਨਾ ਨਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਕੁਝ ਸਮੇਂ ਲਈ ਹੋਸਟਲ ਸੁਪ੍ਰਟੰਡੰਟ ਰਹੇ। 1907 ਵਿੱਚ ਹੀ ਆਪ ਨੇ ਹਾਰਮੋਨੀਅਮ ਵਾਜਾ ਸਿਖਿਆ ਸੀ।

1908 ਵਿੱਚ ਦਮਦਮੇ ਸਾਹਿਬ ਦੀਵਾਨ ਹੋ ਕੇ ਪੰਚ ਖਾਲਸਾ ਦੀਵਾਨ ਕਾਇਮ ਹੋਇਆ। 'ਪੰਚ ਖਾਲਸਾ ਦੀਵਾਨ ਤੇ ਪੰਚ ਖੰਡ' ਦੋਨੋਂ ਨਾਮ ਭਾਈ ਸਾਹਿਬ ਦੇ ਤਜਵੀਜ਼ ਕੀਤੇ ਹੋਏ ਹਨ। ਆਪ ਏਸ ਦੀਵਾਨ ਦੇ ਸਕੱਤਰ ਥਾਪੇ ਗਏ। ਕੁਝ ਸਮਾਂ ਆਪ ਨੇ ਬਾਬੂ ਤੇਜਾ ਸਿੰਘ ਜੀ ਨਾਲ ਮਿਲ ਕੇ ਕੰਮ ਕੀਤਾ। ਪਰ ਫੇਰ ਬਾਬੂ ਜੀ ਨਾਲ ਮਤਭੇਦ ਹੋ ਜਾਣ ਕਰਕੇ ਆਪਣੇ ਨਗਰ ਨਾਰੰਗਵਾਲ ਆ ਗਏ।

1909 ਤੋਂ 1914 ਤਕ ਆਪ ਨੇ ਗੁਰਦੁਆਰਿਆਂ ਦੀ ਯਾਤਰਾ ਤੇ ਅਖੰਡ ਪਾਠਾਂ ਦੇ ਸਮਾਗਮਾਂ ਤੇ ਅਖੰਡ ਕੀਰਤਨ ਕਰਦਿਆਂ ਬਤੀਤ ਕੀਤਾ। ਏਸ ਸਮੇਂ ਵਿੱਚ ਆਪ ਖ਼ਾਲਸਾ ਹਾਈ ਸਕੂਲ ਲੁਧਿਆਣੇ ਦੇ ਭੁਝੰਗੀ ਸਭਾ ਦੇ ਸਪਤਾਹਕ ਦੀਵਾਨਾਂ ਵਿਚ ਕੀਰਤਨ ਕਰਦੇ, ਏਹ ਦੀਵਾਨ ਹਰ ਬੁਧਵਾਰ ਨੂੰ ਹੋਇਆ ਕਰਦਾ ਸੀ। ਸਕੂਲ ਵਿੱਚ ਗੁਰੂ ਨਾਨਕ ਸਾਹਿਬ ਤੇ ਦਸਮ ਪਾਤਸ਼ਾਹ ਦੇ ਅਵਤਾਰ ਗੁਰਪੁਰਬ ਬੜੀ ਧੂਮ ਧਾਮ ਨਾਲ ਮਨਾਏ ਜਾਂਦੇ ਸਨ। ਆਪ ਏਹ ਗੁਰਪੁਰਬ ਏਥੇ ਹੀ ਮਨਾਉਂਦੇ, ਨਗਰ ਕੀਰਤਨ ਦੇ ਜਲੂਸਾਂ ਵਿੱਚ ਕੀਰਤਨ ਕਰਦੇ। ਅਖੰਡ ਪਾਠ ਕਰ ਕੇ ਅੰਮ੍ਰਿਤ ਸੰਚਾਰ ਕਰਦੇ। ਜਿਸ ਕਰਕੇ ਬਹੁਤ ਸਾਰੇ ਵਿਦਿਆਰਥੀ ਸਿੰਘ ਸਜੇ। ਜਿਨ੍ਹਾਂ ਵਿਚੋਂ ਬਹੁਤ ਸਾਰੇ, ਸਾਰੀ ਉਮਰ ਆਪ ਦੇ ਪ੍ਰੇਮੀ ਰਹੇ ਤੇ ਦੁਖ ਸੁਖ ਦੇ ਸਾਂਝੀਵਾਲ ਬਣੇ।

## ਗ਼ਦਰ ਲਹਿਰ ਵਿੱਚ

1914 ਵਿੱਚ ਗੁਰਦੁਆਰਾ ਰਕਾਬ ਗੰਜ ਦਾ ਸਵਾਲ ਛਿੜਿਆ, ਤੇ ਏਸੇ ਸਮੇਂ ਅਮਰੀਕਾ ਤੇ ਕੈਨੇਡਾ ਤੋਂ ਆਏ ਸਜਣਾਂ ਨੇ ਗ਼ਦਰ ਲਹਿਰ ਸ਼ੁਰੂ ਕੀਤੀ। ਆਪ ਨੇ ਗੁਰਦੁਆਰਾ ਰਕਾਬ ਗੰਜ ਦੀ ਲਹਿਰ ਵਿੱਚ ਹਿੱਸਾ ਲਿਆ। ਆਪ ਲੰਡੇ ਮੰਡੀ ਲਾਹੌਰ ਵਿੱਚ, ਜੋ ਪੰਥ ਦਾ ਦੀਵਾਨ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਢਾਹੇ ਜਾਣ ਦੇ ਵਿਰੁੱਧ ਹੋਇਆ, ਉਸ ਵਿੱਚ ਜੱਥੇ ਸਮੇਤ ਸ਼ਾਮਲ ਹੋਏ। ਇਹ ਦੀਵਾਨ 30 ਮਈ 1914 ਨੂੰ ਹੋਇਆ ਸੀ।

ਗ਼ਦਰੀ ਸਜਣ ਭੀ ਆਪ ਪਾਸ ਆਉਣ ਲਗੇ, ਖਾਸ-ਖਾਸ ਸਜਣ ਜੋ ਗ਼ਦਰ ਲੀਡਰਾਂ ਵਿੱਚ ਉੱਘੇ ਸਨ, ਉਹਨਾਂ ਦੇ ਨਾਮ ਏਹ ਹਨ—



www.AKJ.Org

ਬਾਬਾ ਨਿਧਾਨ ਸਿੰਘ ਪਿੰਡ ਚੁੱਘਾ ਜ਼ਿਲ੍ਹਾ ਫਿਰੋਜ਼ਪੁਰ, ਭਾਈ ਉਤਮ ਸਿੰਘ ਜੀ ਹਾਂਸ ਜ਼ਿਲ੍ਹਾ ਲੁਧਿਆਣਾ, ਭਾਈ ਈਸ਼ਰ ਸਿੰਘ ਪਿੰਡ ਢੁਡੀਕਾ ਜ਼ਿਲ੍ਹਾ ਫਿਰੋਜ਼ਪੁਰ, ਸ. ਕਰਤਾਰ ਸਿੰਘ ਜੀ ਸਰਾਭਾ ਤੇ ਭਾਈ ਗਾਂਧਾ ਸਿੰਘ ਜ਼ਿਲ੍ਹਾ ਫਿਰੋਜ਼ਪੁਰ। ਜਦ ਇਹ ਸਜਣ ਆਪ ਨੂੰ ਆਕੇ ਮਿਲਦੇ ਸਨ ਤਾਂ ਇਸ ਗੱਲ ਨੂੰ ਦੇਖ ਕੇ ਇਕ ਸਿੰਘ ਨੇ ਕਿਹਾ ਕਿ ਆਪ ਏਨ੍ਹਾਂ ਨਾਲ ਮੇਲ ਜੋਲ ਨਾ ਰਖੋ ਕਿਉਂਕਿ ਏਹ ਖਤਰੇ ਵਾਲੀ ਗੱਲ ਹੈ। ਤਦ ਭਾਈ ਸਾਹਿਬ ਨੇ ਕਿਹਾ ਸੀ ਕਿ ਹੁਣ ਦੇ ਹਾਲਾਤ ਚਾਹੇ ਕੁਝ ਹੋਰ ਹਨ ਪਰ ਕੋਈ ਸਮਾਂ ਆਵੇਗਾ ਕਿ ਲੋਕੀ ਇਹਨਾਂ ਨੂੰ ਯਾਦ ਕਰਨਗੇ। ਇਨ੍ਹਾਂ ਦੇ ਗੁਣ ਗਾਉਣਗੇ ਤੇ ਇਨ੍ਹਾਂ ਦੀਆਂ ਯਾਦਗਾਰਾਂ ਬਨਣਗੀਆਂ। ਅਸੀਂ ਇਨ੍ਹਾਂ ਲੋਕਾਂ ਨੂੰ ਮਿਲਾਂਗੇ ਵੀ ਤੇ ਇਨ੍ਹਾਂ ਦੀ ਸਹਾਇਤਾ ਵੀ ਕਰਾਂਗੇ।

ਇਸ ਤਰ੍ਹਾਂ, ਆਪ ਗੁਰਦੁਆਰਾ ਰਕਾਬ ਗੰਜ ਦੇ ਧਾਰਮਿਕ ਜ਼ਜ਼ਬੇ ਤੇ ਕਾਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੀ ਦੁਖ ਭਰੀ ਵਿਥਿਆ, ਦੇਸ਼ ਭਗਤਾਂ ਦੀ ਕੁਰਬਾਨੀ ਦੀ ਸਪਿਰਿਟ ਤੇ ਦੇਸ਼ ਦੀ ਆਜ਼ਾਦੀ ਨੂੰ ਮੁਖ ਰੱਖ ਕੇ ਗ਼ਦਰ ਲਹਿਰ ਵਿੱਚ ਸ਼ਾਮਲ ਹੋ ਗਏ। ਇਹ ਲਹਿਰ ਸਾਲ, ਡੇਢ ਸਾਲ ਚਲਦੀ ਰਹੀ। ਗ਼ਦਰ ਕਰਨ ਦੀ ਤਾਰੀਖ 19 ਫ਼ਰਵਰੀ 1915 ਰੱਖੀ ਗਈ ਅਤੇ ਭਾਈ ਸਾਹਿਬ ਜਥੇ ਸਮੇਤ ਫਿਰੋਜ਼ਪੁਰ ਛਾਉਣੀ ਗਏ। ਸਕੀਮ ਇਹ ਸੀ ਕਿ 26 ਨੰਬਰ ਪਲਟਨ ਨਾਲ ਮਿਲਕੇ ਫਿਰੋਜ਼ਪੁਰ ਦੇ ਕਿਲ੍ਹੇ ਉਪਰ ਧਾਵਾ ਕਰਕੇ ਕਬਜ਼ਾ ਕੀਤਾ ਜਾਵੇ। ਉਸ ਸਮੇਂ ਸ. ਕਰਤਾਰ ਸਿੰਘ ਸਰਾਭਾ, ਭਾਈ ਉਤਮ ਸਿੰਘ ਹਾਂਸ, ਭਾਈ ਈਸ਼ਰ ਸਿੰਘ, ਭਾਈ ਗਾਂਧਾ ਸਿੰਘ, ਭਾਈ ਰੰਗਾ ਸਿੰਘ, ਭਾਈ ਬੀਰ ਸਿੰਘ ਆਦਿ ਸਜਣ ਉੱਥੇ ਹਾਜ਼ਰ ਸਨ ਪਰ ਸਰਕਾਰੀ ਜਸੂਸ ਕ੍ਰਿਪਾਲ ਸਿੰਘ ਦੇ ਸਰਕਾਰ ਨੂੰ ਖ਼ਬਰ ਦੇਣ ਪਰ, ਸਕੀਮ ਫੇਲ੍ਹ ਹੋ ਗਈ। ਸਭ ਸਜਣ ਅੱਡੋ ਅੱਡੀ ਥਾਵਾਂ ਨੂੰ ਪਿੰਡਾਂ ਵਿੱਚ ਖਿੱਲਰ ਗਏ। ਲਹਿਰ ਫੇਲ੍ਹ ਹੋਣ ਪਰ ਦੇਸ਼ ਭਗਤਾਂ ਦੀ ਫੜੋ ਫੜੀ ਸ਼ੁਰੂ ਹੋ ਗਈ।

## ਗ੍ਰਿਫਤਾਰੀ ਤੇ ਭੁਖ-ਹੜਤਾਲ

ਭਾਈ ਸਾਹਿਬ ਪਹਿਲਾਂ 9 ਮਈ 1915 ਨੂੰ ਨਾਭੇ ਵਿੱਚ ਹਵਾਲਾਤ ਬੰਦ ਕੀਤੇ ਗਏ। ਫੇਰ 17 ਜੂਨ ਨੂੰ ਆਪ ਨੂੰ ਲੁਧਿਆਣੇ ਲਿਆਂਦਾ ਗਿਆ ਤੇ 19 ਜੂਨ ਨੂੰ ਗ੍ਰਿਫਤਾਰ ਕਰ ਲਿਆ ਤੇ 25 ਜੂਨ ਨੂੰ ਆਪ ਨੂੰ ਲੁਧਿਆਣਾ ਜੇਲ੍ਹ ਵਿੱਚ ਭੇਜਿਆ ਗਿਆ।

ਲੁਧਿਆਣੇ ਹਵਾਲਾਤ ਵਿੱਚ ਭਾਈ ਅਤਰ ਸਿੰਘ ਜੀ, ਜੋ ਆਪ ਦੇ ਨਾਲ ਹੀ ਨਾਭੇ ਤੋਂ ਆਏ ਸਨ, ਪੁਲਿਸ ਦੇ ਕਹਿਣ ਤੇ ਭਾਈ ਸਾਹਿਬ ਨੂੰ ਜਲ ਛਕਾਇਆ ਕਰਦੇ ਸਨ। ਪਰ ਜੇਲ੍ਹ ਜਾ ਕੇ ਜਲ ਛਕਣਾ ਭੀ ਬੰਦ ਹੋ ਗਿਆ। 2 ਜੁਲਾਈ ਤਕ ਏਹੋ ਹਾਲਤ ਰਹੀ। ਸੁਪ੍ਰੰਟੰਡੰਟ ਸ੍ਰੀ ਰਾਮ ਆਦਿ ਜੇਲ੍ਹ ਕਰਮਚਾਰੀਆਂ ਨੇ ਆਪ ਨੂੰ ਆਪਣੇ ਹੱਥੀਂ ਜਲ ਛਕਣ ਦੀ ਆਗਿਆ ਦੇ ਦਿੱਤੀ ਤੇ ਆਪ ਜੇਲ੍ਹ ਦੇ ਖੂਹ ਤੋਂ ਹਲਟ ਉਪਰੋਂ ਪਾਣੀ ਭਰ ਲਿਆ ਕਰਦੇ ਸਨ। ਆਪ ਨੇ ਜੂਨ ਜੁਲਾਈ ਦੇ ਮਹੀਨੇ ਸਤ ਦਿਨ ਪਿਛੋਂ ਜਲ ਛਕਿਆ ਤੇ ਪੰਦਰਾਂ ਦਿਨ ਪਿਛੋਂ ਆਪ ਨੂੰ ਘਰੋਂ ਪ੍ਰਸ਼ਾਦਾ ਮੰਗਾਕੇ ਛਕਣ ਦੀ ਆਗਿਆ ਮਿਲ ਗਈ। ਇਹ ਭਾਈ ਸਾਹਿਬ ਦੀ ਪਹਿਲੀ ਭੁਖ ਹੜਤਾਲ ਸੀ। ਚਾਰ ਮਹੀਨੇ ਦੇ ਪਿਛੋਂ ਸਭ ਫੜੇ ਹੋਏ ਸਿੰਘ 27 ਅਕਤੂਬਰ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਭੇਜੇ ਗਏ। 29 ਅਕਤੂਬਰ



www.AKJ.Org

ਨੂੰ ਜੇਲ੍ਹ ਵਿੱਚ ਹੀ ਮੁਕੱਦਮਾ ਪੇਸ਼ ਹੋਇਆ। ਪਰ ਭਾਈ ਸਾਹਿਬ ਨੂੰ ਅੰਨ ਜਲ ਦੀ ਹੜਤਾਲ ਕਰਨੀ ਪਈ। ਤਿੰਨ ਦਿਨ ਪਿਛੋਂ ਹਲਟ ਉਪਰੋਂ ਪਾਣੀ ਭਰਨ ਦੀ ਇਜਾਜ਼ਤ ਮਿਲ ਗਈ। ਪੰਦਰਾਂ ਦਿਨ ਬਾਦ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਨੇ ਆਪ ਨੂੰ ਘਰੋਂ ਫਲ ਮੰਗਾਕੇ ਖਾਣ ਦੀ ਇਜਾਜ਼ਤ ਦਿੱਤੀ, ਪਰ ਪ੍ਰਸ਼ਾਦਾ ਛਕਣ ਦੀ ਇਜਾਜ਼ਤ ਨਾ ਦਿੱਤੀ, ਹਾਲਾਂ ਕਿ ਕਾਨੂੰਨ ਅਨੁਸਾਰ ਹਵਾਲਾਤੀ ਘਰੋਂ ਮੰਗਾ ਕੇ ਰੋਟੀ ਖਾ ਸਕਦਾ ਹੈ। ਏਹ ਭਾਈ ਸਾਹਿਬ ਦੀ ਦੂਜੀ ਭੁਖ ਹੜਤਾਲ ਸੀ।

## ਕੈਦ ਤੇ ਜੇਲ੍ਹਾਂ ਦੇ ਤਸੀਹੇ

30 ਮਾਰਚ 1916 ਨੂੰ ਦੂਜੇ ਮੁਕੱਦਮਾ ਸਾਜ਼ਸ਼ ਲਾਹੌਰ ਦਾ ਫੈਸਲਾ ਸੁਣਾਇਆ ਗਿਆ। ਭਾਈ ਸਾਹਿਬ ਨੂੰ ਉਮਰ ਕੈਦ ਤੇ ਜ਼ਬਤੀ ਜਾਇਦਾਦ ਦੀ ਸਜ਼ਾ ਹੋਈ। ਸਜ਼ਾ ਹੋਣ ਪਰ ਸਿੰਘਾਂ ਦੇ ਘਰ ਵਾਲੇ ਕਪੜੇ ਉਤਾਰ ਕੇ ਜੇਲ੍ਹ ਦੇ ਕਪੜੇ ਪਾਏ ਗਏ ਤੇ ਦਸਤਾਰਿਆਂ ਦੇ ਥਾਂ ਟੋਪੀਆਂ ਦਿੱਤੀਆਂ ਗਈਆਂ। ਪਰ ਸਿੰਘਾਂ ਨੇ ਟੋਪੀਆਂ ਨਾ ਪਾਈਆਂ ਤੇ ਇਸੇ ਤਰ੍ਹਾਂ ਨੰਗੇ ਸਿਰ ਹੀ ਜੇਲ੍ਹਾਂ ਵਿੱਚ ਰਹਿੰਦੇ ਰਹੇ। ਓੜਕ 1922 ਵਿੱਚ ਜਦੋਂ ਸ. ਸੁੰਦਰ ਸਿੰਘ ਮਜੀਠਾ ਜੇਲ੍ਹਾਂ ਦੇ ਇਨਚਾਰਜ ਲਗੇ, ਤਦ ਆਪ ਨੇ ਸਿੱਖ ਕੈਦੀਆਂ ਨੂੰ ਪਗੜੀਆਂ ਦੇਣ ਦਾ ਹੁਕਮ ਜਾਰੀ ਕੀਤਾ। ਇਸ ਤਰ੍ਹਾਂ ਵਰ੍ਹਿਆਂ ਤੋਂ ਚਲੀ ਆ ਰਹੀ ਸਿੰਘਾਂ ਦੀ ਇਹ ਤਕਲੀਫ ਦੂਰ ਹੋਈ।

ਭਾਈ ਸਾਹਿਬ 4 ਅਪਰੈਲ 1916 ਨੂੰ ਮੁਲਤਾਨ ਸੈਂਟਰਲ ਜੇਲ੍ਹ ਵਿਚ ਬਾਕੀ ਸਿੰਘਾਂ ਸਮੇਤ ਪੁਚਾਏ ਗਏ, ਏਥੇ ਭਾਈ ਸਾਹਿਬ ਨੂੰ ਫੇਰ ਭੁਖ-ਹੜਤਾਲ ਕਰਨੀ ਪਈ। ਦਰੋਗਾ ਸਦਾ ਨੰਦ ਬੜਾ ਭੈੜੇ ਸੁਭਾਉ ਦਾ ਬੰਦਾ ਸੀ। ਉਸ ਨੇ ਅਤਿ ਦਰਜੇ ਦੀ ਸਖ਼ਤੀ ਕੀਤੀ। ਭਾਈ ਸਾਹਿਬ ਦੀ 4 ਅਪਰੈਲ ਤੋਂ 40 ਦਿਨ ਤਕ ਅਰਥਾਤ 13 ਮਈ ਤਕ ਬਿਨਾਂ ਅੰਨ ਤੇ ਜਲ ਭੁਖ ਹੜਤਾਲ ਜਾਰੀ ਰਹੀ। ਓੜਕ ਮੈਡੀਕਲ ਅਫਸਰ ਡਾਕਟਰ ਨਰਾਇਣ ਦਾਸ ਨੇ ਆਪਣੇ ਅਧਿਕਾਰਾਂ ਨਾਲ ਭਾਈ ਸਾਹਿਬ ਦੇ ਛਕਣ ਲਈ ਜਲ ਦਾ ਪ੍ਰਬੰਧ ਕਰਵਾਇਆ ਤੇ ਇਕ ਖਰਬੂਜ਼ਾ ਖਾਣ ਨੂੰ ਦਿੱਤਾ। ਭਾਈ ਸਾਹਿਬ ਡੇਢ ਸਾਲ ਮੁਲਤਾਨ ਜੇਲ੍ਹ ਵਿੱਚ ਰਹੇ। ਏਥੇ ਉਹਨਾਂ ਨੇ ਭੁੱਜੇ ਹੋਏ ਛੋਲਿਆਂ ਤੇ ਗੁੜ ਉਪਰ ਹੀ ਗੁਜ਼ਾਰਾ ਕੀਤਾ। ਇਹ ਆਪ ਦੀ ਤੀਜੀ ਭੁੱਖ-ਹੜਤਾਲ ਸੀ।

ਇਸ ਭੁੱਖ ਹੜਤਾਲ ਦੇ ਤੁੜਾਉਣ ਲਈ ਮੁਲਤਾਨ ਦਾ ਡਿਪਟੀ ਕਮਿਸ਼ਨਰ ਤੇ ਹੋਰ ਅਫ਼ਸਰ, ਆਪ ਜੇਲ੍ਹ ਵਿੱਚ ਭਾਈ ਸਾਹਿਬ ਪਾਸ ਆਏ ਤੇ ਕਿਹਾ ਕਿ ਤੁਹਾਡੇ ਦਸਤਾਰੇ ਤੇ ਕਛਹਿਰੇ ਦੇ ਸਵਾਲ ਹੱਲ ਹੋ ਗਿਆ। ਤੁਮ ਕੋ ਯਿਹ ਚੀਜ਼ੇਂ ਸਰਕਾਰ ਕੇ ਖਾਸ ਹੁਕਮ ਨਾਲ ਦਿੱਤੀਆਂ ਜਾਂਦੀਆਂ ਹਨ, ਹੁਣ ਤੁਸੀਂ ਭੁੱਖ ਹੜਤਾਲ ਛਡ ਦਿਉ। 'ਇਸ ਤੇ ਭਾਈ ਸਾਹਿਬ ਨੇ ਅਕਾਲ ਪੁਰਖ ਦਾ ਧੰਨਵਾਦ ਕੀਤਾ। ਅਫ਼ਸਰਾਂ ਕਿਹਾ ਕਿ "ਸਰਕਾਰ ਦਾ ਸ਼ੁਕਰ ਨਹੀਂ ਕਰਤੇ" ਭਾਈ ਸਾਹਿਬ ਨੇ ਕਿਹਾ "ਕਿ ਸ਼ੁਕਰ ਸੱਚੀ ਸਰਕਾਰ ਦਾ ਹੀ ਕਰਨਾ ਬਣਦਾ ਹੈ।"

ਜੁਲਾਈ 1917 ਵਿੱਚ ਆਪ ਨੂੰ ਸਮੇਤ ਹੋਰ ਸਾਥੀਆਂ ਦੇ ਮੁਲਤਾਨ ਜੇਲ੍ਹ ਤੋਂ ਹਜ਼ਾਰੀ ਬਾਗ਼ ਜੇਲ੍ਹ ਵਿੱਚ ਬਦਲ ਦਿੱਤਾ ਗਿਆ। ਆਪ ਦੇ ਨਾਲ ਸੈਂਟਰਲ ਜੇਲ੍ਹ ਮੁਲਤਾਨ



www.AKJ.Org

ਤੋਂ ਆਪ ਦੇ ਮੁਕੱਦਮੇ ਵਾਲੇ ਪੰਜ ਹੋਰ, ਤੇ ਡਿਸਟ੍ਰਿਕਟ ਜੇਲ੍ਹ ਮੁਲਤਾਨ ਦੇ ਪੰਜ ਸਾਥੀ ਤੇ ਦੋ ਮਿੰਟਗੁਮਰੀ ਜੇਲ੍ਹ ਤੋਂ ਰਲਾਕੇ ਕੁਲ 13 ਸਜਣ ਲਾਹੌਰ ਸਟੇਸ਼ਨ ਪਰ ਪਹੁੰਚੇ, ਉੱਥੇ ਰਾਵਲ ਪਿੰਡੀ ਤੇ ਲਾਹੌਰ ਜੇਲ੍ਹ ਦੇ ਇਹਨਾਂ ਦੇ ਮੁਕੱਦਮੇ ਦੇ ਸਾਥੀ ਭੀ ਨਾਲ ਹੀ ਸ਼ਾਮਲ ਕਰਕੇ, ਹਜ਼ਾਰੀ ਬਾਗ਼ ਨੂੰ ਇਕੋ ਗੱਡੀ ਵਿੱਚ ਤੋਰੇ ਗਏ।

ਭਾਈ ਸਾਹਿਬ ਸਾਥੀਆਂ ਸਮੇਤ ਜੁਲਾਈ 1917 ਤੋਂ ਅਕਤੂਬਰ 1921 ਈ: ਤਕ ਹਜ਼ਾਰੀ ਬਾਗ਼ ਜੇਲ੍ਹ ਵਿੱਚ ਰਹੇ। ਏਥੋਂ ਦੇ ਹਾਲਾਤ ਬੜੇ ਲੰਮੇ ਹਨ। ਸਭ ਕੁਝ ਜੇਲ੍ਹ ਚਿੱਠੀਆਂ ਵਿੱਚ ਦਰਜ ਹੈ। ਏਥੇ ਭੀ ਭਾਈ ਸਾਹਿਬ ਨੂੰ ਇਕ ਵਾਰ ਤਿੰਨ ਹਫ਼ਤੇ ਦੀ ਭੁੱਖ ਹੜਤਾਲ ਕਰਨੀ ਪਈ, ਦੂਜੀ ਵਾਰ 1918 ਵਿੱਚ ਸਿੰਘਾਂ ਦੇ ਭੱਜਣ ਪਿੱਛੋਂ ਕੁਝ ਸਮਾਂ ਭੁਖ ਹੜਤਾਲ ਵਿੱਚ ਬੀਤਿਆ। ਏਥੇ ਆਪ ਨੂੰ ਕਦੇ ਫਲਾਂ ਪਰ ਗੁਜ਼ਾਰਾ ਕਰਨਾ ਪਿਆ, ਕਦੇ ਦੁਧ ਪਰ ਤੇ ਕਦੇ ਪ੍ਰਸ਼ਾਦੇ ਸਜਾਉਣ ਦੀ ਆਗਿਆ ਭੀ ਮਿਲ ਜਾਂਦੀ ਰਹੀ। ਸੋਨਾ ਬਣਾਉਣ ਦਾ ਤਜ਼ਰਬਾ ਵੀ ਇਸੇ ਜੇਲ੍ਹ ਵਿੱਚ ਭਾਈ ਹੀਰਾ ਸਿੰਘ ਪਿੰਡ ਚਰੜ (ਜ਼ਿਲ੍ਹਾ ਲਾਹੌਰ) ਦੇ ਹੱਥੀਂ ਕੀਤਾ ਗਿਆ। ਦੋ ਸਿਪਾਹੀ ਰਾਧਾ ਸਿੰਘ ਤੇ ਕਲਪੂ ਸਿੰਘ ਰਾਜਪੂਤ ਗੁਰਸਿਖੀ ਦੇ ਪ੍ਰੇਮੀ ਬਣੇ। ਏਥੇ ਹੀ 1918 ਵਿੱਚ 18 ਸਿੰਘ ਜੇਲ੍ਹ ਤੋਂ ਭੱਜੇ।

ਆਪ ਦੀ ਪਹਿਲੀ ਭੁੱਖ-ਹੜਤਾਲ ਤਿੰਨ ਹਫਤੇ ਦੀ ਸੀ ਤੇ ਦੂਜੀ ਦੋ ਹਫਤੇ ਦੀ। ਏਥੋਂ ਦੀਆਂ ਦੋ ਭੁੱਖ ਹੜਤਾਲਾਂ ਸ਼ਾਮਲ ਕਰਕੇ ਪੰਜ ਭੁੱਖ ਹੜਤਾਲਾਂ ਹੋ ਗਈਆਂ। ਫੇਰ ਸਾਰੇ ਸਿੰਘ ਹਾਤਾ ਮਦਰਾਸ ਦੀਆਂ ਜੇਲ੍ਹਾਂ ਵਿੱਚ ਅੱਡੋ ਅੱਡੀ ਭੇਜੇ ਗਏ। ਭਾਈ ਸਾਹਿਬ ਰਾਜ ਮੰਦਰੀ ਜੇਲ੍ਹ ਵਿੱਚ ਰਖੇ ਗਏ। ਸਾਰੀ ਜੇਲ੍ਹ ਯਾਤਰਾ ਵਿਚੋਂ ਏਥੇ ਹੀ ਭਾਈ ਸਾਹਿਬ ਦਾ ਸਮਾਂ ਸੌਖ ਨਾਲ ਬੀਤਿਆ। ਅਫ਼ਸਰ ਬੜਾ ਅੱਛਾ ਸਲੂਕ ਕਰਦੇ ਰਹੇ। ਗੁਰਮਤਿ ਬਿਬੇਕ ਨਾਮੇ ਪੁਸਤਕ ਭੀ ਆਪ ਨੇ ਏਥੇ ਹੀ ਲਿਖੀ।

ਰਾਜ ਮੰਦਰੀ ਜੇਲ੍ਹ ਵਿਚੋਂ ਆਪ ਦੀ ਬਦਲੀ ਨਾਗ ਪੁਰ ਜੇਲ੍ਹ ਨੂੰ ਨਵੰਬਰ 1922 ਦੇ ਅਖ਼ੀਰ ਵਿੱਚ ਹੋਈ ਤੇ ਆਪ 1 ਦਸੰਬਰ ਨੂੰ ਨਾਗਪੁਰ ਜੇਲ੍ਹ ਵਿੱਚ ਪਹੁੰਚੇ।

## ਨਾਗਪੁਰ ਦੇ ਤਸੀਹੇ

ਆਪ ਨਾਗਪੁਰ ਜੇਲ੍ਹ ਵਿਚ 1 ਦਸੰਬਰ 1922 ਤੋਂ 23 ਮਈ 1930 ਈ: ਤਕ ਰਹੇ। ਏਥੇ ਦਾ ਸੁਪ੍ਰੰਟੰਡੰਟ ਨੀਲ ਕੰਠ ਜਟਾਰ ਬੜਾ ਹੈਂਕੜ ਬਾਜ਼, ਡਾਕਟਰ ਤੇ ਸੁਪ੍ਰੰਟੰਡੰਟ ਸੀ। ਏਸ ਨੇ ਕਿਹਾ ਕਿ ਮੇਰੇ ਆਉਣ ਪਰ ਹੱਥ ਅੱਡ ਕੇ ਖੜੇ ਹੋਇਆ ਕਰੋ। ਭਾਈ ਸਾਹਿਬ ਤੇ ਭਾਈ ਕਰਤਾਰ ਸਿੰਘ ਨਾ ਮੰਨੇ, ਜਿੱਥੋਂ ਝਗੜਾ ਵਧ ਗਿਆ ਤੇ ਇਹਨਾਂ ਦੇ ਵਖਰੇ ਲੰਗਰ ਦੇ ਸਭ ਹੱਕ ਜ਼ਬਤ ਕਰ ਲਏ। ਜਿਸ ਕਰਕੇ ਭਾਈ ਸਾਹਿਬ ਨੂੰ ਭੁੱਖ ਹੜਤਾਲ ਕਰਨੀ ਪਈ, ਏਹ ਦਸਵੀਂ ਭੁੱਖ ਹੜਤਾਲ ਸੀ ਜੋ ਜਨਵਰੀ 1923 ਵਿੱਚ ਹੋਈ ਤੇ ਕਈ ਦਿਨ ਰਹੀ। ਸੁਪ੍ਰੰਟੰਡੰਟ ਨੇ ਆਪ ਪਰ ਬੜੀ ਸਖ਼ਤੀ ਕੀਤੀ। ਆਪ ਦੇ ਦੰਦ ਤੋੜੇ ਗਏ ਤੇ ਤਮਾਕੂ ਤੇ ਗਊ ਮਾਸ ਜ਼ਬਰਦਸਤੀ ਖੁਆਉਣ ਦੀ ਧਮਕੀ ਦਿੱਤੀ ਗਈ।

ਨਾਗਪੁਰ ਦਾ ਸਮਾਂ ਸਾਰੀ ਜੇਲ੍ਹ ਯਾਤਰਾ ਵਿੱਚ ਮੁਲਤਾਨ ਵਾਂਗ ਸਖ਼ਤੀ ਦਾ ਸਮਾਂ ਸੀ। ਸ਼ਰੋਮਣੀ ਕਮੇਟੀ ਨੇ ਭਾਈ ਸਾਹਿਬ ਤੇ ਹੋਰ ਅਕਾਲੀ ਕੈਦੀਆਂ ਲਈ 26 ਜਨਵਰੀ 1922 ਦੇ ਐਲਾਨ ਨੰਬਰ 392 ਰਾਹੀਂ 1 ਫ਼ਰਵਰੀ 1923 ਦਾ ਦਿਨ 'ਅਰਦਾਸ ਦਿਨ' ਨੀਯਤ ਕੀਤਾ।



www.AKJ.Org

ਜੋ ਸਾਰੇ ਪੰਥ ਵਿੱਚ ਮਨਾਇਆ ਗਿਆ। ਭਾਈ ਸਾਹਿਬ ਨੂੰ ਏਸ ਅਰਦਾਸ ਦੀ ਬਰਕਤ, ਆਤਮਿਕ ਤੌਰ ਪਰ ਜੇਲ੍ਹ ਵਿੱਚ ਅਨੁਭਵ ਹੋਈ, ਜਿਸ ਦਾ ਸਾਰਾ ਬ੍ਰਿਤਾਂਤ ਜੇਲ੍ਹ ਚਿਠੀਆਂ ਵਿੱਚ ਦਰਜ ਹੈ। ਭਾਈ ਸਾਹਿਬ ਸਾਢੇ ਸੱਤ ਬਰਸ ਨਾਗਪੁਰ ਰਹੇ। ਪਿਛੋਂ ਇਹ ਸੁਪ੍ਰੰਟੰਡੰਟ ਭੀ ਆਪਣੇ ਕੀਤੇ ਪਰ ਪਛੁਤਾਇਆ ਤੇ ਬਦਲੀ ਹੋਣ ਸਮੇਂ ਅੱਖਾਂ ਵਿੱਚ ਪਾਣੀ ਭਰ ਆਇਆ। ਜਿਸ ਦਿਨ ਸੁਪ੍ਰੰਟੰਡੰਟ ਨੇ ਦੰਦ ਭੰਨਣ ਤੋਂ ਪਿਛੋਂ ਤਮਾਕੂ ਆਦਿ ਦੀਆਂ ਧਮਕੀਆਂ ਦਿੱਤੀਆਂ, ਉਸ ਦਿਨ ਭਾਈ ਸਾਹਿਬ ਨੇ ਸਾਰੇ ਜੇਲ੍ਹ ਹਾਕਮਾਂ ਤੇ ਕੈਦੀ ਨੰਬਰਦਾਰਾਂ ਦੇ ਸਾਹਮਣੇ ਮਿ: ਨੀਲ ਕੰਠ ਜਟਾਰ ਸੁਪ੍ਰੰਟੰਡੰਟ ਜੇਲ੍ਹ ਨੂੰ ਮੁਖਾਤਬ ਹੋ ਕੇ ਕਿਹਾ ਕਿ—

"ਦੰਦ ਤੋੜਨ ਦਾ ਮਾਮਲਾ" ਸਾਡੇ ਤੇਰੇ ਪਿਛਲੇ ਜਨਮ ਦਾ ਸੰਬੰਧ ਕਰਕੇ ਹੋਇਆ ਤੇ ਉਹ ਭੁਗਤ ਗਿਆ। ਹੁਣ ਤੂੰ ਵਾਧਾ ਕਰਨ ਲਗਾ ਹੈਂ। ਅਸੀਂ ਮੁੜ ਜਨਮ ਵਿੱਚ ਨਹੀਂ ਆਉਣਾ। ਬਦਲਾ ਲੈਣ ਵਾਸਤੇ ਅਸੀਂ ਜਨਮ ਨਹੀਂ ਧਾਰਨਾ, ਗੁਰੂ ਕਰਤਾਰ ਤੁਹਾਡੀ ਵਧੀਕੀ ਬਾਰੇ ਤੁਹਾਡੇ ਨਾਲ ਲੇਖਾ ਸਮਝੇਗਾ। ਹੁਣ ਤੁਸੀਂ ਆਪਣਾ ਪੜ੍ਹਿਆ ਵਿਚਾਰ ਲਵੋ ਤਾਂ ਇਸ ਪਰ ਉਹ ਕੁਝ ਠਠੰਬਰਿਆ। ਜਦ ਪੜਤਾਲ ਕਰਨ ਲਈ ਜੇਲ੍ਹ ਕਮੇਟੀ ਦੇ ਮੈਂਬਰ ਆਏ ਤਾਂ ਸੁਪ੍ਰੰਟੰਡੰਟ ਤੇ ਜੇਲ੍ਹਰ ਦੋਨੋਂ ਅੱਡੋ ਅੱਡੀ ਭਾਈ ਸਾਹਿਬ ਦੀਆਂ ਮਿੰਨਤਾਂ ਕਰਨ ਕਿ ਸਾਨੂੰ ਬਚਾਓ। ਜੇਲ੍ਹ ਯਾਤਰਾ ਵਿੱਚ ਤਿੰਨ ਅਫ਼ਸਰ ਸਭ ਤੋਂ ਦੁਖਦਾਈ ਤੇ ਜ਼ਾਲਮ ਸਾਬਤ ਹੋਏ, ਦਰੋਗਾ ਸਦਾ ਨੰਦ ਸੈਂਟਰਲ ਜੇਲ੍ਹ ਮੁਲਤਾਨ, ਦਰੋਗਾ ਵਧਾਵਾ ਰਾਮ ਸੈਂਟਰਲ ਜੇਲ੍ਹ ਹਜ਼ਾਰੀ ਬਾਗ਼ ਤੇ ਸੁਪ੍ਰੰਟੰਡੰਟ ਨੀਲ ਕੰਠ ਜਟਾਰ, ਨਾਗਪੁਰ ਜੇਲ੍ਹ।

1930 ਦੇ ਮੁਢਲੇ ਮਹੀਨਿਆਂ ਵਿੱਚ ਹੀ ਆਪ ਨੇ ਨਾਗਪੁਰ ਜੇਲ੍ਹ ਵਿੱਚ ਪੁਸਤਕ 'ਜੋਤਿ ਵਿਗਾਸ' ਲਿਖੀ ਜੋ ਕਵਿਤਾ ਦੀਆਂ 4 ਹਜ਼ਾਰ ਸਤਰਾਂ ਦੀ ਪੁਸਤਕ ਹੈ। ਇਹ ਆਪ ਨੇ ਸਤਾਂ ਦਿਨਾਂ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪੋਥੀ ਦੇ ਹਾਸ਼ੀਏ ਉਪਰ ਪੈਨਸਲ ਨਾਲ ਲਿਖੀ ਸੀ। ਕਿਉਂਕਿ ਆਪ ਨੂੰ ਉੱਥੇ ਕਲਮ ਦਵਾਤ ਤੇ ਕਾਗਜ਼ ਨਹੀਂ ਮਿਲਦਾ ਸੀ। ਇਹ ਆਤਮ ਚਮਤਕਾਰਾਂ ਦੀ ਕਵਿਤਾ ਵਾਲੀ ਪੁਸਤਕ ਹੈ, ਰਾਜ ਮੰਦਰੀ ਜੇਲ੍ਹ ਵਿੱਚ ਭੀ ਆਪ ਨੂੰ ਕੁਝ ਦਿਨ ਭੁੱਖ ਹੜਤਾਲ ਤੇ ਰਹਿਣਾ ਪਿਆ ਸੀ ਕਿਉਂਕਿ ਅਜੇ ਆਪ ਦੇ ਵੱਖਰੇ ਲੰਗਰ ਲਈ ਮਦਰਾਸ ਤੋਂ ਮਨਜ਼ੂਰੀ ਨਹੀਂ ਆਈ ਸੀ। ਇਸ ਤਰ੍ਹਾਂ ਆਪ ਦੀਆਂ ਨੌਂ ਭੁੱਖ-ਹੜਤਾਲਾਂ ਹੋ ਗਈਆਂ। ਆਪ ਏਥੋਂ ਬਦਲ ਕੇ 16 ਮਈ 1930 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਪਹੁੰਚੇ।

ਨਾਗਪੁਰ ਜੇਲ੍ਹ ਵਿੱਚ ਅਪ੍ਰੈਲ 1930 ਦੇ ਅਖ਼ੀਰ ਵਿੱਚ ਇਕ ਅੰਗਰੇਜ਼ ਪਾਦਰੀ ਆਪ ਨੂੰ ਮਿਲਿਆ। ਜਿਸ ਨੇ ਆਪ ਨਾਲ ਗੱਲ ਬਾਤ ਕਰਕੇ ਇਸ ਗੱਲ ਨੂੰ ਨਿਸਚੇ ਕਰ ਲਿਆ ਕਿ ਭਾਈ ਸਾਹਿਬ ਦੇ ਨਾਲ ਗੁਰੂ ਸਦਾ ਅੰਗ ਸੰਗ ਰਹਿੰਦਾ ਹੈ। ਇਹ ਸਾਰਾ ਹਾਲ ਜੇਲ੍ਹ ਚਿਠੀਆਂ ਵਿੱਚ ਦੇਖੋ। ਆਪ ਨਾਗਪੁਰ ਤੋਂ ਆ ਕੇ 15 ਮਈ ਦੀ ਰਾਤ ਨੂੰ ਲਾਹੌਰ ਦੇ ਨੌ ਲੱਖੇ ਦੇ ਥਾਣੇ ਰਹੇ, 16 ਮਈ ਨੂੰ ਆਪ ਸੈਂਟਰਲ ਜੇਲ੍ਹ ਲਾਹੌਰ ਵਿੱਚ ਪੁਚਾਏ ਗਏ। ਏਥੇ ਆਪ ਨੂੰ ਕੋਈ ਤਕਲੀਫ ਨਾ ਹੋਈ। ਸੁਪ੍ਰੰਟੰਡੰਟ ਮਿ: ਚੋਪੜਾ ਤੇ ਦਰੋਗਾ ਮੁਹੰਮਦ ਅਕਬਰ ਬੜੇ ਸ਼ਰੀਫ ਸਜਣ ਸਨ। ਇਸ ਜਗ੍ਹਾ ਪੌਣੇ ਪੰਜ ਮਹੀਨੇ ਦੇ ਕਰੀਬ ਰਹੇ। ਏਥੋਂ ਦਾ ਖਾਸ ਵਾਕਿਆ ਸ. ਭਗਤ ਸਿੰਘ ਸ਼ਹੀਦ ਦੀ ਮੁਲਾਕਾਤ ਹੈ, ਜੋ 4 ਅਕਤੂਬਰ 1930 ਦੇ ਦਿਨ ਛਿਪੇ ਹੋਈ। ਜਿਸ ਦਾ ਸਾਰਾ ਬਿਰਤਾਂਤ ਤਾਂ ਜੇਲ੍ਹ ਚਿੱਠੀਆਂ ਵਿੱਚ ਹੈ। ਇਸ ਮੁਲਾਕਾਤ



www.AKJ.Org

ਦਾ ਇਹ ਸਿੱਟਾ ਨਿਕਲਿਆ ਕਿ ਸ. ਭਗਤ ਸਿੰਘ ਨਾਸਤਕ ਤੋਂ ਆਸਤਕ ਬਣ ਗਿਆ ਤੇ ਉਸ ਨੇ ਸਿੱਖੀ ਨਿਸਚੇ ਵਿੱਚ ਹੋ ਕੇ ਕੇਸ ਰੱਖ ਲਏ। ਇਸ ਤਰ੍ਹਾਂ ਸਿੱਖ ਧਰਮ ਵਿੱਚ ਸ਼ਰਧਾ ਰਖਦਾ ਹੋਇਆ 23 ਮਾਰਚ 1931 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਆਪਣੇ ਸਾਥੀਆਂ ਸੁਖਦੇਵ ਤੇ ਰਾਜ ਗੁਰੂ ਸਮੇਤ ਸ਼ਹੀਦ ਹੋ ਗਿਆ।

ਆਪ 4 ਅਕਤੂਬਰ ਦਿਨ ਛਿਪਣ ਤੋਂ ਬਾਅਦ ਰਾਤ ਪਈ ਰਿਹਾ ਕੀਤੇ ਗਏ ਤੇ ਅਗਲੇ ਦਿਨ ਪੰਜ ਅਕਤੂਬਰ ਨੂੰ ਲੁਧਿਆਣੇ ਪਹੁੰਚੇ, ਫੇਰ ਕਾਰ ਵਿੱਚ ਡੇਹਲੋਂ, ਰਾਏਪੁਰ ਹੋ ਕੇ ਨਾਰੰਗਵਾਲ ਪਹੁੰਚੇ। ਸਾਰੇ ਖੁਸ਼ੀਆਂ ਹੋ ਗਈਆਂ। ਸ਼ਾਨਦਾਰ ਸੁਆਗਤ ਸਭ ਥਾਂ ਹੁੰਦੇ ਗਏ।

ਜਦ ਘਰ ਪਹੁੰਚੇ ਤਾਂ ਇਕ ਮਾਈ ਨੇ ਕਿਹਾ ਕਿ 'ਭਾਈ, ਅੱਜ ਮਾਈ ਚਾਹੀਦੀ ਸੀ' ਤਦ ਭਾਈ ਸਾਹਿਬ ਨੇ ਕਿਹਾ ਕਿ "ਮਾਈ ਤਾਂ ਸਾਡੇ ਪਾਸ ਬੈਠੀ ਹੈ ਆਪ ਨੇ ਜੇਲ੍ਹ ਚਿੱਠੀਆਂ ਵਿੱਚ ਲਿਖਿਆ ਹੈ ਕਿ ਉਸ ਵੇਲੇ ਸਾਡੇ ਮਾਤਾ ਜੀ ਦੀ ਪਵਿੱਤਰ ਰੂਹ ਸਾਡੇ ਆਉਣ ਦੀ ਖ਼ੁਸ਼ੀ ਵਿੱਚ ਸਾਨੂੰ ਮਿਲਣ ਲਈ ਆਈ ਸੀ ਜੋ ਉਸ ਵੇਲੇ ਸਾਡੇ ਪਾਸ ਬੈਠੀ ਖ਼ੁਸ਼ ਹੋ ਰਹੀ ਸੀ।"

ਭਾਈ ਸਾਹਿਬ ਨੂੰ ਸੋਲ੍ਹਾਂ ਸਾਲਾਂ ਵਿੱਚ ਦਸ ਵਾਰ ਭੁੱਖ ਹੜਤਾਲ ਕਰਨੀ ਪਈ। ਜਿੱਥੇ ਜ਼ਾਲਮ ਅਫ਼ਸਰਾਂ ਨਾਲ ਵਾਹ ਪਿਆ। ਉੱਥੇ ਨੇਕ ਅਫ਼ਸਰ ਭੀ ਮਿਲਦੇ ਰਹੇ, ਲੁਧਿਆਣੇ ਜੇਲ੍ਹਾਂ ਦਾ ਦਰੋਗਾ ਗੋਪਾਲ ਦਾਸ ਤੇ ਸੁਪ੍ਰੰਟੰਡੰਟ ਸਿਵਲ ਸਰਜਨ ਸ੍ਰੀ ਰਾਮ ਬੜੇ ਭਲੇ ਲੋਕ ਸਨ। ਲਾਹੌਰ ਸੈਂਟਰਲ ਜੇਲ੍ਹ ਦਾ ਦਰੋਗਾ ਨਵਾਬ ਬੇਗ ਇਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਸੀ। ਉਹ ਭਜਨੀਕ ਤੇ ਫ਼ਕੀਰ ਦੋਸਤ ਆਦਮੀ ਸੀ। ਮੁਸਲਮਾਨ ਅਫ਼ਸਰਾਂ ਵਿੱਚ ਇਹ ਗੱਲ ਦੇਖੀ ਹੈ ਕਿ ਉਹ ਰੂਹਾਨੀਅਤ ਤੇ ਖੁਦਾ ਦੀ ਬੰਦਗੀ ਦੇ ਕਦਰਦਾਨ ਤੇ ਕਾਇਲ ਹੁੰਦੇ ਹਨ। ਪਰ ਹਿੰਦੂ ਅਫ਼ਸਰਾਂ ਵਿਚੋਂ ਆਰੀਆ ਸਮਾਜੀ ਅਫ਼ਸਰ ਏਸ ਰੂਹਾਨੀ ਪਹਿਲੂ ਵਲੋਂ ਖਾਲੀ ਹੀ ਹੁੰਦੇ ਹਨ। ਮੁਲਤਾਨ ਜੇਲ੍ਹ ਦੇ ਅਫ਼ਸਰ ਸਾਰੇ ਹੀ ਸਖ਼ਤ ਸਨ। ਹਜ਼ਾਰੀ ਬਾਗ਼ ਜੇਲ੍ਹ ਵਿਚ ਇਨਸਪੈਕਟਰ ਜਨਰਲ ਬਾਵਾ ਜੀਵਨ ਸਿੰਘ ਤਾਂ ਚੰਗੇ ਆਦਮੀ ਸਨ। ਪਰ ਦਰੋਗਾ ਵਧਾਵਾ ਰਾਮ ਦੀ ਬੇਸਮਝੀ ਨੇ ਉੱਥੇ ਕਲੇਸ਼ ਖੜੇ ਕਰ ਦਿੱਤੇ। ਰਾਜ ਮੰਦਰੀ ਜੇਲ੍ਹ ਦੇ ਸਭ ਅਫ਼ਸਰ ਅੰਗਰੇਜ਼ ਹੁੰਦੇ ਹੋਏ ਭੀ ਬੜੇ ਸ਼ਰੀਫ ਸਨ। ਉਹਨਾਂ ਨੇ ਨਾ ਕੋਈ ਤਕਲੀਫ ਰਾਜਸੀ ਕੈਦੀਆਂ ਨੂੰ ਦਿੱਤੀ ਤੇ ਨਾ ਆਪ ਅਉਖੇ ਹੋਏ। ਉਹਨਾਂ ਨੇ ਰਾਜਸੀ ਕੈਦੀਆਂ ਨੂੰ ਸਗੋਂ ਬੜੀ ਇਜ਼ਤ ਤੇ ਆਰਾਮ ਨਾਲ ਰਖਿਆ। ਭਾਈ ਸਾਹਿਬ ਨੂੰ ਲਿਖਤ ਪੜ੍ਹਤ ਕਰਨ ਦੀ ਆਗਿਆ ਦਿੱਤੀ ਹੋਈ ਸੀ। ਜੇਲ੍ਹ ਚਿੱਠੀਆਂ ਲਿਖਣ ਦਾ ਸਿਲਸਿਲਾ ਭੀ ਏਥੋਂ ਹੀ ਸ਼ੁਰੂ ਹੋਇਆ। ਪੁਸਤਕ ਗੁਰਮਤਿ ਬਿਬੇਕ ਭੀ ਏਥੇ ਹੀ ਲਿਖੀ ਗਈ ਸੀ। ਸੋਲ੍ਹਾਂ ਸਾਲ ਦੀ ਜੇਲ੍ਹ ਯਾਤਰਾ ਵਿਚੋਂ ਰਾਜ ਮੰਤਰੀ ਦਾ ਸਮਾਂ ਸਭ ਤੋਂ ਸੁਖ ਆਰਾਮ ਦਾ ਬੀਤਿਆ। ਪਰ ਏਥੇ ਆਪ ਮਸਾਂ ਡੇਢ ਕੁ ਸਾਲ ਹੀ ਰਹੇ।

ਨਾਗਪੁਰ ਜੇਲ੍ਹ ਦਾ ਸਮਾਂ ਬਿਪਤਾ ਦਾ ਸਮਾਂ ਸੀ। ਸੁਪ੍ਰੰਟੰਡੰਟ ਨੀਲ ਕੰਠ ਸੂਰਯੇਣ ਜਟਾਰ ਬ੍ਰਾਹਮਣ ਹੁੰਦਾ ਹੋਇਆ ਭੀ ਬੜਾ ਨਿਰਦਈ ਸੀ। ਉਹ ਭਾਈ ਸਾਹਿਬ ਨੂੰ ਸਮਝ ਹੀ ਨਾ ਸਕਿਆ। ਪਰ ਉਥੋਂ ਦੇ ਜੇਲ੍ਹ ਡਾਕਟਰ ਸ੍ਰੀ ਮਨਸੁਖ ਬੜੇ ਹਮਦਰਦ ਸਾਬਤ ਹੋਏ। ਉਹਨਾਂ ਭਾਈ ਸਾਹਿਬ ਦੀਆਂ ਭੁੱਖ ਹੜਤਾਲਾਂ ਦੇ ਸਮੇਂ ਦੇ ਦਿਨਾਂ ਵਿੱਚ ਚਿੱਠੀਆਂ ਗੁਪਤੀ ਤੌਰ 'ਤੇ ਬਾਹਰ ਪੁਚਾਈਆਂ। ਆਪ ਤੋਂ ਬਿਨਾਂ ਪੰਜਾਬੀ ਲਾਈਨ ਦੇ ਸਿੰਘਾਂ ਭਾਈ ਮੁਨਸ਼ਾ



www.AKJ.Org

ਸਿੰਘ, ਭਾਈ ਸੰਤਾ ਸਿੰਘ ਤੇ ਬੈਰਿਸਟਰ ਮਿ: ਅਭੈ ਅੰਕੁਰ ਨੇ ਬਹੁਤ ਸੇਵਾ ਤੇ ਸਹਾਇਤਾ ਕੀਤੀ। ਜਦੋਂ ਭਾਈ ਸੁੰਦਰ ਸਿੰਘ ਘੁਮਾਣ ਤੇ ਬੇਬੇ ਕਰਤਾਰ ਕੌਰ ਜੀ ਤੇ ਸ: ਬਲਬੀਰ ਸਿੰਘ ਤੇ ਬੀਬੀ ਦਲੇਰ ਕੌਰ ਭਾਈ ਸਾਹਿਬ ਦੀ ਮੁਲਾਕਾਤ ਲਈ ਨਾਗਪੁਰ ਗਏ ਸਨ ਤੇ ਸਰਕਾਰੀ ਨਿਗਰਾਨੀ ਤੇ ਸਖ਼ਤੀ ਦੇ ਬਾਵਜੂਦ ਸ: ਮਹਿੰਦਰ ਸਿੰਘ ਜੀ ਨਾਰੰਗ ਵਾਲ (ਜੋ ਸ: ਜੁਗਿੰਦਰ ਸਿੰਘ ਐਡਵੋਕੇਟ ਦੇ ਭਰਾ ਹਨ) ਸਰਕਾਰੀ ਨੌਕਰੀ ਵਿੱਚ ਹੁੰਦਿਆਂ ਹੋਇਆਂ ਭੀ ਆਪ ਨੇ ਭਾਈ ਸਾਹਿਬ ਨਾਲ ਜਾ ਕੇ ਮੁਲਾਕਾਤ ਕੀਤੀ। ਇਹ ਸਭ ਹਾਲ ਜੇਲ੍ਹ ਚਿੱਠੀਆਂ ਵਿੱਚ ਪੂਰਾ ਵੇਰਵੇ ਨਾਲ ਦਰਜ ਹੈ। ਭਾਈ ਸਾਹਿਬ ਜੀ ਦੇ ਮੁਕੱਦਮੇ ਦੇ ਦਿਨਾਂ ਵਿੱਚ ਤੇ ਮੁਲਤਾਨ ਆਦਿ ਦੀ ਭੁੱਖ-ਹੜਤਾਲ ਦੇ ਦਿਨਾਂ ਵਿੱਚ ਜਿਨ੍ਹਾਂ ਸਜਣਾਂ ਨੇ ਸੇਵਾ ਤੇ ਸਹਾਇਤਾ ਕੀਤੀ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ—ਆਪ ਦੇ ਛੋਟੇ ਭਰਾ ਸ. ਆਤਮਾ ਸਿੰਘ ਜੀ ਮੁਕੱਦਮੇ ਦੀ ਪੈਰਵੀ ਕਰਦੇ ਰਹੇ। ਆਪ ਦੇ ਰਿਸ਼ਤੇਦਾਰ ਬਹਿਨੋਈ ਸ. ਸ਼ੇਰ ਸਿੰਘ ਜੀ ਰਈਸ ਸਿਬੀਆਂ ਵਾਲੇ, ਸੰਗਰੂਰ ਅਤੇ ਭਾਈ ਸੁੰਦਰ ਸਿੰਘ ਪਿੰਡ ਘੁਮਾਣ ਜੋ ਛੇ ਮਹੀਨੇ ਲਾਹੌਰ ਹੀ ਰਹੇ ਤੇ ਮੁਕੱਦਮੇ ਸੰਬੰਧੀ ਗਵਾਹਾਂ ਆਦਿ ਲਈ ਜਿਥੇ ਭੀ ਲੋੜ ਪੈਂਦੀ ਆਪ ਪਹੁੰਚਦੇ ਰਹੇ, ਆਪ ਦੇ ਨਾਲ ਹੀ ਪ੍ਰਿੰਸੀਪਲ ਇਕਬਾਲ ਸਿੰਘ ਜੀ ਨੇ ਉਸ ਸਾਲ ਬੀ.ਏ. ਦਾ ਇਮਤਿਹਾਨ ਛਡਿਆ ਤੇ ਮੁਕੱਦਮੇ ਦੀ ਪੈਰਵੀ ਕਰਦੇ ਰਹੇ ਤੇ ਜੇਲ੍ਹਾ ਵਿੱਚ ਜਾ ਕੇ ਮੁਲਾਕਾਤ ਕਰਦੇ ਰਹੇ ਤੇ ਸਫਾਈ ਦੇ ਗਵਾਹ ਭੀ ਭੁਗਤੇ। ਫੇਰ ਜਦ ਭਾਈ ਸਾਹਿਬ ਦੀ ਮੁਲਤਾਨ ਜੇਲ੍ਹ ਵਿੱਚ 40 ਦਿਨ ਦੀ ਭੁੱਖ-ਹੜਤਾਲ ਹੋਈ ਤਾਂ ਭਾਈ ਸੁੰਦਰ ਸਿੰਘ ਘੁਮਾਣ, ਪ੍ਰਿੰਸੀਪਲ ਇਕਬਾਲ ਸਿੰਘ, ਸ. ਬਖਸ਼ੀਸ਼ ਸਿੰਘ ਰਸਿਆਣਾ ਪਿੰਡ ਨੰਗਲ ਕਲਾਂ ਜ਼ਿਲ੍ਹਾ ਹੁਸ਼ਿਆਰ ਪੁਰ ਤੇ ਸ. ਮਹਿਤਾਬ ਸਿੰਘ ਐੱਸ.ਡੀ.ਓ. ਪਿੰਡ ਅਕਾਲ ਗੜ੍ਹ ਹਾਲ ਪਟਿਆਲਾ ਮੁਲਤਾਨ ਜਾ ਕੇ, ਕਰੜੀ ਨਿਗਰਾਨੀ ਦੇ ਹੁੰਦਿਆਂ ਵੀ ਭਾਈ ਸਾਹਿਬ ਦੀ ਖਬਰਗੀਰੀ ਰਖਦੇ ਰਹੇ। ਇਨ੍ਹਾਂ ਸਭ ਸਜਣਾਂ ਨੂੰ ਨਾਰੰਗਵਾਲ ਦੇ ਦਫੇਦਾਰ ਹਰਨਾਮ ਸਿੰਘ ਜੀ ਸੰਭਾਲਦੇ ਰਹੇ ਜੋ ਉਸ ਵੇਲੇ ਦਸਵੇਂ ਰਸਾਲੇ ਵਿੱਚ ਮੁਲਤਾਨ ਦੀ ਛਾਉਣੀ ਵਿੱਚ ਸਨ। ਪਟਿਆਲੇ ਦੇ ਸ. ਜੁਗਿੰਦਰ ਸਿੰਘ ਤੇ ਸ. ਆਤਮਾ ਸਿੰਘ ਸੁਪ੍ਰੰਟੰਡੰਟ ਕਰੋੜਾ (ਮੋਗਾ ਨਿਵਾਸੀ) ਨੇ ਵੀ ਬੜੀ ਸਹਾਇਤਾ ਕੀਤੀ।

ਪਿੰਡ ਨਾਰੰਗਵਾਲ ਵਿੱਚ ਭਾਈ ਭਰਪੂਰ ਸਿੰਘ, ਸ. ਕਿਸ਼ਨ ਸਿੰਘ ਜੰਗਕਾ ਤੇ ਹੋਰ ਸਜਣ ਭਾਈ ਸਾਹਿਬ ਦੇ ਘਰਦਿਆਂ ਤੇ ਹੋਰ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਰਹੇ। ਉਹ ਸਮਾਂ ਬੜਾ ਨਾਜ਼ਕ ਸੀ। ਏਨ੍ਹਾਂ ਸਜਣਾ ਨਾਲ ਹਮਦਰਦੀ ਕਰਨਾ ਭੀ ਇਕ ਤਰ੍ਹਾਂ ਸਰਕਾਰ ਦੀ ਨਾਰਾਜ਼ਗੀ ਮੁਲ ਲੈਣੀ ਸੀ। ਜਦ ਭਾਈ ਸਾਹਿਬ ਪਰ ਮੁਕੱਦਮਾ ਚਲਦਾ ਸੀ ਤਦ ਪੁਲਿਸ ਨੇ ਸ. ਖੁਸ਼ੀਆ ਸਿੰਘ ਸਫੈਦ ਪੋਸ਼ ਨਾਰੰਗਵਾਲ ਨੂੰ ਕਿਹਾ ਕਿ— "ਤੁਸੀਂ ਭਾਈ ਰਣਧੀਰ ਸਿੰਘ ਦੇ ਵਿਰੁੱਧ ਗਵਾਹੀ ਦਿਉ।" ਸ. ਖੁਸ਼ੀਆ ਸਿੰਘ ਨੇ ਕਿਹਾ— "ਜਦੋਂ ਭਾਈ ਸਾਹਿਬ ਨਾਇਬ ਤਸੀਲਦਾਰ ਸਨ, ਉਹ ਮੈਨੂੰ ਸਫ਼ੈਦ ਪੋਸ਼ ਬਣਾ ਗਏ ਸਨ। ਇਹ ਸਫ਼ੈਦ ਪੋਸ਼ੀ ਉਹਨਾਂ ਦੀ ਦਿੱਤੀ ਹੋਈ ਹੈ। ਇਹ ਲੈ ਲਵੋ, ਪਰ ਮੈਂ ਗਵਾਹੀ ਉਹਨਾਂ ਦੇ ਵਿਰੁੱਧ ਨਹੀਂ ਦਿਆਂਗਾ।" ਇਸ ਪਰ ਪੁਲਿਸ ਵਾਲੇ ਨਿਰੁੱਤਰ ਹੋ ਰਹੇ। ਉਸ ਵੇਲੇ ਇਸ ਤਰ੍ਹਾਂ ਦਾ ਜਵਾਬ ਪੁਲਿਸ ਨੂੰ ਦੇਣਾ ਇਕ ਖਾਸ ਦਲੇਰੀ ਦਾ ਕੰਮ ਸੀ। ਇਸੇ ਤਰ੍ਹਾਂ ਨਾਰੰਗਵਾਲ ਦੇ ਹੋਰ ਬਹੁਤ ਸੱਜਣਾ ਆਪ ਦੀ ਸੇਵਾ ਤੇ ਸਹਾਇਤਾ ਕੀਤੀ।



www.AKJ.Org

ਜਿਨ੍ਹਾਂ ਦੇ ਨਾਮ ਸਾਨੂੰ ਪਤਾ ਨਹੀਂ। ਵੱਡੀ ਗੱਲ ਇਹ ਹੈ ਕਿ ਨਾਰੰਗਵਾਲ ਦੀ ਭਾਈ ਸਾਹਿਬ ਦੀ ਜ਼ਮੀਨ ਸਰਕਾਰ ਨੇ ਜ਼ਬਤ ਕਰ ਲਈ ਸੀ। ਜੋ ਉਹ 33 ਸਾਲ ਜ਼ਬਤ ਰਹੀ ਪਰ ਨਾਰੰਗਵਾਲ ਦੇ ਕਿਸੇ ਸਜਣ ਨੇ ਉਹ ਠੇਕੇ ਤੇ ਨਾ ਲਈ। ਪਿੰਡ ਜੋਧਾਂ ਦੀ ਜ਼ਮੀਨ ਉਥੋਂ ਦਾ ਨੰਬਰਦਾਰ ਠੇਕੇ ਤੇ ਲੈ ਠੇਕਾ ਸਰਕਾਰੇ ਜਮ੍ਹਾਂ ਕਰਾਉਂਦਾ ਰਿਹਾ। 1949 ਵਿੱਚ ਇਹ ਜਾਇਦਾਦ ਵਾਪਸ ਮਿਲੀ।

ਹੋਰ ਭੀ ਅਨੇਕਾਂ ਸਜਣ ਹਨ, ਜਿਨ੍ਹਾਂ ਦੇ ਨਾਵਾਂ ਅਤੇ ਥਾਵਾਂ ਦਾ ਦਾਸ ਨੂੰ ਪਤਾ ਨਹੀਂ। ਇਨ੍ਹਾਂ ਸਭਨਾਂ ਦੇ ਅਸੀਂ ਧੰਨਵਾਦੀ ਹਾਂ। ਵਾਹਿਗੁਰੂ ਸਭ ਦਾ ਭਲਾ ਕਰੇ ਤੇ ਸਭ ਨੂੰ ਲੋਕ ਪ੍ਰਲੋਕ ਦੀ ਸੁਖ ਸ਼ਾਂਤੀ ਪ੍ਰਦਾਨ ਕਰੇ।

ਪੰਥ ਵੱਲੋਂ ਭਾਈ ਸਾਹਿਬ ਦੀ ਸਦਾ ਹੀ ਸਹਾਇਤਾ ਹੁੰਦੀ ਰਹੀ ਤੇ ਪੰਥ ਵੱਲੋਂ ਆਪ ਨੂੰ ਆਪ ਦੀ ਸਿੱਖੀ ਘਾਲਣਾ ਦੇ ਕਾਰਨ ਵੱਧ ਤੋਂ ਵੱਧ ਸਤਿਕਾਰ ਤੇ ਸਨਮਾਨ ਦਿੱਤਾ ਜਾਂਦਾ ਰਿਹਾ ਹੈ। ਆਪ ਨਾਲ ਪੰਥ ਨੇ ਖ਼ਾਸ ਤੌਰ ਪਰ ਚਾਰ ਵਾਰ ਖਾਸ ਪ੍ਰੇਮ ਕੀਤਾ—

1. ਮੁਕੱਦਮੇ ਸਮੇਂ – ਪੰਥ ਦੇ ਸਭ ਤਬਕਿਆਂ ਦੇ ਸੱਜਣਾਂ ਨੇ ਗਵਾਹੀਆਂ ਆਦਿ ਦੀ ਸਹਾਇਤਾ ਕੀਤੀ। ਜਦੋਂ 30 ਮਾਰਚ 1916 ਨੂੰ ਆਪ ਨੂੰ ਸਾਥੀਆਂ ਸਮੇਤ ਸਜ਼ਾ ਹੋ ਗਈ, ਤਦ ਸਿੰਘਾਂ ਦੇ ਕਛਹਿਰੇ ਉਤਾਰੇ ਗਏ ਤੇ ਦਸਤਾਰੇ ਖੋਹੇ ਗਏ। ਉਸ ਵੇਲੇ ਲਾਹੌਰ ਦੀ ਸੰਗਤ ਨੇ ਬਾਉਲੀ ਸਾਹਿਬ ਗੁਰਦੁਆਰੇ ਦੀਵਾਨ ਕਰਕੇ ਮਤਾ ਪਾਸ ਕੀਤਾ ਕਿ ਸਰਕਾਰ ਸਿੱਖ ਕੈਦੀਆਂ ਨੂੰ ਉਹਨਾਂ ਦੇ ਧਾਰਮਿਕ ਚਿੰਨ ਕਛਹਿਰਾ, ਕੜਾ ਤੇ ਦਸਤਾਰ ਰੱਖਣ ਦੀ ਖੁਲ੍ਹ ਦੇਵੇ। ਕਿਉਂਕਿ ਟੋਪੀ ਪਹਿਨਣਾ ਸਿੱਖਾਂ ਵਿੱਚ ਧਾਰਮਿਕ ਤੌਰ 'ਤੇ ਵਰਜਿਤ ਹੈ।
2. ਜਦੋਂ ਨਾਗਪੁਰ ਜੇਲ੍ਹ ਵਿੱਚ ਤਸੀਹੇ ਦਿੱਤੇ ਜਾ ਰਹੇ ਸਨ, ਤਦ ਪੰਥ ਵੱਲੋਂ 1 ਫ਼ਰਵਰੀ 1923 ਦਾ ਦਿਨ 'ਅਰਦਾਸ ਦਿਨ ਨੀਯਤ ਕੀਤਾ' ਸਭ ਥਾਂ ਤੋਂ ਦੀਵਾਨਾਂ ਵਿੱਚ ਭਾਈ ਸਾਹਿਬ ਤੇ ਹੋਰ ਅਕਾਲੀ ਕੈਦੀਆਂ ਨਮਿੱਤ ਅਰਦਾਸੇ ਸੋਧੇ ਗਏ।
3. ਰਿਹਾ ਹੋਣ ਤੋਂ ਪਿੱਛੋਂ ਆਪ ਨੂੰ 15 ਸਤੰਬਰ 1931 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮੇ ਦੀ ਬਖਸ਼ਿਸ਼ ਹੋਈ। ਫਿਰ 1940 ਵਿੱਚ ਆਪ ਨੂੰ ਸ੍ਰੀ ਕੇਸਗੜ੍ਹ ਸਾਹਿਬ ਤੋਂ ਹੁਕਮਨਾਮੇ ਦੀ ਬਖਸ਼ੀਸ਼ ਹੋਈ।
4. 16 ਅਪ੍ਰੈਲ 1961 ਨੂੰ ਆਪ ਨੇ ਗੁਰਪੁਰੀ ਨੂੰ ਪਿਆਨਾ ਕੀਤਾ। ਆਪ ਦੇ ਨਮਿਤ 30 ਅਪ੍ਰੈਲ 1961 ਨੂੰ ਮਾਡਲ ਟਾਊਨ ਲੁਧਿਆਣੇ ਵਿੱਚ ਅਖੰਡ ਪਾਠ ਦਾ ਭੋਗ ਦਾ ਸਮਾਗਮ ਤੇ ਦੀਵਾਨ ਸਜਿਆ ਜਿਸ ਵਿੱਚ ਸ਼੍ਰੋਮਣੀ ਕਮੇਟੀ ਵਲੋਂ ਆਪ ਦੀ ਸੇਵਾ ਦੀ ਪ੍ਰਸੰਸਾਂ ਹੋਈ ਤੇ ਆਪ ਦੇ ਸਪੁਤਰ ਬਲਬੀਰ ਸਿੰਘ ਤੇ ਸਪੁਤਰੀ ਬੀਬੀ ਦਲੇਰ ਕੌਰ ਨੂੰ ਸਿਰਪਾਉ ਦਿੱਤੇ ਗਏ। ਅਨੇਕਾਂ ਪਿੰਡਾਂ ਥਾਵਾਂ ਵਿੱਚ, ਦੇਸ ਪ੍ਰਦੇਸ ਸਭ ਥਾਂ ਆਪ ਦੇ ਨਮਿਤ ਭੋਗ ਪਾਏ ਤੇ ਆਪਦੀ ਪ੍ਰਸੰਸਾ ਹੋਈ ਤੇ ਇਹ ਸਿਲਸਿਲਾ ਅਜੇ ਤਕ ਜਾਰੀ ਹੈ।

## ਜੇਲ੍ਹ ਯਾਤਰਾ ਤੋਂ ਪਿਛੋਂ

ਜੇਲ੍ਹ ਯਾਤਰਾ ਤੋਂ ਪਿਛੋਂ ਭਾਈ ਸਾਹਿਬ 30 ਸਾਲ 6 ਮਹੀਨੇ 10 ਦਿਨ ਦੇਸ਼ ਵਿੱਚ



www.AKJ.Org

ਵਿਚਰਦੇ ਰਹੇ। ਇਸ ਸਮੇਂ ਵਿੱਚ ਆਪ ਨੇ ਅਖੰਡ ਪਾਠਾਂ, ਕੀਰਤਨ ਸਮਾਗਮਾਂ ਦੇ ਲਾਹੇ ਲਏ। ਅੰਮ੍ਰਿਤ ਸੰਚਾਰ ਕੀਤੇ, ਗੁਰਦੁਆਰਿਆਂ ਦੀ ਯਾਤਰਾ ਕੀਤੀ ਤੇ ਗੁਰਮਤਿ ਦੇ ਵੱਖੋ-ਵੱਖ ਸਿਧਾਂਤਾਂ 'ਤੇ ਪੁਸਤਕਾਂ ਲਿਖੀਆਂ। ਆਪ ਨੂੰ ਦੇਸ-ਪ੍ਰਦੇਸ ਦੀਆਂ ਸੰਗਤਾਂ ਨੇ ਸਿਰਪਾਉ ਦਿੱਤੇ ਤੇ ਮਾਨ-ਪੱਤਰ ਭੇਟਾ ਕੀਤੇ। ਜਿਹਾ ਕਿ ਸ. ਨਿਰੰਜਨ ਸਿੰਘ ਗਰੇਵਾਲ ਪਿੰਡ ਜੋਧਾਂ ਜਿਲ੍ਹਾ ਲੁਧਿਆਣਾ ਨੇ ਕੈਨੇਡਾ ਤੋਂ ਆਪ ਨੂੰ ਸੋਨੇ ਦਾ ਤਗਮਾ ਭੇਜਿਆ। ਮਾਲਵਾ ਸੁਧਾਰ ਸੁਸਾਇਟੀ ਸਟਾਕਟਨ (ਅਮਰੀਕਾ), ਮਾਲਵਾ ਸੁਧਾਰ ਸੁਸਾਇਟੀ ਵੈਨਕੁਅਰ (ਕੈਨੇਡਾ), ਨਾਲ ਹੀ ਪੰਜ ਪੰਜ ਸੌ ਰੁਪਏ ਦੀਆਂ ਥੈਲੀਆਂ ਵੀ ਦਿੱਤੀਆਂ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮੇ ਤੇ ਸਿਰੋਪਾਉ ਸਮੇਂ ਆਪ ਨੇ ਹਾਰਮੋਨੀਅਮ ਬਾਜੇ ਨਾਲ ਇਹ ਸ਼ਬਦ ਪੜ੍ਹਿਆ—

**"ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ।"**

*(ਆਸਾ ਮਹਲਾ ੫, ਅੰਗ ੩੮੩)*

17 ਸਤੰਬਰ 1931 ਨੂੰ ਤਰਨ ਤਾਰਨ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸ਼ਰੋਮਣੀ ਕਮੇਟੀ ਵੱਲੋਂ ਆਰੰਭ ਹੋਈ। ਆਪ ਕਾਰ ਸੇਵਾ ਅਰੰਭ ਕਰਵਾਉਣ ਵੇਲੇ ਪੰਜਾਂ ਸਿੰਘਾਂ ਵਿੱਚ ਸ਼ਾਮਲ ਸਨ, ਇਹ ਸਜਣ ਭਾਈ ਸਾਹਿਬ ਰਣਧੀਰ ਸਿੰਘ, ਬਾਬਾ ਕਰਤਾਰ ਸਿੰਘ ਬੇਦੀ, ਬਾਬਾ ਵਸਾਖਾ ਸਿੰਘ ਦਦੇਹਰ, ਬਾਬਾ ਝੰਡਾ ਸਿੰਘ ਆਦਿ ਸਨ। ਫੇਰ ਆਪ ਨੇ ਖਡੂਰ ਸਾਹਿਬ, ਗੋਇੰਦਵਾਲ, ਸੁਲਤਾਨਪੁਰ ਦੇ ਗੁਰਦੁਆਰਿਆਂ ਦੀ ਯਾਤਰਾ ਕੀਤੀ। 14 ਅਕਤੂਬਰ 1932 ਨੂੰ ਪੰਜਾ ਸਾਹਿਬ ਗੁਰਦੁਆਰਾ ਦੀ ਨਵੀਂ ਇਮਾਰਤ ਦਾ ਬੁਨਿਆਦੀ ਪੱਥਰ ਰੱਖਿਆ ਗਿਆ। ਆਪ ਏਨ੍ਹਾਂ ਪੱਥਰ ਰੱਖਣ ਵਾਲੇ ਪੰਜਾਂ ਸਿੰਘਾਂ ਦੇ ਜਥੇਦਾਰ ਸਨ, ਬਾਕੀ ਦੇ ਸਿੰਘ ਇਹ ਸਨ—

ਪ੍ਰਿੰਸੀਪਲ ਜੋਧ ਸਿੰਘ, ਬਾਬਾ ਵਸਾਖਾ ਸਿੰਘ ਜੀ ਦਦੇਹਰ, ਬਾਬਾ ਨਿਧਾਨ ਸਿੰਘ ਚੁੱਘਾ ਦੇਸ਼ ਭਗਤ, ਸੰਤ ਬੁੱਧ ਸਿੰਘ ਜੀ ਰਿਆਸਤ ਕਸ਼ਮੀਰ। ਇਸੇ ਸਮੇਂ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲੇ (ਓਦੋਂ ਟਿੱਕਾ ਸਾਹਿਬ ਸਨ) ਨੇ ਪੰਜਾ ਸਾਹਿਬ ਸਰੋਵਰ ਦੇ ਵਾਧੇ ਦਾ ਬੁਨਿਆਦੀ ਪੱਥਰ ਰੱਖਿਆ। ਮਹਾਰਾਜਾ ਭੂਪਿੰਦਰ ਸਿੰਘ ਪਟਿਆਲੇ ਨੇ ਗੁਰਦੁਆਰੇ ਦੀ ਸੇਵਾ ਲਈ 31 ਹਜ਼ਾਰ ਰੁਪਿਆ ਦਾਨ ਕੀਤਾ। 15 ਅਕਤੂਬਰ 1932 ਨੂੰ ਭਾਈ ਸਾਹਿਬ ਜੱਥੇ ਸਮੇਤ 1905 ਤੋਂ ਬਾਅਦ 27 ਸਾਲ ਪਿਛੋਂ ਐਬਟਾਬਾਦ ਗਏ।

21 ਨਵੰਬਰ 1934 ਨੂੰ ਗੁਰਪੁਰਬ ਪੂਰਨਮਾਸ਼ੀ ਦੇ ਸਮੇਂ ਆਪ ਨਨਕਾਣੇ ਸਾਹਿਬ ਦੇ ਸ਼ਹੀਦ ਗੰਜ ਦੇ ਬੁਨਿਆਦੀ ਪੱਥਰ ਰੱਖਣ ਵਾਲੇ ਪੰਜਾਂ ਸਿੰਘਾਂ ਵਿੱਚ ਸ਼ਾਮਲ ਹੋਏ। ਇਹ ਪੰਜ ਸਿੰਘ ਹੇਠ ਲਿਖੇ ਸਨ—

ਭਾਈ ਸਾਹਿਬ ਜੀ, ਸ. ਬਹਾਦਰ ਮਹਿਤਾਬ ਸਿੰਘ, ਬਾਬਾ ਖੜਕ ਸਿੰਘ ਜੀ ਤੇ ਅਕਾਲੀ ਕੌਰ ਸਿੰਘ ਜੀ ਸ. ਪ੍ਰਤਾਪ ਸਿੰਘ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ।

26 ਦਸੰਬਰ 1934 ਨੂੰ ਆਪ ਜਥੇ ਸਮੇਤ ਗੁਰਦੁਆਰਾ ਹਜ਼ੂਰ ਸਾਹਿਬ ਦੀ ਯਾਤਰਾ ਨੂੰ ਰਵਾਨਾ ਹੋਏ, 27 ਦਸੰਬਰ ਤੋਂ 31 ਦਸੰਬਰ 1934 ਦੀ ਦੁਪਹਿਰ ਤਕ ਆਪ ਨੇ ਗੁਰਦੁਆਰਿਆਂ ਦੀ ਪ੍ਰੇਮ ਨਾਲ ਯਾਤਰਾ ਕੀਤੀ। ਦਿੱਲੀ ਦੀ ਸੰਗਤ ਨੇ ਯਾਤਰਾ ਲਈ ਦੋ ਲਾਰੀਆਂ ਜੱਥੇ ਨੂੰ ਬਿਨਾ ਕਰਾਏ ਦੇ ਦਿੱਤੀਆਂ ਸਨ, ਗੁਰਦੁਆਰਾ ਰਕਾਬ ਗੰਜ ਵਿੱਚ



www.AKJ.Org

ਇਕ ਦਿਨ ਆਸਾ ਦੀ ਵਾਰ ਦਾ ਕੀਰਤਨ ਕੀਤਾ ਤੇ ਸੀਸ ਗੰਜ ਤੇ ਹੋਰ ਗੁਰਦੁਆਰਿਆਂ ਦੀ ਕੀਰਤਨ ਕਰਦੇ ਹੋਏ ਯਾਤਰਾ ਕੀਤੀ। ਏਸ ਯਾਤਰਾ ਦਾ ਪ੍ਰੇਮ ਭਿੰਨਾ ਵਰਨਣ ਆਪ ਨੇ 'ਸ੍ਰੀ ਹਜ਼ੂਰ ਸਾਹਿਬ ਵਿੱਚ ਦਸਮੇਸ਼ ਜੀ ਦੇ ਦਰਸ਼ਨ' ਨਾਮੇ ਕਵਿਤਾ ਵਿੱਚ ਕੀਤਾ ਹੈ, ਜੋ ਦਰਸ਼ਨ ਝਲਕਾਂ ਪੁਸਤਕ ਵਿੱਚ ਛਪੀ ਹੋਈ ਹੈ।

1 ਜਨਵਰੀ 1935 ਨੂੰ ਆਪ ਨੇ ਗੁਰਦੁਆਰਾ ਮਾਈ ਥਾਨ ਵਿੱਚ ਆਸਾ ਦੀ ਵਾਰ ਦਾ ਕੀਰਤਨ ਕੀਤਾ, ਤੇ ਸ਼ਾਮ ਨੂੰ ਗੁਰਦੁਆਰਾ ਲੋਹ ਮੰਡੀ ਵਿੱਚ ਦੀਵਾਨ ਸਜਿਆ। 2 ਜਨਵਰੀ ਨੂੰ ਆਪ ਨੇ ਕਿਲਾ ਗਵਾਲੀਅਰ ਵਿਚ ਛੇਵੇਂ ਪਾਤਿਸ਼ਾਹ ਦੇ ਗੁਰਦੁਆਰੇ ਪੀਰ ਬੰਦੀ ਛੋੜ ਦੀ ਯਾਤਰਾ ਕੀਤੀ। ਰਸਤੇ ਵਿਚ ਮਨਮਾੜ ਗੁਰਦੁਆਰੇ ਦੀ ਯਾਤਰਾ ਕਰਕੇ 6 ਜਨਵਰੀ ਨੂੰ ਹਜ਼ੂਰ ਸਾਹਿਬ ਪਹੁੰਚੇ। 11 ਜਨਵਰੀ ਨੂੰ ਗੁਰੂ ਦਸਮੇਸ਼ ਜੀ ਦਾ ਅਵਤਾਰ ਗੁਰਪੁਰਬ ਮਨਾਇਆ। ਤਖ਼ਤ ਸਾਹਿਬ ਵਲੋਂ ਆਪ ਨੂੰ ਕ੍ਰਿਪਾਨ ਸਿਰਪਾਉ ਵਜੋਂ ਬਖ਼ਸ਼ੀ ਗਈ। 12 ਜਨਵਰੀ ਤਕ ਹੋਰ ਗੁਰਦੁਆਰਿਆਂ ਦੀ ਯਾਤਰਾ ਕੀਤੀ। 14 ਤਾਰੀਖ਼ ਵਾਪਸ ਪਿੰਡ ਆ ਗਏ। 11 ਤੇ 12 ਦਸੰਬਰ 1935 ਨੂੰ ਆਪ ਨੇ ਚਮਕੌਰ ਸਾਹਿਬ ਦੀ ਯਾਤਰਾ ਕੀਤੀ। 1955 ਵਿੱਚ ਆਪ ਨੇ ਦੂਜੀ ਵਾਰ ਬੰਬਈ ਹੋ ਕੇ ਵੈਸਾਖੀ ਦਾ ਪੁਰਬ ਹਜ਼ੂਰ ਸਾਹਿਬ ਮਨਾਇਆ।

8 ਜਨਵਰੀ 1938 ਨੂੰ ਪਟਨੇ ਸਾਹਿਬ ਦੀ ਯਾਤਰਾ ਕੀਤੀ ਤੇ ਅਕਾਲ ਬੁੰਗੇ ਦੇ ਬੁਨਿਆਦੀ ਪੱਥਰ ਰੱਖਣ ਵਾਲੇ ਪੰਜਾਂ ਸਿੰਘਾਂ ਵਿਚ ਸ਼ਾਮਲ ਹੋਏ। 17 ਮਾਰਚ 1938 ਹੋਲੇ ਮਹੱਲੇ ਵਾਲੇ ਦਿਨ ਪਾਉਂਟਾ ਸਾਹਿਬ ਦੇ ਦਰਸ਼ਨ ਕੀਤੇ ਤੇ ਉੱਥੇ ਗੁਰੂ ਦਸਮ ਪਾਤਿਸ਼ਾਹ ਦੇ ਕਵੀ ਦਰਬਾਰ ਵਾਲੇ ਅਸਥਾਨ ਦੇ ਗੁਰਦੁਆਰੇ ਦਾ ਬੁਨਿਆਦੀ ਪੱਥਰ ਰੱਖਣ ਵਾਲੇ ਪੰਜਾਂ ਸਿੰਘਾਂ ਵਿੱਚ ਸ਼ਾਮਲ ਹੋਏ। 1940 ਵਿੱਚ ਆਪ ਹੋਲੇ ਮਹੱਲੇ ਦੇ ਸਮੇਂ ਅਨੰਦਪੁਰ ਸਾਹਿਬ ਦੀ ਯਾਤਰਾ ਲਈ ਗਏ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਆਪ ਨੂੰ ਹੁਕਮਨਾਮੇ ਦੀ ਬਖਸ਼ਿਸ਼ ਹੋਈ।

ਆਪ 1936 ਤੋਂ ਸ. ਆਤਮਾ ਸਿੰਘ ਜੀ ਐਗਜ਼ੈਕਟਿਵ ਇੰਜਨੀਅਰ ਦੀ ਪ੍ਰੇਰਨਾ ਨਾਲ ਪਹਿਲੀ ਵਾਰ ਡਗਸ਼ਈ ਪਹਾੜ ਤੇ ਉਹਨਾਂ ਪਾਸ ਗਏ। ਫੇਰ ਹਰ ਸਾਲ ਹੀ ਕੁਮਾਰ ਹੱਟੀ ਪਹਾੜ ਪਰ ਜਾਂਦੇ ਰਹੇ। ਪਿਛੋਂ ਆਪ ਕੁਝ ਸਾਲ ਕਸ਼ਮੀਰ ਸ੍ਰੀਨਗਰ ਭੀ ਠਹਿਰਦੇ ਰਹੇ। ਪਹਿਲੇ ਤਿੰਨ ਮਹੀਨੇ ਕੁਮਾਰ ਹੱਟੀ ਤੇ ਬਾਕੀ ਦੇ ਤਿੰਨ ਮਹੀਨੇ ਸ੍ਰੀਨਗਰ ਰਹਿਆ ਕਰਦੇ ਸਨ।

ਇਹ ਕੁਝ ਤਾਰੀਖਾਂ ਇਸ਼ਾਰੇ ਮਾਤਰ ਉਪਰ ਦਿੱਤੀਆਂ ਹਨ। ਵੈਸੇ ਆਪ ਦਾ ਕੀਰਤਨ ਸਮਾਗਮਾਂ ਦਾ ਸਿਲਸਿਲਾ ਬਣਿਆ ਹੀ ਰਹਿੰਦਾ ਸੀ। ਰਾਵਲ ਪਿੰਡੀ, ਸਿਆਲ ਕੋਟ, ਗੁਜਰਾਂਵਾਲਾ, ਮਿੰਟਗੁਮਰੀ, ਕਰਾਚੀ, ਸ੍ਰੀ ਕਰਤਾਰਪੁਰ ਸਾਹਿਬ (ਰਾਵੀ) ਦਿੱਲੀ, ਜਲੰਧਰ, ਟਾਟਾ ਨਗਰ ਜਮਸ਼ੈਦਪੁਰ, ਬੰਬਈ ਆਦਿ ਦੂਰ-ਦੂਰ ਤੇ ਨੇੜੇ-ਤੇੜੇ ਜਾ ਕੇ ਕੀਰਤਨ ਦਾ ਅਨੰਦ ਤੇ ਲਾਹਾ ਲੈਂਦੇ ਰਹੇ।

ਜਦ ਕਲਕੱਤੇ ਗਏ ਤਾਂ ਆਪ ਦੇ ਨਗਰ ਦੇ ਸ. ਪਾਲ ਸਿੰਘ ਜੀ ਮੋਟਰਾਂ ਵਾਲਿਆਂ ਨੇ ਇਤਨਾ ਪ੍ਰੇਮ ਕੀਤਾ ਕਿ ਭਾਈ ਸਾਹਿਬ ਨੂੰ ਸਟੇਸ਼ਨ ਤੋਂ ਲਿਆਉਣ ਵਾਸਤੇ ਆਪ ਨੇ



www.AKJ.Org

ਨਵੀਂ ਕਾਰ ਖਰੀਦੀ ਤੇ ਉਸ ਵਿੱਚ ਭਾਈ ਸਾਹਿਬ ਨੂੰ ਪ੍ਰੇਮ ਪੂਰਵਕ ਹਾਵੜਾ ਸਟੇਸ਼ਨ ਤੋਂ ਲੈ ਕੇ ਗਏ। ਆਪ ਘਰਾਂ ਵਿੱਚੋਂ ਭਾਈ ਸਾਹਿਬ ਦੇ ਭਤੀਜੇ ਤੇ ਗਵਾਂਢੀ ਸਨ।

ਗੁਰਬਾਣੀ ਦਾ ਕੀਰਤਨ ਆਪ ਦਾ ਜੀਵਨ ਆਧਾਰ ਤੇ ਆਹਾਰ ਸੀ। ਕਹਿੰਦੇ ਹੁੰਦੇ ਸਨ ਕਿ ਸਾਨੂੰ ਕੀਰਤਨ ਕਰਦਿਆਂ ਅਕੇਵਾਂ, ਥਕੇਵਾਂ ਤੇ ਕੋਈ ਤਕਲੀਫ ਨਹੀਂ ਹੁੰਦੀ। ਚਾਲੀ-ਚਾਲੀ ਘੰਟੇ ਤਕ ਲਗਾਤਾਰ ਕੀਤਰਨ ਸਮਾਗਮ ਵਿੱਚ ਬੈਠੇ। ਪਿਛਲੇ ਪੰਜ ਛੇ ਸਾਲ ਤੋਂ ਉਹਨਾਂ ਦੀਆਂ ਲੱਤਾਂ ਬਹੁਤ ਕਮਜ਼ੋਰ ਹੋ ਗਈਆਂ ਸਨ। ਦਸਦੇ ਸਨ ਕਿ ਅਸੀਂ ਕੁਮਾਰ ਹੱਟੀ ਬੈਠਕ ਬਹੁਤ ਸਾਧੀ, ਜਿਸ ਕਰਕੇ ਲੱਤਾਂ ਖੜ ਗਈਆਂ। ਉਹ ਨਾਮ ਬਾਣੀ ਦੇ ਅਭਿਆਸ ਤੇ ਕੀਰਤਨ ਵਿੱਚ ਆਪਦੇ ਸਰੀਰ ਦੀ ਪ੍ਰਵਾਹ ਨਹੀਂ ਕਰਦੇ ਸਨ। ਉਹਨਾਂ ਦਾ ਨਿਸ਼ਾਨਾ ਸਦਾ ਹੁੰਦਾ ਸੀ। ਕਿ "ਤਨੁ ਧਨੁ ਜਾਉ ਸੁ ਜਾਉ" ਅਰਥਾਤ ਸਰੀਰ ਮਾਲ ਬੇਸ਼ਕ ਜਾਏ ਪਰ ਨਾਮ ਸਿਮਰਨ ਦੀ ਲਿਵਤਾਰ ਨਾਂ ਤੁੱਟੇ।

ਅੰਦਾਜ਼ਾ ਹੈ ਕਿ ਆਪ ਨੇ ਪਿਛਲੇ ਸੱਠਾਂ ਸਾਲਾਂ ਵਿੱਚ ਡੇਢ ਹਜ਼ਾਰ ਤੋਂ ਉਪਰ ਅਖੰਡ ਪਾਠ ਕੀਤੇ ਹੋਣਗੇ। ਸੱਠਾਂ ਸਾਲਾਂ ਵਿਚੋਂ ਭੀ ਸਾਢੇ ਪੰਦਰਾਂ ਸਾਲ ਤਾਂ ਜੇਲ੍ਹ ਵਿੱਚ ਹੀ ਗੁਜ਼ਰ ਗਏ ਬਾਕੀ 45 ਸਾਲ ਹੀ ਬਣਦੇ ਹਨ।

ਨਾਮ ਬਾਣੀ ਦੇ ਅਭਿਆਸ ਤੇ ਗੁਰੂ ਦੀ ਕ੍ਰਿਪਾ ਦੇ ਤੁਫੈਲ ਆਪ ਦੇ ਬਚਨਾਂ ਵਿੱਚ ਖਾਸ ਅਸਰ ਸੀ। ਏਹੋ ਕਾਰਨ ਹੈ ਕਿ ਹਰ ਜੇਲ੍ਹ ਵਿੱਚ ਆਪ ਨੂੰ ਪ੍ਰੇਮੀ ਸਜਣ ਮਿਲਦੇ ਰਹੇ। ਰਾਜ ਮੰਦਰੀ ਜੇਲ੍ਹ ਵਿੱਚ ਸ੍ਰੀ ਸਖਰਮ ਤੇ ਕ੍ਰਿਸ਼ਨਾ ਮੂਰਤੀ ਨਾਮੇ ਦੋ ਸਜਣ ਆਪ ਦੇ ਖਾਸ ਪ੍ਰੇਮੀ ਸਨ। ਅਸੀਂ ਬਹੁਤ ਵਾਰ ਉਹਨਾਂ ਨੂੰ ਚਿੱਠੀਆਂ ਲਿਖੀਆਂ ਪਰ ਫੇਰ ਪਤਾ ਨਹੀਂ ਲਗਾ। ਉਹ ਟੈਨਾਲੀ ਜ਼ਿਲਾ ਗੰਤੂਰ ਮਦਰਾਸ ਇਲਾਕੇ ਦੇ ਰਹਿਣ ਵਾਲੇ ਸਨ। ਹਜ਼ਾਰੀ ਬਾਗ਼ ਜੇਲ੍ਹ ਵਿੱਚ ਦੋ ਸਿਪਾਹੀ ਰਾਧਾ ਸਿੰਘ ਤੇ ਕਲਪੂ ਸਿੰਘ ਰਾਜਪੂਤ ਆਪ ਦੇ ਪ੍ਰੇਮੀ ਬਣੇ। ਨਾਗਪੁਰ ਜੇਲ੍ਹ ਦੇ ਡਾਕਟਰ ਮਨਸੁਖ ਤਾਂ ਰਿਹਾਈ ਤੋਂ ਪਿਛੋਂ ਆਪ ਨੂੰ ਨਾਰੰਗਵਾਲ ਆ ਕੇ ਭੀ ਮਿਲੇ ਸਨ। ਏਸੇ ਡਾਕਟਰ ਮਨਸੁਖ ਦੀਆਂ ਲਿਆਂਦੀਆਂ, ਭਾਈ ਸਾਹਿਬ ਜੀ ਦੀਆਂ ਲਿੱਖੀਆਂ-ਚਿੱਠੀਆਂ ਫਰਵਰੀ 1923 ਦੇ ਦਿਨਾਂ ਵਿੱਚ ਭਾਈ ਸੁਰਜਣ ਸਿੰਘ ਗੁਜਰਵਾਲ ਲੈ ਕੇ ਆਏ ਸਨ। ਜਦ ਆਪ ਭੁੱਖ-ਹੜਤਾਲ ਦੇ ਸਮੇਂ ਸਿੰਘਾਂ ਦੇ ਭੇਜੇ ਹੋਏ ਭਾਈ ਸਾਹਿਬ ਦੀ ਖ਼ਬਰ ਲੈਣ ਵਾਸਤੇ ਨਾਗਪੁਰ ਗਏ ਸਨ।

ਆਪ ਦੇ ਪ੍ਰੇਮ ਦੇ ਅਸਰ ਦਾ ਸਿੱਕਾ, ਪੁਲਿਸ ਵਾਲਿਆਂ ਉਪਰ ਵੀ ਬੈਠਾ ਹੋਇਆ ਸੀ। 1937 ਵਿੱਚ ਅੰਮ੍ਰਿਤਸਰ ਗਿਆਨੀ ਪ੍ਰੈੱਸ ਵਿੱਚ ਸਾਨੂੰ ਸ. ਠਾਕਰ ਸਿੰਘ ਰੀਟਾਇਰਡ ਇਨਸਪੈਕਟਰ ਪੁਲਿਸ ਜ਼ਿਲ੍ਹਾ ਗੁਰਦਾਸਪੁਰ ਦੇ ਵਸਨੀਕ ਮਿਲੇ। ਉਹ ਗੁਰਮਤਿ ਦੀਆਂ ਪੁਸਤਕਾਂ ਬਾਰੇ ਪੁੱਛ ਗਿੱਛ ਕਰ ਰਹੇ ਸਨ। ਭਾਈ ਸਾਹਿਬ ਦੀਆਂ ਪੁਸਤਕਾਂ ਦਾ ਜਦੋਂ ਜ਼ਿਕਰ ਆਇਆ ਤਾਂ ਉਹਨਾਂ ਕਿਹਾ ਕਿ "ਜਦੋਂ ਉਹ ਗ੍ਰਿਫਤਾਰ ਹੋਏ ਸਨ ਤਦ ਮੈਂ ਲੁਧਿਆਣੇ ਲੱਗਾ ਹੋਇਆ ਸੀ। ਉਹਨਾਂ ਉਸ ਵੇਲੇ ਜੋ ਕੁਝ ਕੀਤਾ, ਚੰਗਾ ਕੀਤਾ, ਤੇ ਜੋ ਕੁਝ ਹੁਣ ਕਰ ਰਹੇ ਹਨ, ਉਹ ਭੀ ਚੰਗਾ ਹੈ, ਪਰ ਉਹਨਾਂ ਪਾਸੋਂ ਜੇ ਲੈਣਾ ਹੋਵੇ ਤਾਂ ਪ੍ਰੇਮ ਲਵੋ।"

ਆਪ ਦਾ ਜੀਵਨ 'ਪ੍ਰਵਾਣ ਗ੍ਰਿਸਤ ਉਦਾਸ' ਵਾਲਾ ਜੀਵਨ ਸੀ। ਘਰ ਬਾਰੀ ਹੋ ਕੇ ਫ਼ਕੀਰੀ ਜੀਵਨ ਬਤੀਤ ਕੀਤਾ। ਕੋਈ ਸੰਸਥਾ ਨਹੀਂ ਬਣਾਈ। ਆਪ ਦੀ ਜਾਤ ਖ਼ੁਦ



www.AKJ.Org

ਹੀ ਇਕ ਸੰਸਥਾ ਸਨ। ਆਪਣਾ ਕੋਈ ਆਸ਼ਰਮ ਨਹੀਂ ਬਣਾਇਆ। ਸਾਧਾਂ ਸੰਤਾਂ ਵਾਂਗ ਕੋਈ ਅਡੰਬਰ ਨਹੀਂ ਕੀਤਾ। ਉਹ ਪੈਰਾਂ ਨੂੰ ਹੱਥ ਲਾਉਣ ਵਾਲਿਆਂ ਨੂੰ ਸਦਾ ਵਰਜਦੇ ਰਹਿੰਦੇ ਸਨ। ਪਿਛਲੀ ਉਮਰ ਵਿੱਚ ਗੋਡੇ ਦੁਖਣ ਲੱਗ ਗਏ ਸਨ। ਜਦ ਆਪ ਦੇ ਕੋਈ ਪੈਰਾਂ ਨੂੰ ਹੱਥ ਲਾਉਣ ਲਈ ਅੱਗੇ ਵੱਧਦਾ, ਤਦ ਕਿਹਾ ਕਰਦੇ ਸਨ ਕਿ ਇਹ ਤੁਹਾਡੇ ਵਰਗਿਆਂ ਦੀ ਕ੍ਰਿਪਾ ਨਾਲ ਗੋਡੇ ਦੁਖਦੇ ਹਨ। ਆਪਣੇ ਜੱਥੇ ਦੇ ਹੋਰ ਸਭਾ ਸੁਸਾਇਟੀਆਂ ਵਾਂਗ ਆਹੁਦੇਦਾਰ ਤੇ ਮੈਂਬਰ ਨਹੀਂ ਥਾਪੇ ਸਨ। ਜੋ ਪ੍ਰੇਮੀ ਆਉਂਦਾ, ਉਹੋ ਉਹਨਾਂ ਦਾ ਸਾਥੀ ਬਣ ਜਾਂਦਾ। ਜੱਥੇ ਦਾ ਨਾਮ ਵੀ ਕੋਈ ਖ਼ਾਸ ਨਹੀਂ ਰਖਿਆ ਸੀ। ਗੁਰਬਾਣੀ ਦੇ ਨਿਸ਼ਕਾਮ ਨਿਰਬਾਣ ਰਹਿ ਕੇ ਅਖੰਡ ਕੀਰਤਨ ਕਰਨ ਦੇ ਕਾਰਨ ਜਥੇ ਦਾ ਨਾਮ "ਨਿਰਬਾਣ ਕੀਰਤਨੀ ਜੱਥਾ" ਪੈ ਗਿਆ ਸੀ। ਉਹਨਾਂ ਦੀ ਆਪਣੀ ਅਵਸਥਾ ਜਰੀ ਹੋਈ ਅਵਸਥਾ ਸੀ। ਉਪਰੋਂ ਦੇਖਣ ਨੂੰ ਭਾਵੇਂ ਜੋਸ਼ੀਲੇ ਨਜ਼ਰ ਆਉਂਦੇ ਸਨ। '**ਦੀਸਿ ਆਵਤ ਹੈ ਬਹੁਤੁ ਭੀਹਾਲਾ॥ ਸਗਲ ਚਰਨ ਕੀ ਇਹੁ ਮਨੁ ਰਾਲਾ॥** (ਆਸਾ ਮਹਲਾ ੫, ਅੰਗ ੩੮੪)" ਅਨੁਸਾਰ ਮਨ ਦੀ ਬਿਰਤੀ ਸੀ। ਅੰਦਰੋਂ ਬੜੇ ਨਰਮ ਸਨ। ਜਿਨ੍ਹਾਂ-ਜਿਨ੍ਹਾਂ ਸਜਣਾਂ ਉਪਰ ਕਦੇ ਆਤਮ ਰੰਗਾਂ ਵਾਲੀ ਹਾਲਤ ਵਰਤੀ ਤੇ ਜਿਨ੍ਹਾਂ-ਜਿਨ੍ਹਾਂ ਨੇ ਆਪ ਦੀ ਸਮੇਂ-ਸਮੇਂ ਸਿਰ ਸੇਵਾ ਸਹਾਇਤਾ ਕੀਤੀ, ਉਹਨਾਂ ਨੂੰ ਸਦਾ ਯਾਦ ਰੱਖਦੇ ਸਨ ਤੇ ਉਹ ਆਪਣੇ ਸੁਹਿਰਦ ਸਜਣਾਂ ਦੇ ਅੰਗ ਪਾਲਦੇ ਸਨ। ਉਨ੍ਹਾਂ ਦਾ ਦੁਨੀਆ ਸੰਬੰਧੀ ਵੱਡਾ ਅਸੂਲ ਇਹੋ ਸੀ '**ਲੋਗਨ ਸਿਉ ਮੇਰਾ ਠਾਠਾ ਬਾਗਾ॥ ਸਾਚਿ ਨਾਮਿ ਮੇਰਾ ਮਨੁ ਲਾਗਾ॥**

*(ਆਸਾ ਮਹਲਾ ੫, ਅੰਗ ੩੮੪)*

ਉਹਨਾਂ ਆਪ ਨਾਮ ਦੀ ਕਮਾਈ ਕੀਤੀ, ਲੋਕਾਂ ਵਿੱਚ ਨਾਮ ਬਾਣੀ ਦਾ ਪ੍ਰਚਾਰ ਕਰਕੇ ਸੈਂਕੜਿਆਂ ਨੂੰ ਅੰਮ੍ਰਿਤ ਛਕਾਇਆ।

**"ਆਪਿ ਜਪੈ ਅਵਰਹ ਨਾਮੁ ਜਪਾਵੈ"**

*(ਗਉੜੀ ਕੀ ਵਾਰ ਮਹਲਾ ੫, ਅੰਗ ੩੦੫)*

ਗੁਰਵਾਕ ਦੀ ਅਮਲੀ ਵਰਤੋਂ ਕੀਤੀ।

ਉਹ ਲੋਕ ਲਾਜ, ਲਾਲਚ ਤੇ ਡਰ ਤੋਂ ਰਹਿਤ ਸਨ। ਉਹਨਾਂ ਨੂੰ ਵਾਇਦਾ ਮਾਫ਼ ਬਣਾਉਣ ਲਈ, 'ਵਾਇਸਰਾਏ ਦੇ ਦਰਬਾਰ ਦੀ ਕੁਰਸੀ ਨਸ਼ੀਨੀ ਤੇ ਆਨਰੇਰੀ ਮੈਜਿਸਟਰੇਟ ਬਣਾਉਣ ਦੇ ਲਾਲਚ ਦਿੱਤੇ ਗਏ ਪਰ ਆਪ ਨੇ ਓਦੋਂ ਇਹ ਉੱਤਰ ਦਿੱਤਾ ਸੀ—

**"ਜਿਨਿ ਸਰਧਾ ਰਾਮ ਨਾਮਿ ਲਗੀ ਤਿਨੁ ਦੂਜੈ ਚਿਤੁ ਨਾ ਲਾਇਆ ਰਾਮ।**
**ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ॥**

*(ਆਸਾ ਮਹਲਾ ੪, ਅੰਗ ੪੪੪)*

ਨਿਰਭੈ ਐਸੇ ਸਨ ਕਿ 1916 ਵਿੱਚ ਜਦੋਂ ਮੁਕੱਦਮੇ ਵਿੱਚ ਮੁਲਜ਼ਮਾਂ ਦੇ ਬਿਆਨ ਦੇਣ ਦਾ ਵੇਲਾ ਆਇਆ ਤਾਂ ਸਾਰੇ ਸਿੰਘਾਂ ਵਿਚੋਂ ਖਾਸ-ਖਾਸ ਮੁਖੀਆਂ ਨੇ ਕਚਹਿਰੀ ਵਿਚ ਮੁਲਜ਼ਮਾਂ ਦੇ ਕਟਹਿਰੇ ਵਿੱਚ ਇਕੱਠ ਕਰਕੇ ਵਿਚਾਰਿਆ ਕਿ ਹੁਣ ਬਿਆਨ ਕਿਸ ਤਰ੍ਹਾਂ ਦੇਣੇ ਚਾਹੀਦੇ ਹਨ। ਤਦ ਭਾਈ ਸਾਹਿਬ ਨੇ ਕਿਹਾ ਕਿ "ਅਸੀਂ ਬਿਆਨ ਕਰ ਦਿਆਂਗੇ ਕਿ ਮੈਂ ਫਿਰੋਜ਼ਪੁਰ ਗਿਆ ਸੀ ਪਰ ਭਾਈ ਉਤਮ ਸਿੰਘ, ਰੰਗਾ ਸਿੰਘ, ਬੀਰ ਸਿੰਘ, ਭਾਈ ਹੀਰਾ ਸਿੰਘ ਤੇ ਹੋਰ ਸਭ ਸਜਣਾਂ ਕਿਹਾ ਕਿ "ਸਜ਼ਾਵਾਂ ਤਾਂ ਹੋਣੀਆਂ ਹਨ



www.AKJ.Org

ਪਰ ਆਪਣੇ ਮੂੰਹੋਂ ਸਭ ਦੀ ਸੰਮਤੀ ਨਾਲ ਮੁਕੱਦਮੇ ਵਿੱਚ ਸਫ਼ਾਈ ਪੇਸ਼ ਕਰਨ ਦਾ ਤੇ ਆਪਦੇ ਮੂੰਹੋਂ ਕੁਝ ਨਾ ਮੰਨਣ ਦਾ ਫੈਸਲਾ ਹੋਇਆ। ਜਿਸ ਪਰ ਭਾਈ ਸਾਹਿਬ ਤੇ ਹੋਰ ਸਭਨਾਂ ਨੇ ਵਰਤੋਂ ਕੀਤੀ।

1947 ਵਿੱਚ ਜਦੋਂ ਪਾਕਿਸਤਾਨੀ ਘੱਲੂਘਾਰਾ ਵਰਤ ਰਿਹਾ ਸੀ ਤੇ 13 ਅਪ੍ਰੈਲ 1948 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਸ਼ਹੀਦੀ ਦਲ ਕਾਇਮ ਹੋਇਆ। ਓਦੋਂ ਆਪ ਨੇ ਦਮਦਮੇ ਸਾਹਿਬ ਵੈਸਾਖੀ ਦੇ ਸਮੇਂ ਦੀਵਾਨ ਵਿੱਚ ਐਲਾਨ ਕੀਤਾ ਸੀ ਕਿ ਪੰਥ ਫੈਸਲਾ ਕਰੇ, ਤਦ ਅਸੀਂ ਪਹਿਲੇ ਜਥੇ ਵਿੱਚ ਪਾਕਿਸਤਾਨ ਵੱਲ ਚਾਲੇ ਪਾਵਾਂਗੇ ਤੇ ਪੰਜੇ ਸਾਹਿਬ ਤੋਂ ਉਰੇ ਨਹੀਂ ਅਟਕਣਾ। ਫੇਰ ਜਦੋਂ ਕੁਮਾਰ ਹੱਟੀ ਮਹਾਰਾਜਾ ਯਾਦਵਿੰਦਰ ਸਿੰਘ ਆਪ ਨੂੰ ਮਿਲੇ ਤੇ ਪੰਥ ਤੇ ਦੇਸ਼ ਦੀ ਹਾਲਤ ਪਰ ਵਿਚਾਰ ਹੋਈ, ਉਸ ਵੇਲੇ ਆਪ ਨੇ ਮਹਾਰਾਜਾ ਸਾਹਿਬ ਨੂੰ ਕਿਹਾ ਸੀ ਕਿ ਤੁਹਾਡੇ ਪਾਸ ਫੌਜ ਖਜ਼ਾਨਾ ਆਦਿ ਨਹੀਂ ਰਹਿਣੇ। ਹੁਣ ਸਮਾਂ ਹੈ ਤੁਸੀਂ ਹਥਿਆਰਾਂ ਦਾ ਪ੍ਰਬੰਧ ਕਰੋ, ਜਥੇ ਅਸੀਂ ਲਿਆਵਾਂਗੇ ਤੇ ਪੰਜਾ ਸਾਹਿਬ ਤੋਂ ਉਰੇ ਨਹੀਂ ਠਹਿਰਨਾ। ਮਹਾਰਾਜਾ ਸਾਹਿਬ ਨੇ ਕਿਹਾ ਕਿ ਮੈਂ ਸਰਦਾਰ ਪਟੇਲ ਨਾਲ ਸਲਾਹ ਕਰਾਂਗਾ।

ਫੇਰ ਉਹਨਾਂ ਪੰਥ ਦੇ ਲੀਡਰਾਂ ਤੇ ਸਿੱਖ ਰਾਜਿਆਂ ਮਹਾਰਾਜਿਆਂ ਨੂੰ ਬੜੇ ਬੀਰ ਰਸੀ ਸ਼ਬਦਾਂ ਵਿੱਚ ਕਿਹਾ ਸੀ ਕਿ ਖਾਲਸੇ ਨੂੰ ਨਿਆਰਾ ਰਹਿਣਾ ਚਾਹੀਦਾ ਹੈ। ਆਪ ਪੰਥ ਦੀ ਵੱਖਰੀ ਹਸਤੀ ਤੇ ਜਥੇਬੰਦੀ ਦੀ ਚੜ੍ਹਦੀ ਕਲਾ ਦੇ ਹਾਮੀ ਸਨ। 20ਵੀਂ ਸਦੀ ਦੇ ਸਿੰਘਾਂ ਵਿਚੋਂ ਗੁਰਮਤਿ ਦੇ ਅਸੂਲ ਤੇ ਪੰਥਕ ਲਾਭ ਤੇ ਗੁਰਦੁਆਰਿਆਂ ਦੇ ਸਵਾਲ ਸੰਬੰਧੀ ਬੀਰ ਰਸ ਵਾਲੀ ਤੇ ਕੜਾਕੇਦਾਰ ਬਚਨ ਬਿਲਾਸਾਂ ਵਾਲੀ, ਆਪ ਦੀ ਗਰਜ ਵਿੱਚ, ਬਾਬਾ ਫੂਲਾ ਸਿੰਘ ਜੀ ਦੀ ਸਪਿਰਿਟ ਦੀ ਝਲਕ ਨਜ਼ਰ ਆਉਂਦੀ ਸੀ। ਆਪ ਖ਼ਾਲਸਈ ਬਾਣੇ ਵਾਲੇ ਤਿਆਰ-ਬਰ-ਤਿਆਰ ਅਕਾਲੀ ਸਿੰਘ ਸਨ। ਆਪ ਨੇ ਸਿੱਖੀ ਅਸੂਲਾਂ ਤੇ ਖਾਲਸਾਈ ਰਹਿਤ ਬਹਿਤ ਨੂੰ ਜੇਲ੍ਹਾਂ ਦੇ ਕਸ਼ਟਾਂ ਸਮੇਂ ਵੀ ਪੂਰੇ ਤੌਰ ਤੇ ਨਿਭਾਇਆ। ਆਪ ਹਠੀ, ਜਪੀ ਤਪੀ ਸਨ। ਜਿਹੜੀ ਗੱਲ ਉਹਨਾਂ ਨੂੰ ਦ੍ਰਿੜ੍ਹ ਹੋ ਜਾਏ ਕਿ ਏਹ ਗੁਰਮਤਿ ਅਸੂਲ ਹੈ, ਉਸ ਪਰ ਸਿਰ ਧੜ ਦਾ ਦਾਈਆ ਲਾ ਕੇ ਪੂਰੀ ਤਰ੍ਹਾਂ ਪਹਿਰਾ ਦਿੰਦੇ ਸਨ। ਇਨ੍ਹਾਂ ਗੱਲਾਂ ਤੋਂ ਸਿੱਧ ਹੈ ਕਿ ਆਪ ਦਾਨੀ, ਭਗਤ ਤੇ ਸੂਰਮੇ ਸਨ। ਆਪ ਨੇ ਆਪਣੀ ਨਾਮ ਬਾਣੀ ਦੀ ਕਮਾਈ ਤੇ ਕੀਰਤਨ ਰਾਹੀਂ ਇਹ ਗੱਲ ਪ੍ਰਗਟ ਕਰ ਦਿੱਤੀ ਕਿ ਗੁਰਮਤਿ ਨਾਮ ਤੇ ਕ੍ਰਿਤਮ ਨਾਮ ਵਿੱਚ ਫਰਕ ਹੈ, ਇਹਨਾਂ ਦੀ ਕਮਾਈ ਤੇ ਰਸਾਈ ਵਿਚ ਵੀ ਫਰਕ ਹੈ। ਜੋਗੀਆਂ ਦੇ ਤੇ ਸਿੱਖਾਂ ਦੇ ਦਸਮ ਦੁਆਰਾ ਵਿੱਚ ਵੀ ਫਰਕ ਹੈ। ਗੁਰਬਾਣੀ ਕਲਿਜੁੱਗੀ ਜੀਵਾਂ ਦੇ ਉਧਾਰ ਲਈ ਹੈ। ਗੁਰਬਾਣੀ ਨਿਰੀ ਕਵਿਤਾ ਤੇ ਰਾਗ ਮਈ ਗੀਤ ਨਹੀਂ। ਇਹ ਤਾਂ ਬ੍ਰਹਮ ਵੀਚਾਰ ਹੈ ਤੇ ਕਲਿਆਣਕਾਰੀ ਹੈ।

**"ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥੧॥"**

*(ਸ੍ਰੀ ਰਾਗੁ ਮਹਲਾ ੩, ਅੰਗ ੬੭)*

ਉਹਨਾਂ ਗੁਰਬਾਣੀ ਨੂੰ ਮੁੱਖ ਰਖ ਕੇ ਅੱਖ਼ਰ-ਅੱਖ਼ਰ ਨੂੰ ਕਮਾਈ ਵਿੱਚ ਲਿਆਂਦਾ। ਉਹਨਾਂ ਦੀ ਅਸਲ ਆਤਮਿਕ ਅਵਸਥਾ, ਉਨ੍ਹਾਂ ਦੀਆਂ ਰਚੀਆਂ ਪੁਸਤਕਾਂ ਤੋਂ ਜ਼ਾਹਰ ਹੁੰਦੀ ਹੈ। ਆਪ ਇਕ ਜੀਨੀਅਸ ਤੇ ਗੁਰੂ ਘਰੋਂ ਵਰੋਸਾਏ ਹੋਏ ਸਨ।

ਭਾਈ ਗੁਰਦਾਸ ਜੀ ਦਾ ਵਾਕ ਹੈ—



www.AKJ.Org

**'ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥**

*(ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੧੪)*

ਗੁਰੂ ਕਰਤਾਰ ਨੇ ਉਹਨਾਂ ਲਈ, ਗੁਰੂ ਘਰ ਦੀ ਸੇਵਾ ਲਈ ਜੋ ਸਮਾਂ ਨੀਯਤ ਕੀਤਾ ਸੀ, ਉਤਨੀ ਅਵਸਥਾ ਉਹ ਘੱਲੇ ਹੋਏ ਸੰਸਾਰ ਵਿੱਚ ਰਹੇ ਤੇ ਧੁਰ ਦਰਗਾਹੀ ਸੱਦਾ ਆਉਣ ਤੇ ਆਪ ਦੀ ਆਯੂ ਦੇ 82 ਬਰਸ 9 ਮਹੀਨੇ 9 ਦਿਨ ਪੂਰੇ ਕਰ ਕੇ ਇਸ ਸੰਸਾਰ ਨੂੰ ਤਿਆਗ ਕੇ ਗੁਰਪੁਰੀ ਜਾ ਬਿਰਾਜੇ। ਤੇ **'ਆਵਣ ਜਾਣੁ ਰਹਿਓ॥'** (ਮਾਰੂ ਮਹਲਾ ੫, ਅੰਗ ੧੦੦੨) ਵਾਲੇ ਮਾਨ-ਮਰਤਬੇ ਨੂੰ ਜਾ ਪੁਜੇ। ਪਿੱਛੇ ਆਪਣੇ ਸਿੱਖੀ ਸਿਦਕ ਦੀ ਘਾਲਣਾ ਦੇ ਪੂਰਨੇ, ਆਪ ਦੀਆਂ ਪੁਸਤਕਾਂ ਤੇ ਆਪਣੇ ਪ੍ਰੇਮ ਦੀਆਂ ਅਭੁੱਲ ਯਾਦਾਂ ਛੱਡ ਗਏ ਤੇ ਪ੍ਰੇਮੀਆਂ ਨੂੰ ਇਸ਼ਾਰਾ ਦੇ ਗਏ ਕਿ ਓੜਕ **"ਸਭਨਾ ਏਹੁ ਪਇਆਣਾ॥"** (ਰਾਗੁ ਵਡਹੰਸ ਮਹਲਾ ੧, ਅੰਗ ੫੭੯) ਏਹ ਹੈ ਆਪ ਦੇ ਜੀਵਨ ਦੀ ਸੰਖੇਪ ਵਿਥਿਆ।

*(ਹਫਤੇ ਵਾਰ ਪੰਜਾਬੀ ਰਤਨ ਲੁਧਿਆਣਾ*
*ਮਿਤੀ ੨੪ ਅਗਸਤ ੧੯੬੧ ਵਿੱਚੋਂ ਧੰਨਵਾਦ ਸਹਿਤ)*

***



www.AKJ.Org

# ਜੇਹਾ ਡਿਠਾ ਮੈ ਤੇਹੋ ਕਹਿਆ

## (ਇਕ ਬਚਿੱਤ੍ਰ ਜੀਵਨ)

**ਗਿ. ਨਾਹਰ ਸਿੰਘ ਗੁਜਰਵਾਲ,**
ਜ਼ਿਲ੍ਹਾ ਲੁਧਿਆਣਾ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਦਾ ਬਹੁਤ ਵੱਡਾ ਹਿੱਸਾ ਜੇਲ੍ਹ ਚਿੱਠੀਆਂ ਤੇ ਰੰਗਲੇ ਸੱਜਣ ਪੁਸਤਕਾਂ ਵਿਚ ਆ ਚੁੱਕਾ ਹੈ। ਏਥੇ ਕੇਵਲ ਉਹੋ ਵਾਕਿਆਤ ਦਰਜ ਕੀਤੇ ਜਾਂਦੇ ਹਨ ਜੋ ਖ਼ਾਸ ਤੌਰ ਪਰ ਗੁਪਤ ਹੀ ਰਹੇ ਤੇ ਜੋ ਬੜੇ ਅਸਚਰਜ ਤੇ ਆਤਮਕ ਰੰਗਾਂ ਤੇ ਰਮਜ਼ਾਂ ਨਾਲ ਸਬੰਧ ਰਖਦੇ ਹਨ। ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਇਕ ਪਵਿੱਤਰ ਤੇ ਬਚਿਤ੍ਰ ਜੀਵਨ ਦੇ ਮਾਲਕ ਤੇ ਗੁਰੂ ਅਕਾਲ ਪੁਰਖ ਤੋਂ ਵਰੋਸਾਈ ਹੋਈ ਜੀਨੀਅਸ ਹਸਤੀ ਸਨ। ਅਸੀਂ ਜੋ ਕੁਝ ਅੱਖੀਂ ਡਿੱਠਾ ਤੇ ਉਨ੍ਹਾਂ ਤੋਂ ਸੁਣਿਆ ਉਹੋ ਕੁਝ ਲਿਖਿਆ ਹੈ, ਕੋਈ ਘਾੜਤ ਨਹੀਂ ਘੜੀ :–

### ਸਰਬਲੋਹ ਧਾਰਨ ਕਿਉਂ ਕੀਤਾ ?

ਆਪ ਨੇ 14 ਜੂਨ 1903 ਨੂੰ ਬਕਾਪੁਰ ਦੇ ਦੀਵਾਨ ਵਿਚ ਅੰਮ੍ਰਿਤ ਛਕਿਆ। ਆਪ ਨੇ ਉਸੇ ਵੇਲੇ ਤੋਂ ਗੁਰਮਤਿ ਰਹਿਤ ਰਹਿਣੀ ਬਿਬੇਕ ਵਾਲੀ ਧਾਰਨ ਕਰ ਲਈ ਸੀ ਪਰ ਸਰਬਲੋਹ ਦੇ ਬਰਤਨਾਂ ਤੋਂ ਬਿਨਾਂ ਹੋਰ ਭਾਂਡਿਆਂ ਨੂੰ ਵਰਤਣਾ ਨਹੀਂ ਤਿਆਗਿਆ ਸੀ। ਲਗਪਗ ਏਹ 1904 ਦਾ ਜ਼ਿਕਰ ਹੈ ਕਿ ਆਪ ਇਕ ਦਿਨ ਗੁਰਦੁਆਰਾ ਸਿੰਘ ਸਭਾ ਗੁਜਰਵਾਲ ਵਿਚ ਆਏ। ਉਸ ਵੇਲੇ ਸਿੰਘ ਸਭਾ ਵਾਲੇ ਹੇਠ ਲਿਖੇ ਸਜਣ ਉਥੇ ਬੈਠੇ ਸਨ—ਡਾਕਟਰ ਨੱਥਾ ਸਿੰਘ ਪ੍ਰਧਾਨ ਸਿੰਘ ਸਭਾ, ਸ. ਪ੍ਰਦੁਮਣ ਸਿੰਘ ਨੰਬਰਦਾਰ ਸਕੱਤਰ ਸਿੰਘ ਸਭਾ, ਭਾਈ ਗੁਲਾਬ ਸਿੰਘ ਆਹਲੂਵਾਲੀਏ, ਬਾਬਾ ਕ੍ਰਿਪਾਲ ਸਿੰਘ, ਪ੍ਰੋਫੈਸਰ ਹਰਦਿਤ ਸਿੰਘ ਦੇ ਪਿਤਾ ਭਾਈ ਇੰਦਰ ਸਿੰਘ ਦੂਜਾ ਨਾਮ ਰਣਜੋਧ ਸਿੰਘ ਪੱਤੀ ਅਰਜੋ ਅਤੇ ਡਾਕਟਰ ਸਰਦਾਰਾ ਸਿੰਘ ਮੀਤ ਪ੍ਰਧਾਨ ਸਿੰਘ ਸਭਾ। ਭਾਈ ਸਾਹਿਬ ਨੇ ਕਿਹਾ ਕਿ 'ਅਸੀਂ ਜਲ ਛੱਕਣਾ ਹੈ'। ਤਦ ਭਾਈ ਗੁਲਾਬ ਸਿੰਘ ਬੋਲੇ, 'ਡੋਲ ਤਾਂ ਹੈ ਨਹੀਂ, ਬੋਕਾ ਹੈ ਜੇ ਕਹੋ ਤਾਂ ਬੋਕੇ ਦਾ ਜਲ ਛਕਾ ਦਿੰਦੇ ਹਾਂ। ਭਾਈ ਸਾਹਿਬ ਨੇ ਕਿਹਾ 'ਕੀ ਪਤਾ ਹੈ ਕਿ ਬੋਕਾ ਹਲਾਲ ਦਾ ਹੈ ਯਾ ਝਟਕੇ ਦਾ।' ਭਾਈ ਗੁਲਾਬ ਸਿੰਘ ਨੇ ਕਿਹਾ, 'ਏਹ ਤਾਂ ਪਤਾ ਨਹੀਂ।'

ਇਸ ਪਰ ਏਹ ਵਿਚਾਰ ਛਿੜ ਪਈ ਕਿ ਬੋਕੇ ਦਾ ਜਲ ਛਕਣਾ ਚਾਹੀਦਾ ਹੈ ਜਾਂ ਨਹੀਂ। ਓੜਕ ਏਹ ਫੈਸਲਾ ਹੋਇਆ ਕਿ ਕਲ ਲੁਧਿਆਣੇ ਸੰਗਤ ਦਾ ਇਕੱਠ ਕਰਕੇ ਏਸ ਸਵਾਲ ਦਾ ਨਿਬੇੜਾ ਕੀਤਾ ਜਾਏ। ਭਾਈ ਸਾਹਿਬ ਨੇ ਕਿਹਾ ਕਿ ਅਸੀਂ ਜਲ ਵੀ ਏਸ



www.AKJ.Org

ਸਵਾਲ ਦਾ ਫੈਸਲਾ ਹੋਣ ਪਰ ਹੀ ਛਕਾਂਗੇ ਤੇ ਆਪ ਆਪਣੇ ਨਗਰ ਨਾਰੰਗਵਾਲ ਨੂੰ ਚਲੇ ਗਏ। ਦੂਜੀ ਸਵੇਰ, ਡਾਕਟਰ ਨੱਥਾ ਸਿੰਘ ਜੀ, ਹੋਰ ਸਜਣਾਂ ਸਮੇਤ ਕਿਲ੍ਹਾ ਰਾਇਪੁਰ ਸਟੇਸ਼ਨ ਪਰ ਜਾ ਪਹੁੰਚੇ। ਓਧਰੋਂ ਭਾਈ ਸਾਹਿਬ ਵੀ ਨਾਰੰਗਵਾਲ ਤੋਂ ਹੋਰ ਸਾਥੀਆਂ ਸਮੇਤ ਸਟੇਸ਼ਨ ਪਰ ਪਹੁੰਚੇ। ਅਗੇ ਕੀ ਦੇਖਦੇ ਹਨ ਕਿ ਮੁਸਾਫਰਖਾਨੇ ਦੀਆਂ ਪਉੜੀਆਂ ਪਰ ਡਾਕਟਰ ਨੱਥਾ ਸਿੰਘ ਸਰਬਲੋਹ ਦਾ ਗੜਵਾ ਲਈ ਖੜੋਤੇ ਹਨ। ਭਾਈ ਸਾਹਿਬ ਨੂੰ ਆਉਂਦਿਆਂ ਨੂੰ ਦੇਖ ਕੇ ਡਾਕਟਰ ਸਾਹਿਬ ਨੇ ਕਿਹਾ 'ਲਓ ਭਾਈ ਸਾਹਿਬ! ਆਪ ਨੇ ਜਲ ਨਹੀਂ ਛਕਿਆ, ਏਹ ਸਰਬਲੋਹ ਦਾ ਜਲ ਛਕੋ' ਭਾਈ ਸਾਹਿਬ ਨੇ ਜਲ ਛਕ ਲਿਆ। ਜਦ ਅੱਗੇ ਟਿਕਟ ਲੈਣ ਵਾਸਤੇ ਟਿਕਟਾਂ ਵਾਲੀ ਬਾਰੀ ਵਲ ਨੂੰ ਗਏ ਤਾਂ ਪਲੇਟ ਫਾਰਮ ਵਲੋਂ ਡਾਕਟਰ ਨੱਥਾ ਸਿੰਘ ਹੋਰਾਂ ਨੇ ਆਵਾਜ਼ ਮਾਰੀ 'ਭਾਈ ਸਾਹਿਬ, ਟਿਕਟ ਨ ਲਵੋ, ਅਸੀਂ ਤੁਹਾਡਾ ਟਿਕਟ ਲੈ ਲਿਆ ਹੈ।" ਭਾਈ ਸਾਹਿਬ ਨੇ ਡਾਕਟਰ ਸਾਹਿਬ ਦੇ ਪਾਸ ਜਾ ਕੇ ਪੁੱਛਿਆ, 'ਤੁਸੀਂ ਟਿਕਟ ਕਦੋਂ ਲੈ ਲਿਆ, ਆਪ ਤਾਂ ਮੈਨੂੰ ਹੁਣੇ ਸਰਬ ਲੋਹ ਦੇ ਗੜਵੇ ਵਿਚੋਂ ਜਲ ਛਕਾ ਕੇ ਆਏ ਹੋ।' ਤਦ ਡਾਕਟਰ ਸਾਹਿਬ ਨੇ ਕਿਹਾ 'ਅਸੀਂ ਤੁਹਾਨੂੰ ਜਲ ਨਹੀਂ ਛਕਾਇਆ।' ਏਸ ਪਰ ਭਾਈ ਸਾਹਿਬ ਨੇ ਕਿਹਾ ਕਿ ਸਾਡਾ ਸਵਾਲ ਤਾਂ ਹੱਲ ਹੋ ਗਿਆ। ਅੱਗੇ ਪਤਾ ਨਹੀਂ ਕਿ ਲੁਧਿਆਣੇ ਕੀ ਹੋਇਆ, ਪਰ ਭਾਈ ਸਾਹਿਬ ਨੇ ਓਦੋਂ ਤੋਂ ਸਰਬਲੋਹ ਧਾਰਨ ਕਰ ਲਿਆ ਤੇ ਸਾਰੀ ਉਮਰ ਨਿਭਾਇਆ।

1907 ਵਿਚ ਆਪ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਹਾਰਮੋਨੀਅਮ ਵਾਜਾ ਸਿੱਖਿਆ ਤੇ ਸਭ ਤੋਂ ਪਹਿਲਾਂ ਸ਼ਬਦ ਜੋ ਆਪ ਨੇ ਵਾਜੇ ਤੇ ਕੱਢਿਆ ਉਹ ਸੀ "ਸੰਤਾ ਕੇ ਕਾਰਜਿ ਆਪ ਖਲੋਇਆ ਹਰਿ ਕੰਮ ਕਰਾਵਣਿ ਆਇਆ ਰਾਮ॥'

ਜਦ ਪੰਚ ਖ਼ਾਲਸਾ ਦੀਵਾਨ ਦੇ ਸਮਾਗਮ ਭਸੌੜ ਹੋਇਆ ਕਰਦੇ ਸਨ, ਉਸ ਵੇਲੇ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਸਤੂਆਣਾ ਵੀ ਉਥੇ ਆਇਆ ਕਰਦੇ ਸਨ। ਸੰਤਾਂ ਦਾ ਖਿਆਲ ਓਨੀਂ ਦਿਨੀਂ ਮਸਤੂਆਣੇ ਵਿਚ ਅਕਾਲ ਕਾਲਜ ਚਲਾਉਣ ਦਾ ਸੀ। ਆਪ ਨੇ ਬੜੀ ਭਾਰੀ ਬਿਲਡਿੰਗ ਵੀ ਤਿਆਰ ਕੀਤੀ ਤੇ ਉਨ੍ਹਾਂ ਨੇ ਕਾਲਜ ਦਾ ਕੰਮ ਸੰਤ ਤੇਜਾ ਸਿੰਘ ਜੀ ਡਬਲ ਐਮ.ਏ. ਮਸਤੂਆਣਾ ਦੇ ਸਪੁੱਰਦ ਕੀਤਾ ਸੀ, ਉਸ ਵੇਲੇ ਭਾਈ ਸਾਹਿਬ ਨੇ ਸੰਤਾਂ ਨੂੰ ਬੇਨਤੀ ਕੀਤੀ ਸੀ-ਆਪ ਕਿਸੇ ਇਤਿਹਾਸਿਕ ਗੁਰ ਅਸਥਾਨ ਤੇ ਸੇਵਾ ਕਰੋ। ਏਥੇ ਏਹ ਕਾਲਜ ਚਲਣਾ ਨਹੀਂ। ਸੰਤਾਂ ਨੇ ਕਿਹਾ 'ਭਾਈ ਪ੍ਰੇਮੀਆ ! ਇਉਂ-ਕਿਉਂ ਕਹਿੰਦਾ ਹੈਂ।' ਏਹ ਠੀਕ ਹੈ ਕਿ ਮਸਤੂਆਣੇ ਕਾਲਜ ਤਾਂ ਨਹੀਂ ਚਲਿਆ ਪਰ ਪਿਛੋਂ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਹੋਰਾਂ ਨੇ ਜੋ ਸੇਵਾ ਦਮਦਮੇ ਸਾਹਿਬ ਸਰੋਵਰ ਤੇ ਬੁੰਗਾ ਬਣਾ ਕੇ ਕੀਤੀ, ਉਹ ਸਫਲ ਹੈ।

## ਲੁਧਿਆਣੇ ਦੇ ਕੀਰਤਨ ਸਮਾਗਮ

ਪੰਚ ਖੰਡ ਜਾਣ ਕਰ ਕੇ ਭਾਈ ਸਾਹਿਬ ਦਾ ਮਾਲਵਾ ਖ਼ਾਲਸਾ ਸਕੂਲ ਲੁਧਿਆਣੇ ਦੇ ਹੈਡ ਮਾਸਟਰ ਸ. ਹਰਿਭਗਤ ਸਿੰਘ ਜੀ (ਓਦੋਂ ਸੈਕੰਡ ਮਾਸਟਰ ਸਨ) ਨਾਲ ਪ੍ਰੇਮ ਹੋ ਗਿਆ ਸੀ। ਨਵੰਬਰ 1908 ਦੇ ਅਖ਼ੀਰੀ ਦਿਨਾਂ ਦਾ ਜ਼ਿਕਰ ਹੈ ਕਿ ਭਾਈ ਸਾਹਿਬ ਸ਼ਾਮ ਨੂੰ ਸ. ਹਰਿਭਗਤ ਸਿੰਘ ਜੀ ਨੂੰ ਮਿਲਣ ਆਏ। ਉਸ ਵੇਲੇ ਬੰਨੇ ਦੇ ਹਾਤੇ ਖ਼ਾਲਸਾ ਸਕੂਲ



www.AKJ.Org

ਦੇ ਬੋਰਡਿੰਗ ਦੇ ਗੁਰਦੁਆਰੇ ਵਿਚ ਰਹਿਰਾਸ ਦਾ ਦੀਵਾਨ ਸਜਿਆ ਹੋਇਆ ਸੀ। ਭਾਈ ਸਾਹਿਬ ਨੂੰ ਕੀਰਤਨ ਕਰਨ ਲਈ ਬੇਨਤੀ ਕੀਤੀ ਗਈ। ਆਪ ਨੇ ਵਾਜੇ ਨਾਲ ਪਹਿਲਾ ਸ਼ਬਦ ਏਹ ਪੜ੍ਹਿਆ, "ਮੇਰਾ ਮਨ ਲੋਚੈ ਗੁਰ ਦਰਸਨ ਤਾਈ" ਧਾਰਨਾ ਏਹ ਸੀ "ਲੋਚੇ ਲੋਚੇ ਗੁਰ ਦਰਸਨ ਤਾਈ ਮੇਰਾ ਮਨ ਲੋਚੇ" ਕੀਰਤਨ ਕੀ ਹੋਇਆ, ਇਕ ਅਚੰਭਾ ਹੋ ਗਿਆ। ਉਸ ਦਿਨ ਤੋਂ 1914 ਤਕ ਭਾਈ ਸਾਹਿਬ ਹਰ ਬੁਧਵਾਰ ਭੁਜੰਗੀ ਸਭਾ ਦੇ ਦੀਵਾਨ ਵਿਚ ਕੀਰਤਨ ਕਰਦੇ ਸਨ। ਗੁਰੂ ਨਾਨਕ ਸਾਹਿਬ ਤੇ ਦਸਮ ਪਾਤਸ਼ਾਹ ਦੇ ਅਵਤਾਰ ਗੁਰਪੁਰਬ ਸਮੇਂ ਅਖੰਡ ਪਾਠ ਕਰਦੇ ਤੇ ਨਗਰ ਕੀਰਤਨ ਸਮੇਂ ਸ਼ਹਿਰ ਵਿਚ ਕੀਰਤਨ ਕਰਦੇ। ਕੀਰਤਨ ਐਸਾ ਮਨੋਹਰ ਹੁੰਦਾ ਸੀ ਕਿ ਸੁਣਨ ਵਾਲੇ ਹਿੰਦੂ ਮੁਸਲਮਾਨ ਵੀ ਮੋਮ ਹੋ ਜਾਂਦੇ ਸਨ। ਸਾਨੂੰ ਯਾਦ ਹੈ ਕਿ ਬਸਾਤੀ ਬਾਜ਼ਾਰ ਦੇ ਚੌੜੇ ਬਾਜ਼ਾਰ ਦੇ ਚੌਂਕ ਵਿਚ ਭਾਈ ਸਾਹਿਬ ਇਸ ਸ਼ਬਦ ਦਾ ਕੀਰਤਨ ਕਰ ਰਹੇ ਸਨ "ਅਤਿ ਪ੍ਰੀਤਮ ਮਨਮੋਹਨਾ ਘਟਿ ਸੋਹਨਾ ਪ੍ਰਾਨ ਆਧਾਰਾ ਰਾਮ॥ ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ॥" ਉਸ ਵੇਲੇ ਆਰੀਆ ਹਾਈ ਸਕੂਲ ਦੇ ਮਾਸਟਰ ਕਿਸ਼ਨ ਸਿੰਘ ਭੰਗੂ ਆਰੀਆ ਸਮਾਜੀ ਵੀ ਕਿਧਰੋਂ ਆ ਗਏ ਤੇ ਕੀਰਤਨ ਸੁਣ ਕੇ ਕਹਿਣ ਲੱਗੇ "ਪ੍ਰੇਮ ਵਾਕਈ ਸੱਚ ਹੈ" ਏਸ ਤਰ੍ਹਾਂ ਆਪ ਦੇ ਕੀਰਤਨ ਦਾ ਹਰ ਥਾਂ ਪ੍ਰਭਾਵ ਪੈਂਦਾ ਸੀ।

## ਦੇਗ ਵਿਚ ਕਲਾ

ਆਪ ਦਾ ਨਿਸ਼ਚਾ ਸੀ ਕਿ ਕੜਾਹ ਪ੍ਰਸ਼ਾਦ ਦੀ ਦੇਗ, ਜੇ ਮਰਯਾਦਾ ਅਨੁਸਾਰ ਤਿਆਰ ਕਰਕੇ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਤੇ ਕ੍ਰਿਪਾਨ ਭੇਟ ਕਰਕੇ, ਭਾਵੇਂ ਕਿਸੇ ਤਰ੍ਹਾਂ ਵਰਤਾਈ ਜਾਏ, ਉਹ ਥੁੜ ਨਹੀਂ ਸਕਦੀ। ਇਕ ਵਾਰ ਨਾਰੰਗਵਾਲ ਇਕ ਘਰ ਭੋਗ ਪਿਆ ਤੇ ਭਾਈ ਸਾਹਿਬ ਨੇ ਦੇਗ ਵਰਤਾਈ ਤੇ ਦੇਗ ਥੁੜ੍ਹ ਗਈ। ਇਸ ਪਰ ਆਪ ਨੇ ਕਿਹਾ ਕਿ ਕੋਈ ਕਸਰ ਹੈ। ਸੰਗਤ ਨੇ ਕਿਹਾ ਕਿ ਤੁਸੀਂ ਗਹਿਰਾ ਗੱਫਾ ਵਰਤਾਇਆ, ਏਸ ਲਈ ਦੇਗ ਥੁੜ ਗਈ। ਭਾਈ ਸਾਹਿਬ ਨੇ ਕਿਹਾ ਕਿ ਵਾਕ ਲਿਆ ਜਾਵੇ। ਜਦ ਵਾਕ ਲਿਆ ਤਾਂ ਵਾਕ ਆਇਆ 'ਚੋਰੁ ਕੀਆ ਚੰਗਾ ਕਿਉ ਹੋਇ॥ ਚੋਰ ਕੀ ਹਾਮਾ ਭਰੇ ਨਾ ਕੋਇ॥' ਭਾਈ ਸਾਹਿਬ ਨੇ ਕਿਹਾ ਚੋਰ ਕੋਈ ਹੈ। ਇਸ ਪਰ ਦੇਗ ਕਰਨ ਵਾਲੇ ਭਾਈ ਚੰਦਾ ਸਿੰਘ ਨੂੰ ਬੁਲਾਇਆ ਗਿਆ। ਉਸ ਨੇ ਦਸਿਆ ਕਿ ਪਹਿਲਾਂ ਤਾਂ ਮਾਈ ਨੇ ਰਸਦ ਪੂਰੀ ਦਿੱਤੀ ਸੀ। ਪਰ ਪਿਛੋਂ ਘਿਉ ਕੱਢ ਲਿਆ। ਦੇਗ ਦੀ ਚੋਰੀ ਸਾਬਤ ਹੋ ਗਈ ਤੇ ਵਾਕ ਸੱਚਾ ਹੋ ਗਿਆ। ਇਸ ਪਰ ਮਾਈ ਨੂੰ ਤਨਖਾਹ ਲਾਈ ਗਈ। ਏਸ ਤਰ੍ਹਾਂ ਆਪ ਜੀ ਦਸਦੇ ਸਨ ਕਿ ਦੇਗ ਵਿਚ ਗੁਰੂ ਕੀ ਕਲਾ ਵਰਤਦੀ ਹੈ। ਜਿਨ੍ਹਾਂ-ਜਿਨ੍ਹਾਂ ਨੂੰ ਦੇਗ ਦਾ ਕਿਣਕਾ ਮਿਲਦਾ ਹੈ, ਉਹ ਸਿਖੀ ਧਾਰਨ ਕਰਕੇ ਉਧਰਨਗੇ। 'ਕਲਿਜੁਗ ਉਧਾਰਿਆ ਗੁਰਦੇਵ' ਦਾ ਕੌਤਕ ਇਸੇ ਤਰ੍ਹਾਂ ਵਰਤੇਗਾ ਤੇ ਜੀਵਾਂ ਦਾ ਉਧਾਰ ਗੁਰੂ ਨਾਨਕ ਦੇ ਘਰ ਆ ਕੇ ਹੀ ਹੋਏਗਾ।

## ਅੰਗ੍ਰੇਜ਼ਾਂ ਦੇ ਰਾਜ ਜਾਣ ਸਬੰਧੀ ਵਾਕ

12 ਦਸੰਬਰ 1911 ਨੂੰ ਦਿੱਲੀ ਵਿਚ ਜਾਰਜ ਪੰਚਮ ਅੰਗ੍ਰੇਜ਼ਾਂ ਦੇ ਬਾਦਸ਼ਾਹ ਦੀ



www.AKJ.Org

ਤਾਜ ਪੋਸ਼ੀ ਦਾ ਦਰਬਾਰ ਸੀ। ਉਸ ਵੇਲੇ ਸਰਕਾਰ ਵਲੋਂ ਹਿੰਦੂਆਂ, ਮੁਸਲਮਾਨਾਂ, ਸਿਖਾਂ ਤੇ ਈਸਾਈਆਂ ਨੂੰ ਕਿਹਾ ਗਿਆ ਸੀ ਕਿ ਉਹ ਆਪਣੇ-ਆਪਣੇ ਧਰਮ ਅਨੁਸਾਰ ਮੰਦਰਾਂ, ਮਸੀਤਾਂ, ਗੁਰਦੁਆਰਿਆਂ ਤੇ ਗਿਰਜਿਆਂ ਵਿਚ ਬਾਦਸ਼ਾਹ ਜਾਰਜ ਪੰਚਮ ਲਈ ਅਰਦਾਸਾਂ ਕਰਨ। ਉਸ ਵੇਲੇ ਗੁਰਦੁਆਰਿਆਂ ਵਿਚ ਅਖੰਡ ਪਾਠ ਹੋਏ। ਮਾਲਵਾ ਖਾਲਸਾ ਸਕੂਲ ਦੇ ਬੋਰਡਿੰਗ ਦੇ ਬੰਨੇ ਦੇ ਹਾਤੇ ਦੇ ਗੁਰਦੁਆਰੇ ਵਿਚ ਅਖੰਡ ਪਾਠ ਹੋਇਆ ਤਦ ਭੋਗ ਪਰ ਏਹ ਵਾਕ ਆਇਆਃ-

**ਸਲੋਕੁ ਮਃ ੨ ॥**
**ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥**
**ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥**
**ਮਃ ੨ ॥**
**ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥**
**ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥੨॥**
**ਮਃ ੨ ॥**
**ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥**
**ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥**
**ਮਃ ੨ ॥**
**ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥**
**ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥੪॥**
**ਪਉੜੀ ॥**
**ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥**
**ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ ॥**
**ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ ॥**
**ਸਤਿਗੁਰਿ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ ॥**
**ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ ॥** *(ਅੰਗ ੭੮੭)*

ਏਹ ਗੁਰਵਾਕ ਮੌਕੇ ਦੇ ਮੁਤਾਬਿਕ ਸੀ, ਅਰਥਾਤ ਜਿਨ੍ਹਾਂ ਚਲਣਾ ਜਾਣਿਆ ਹੈ ਉਹ ਅਡੰਬਰ ਨਹੀਂ ਕਰਦੇ। ਅੰਗਰੇਜ਼ਾਂ ਦੇ ਜਾਣ ਦਾ ਸਮਾਂ ਨੇੜੇ ਹੈ, ਪਰ ਏਹ ਆਪਣੀ ਸ਼ਾਨ ਦੱਸ ਰਹੇ ਹਨ ਤੇ ਜਿਨ੍ਹਾਂ ਲੋਕਾਂ ਅਖੰਡ ਪਾਠ ਜਾਂ ਹੋਰ ਪ੍ਰਾਰਥਨਾ ਆਦਿ ਕੀਤੀ ਹੈ, ਉਨ੍ਹਾਂ ਵੀ ਬੱਧੇ ਚੱਟੀ ਭਰੀ ਹੈ। ਜਿਸ ਦਾ ਨਾ ਕਰਨ ਵਾਲਿਆਂ ਤੇ ਨਾ ਕਰਾਉਣ ਵਾਲਿਆਂ ਨੂੰ ਕੋਈ ਲਾਭ ਹੈ ਤੇ ਨਾ ਜਿਸਦੇ ਨਮਿਤ ਕੀਤਾ ਗਿਆ ਹੈ, ਉਸਨੂੰ ਕੋਈ ਫਾਇਦਾ ਹੈ। ਦੀਵਾਨ ਦੀ ਸਮਾਪਤੀ ਪਿਛੋਂ ਜਦ ਬਾਹਰ ਆਏ, ਤਾਂ ਭਾਈ ਸਾਹਿਬ ਨੂੰ ਕਿਹਾ ਕਿ ਵਾਕ ਬੜਾ ਅਜੀਬ ਆਇਆ ਹੈ। ਤਦ ਭਾਈ ਸਾਇਬ ਨੇ ਸਪੱਸ਼ਟ ਲਫ਼ਜ਼ਾਂ ਵਿਚ ਕਿਹਾ ਸੀ, "ਐਸਾ ਪ੍ਰਤੀਤ ਹੁੰਦਾ ਹੈ ਕਿ ਅੰਗ੍ਰੇਜ਼ ਹਿੰਦੁਸਤਾਨ ਨੂੰ ਕੁਰਸੀਆਂ ਮੇਜ਼ਾਂ ਲਾ ਕੇ ਹੀ ਛੱਡ ਕੇ ਜਾਣਗੇ।" ਏਹ ਗੱਲ 1947 ਵਿਚ ਪੂਰੀ ਹੋ ਗਈ ਤੇ ਅੰਗੇਜ਼ ਕੁਰਸੀ ਮੇਜ਼ ਲਾ ਕੇ ਹਿੰਦੁਸਤਾਨੀਆਂ ਨੂੰ ਰਾਜ ਭਾਗ ਸੌਂਪ ਕੇ ਸੁਖ-ਸ਼ਾਂਤੀ ਨਾਲ ਤੁਰਦੇ ਹੋਏ। ਸ਼ਾਇਦ ਕੋਈ



www.AKJ.Org

ਸੱਜਣ ਏਹ ਕਹੇ ਕਿ ਜੇ ਭਾਈ ਸਾਹਿਬ ਨੂੰ ਅੰਗ੍ਰੇਜ਼ਾਂ ਦੇ ਜਾਣ ਦਾ ਪਤਾ ਸੀ ਤਦ ਉਹ ਗਦਰ ਲਹਿਰ ਵਿਚ ਸ਼ਾਮਲ ਹੋ ਕੇ ਮੁਸੀਬਤ ਵਿਚ ਕਿਉਂ ਫਸੇ ? ਇਸਦਾ ਉਤਰ ਏਹ ਹੈ ਕਿ ਇਹ ਭਾਣੇ ਦੀ ਖੇਡ ਸੀ। ਉਹ ਕਈ ਵਾਰ ਘਰ ਕਿਹਾ ਕਰਦੇ ਸਨ ਕਿ ਲੰਮੇ ਵਿਛੋੜੇ ਪੈਣੇ ਹਨ। ਇਸ ਤੋਂ ਬਿਨਾਂ ਦਸੰਬਰ 1914 ਦੇ ਦਿਨ ਸਨ, ਤੀਜੇ ਪਹਿਰ ਦਾ ਵਕਤ ਸੀ। ਮੱਲੇਆਣੇ ਦੀ ਢਾਬ ਪਰ ਅਸੀਂ ਦੋਈ ਖੜ੍ਹੇ ਸੀ। ਏਹ ਗੱਲ ਤੁਰ ਪਈ ਕਿ ਗਦਰ ਲਹਿਰ ਚੱਲ ਪਈ ਹੈ, ਆਪ ਨੂੰ ਕਿਹਾ ਗਿਆ ਕਿ "ਸਾਰੇ ਪਾਸੇ ਵਿਚਾਰ ਲੈਣੇ ਚਾਹੀਦੇ ਹਨ, ਕਿਤੇ ਐਵੇਂ ਹੀ ਨਾ ਫਸ ਜਾਈਏ।" ਤਦ ਭਾਈ ਸਾਹਿਬ ਨੇ ਸਪੱਸ਼ਟ ਲਫਜ਼ਾਂ ਵਿਚ ਏਹ ਕਿਹਾ ਸੀ, "ਜੋ ਕੁਝ ਹੋ ਰਿਹਾ ਹੈ, ਮੇਰੇ ਵੱਸ ਤੋਂ ਬਾਹਰ ਹੈ।" ਉਨ੍ਹਾਂ ਨੂੰ ਏਹ ਭਾਣੇ ਵਰਤਦੇ ਦਿਸ ਰਹੇ ਸਨ। ਏਸ ਲਈ ਜੋ ਕੁਝ ਹੋਇਆ ਭਾਣੇ ਅੰਦਰ ਹੋਇਆ ਤੇ ਉਨ੍ਹਾਂ ਨੇ ਭਾਣੇ ਨੂੰ ਸਿਰ ਮੱਥੇ 'ਤੇ ਮੰਨਿਆ। ਜਿਹਾ ਕਿ ਉਨ੍ਹਾਂ ਨੇ ਜੋਤਿ ਵਿਗਾਸ ਪੁਸਤਕ ਵਿਚ ਆਪਣੇ ਭਾਣਾ ਮੰਨਣ ਸਬੰਧੀ ਕਵਿਤਾ ਵਿਚ ਇਉਂ ਲਿਖਿਆ ਹੈ :-

ਜੇਲ੍ਹ ਜੰਗਲਾਂ ਵਿਚ ਭੀ ਜੋਤਿ ਮੰਗਲ,
ਰਸ਼ਕ ਸ਼ਾਦੀਆਨਾ ਮੰਗਲਝੋਲਿਆਂ ਦਾ।
ਅੱਜ ਸੱਚ ਮਾਣੇ ਰਸ ਭਣਿਆਂ ਦੇ,
ਆਇਆ ਸੁਆਦ ਭਾਣੇ ਮਿਠਝੋਲਿਆਂ ਦਾ।
ਭਾਣੇ ਮਿੱਠਿਆਂ ਦੇ ਅਸਲ ਅਰਥ ਜਾਣੇ,
ਅਨੰਦ ਮਾਣਿ ਮੰਗਲਾਚਾਰਝੋਲਿਆਂ ਦਾ।
ਮੰਗਲ ਚਾਰ ਹੀ ਚਾਰ ਚੁਫੇਰ ਸਾਨੂੰ,
ਹਿਰਦਾ ਸ਼ਾਂਤਿ ਸੀਤਲ, ਸੀਤਲਝੋਲਿਆਂ ਦਾ।

*(ਜੋਤਿ ਵਿਗਾਸ, ਪੰਨਾ ੭੮)*

## ਅਖੰਡ ਪਾਠ ਸਮੇਂ ਮਿਟੀ ਦਾ ਤੇਲ ਵਰਤਣ ਤੋਂ ਸੰਕੋਚ

ਜੇਲ੍ਹ ਯਾਤਰਾ ਤੋਂ ਪਿਛੋਂ ਇਕ ਦਿਨ ਨਾਰੰਗਵਾਲ ਬੈਠੇ ਆਪ ਤੋਂ ਏਹ ਗੱਲ ਪੁਛੀ ਕਿ ਆਪ ਅਖੰਡ ਪਾਠ ਸਮੇਂ ਮਿਟੀ ਦਾ ਤੇਲ ਵਰਤਣ ਤੋਂ ਕਿਉਂ ਸੰਕੋਚ ਕਰਦੇ ਹੋ ? ਜਦ ਆਪ ਖ਼ਾਲਸਾ ਸਕੂਲ ਲੁਧਿਆਣੇ ਅਖੰਡ ਪਾਠਾਂ ਵਿਚ ਸ਼ਾਮਲ ਹੋਇਆ ਕਰਦੇ ਸੀ, ਤਦ ਆਪ ਨੇ ਮਿੱਟੀ ਦੇ ਤੇਲ ਬਾਲਣ ਸਬੰਧੀ ਕਦੇ ਇਤਰਾਜ ਨਹੀਂ ਕੀਤਾ ਸੀ। ਤਦ ਆਪ ਨੇ ਉਤਰ ਦਿੱਤਾ "ਜਦ ਅਸੀਂ ਜੇਲ੍ਹ ਵਿਚ ਸੀ ਤੇ ਸਾਡੇ ਨਮਿਤ ਜਿਤਨੇ ਅਖੰਡ ਪਾਠ ਸਾਡੇ ਘਰ ਹੋਏ, ਅਸੀਂ ਜੇਲ੍ਹ ਤੋਂ ਸੂਖਮ ਸਰੀਰ ਰਾਹੀਂ ਸਾਰੇ ਅਖੰਡ ਪਾਠਾਂ ਵੇਲੇ ਹਾਜ਼ਰ ਹੁੰਦੇ ਰਹੇ ਹਾਂ। ਉਸ ਵੇਲੇ ਸਾਨੂੰ ਮਿੱਟੀ ਦੇ ਤੇਲ ਦੀ ਬਦਬੂ ਆਉਂਦੀ ਸੀ।"

ਆਪ ਦੀ ਏਸ ਗੱਲ ਤੋਂ ਏਹ ਸਿੱਧ ਹੋਇਆ ਕਿ ਅਭਿਆਸੀ ਜਨ ਸੂਖਮ ਸਰੀਰ ਰਾਹੀਂ ਸਤਿਸੰਗ ਮੰਡਲਾਂ ਵਿਚ ਪਹੁੰਚਦੇ ਹਨ। ਏਸ ਤਰ੍ਹਾਂ ਹੋਰ ਵੀ ਗੁਪਤ ਰੂਹਾਂ ਜਾਂ ਸ਼ਹੀਦ ਸਿੰਘ ਅਖੰਡ ਪਾਠ ਸਮਾਗਮਾਂ ਪਰ ਆਉਂਦੇ ਹਨ। ਏਸ ਲਈ ਸਫ਼ਾਈ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ। ਬਦਬੂ ਵਾਲੀਆਂ ਚੀਜ਼ਾਂ ਮਿੱਟੀ ਦਾ ਤੇਲ ਆਦਿ ਦੂਰ ਹੀ ਰਖਣੀਆਂ ਚਾਹੀਦੀਆਂ ਹਨ।



www.AKJ.Org

1915 ਵਿਚ ਅਸੀਂ ਸਾਰੇ ਜੂਨ ਤੋਂ ਅਕਤੂਬਰ ਤਕ ਲੁਧਿਆਣਾ ਜੇਲ੍ਹ ਵਿਚ ਹੀ ਰਹੇ ਸੀ। ਸਤੰਬਰ ਦੇ ਦਿਨ ਸਨ; ਸਵੇਰੇ ਕੋਠੀਆਂ ਖੁਲ੍ਹੀਆਂ ਤਾਂ ਆਪ ਨੇ ਦਸਿਆ ਕਿ "ਭਾਈ ਪ੍ਰਭਾਕਰ ਸਿੰਘ ਪਿੰਡ ਲਲਤੋਂ ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਰੂਹ ਸਾਨੂੰ ਮਿਲ ਕੇ ਗਈ ਹੈ। ਬੜੀ ਲਤੀਫ ਰੂਹ ਸੀ।"

ਇਕ ਦਿਨ ਭਾਈ ਮੱਈਆ ਸਿੰਘ ਪਿੰਡ ਛੋਟੇ ਭਿੰਡਰ ਇਲਾਕਾ ਮੋਗਾ (ਜੋ ਕਾਲੀ ਵਰਦੀ ਵਾਲਾ ਕੈਦੀ ਨੰਬਰਦਾਰ ਸੀ) ਨੇ ਆ ਕੇ ਦਸਿਆ ਕਿ ਦੋ ਸਿੰਘ ਹੋਰ ਫੜੇ ਹੋਏ ਆਏ ਹਨ। ਅਸੀਂ ਕੋਠੀਆਂ ਤੋਂ ਬਾਹਰ ਖੜੋਤੇ ਸੀ ਤੇ ਸ਼ਾਮ ਦਾ ਵੇਲਾ ਸੀ। ਮੈਂ ਭਾਈ ਸਾਹਿਬ ਨੂੰ ਕਿਹਾ 'ਕਿਤੇ ਹਰਿਭਜਨ ਸਿੰਘ ਤੇ ਦਲੀਪ ਸਿੰਘ ਨਾ ਹੋਣ।' ਏਹ ਦੋਨੋਂ ਓਨ੍ਹੀਂ ਦਿਨੀਂ ਜੂਨ ਤੋਂ ਲੈ ਕੇ ਭਗੌੜੇ ਸਨ ਤਦ ਭਾਈ ਸਾਹਿਬ ਨੇ ਕਿਹਾ "ਓਹੋ ਹਨ, ਮੈਨੂੰ ਤਾਂ ਸਾਫ ਦਿਸ ਰਹੇ ਹਨ" ਅੱਧੇ ਘੰਟੇ ਤੋਂ ਪਿਛੋਂ ਏਹ ਦੋਨੋਂ ਸੱਜਣ ਜੇਲ੍ਹ ਅੰਦਰ ਸਾਡੇ ਪਾਸ ਆ ਪਹੁੰਚੇ।

## ਬਾਣੀ ਪੜ੍ਹਨ ਵਾਲਿਆਂ ਤੇ ਭਜਨੀਕਾਂ ਨੂੰ ਕਸ਼ਟ ਕਿਉਂ ਹੁੰਦੇ ਹਨ ?

ਅਗਸਤ 1915 ਦੇ ਇਕ ਐਤਵਾਰ ਦੀ ਗੱਲ ਹੈ, ਕਪੜੇ ਸਾਫ ਕਰਨ ਤੇ ਇਸ਼ਨਾਨ ਆਦਿ ਲਈ ਅਸੀਂ ਸਭ ਹਵਾਲਾਤੀ ਖੁਲ੍ਹੇ ਸੀ। ਉਸ ਦਿਨ ਭਾਈ ਸਾਹਿਬ ਨਾਲ ਗਲਾਂ-ਬਾਤਾਂ ਕਰਨ ਦਾ ਸਮਾਂ ਮਿਲ ਗਿਆ। ਆਪ ਤੋਂ ਇਹ ਪੁੱਛ ਕੀਤੀ ਗਈ ਕਿ 'ਸੁਖਮਨੀ ਸਾਹਿਬ ਤੇ ਹੋਰ ਬਾਣੀ ਪੜ੍ਹਨ ਤੋਂ ਏਹੋ ਪਤਾ ਲਗਦਾ ਹੈ ਕਿ ਨਾਮ ਬਾਣੀ ਦਾ ਜਾਪ ਤੇ ਪਾਠ ਕਰਨ ਵਾਲੇ ਨੂੰ ਕੋਈ ਦੁਖ ਕਲੇਸ਼ ਨਹੀਂ ਹੋ ਸਕਦਾ। ਫੇਰ ਭਾਈ ਮਨੀ ਸਿੰਘ ਆਦਿ ਪੁਰਾਤਨ ਸਿੰਘਾਂ ਨੂੰ ਕਸ਼ਟ ਕਿਉਂ ਹੋਏ ਤੇ ਫੀ-ਜ਼ਮਾਨਾ ਅਸੀਂ ਆਪ ਨੂੰ ਭਜਨੀਕ ਸਮਝਦੇ ਹਾਂ। ਆਪ ਵੀ ਜੇਲ੍ਹ ਵਿਚ ਬੈਠੇ ਹੋ, ਏਹ ਕੀ ਗੱਲ ਹੈ। ਉਸ ਵੇਲੇ ਆਪ ਨੇ ਏਹ ਉਤਰ ਦਿੱਤਾ ਸੀ:-

"ਜੇਲ੍ਹ ਤੋਂ ਰਿਹਾ ਤਾਂ ਇਕ ਸ਼ਬਦ ਦਾ ਪਾਠ ਕਰਨ ਨਾਲ ਛੇਤੀ ਹੀ ਹੋ ਸਕੀਦਾ ਹੈ। ਪਰ ਜੋ ਭਾਣੇ ਨੂੰ ਮੰਨਣਾ ਹੈ ਉਹ ਗੱਲ ਨਹੀਂ ਰਹਿੰਦੀ। ਜੋ ਭਾਣਾ ਮੰਨਣ ਵਿਚ ਸੁਖ ਹੈ ਉਤਨਾ ਦੁਖ ਕਸ਼ਟ ਸਹਾਰਨ ਵਿਚ ਨਹੀਂ। ਭਾਈ ਮਨੀ ਸਿੰਘ ਜੀ ਆਦਿ ਦੇ ਕਸ਼ਟ ਸਾਨੂੰ ਦਿਸਦੇ ਹਨ। ਉਨ੍ਹਾਂ ਦੀ ਅਵਸਥਾ ਹੋਰ ਸੀ। ਉਹ ਸੁਖ ਵਿਚ ਸਨ ਤੇ ਅਨੰਦ ਵਿਚ ਸਨ। ਏਹ ਗੱਲ ਸਮਝ ਵਿਚ ਆਉਣੀ ਸੌਖੀ ਨਹੀਂ ਜਦ ਵਾਹਿਗੁਰੂ ਦੇ ਪ੍ਰਾਇਣ ਹੋ ਗਏ, ਫੇਰ ਜਿਵੇਂ ਰਖੇ ਤਿਵੇਂ ਰਹੀਏ। ਏਸ ਲਈ ਭਾਣਾ ਮੰਨਣਾ, ਸਭ ਤੋਂ ਵੱਡਾ ਸੁਖ ਹੈ। ਜੇਲ੍ਹ ਤੋਂ ਰਿਹਾ ਜਾਂ ਹੋਰ ਕਸ਼ਟਾਂ ਤੋਂ ਬਚਾਉਣ ਲਈ ਤਾਂ ਬਾਣੀ ਦਾ ਪਾਠ ਸਮਰਥ ਹੈ। ਜੇ ਰਿਹਾ ਹੋਣਾ ਹੋਵੇ ਤਾਂ ਇਕ ਸ਼ਬਦ ਦਾ ਪਾਠ ਕਰਕੇ ਰਿਹਾ ਹੋ ਸਕਦੇ ਹਾਂ।"

## ਸ਼ਹੀਦ ਸਿੰਘ

ਇਕ ਵਾਰ ਸ. ਅਜੀਤ ਸਿੰਘ ਜੀ ਹੈਡਮਾਸਟਰ ਨਾਰੰਗਵਾਲ ਆਪਣੇ ਅੰਬਾਂ ਦੇ ਬਾਗ ਤੋਂ ਨਹਿਰ ਵਲੋਂ ਪਿੰਡ ਨੂੰ ਆ ਰਹੇ ਸਨ। ਸ਼ਾਮ ਦਾ ਵੇਲਾ ਸੀ। ਆਪ ਨੇ ਕੁਝ ਦੂਰ ਤੋਂ ਇਕ ਚਿੱਟੇ ਬਾਣੇ ਵਿਚ ਅਜੀਬ ਸ਼ਕਲ ਦੇਖੀ, ਆਪ ਹੈਰਾਨ ਹੋ ਗਏ ਤੇ ਆ ਕੇ ਭਾਈ ਸਾਹਿਬ ਪਾਸ ਪਹੁੰਚੇ ਤੇ ਜੋ ਕੁਝ ਦੇਖਿਆ ਸੀ ਉਹ ਦਸਿਆ। ਤਾਂ ਭਾਈ ਸਾਹਿਬ ਨੇ ਕਿਹਾ ਕਿ



www.AKJ.Org

ਘਬਰਾਉਣ ਦੀ ਲੋੜ ਨਹੀਂ, ਉਹ ਸ਼ਹੀਦ ਸਨ। ਆਪਣੇ ਪਿੰਡ ਦੇ ਗਿਰਦ ਚਾਰ ਸ਼ਹੀਦ ਰਹਿੰਦੇ ਹਨ। ਉਹ ਪਿੰਡ ਦੇ ਭਲੇ ਲਈ ਤੇ ਰੱਖਿਆ ਲਈ ਹਨ।

## ਮੌਕੇ ਦਾ ਕੀਰਤਨ

ਭਾਈ ਸਾਹਿਬ ਸਦਾ ਮੌਕੇ ਦੇ ਮੁਤਾਬਿਕ ਕੀਰਤਨ ਕਰਿਆ ਕਰਦੇ ਸਨ। ਇਕ ਵਾਰ ਨਾਰੰਗਵਾਲ ਨਗੀਨਾ ਸਿੰਘ ਜੀ ਦੇ ਖਾਨਦਾਨ ਵਿਚ ਭੁਜੰਗੀ ਪੈਦਾ ਹੋਇਆ। ਉਸਦੇ ਨਾਮਕਰਣ ਸੰਸਕਾਰ ਲਈ ਭੋਗ ਪੈਣਾ ਸੀ, ਭਾਈ ਸਾਹਿਬ ਕੀਰਤਨ ਕਰ ਰਹੇ ਤਾਂ ਸੁਤੇ ਹੀ ਏਹ ਸ਼ਬਦ ਗਾਂਵਿਆ ਗਿਆ "**ਜਨਮੇ ਕੋ ਵਾਜੇ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥ ਜੋ ਜਨਮੇ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥**" ਭੋਗ ਪੈ ਗਿਆ ਤਾਂ ਸ: ਨਗੀਨਾ ਸਿੰਘ ਜੀ ਕਹਿੰਦੇ ਕਿ "ਭਾਈ ਸਾਹਿਬ ਤੋਂ ਇਸ ਤਰ੍ਹਾਂ ਦਾ ਸ਼ਬਦ ਪੜ੍ਹਿਆ ਗਿਆ ਹੈ, ਕਾਕਾ ਸ਼ਾਇਦ ਹੀ ਬਚੇ।" ਓਹੋ ਗੱਲ ਹੋਈ ਕਿ ਕੁਝ ਦਿਨਾਂ ਬਾਦ ਹੀ ਭੁਜੰਗੀ ਚਲਾਣਾ ਕਰ ਗਿਆ।

## ਹਾਜ਼ਰ ਜਵਾਬ

ਆਪ ਹਸਮੁੱਖ ਤੇ ਹਾਜ਼ਰ ਜਵਾਬ ਵੀ ਬੜੇ ਸਨ।

ੳ) ਇਕ ਵਾਰ ਮਾਸਟਰ ਤਾਰਾ ਸਿੰਘ ਜੀ ਆਪ ਨੂੰ ਮਿਲਣ ਆਏ ਤੇ ਕਹਿਣ ਲੱਗੇ ਕਿ "ਸ. ਖੜਕ ਸਿੰਘ ਜੀ ਨੂੰ ਹਾਥੀ ਤੇ ਜਲੂਸ ਕਢਾਉਣ ਦਾ ਬੜਾ ਸ਼ੌਕ ਸੀ।" ਤਦ ਭਾਈ ਸਾਹਿਬ ਬੋਲੇ, "ਮਾਸਟਰ ਜੀ, ਦੇਖਿਓ, ਤੁਸੀਂ ਬਚ ਕੇ ਰਹਿਓ, ਤੁਸੀਂ ਨ ਹਾਥੀ ਪਰ ਜਲੂਸ ਕਢਾਉਣਾ।" ਪਰ ਪਿਛੋਂ ਮਾਸਟਰ ਜੀ ਦੇ ਵੀ ਹਾਥੀ ਪਰ ਕਈ ਜਲੂਸ ਨਿਕਲੇ।

ਅ) ਇਕ ਸੱਜਣ ਨੇ ਕਿਹਾ ਕਿ 'ਜੀ ਤੁਹਾਡਾ ਸਿਮਰਨਾ ਬੜਾ ਚੰਗਾ ਹੈ, ਐਸਾ ਮੈਨੂੰ ਭੀ ਚਾਹੀਦਾ ਹੈ।" ਤਦ ਬੋਲੇ "Far Novelty sake ਜਾਂ Utility sake" ਅਰਥਾਤ "ਅਜੂਬੇ ਤੇ ਸੁਹਜ ਲਈ ਚਾਹੀਦਾ ਹੈ ਜਾਂ ਲਾਭ ਲੈਣ ਲਈ।"

ੲ) ਇਕ ਸਜਣ ਨੇ ਕਿਹਾ ਕਿ ਆਪਣੀ ਏਸੇ ਤਰ੍ਹਾਂ ਅੰਤ ਤਕ ਨਿੱਭ ਜਾਏ। ਤਦ ਕਹਿਣ ਲੱਗੇ ਕਿਉਂ ਏਦੂੰ ਵਧੇ ਨ।

ਸ) ਇਕ ਵਾਰ ਇਕ ਸਜਣ ਨੂੰ ਕਹਿਣ ਲਗੇ, ਪਿਛਲੇ ਜਨਮ ਦਾ ਆਪ ਦਾ ਬੜਾ ਸਬੰਧ ਹੈ। ਉਸਨੇ ਪੁੱਛਿਆ ਕਿ ਕੀ ਸਬੰਧ ਸੀ, ਤਦ ਉਤਰ ਦਿੱਤਾ ਕਿ ਪਿਛਲੀ ਤਾਂ ਬੀਤ ਗਈ। ਅਗੇ ਦੀ ਗੱਲ ਕਰੋ, ਅੱਗੇ ਨੂੰ ਨਾਲ ਰਹਿਣਾ ਹੈ ਜਾਂ ਨਹੀਂ ?

ਹ) ਇਕ ਵਾਰ ਡਾਕਟਰ ਬਸੰਤ ਸਿੰਘ ਸੇਖਵਾਂ ਸਿਆਲਕੋਟ ਵਾਲੇ ਨੂੰ ਵਿਦਾ ਕਰਨ ਗਏ, ਗੁਰਬਾਣੀ ਕੀਰਤਨ ਦੀ ਗੱਲ ਹੋ ਰਹੀ ਸੀ ਤਾਂ ਆਪ ਨੇ ਕਿਹਾ ਕਿ ਅਸੀਂ ਜੋ ਕੀਰਤਨ ਕਰਦੇ ਹਾਂ, ਏਹ ਸਭ ਆਪਣੀ ਪਿਛਲੇ ਜਨਮ ਦੀ ਹੀ ਕੰਠ ਕੀਤੀ ਹੋਈ ਹੈ।

## ਲੋਕਾਂ ਨਾਲ ਠਾਠਾ ਬਾਗਾ ਤੇ ਸੰਸਾਰ ਵਲੋਂ ਉਪ੍ਰਾਮਤਾ

19 ਅਕਤੂਬਰ 1937 ਦੇ ਦਿਨ, ਦਾਸ ਭਾਈ ਸਾਹਿਬ ਪਾਸ ਪੁਸਤਕ 'ਕੀ ਸ੍ਰੀ



www.AKJ.Org

ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ?' ਦੀ ਸੁਧਾਈ ਕਰਵਾਉਣ ਵਾਸਤੇ ਨਾਰੰਗਵਾਲ ਗਿਆ। ਰਾਤ ਦੇ ਦੋ ਬਜੇ ਤਕ ਸੁਧਾਈ ਦਾ ਕੰਮ ਹੁੰਦਾ ਰਿਹਾ ਤੇ ਹੋਰ ਗੱਲਾਂ ਬਾਤਾਂ ਵੀ ਹੁੰਦੀਆਂ ਰਹੀਆਂ। ਆਪ ਤੋਂ ਏਸ ਗੱਲ ਦੀ ਸ਼ੰਕਾ ਨਵਿਰਤੀ ਵੀ ਕਰਾਈ ਗਈ ਕਿ 'ਮੈਂ ਹੈਰਾਨ ਹਾਂ, ਤੁਸੀਂ ਸਿਆਣੇ ਵੀ ਹੋ ਪਰ ਫੇਰ ਵੀ ਲੋਕ ਆਪ ਨੂੰ ਧੋਖਾ ਦੇ ਜਾਦੇ ਹਨ ਤੇ ਆਪ ਨੂੰ ਨਾਜਾਇਜ਼ ਤੌਰ ਪਰ ਵਰਤੇ ਲੈਂਦੇ ਹਨ। ਏਹ ਕੀ ਗੱਲ ਹੈ? ਆਪ ਨੇ ਉਤਰ ਦਿੱਤਾ, "ਸਾਨੂੰ ਪਤਾ ਹੁੰਦਾ ਹੈ, ਪਰ ਅਸੀਂ ਭਾਣਾ ਮੰਨਦੇ ਹਾਂ, ਭਾਣੇ ਅੰਦਰ ਸਭ ਕੁਝ ਸਹਿਣਾ ਪੈਂਦਾ ਹੈ। ਅਸੀਂ ਲੋਕਾਂ ਨਾਲ ਠਾਠਾ ਬਾਗਾ ਕਰਕੇ ਹੀ ਗੁਜ਼ਾਰਾ ਕਰਦੇ ਹਾਂ। ਗਲਬਾਤ ਵੇਲੇ ਮੈਂ ਏਹ ਵੀ ਕਿਹਾ ਕਿ "ਭਗਤ ਜੀ ਨੇ ਮੈਨੂੰ ਕਿਹਾ ਸੀ ਕਿ ਭਾਈ ਸਾਹਿਬ ਉਪ੍ਰਾਮ ਰਹਿੰਦੇ ਹਨ।" ਤਾਂ ਭਾਈ ਸਾਹਿਬ ਨੇ ਕਿਹਾ ਕਿ ਭਗਤ ਠੀਕ ਆਂਹਦਾ ਹੈ। ਜਿਸ ਦਿਨ ਦੇ ਸ. ਜੋਗਿੰਦਰ ਸਿੰਘ ਪਟਿਆਲਾ ਚਲਾਣਾ ਕਰ ਗਏ ਹਨ। ਅਸੀਂ ਉਪ੍ਰਾਮ ਰਹਿੰਦੇ ਹਾਂ, ਉਹ ਸਾਨੂੰ ਅੱਗੋਂ ਬਾਹਾਂ ਅੱਡੀ ਖੜੇ ਉਡੀਕ ਰਹੇ ਹਨ। ਸਾਨੂੰ ਭਾਈ ਭਰਪੂਰ ਸਿੰਘ ਹੋਰਾਂ ਨਾਲ ਨਾਰਾਜ਼ਗੀ ਪੈਦਾ ਹੋਣ ਦਾ ਵੀ ਪਹਿਲਾਂ ਹੀ ਪਤਾ ਸੀ। ਭਗਤ ਅਮਰ ਸਿੰਘ ਜੀ ਦਾ ਮੇਲ ਆਪ ਨਾਲ ਏਸ ਗੱਲ ਤੋਂ ਪਿਛੋਂ ਹੋਇਆ। ਜੋ ਅੰਤ ਸਮੇਂ ਤਕ ਰਿਹਾ। ਭਗਤ ਜੀ ਸਦਾ ਆਪ ਦੀ ਸੇਵਾ ਸਹਾਇਤਾ ਤੇ ਪੁਸਤਕਾਂ ਦੇ ਲਾਉਣ ਆਦਿ ਦਾ ਕੰਮ ਨਿਸ਼ਕਾਮ ਹੋ ਕੇ ਕਰਦੇ ਰਹੇ ਹਨ।

## ਉਹ ਅੰਗ ਪਾਲ ਸਨ

ਜਿਨ੍ਹਾਂ ਸਜਣਾਂ ਪਰ ਕਦੇ ਪ੍ਰੇਮ ਰੰਗ ਵਰਤਿਆ ਤੇ ਨਾਮ ਬਾਣੀ ਦੀ ਕਲਾ ਵਰਤੀ ਯਾ ਜਿਨ੍ਹਾਂ ਨੇ ਭਾਈ ਸਾਹਿਬ ਨਾਲ ਪਿਆਰ ਸਤਿਕਾਰ ਕਰਕੇ ਉਨ੍ਹਾਂ ਦੀ ਸੇਵਾ ਸਹਾਇਤਾ ਕੀਤੀ, ਉਨ੍ਹਾਂ ਦਾ ਉਹ ਸਦਾ ਖਿਆਲ ਰਖਦੇ ਸਨ। ਏਸ ਪ੍ਰਥਾਇ ਦੋ ਮਿਸਾਲਾਂ ਹਨ:-

ੳ) 1952 ਦੀ ਪੰਜਾਬ ਅਸੈਂਬਲੀ ਦੀ ਚੋਣ ਲਈ ਪ੍ਰਿੰਸੀਪਲ ਇਕਬਾਲ ਸਿੰਘ ਜੀ ਬੋਪਾਰਾਇ ਵਾਲੇ ਖੜੇ ਹੋਏ। ਟਿਕਟ ਦੇਣ ਬਾਰੇ ਮਾਸਟਰ ਤਾਰਾ ਸਿੰਘ ਜੀ ਨੇ ਭਾਈ ਸਾਹਿਬ ਤੋਂ ਵੀ ਸਲਾਹ ਲਈ। 17 ਦਸੰਬਰ 1951 ਸ਼ਾਮ ਦੇ ਪੰਜ ਵਜੇ ਮਾਡਲ ਟਾਊਨ ਲੁਧਿਆਣੇ ਦੇ ਮਕਾਨ ਨੰਬਰ 126 ਦੇ ਬਾਹਰ ਸੜਕ ਪਰ ਨਲਕੇ ਦੇ ਪਾਸ ਭਗਤ ਜੀ ਨੇ ਦਾਸ ਨੂੰ ਆ ਕੇ ਕਿਹਾ, "ਮਹਾਂ ਪੁਰਸ਼ ਕਹਿੰਦੇ ਹਨ ਕਿ ਇਕਬਾਲ ਸਿੰਘ ਹੋਰੀਂ ਸਾਡਾ ਕਹਿਣਾ ਨਹੀਂ ਮੰਨਦੇ। ਉਨ੍ਹਾਂ ਨੇ ਕਾਮਯਾਬ ਨਹੀਂ ਹੋਣਾ। ਸੋ ਉਨ੍ਹਾਂ ਵਾਸਤੇ ਕਾਮਯਾਬੀ ਲਈ ਕੁਝ ਕਰੋ। ਮੈਂ ਆਖਿਆ ਫੇਰ ਆਪ ਜ਼ਰੂਰ ਕੁਝ ਕਰੋ। ਪਤਾ ਨਹੀਂ ਏਨ੍ਹਾਂ ਦੋਹਾਂ ਸੱਜਣਾਂ ਨੇ ਗੁਪਤ ਤੌਰ ਪਰ ਕੀ ਪ੍ਰਮਾਰਥੀ ਯਤਨ ਕੀਤਾ ਕਿ ਸ. ਇਕਬਾਲ ਸਿੰਘ ਜੀ ਕਾਮਯਾਬ ਹੋ ਗਏ। ਏਹ ਹੈ ਅਸਲ ਭੇਦ ਪ੍ਰਿੰਸੀਪਲ ਸਾਹਿਬ ਦੀ ਕਾਮਯਾਬੀ ਦਾ। ਪ੍ਰਿੰਸੀਪਲ ਸਾਹਿਬ ਭਾਈ ਸਾਹਿਬ ਦੇ ਪੁਰਾਣੇ ਖਾਸ ਪ੍ਰੇਮੀਆਂ ਵਿਚੋਂ ਸਨ।

ਅ) ਸ. ਲਾਲ ਸਿੰਘ ਜੀ ਡਾਇਰਾਇਕਟਰ ਖੇਤੀਬਾੜੀ, ਸਕੂਲ ਦੇ ਸਮੇਂ ਵਿਚ ਬੜੀ ਪ੍ਰੇਮ ਦੀ ਖੇਡ ਵਿਚ ਵਰਤ ਚੁਕੇ ਸਨ। ਉਹ ਵੀ 1952 ਦੀ ਚੋਣ ਵਿਚ ਪਾਰਲੀਮੈਂਟ ਦੀ ਮੈਂਬਰੀ ਲਈ ਖੜੇ ਸਨ। ਚੋਣ ਹੋ ਚੁਕੀ ਸੀ ਤੇ ਵੋਟਾਂ ਗਿਣੀਆਂ ਜਾ ਰਹੀਆਂ ਸਨ



www.AKJ.Org

ਤੇ ਏਹ ਖਿਆਲ ਪੱਕਾ ਹੋ ਗਿਆ ਸੀ ਕਿ ਸ. ਲਾਲ ਸਿੰਘ ਜੀ ਫੇਲ੍ਹ ਹੋ ਗਏ ਹਨ। ਉਸ ਦਿਨ ਸ਼ਾਮ ਨੂੰ ਐਗਰੀਕਲਚਰ ਕਾਲਜ ਦੇ ਪ੍ਰੋਫ਼ੈਸਰਾਂ ਨੇ ਮਾਡਲ ਟਾਊਨ ਲੁਧਿਆਣੇ, ਭਾਈ ਸਾਹਿਬ ਨੂੰ ਆ ਕੇ ਕਿਹਾ ਕਿ 'ਸਰਦਾਰ ਸਾਹਿਬ ਤਾਂ ਰਹਿ ਗਏ ਹਨ।' ਭਾਈ ਸਾਹਿਬ ਨੇ ਪਿਛੋਂ ਮੈਨੂੰ ਦਸਿਆ "ਅਸੀਂ ਬਾਹਰੋਂ ਆ ਕੇ ਪੰਜ ਇਸ਼ਨਾਨਾ ਕਰਕੇ ਬੈਠੇ ਸੀ। ਪ੍ਰੋਫ਼ੈਸਰ ਤਾਂ ਏਹ ਦਸ ਕੇ ਚਲੇ ਗਏ, ਅਸੀਂ ਦਰਵਾਜ਼ਾ ਬੰਦ ਕਰਕੇ ਬੈਠ ਗਏ ਤੇ ਓਦੋਂ ਤਕ ਬੈਠੇ ਰਹੇ ਜਦ ਤਕ ਕਿ ਸਾਨੂੰ ਓਥੇ ਬੈਠਿਆਂ ਨੂੰ ਹੀ ਏਹ ਖਬਰ ਨਹੀਂ ਪਹੁੰਚ ਗਈ ਕਿ ਸ. ਲਾਲ ਸਿੰਘ ਜਿੱਤ ਗਏ ਹਨ। ਉਹ ਉਤਨਾ ਚਿਰ ਬੈਠੇ ਕੁਝ ਪੜ੍ਹਦੇ ਹੀ ਰਹੇ।

ਉਨ੍ਹਾਂ ਦੀ ਯਾਦਦਾਸ਼ਤ ਕਮਾਲ ਦੀ ਸੀ। ਜੇਲ੍ਹ ਚਿੱਠੀਆਂ ਤੇ ਰੰਗੁਲੇ ਸਜਣ ਤੇ ਹੋਰ ਪੁਸਤਕਾਂ ਪੜ੍ਹਨ ਤੋਂ ਆਪ ਦੀ ਯਾਦ ਸ਼ਕਤੀ ਦਾ ਪਤਾ ਲਗਦਾ ਹੈ ਕਿ ਆਪ ਦੇ ਪੁਰਾਣੇ ਵਾਕਿਆਤ ਕਿਸ ਤਰ੍ਹਾਂ ਹੂ-ਬ-ਹੂ ਚੇਤੇ ਸਨ।

## ਮੱਲੇਆਣੇ ਦੀ ਢਾਬ

ਮੱਲੇਆਣੇ ਦੀ ਢਾਬ-ਜਿਥੇ ਆਪ ਦਾ ਸਸਕਾਰ ਹੋਇਆ-ਖਾਸ ਕੌਤਕਾਂ ਵਾਲੀ ਢਾਬ ਹੈ। ਏਥੇ ਦੇ ਹਾਲਾਤ ਆਪ ਨੇ ਰੰਗਲੇ ਸਜਣ ਅਤੇ ਜੋਤਿ ਵਿਗਾਸ ਪੁਸਤਕਾਂ ਵਿਚ ਖੋਲ੍ਹ ਕੇ ਲਿਖੇ ਹਨ। ਏਥੇ ਆਪ ਸਾਰੀ-ਸਾਰੀ ਰਾਤ ਭਜਨ ਕਰਦੇ ਰਹੇ ਹਨ। ਏਥੇ ਆਪ ਨਾਲ ਗੁਜਰਵਾਲ ਦੇ ਇਕ ਪ੍ਰੇਮੀ ਭਾਈ ਅਰਜਣ ਸਿੰਘ ਜੀ ਸਪੁੱਤ੍ਰ ਬਾਬਾ ਮਹਿਮਾ ਸਿੰਘ ਜੀ, ਗੁਰਮਤਿ ਸਬੰਧੀ ਬਹੁਤ ਉਤਰ ਪ੍ਰਸ਼ਨ ਕਰਿਆ ਕਰਦੇ ਸਨ। ਜੇਲ੍ਹ ਤੋਂ ਭਾਈ ਸਾਹਿਬ ਦੇ ਵਾਪਸ ਆਉਣ ਪਰ ਵੀ ਉਹ ਖਾਸ ਤੌਰ ਪਰ, ਏਨ੍ਹਾਂ ਨੂੰ ਏਥੇ ਮਿਲਿਆ ਕਰਦੇ ਸਨ। ਭਾਈ ਸਾਹਿਬ ਉਨ੍ਹਾਂ ਨਾਲ ਬਚਨ ਬਿਲਾਸ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ। ਭਾਈ ਅਰਜਣ ਸਿੰਘ ਗੁਰਬਾਣੀ ਦੇ ਬੜੇ ਅਭਿਆਸੀ ਸਨ।

ਇਕ ਵਾਰ, ਰਾਤ ਦੇ ਦੋ ਵਜੇ ਭਾਈ ਸਾਹਿਬ ਦੇ ਇਸ਼ਨਾਨ ਦਾ ਵਕਤ ਸੀ ਤੇ ਉਨ੍ਹਾਂ ਘਰ ਨੂੰ ਆਉਣਾ ਸੀ। ਚੋਰ ਢਾਬ ਪਰ ਆਏ, ਉਨ੍ਹਾਂ ਭਾਈ ਸਾਹਿਬ ਨੂੰ ਨਹੀਂ ਦੇਖਿਆ ਸੀ ਤੇ ਇਕ ਪਾਸੇ ਰੁਪਇਆਂ ਦੀ ਸੰਦੂਕੜੀ ਧਰ ਕੇ ਚਲੇ ਗਏ ਕਿ ਹੋਰ ਪਿੰਡ ਚੋਰੀ ਕਰਕੇ, ਫੇਰ ਵੰਡਾਂਗੇ। ਭਾਈ ਸਾਹਿਬ, ਉਹ ਸੰਦੂਕੜੀ ਚੁਕ ਲਿਆਏ। ਸਵੇਰੇ ਉਨ੍ਹਾਂ ਸ. ਨਗੀਨਾ ਸਿੰਘ ਜੀ ਨੂੰ ਬੁਲਾ ਕੇ ਕਿਹਾ ਕਿ ਤੁਹਾਡੇ ਚੋਰੀ ਹੋਈ ਹੈ। ਉਨ੍ਹਾਂ ਕਿਹਾ ਕਿ 'ਹਾਂ' ਭਾਈ ਸਾਹਿਬ ਨੇ ਉਹ ਸੰਦੂਕੜੀ ਉਨ੍ਹਾਂ ਦੇ ਹਵਾਲੇ ਕੀਤੀ। ਉਸ ਵਿਚ ਚਾਰ ਹਜ਼ਾਰ ਪਇਆ ਸੀ। ਏਹ 'ਚੋਰਾਂ ਉਤੇ ਮੋਰ' ਪੈਣ ਵਾਲੀ ਗੱਲ ਹੋਈ। ਏਸ ਢਾਬ ਦੇ ਸਾਰਸੇ ਪ੍ਰਸੰਗ ਬਹੁਤ ਹਨ। ਇਨ੍ਹਾਂ ਵਿਚੋਂ ਕਈ ਪੁਸਤਕਾਂ ਵਿਚ ਆ ਚੁਕੇ ਹਨ। ਇਕ-ਦੋ ਏਸ ਨੰਬਰ ਵਿਚ ਵੀ ਆ ਗਏ ਹਨ, ਏਸ ਲਈ ਵਧੇਰੇ ਨਹੀਂ ਲਿਖਦੇ। ਏਥੇ ਸਸਕਾਰ ਉਨ੍ਹਾਂ ਦੀ ਇੱਛਾ ਅਨੁਸਾਰ ਹੀ ਕੀਤਾ ਗਿਆ ਸੀ। ਏਸ ਜਗ੍ਹਾ ਨਾਲ ਉਨ੍ਹਾਂ ਦਾ ਖਾਸ ਪ੍ਰੇਮ ਸੀ।

## ਭੁਖ ਹੜਤਾਲਾਂ ਦੇ ਸਮੇਂ ਨਾਮ ਦਾ ਆਧਾਰ, ਹਿਰਦੇ ਕਮਲ ਦਾ ਸਿੱਧਾ ਕਰਨਾ

ਦੂਜਾ ਮੁਕੱਦਮਾ ਸਾਜ਼ਸ਼ ਲਾਹੌਰ 29 ਅਕਤੂਬਰ 1915 ਨੂੰ ਸੈਂਟਰਲ ਜੇਲ੍ਹ ਲਾਹੌਰ



www.AKJ.Org

ਦੀ ਖਾਸ ਅਦਾਲਤ ਵਿਚ ਸ਼ੁਰੂ ਹੋਇਆ। ਭਾਈ ਸਾਹਿਬ ਬਾਕੀ ਸਿੰਘਾਂ ਸਮੇਤ 27 ਅਕਤੂਬਰ ਨੂੰ ਲੁਧਿਆਣਾ ਜੇਲ ਤੋਂ ਲਾਹੌਰ ਸੈਂਟਰਲ ਜੇਲ੍ਹ ਵਿਚ ਪਹੁੰਚੇ। 27 ਤ੍ਰੀਕ ਦੀ ਰਾਤ ਤੋਂ ਭਾਈ ਸਾਹਿਬ ਜੀ ਦੇ ਆਪਣੇ ਅਸੂਲ ਮੁਤਾਬਿਕ ਭੁਖ ਹੜਤਾਲ ਸ਼ੁਰੂ ਹੋ ਗਈ। ਦੋ ਦਿਨ ਪਿਛੋਂ ਜੇਲ ਵਾਲਿਆਂ ਹਲਟ ਉਪਰੋਂ ਪਾਣੀ ਲੈਣ ਦੀ ਆਪ ਨੂੰ ਆਗਿਆ ਦੇ ਦਿਤੀ। ਪਰ ਹਵਾਲਾਤੀਆਂ ਨੂੰ ਘਰੋਂ ਪ੍ਰਸ਼ਾਦਾ ਮੰਗਾਉਣ ਦੀ ਜੋ ਖੁਲ੍ਹ ਹੁੰਦੀ ਹੈ, ਉਹ ਨਾ ਦਿੱਤੀ, ਹਾਲਾਂਕਿ ਲੁਧਿਆਣਾ ਜੇਲ੍ਹ ਵਿਚ ਆਪ ਘਰ ਤੋਂ ਪ੍ਰਸ਼ਾਦਾ ਮੰਗਾ ਕੇ ਛਕਦੇ ਰਹੇ ਸਨ, ਭਾਵੇਂ ਅਠ-ਪਹਿਰਾ ਹੀ ਛਕਦੇ ਸਨ। ਜੇਲ੍ਹ ਵਾਲਿਆਂ ਨੇ ਏਹ ਸਵਾਲ, ਪੰਜਾਬ ਦੇ ਉਸ ਵੇਲੇ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਤਕ ਪੁਚਾ ਦਿੱਤਾ। ਉਸ ਨੇ ਪ੍ਰਸ਼ਾਦਾ ਛਕਣ ਦੀ ਇਜਾਜ਼ਤ ਨਾ ਦਿੱਤੀ, ਕੇਵਲ ਘਰੋਂ ਫਲ ਮੰਗਾ ਕੇ ਛਕਣ ਦੀ ਖੁਲ੍ਹ ਦਿੱਤੀ। ਪੰਜ ਮਹੀਨੇ ਮੁਕੱਦਮੇ ਵਿਚ ਭਾਈ ਸਾਹਿਬ ਨੇ ਲਾਹੌਰ ਜੇਲ੍ਹ ਵਿਚ ਫਲਾਂ ਪਰ ਹੀ ਗੁਜ਼ਾਰਾ ਕੀਤਾ। ਏਸ ਤਰ੍ਹਾਂ, ਭਾਈ ਸਾਹਿਬ, ਪੰਦਰਾਂ ਦਿਨ ਭੁਖ ਹੜਤਾਲ ਪਰ ਹੀ ਰਹੇ। ਪਰ ਕਚਹਿਰੀ ਹਰ ਰੋਜ਼ ਕੋਠੀਆਂ ਤੋਂ ਤੁਰ ਕੇ ਹੀ ਜਾਂਦੇ ਰਹੇ। ਅਸੀਂ ਭਾਈ ਸਾਹਿਬ ਨੂੰ ਪੁੱਛਿਆ ਕਿ 'ਤੁਸੀਂ ਕਈ ਦਿਨ ਹੋ ਗਏ ਕੁਝ ਛਕਿਆ ਨਹੀਂ, ਫੇਰ ਤੁਰ ਕੇ ਕਚਹਿਰੀ ਵੀ ਜਾਂਦੇ ਹੋ। ਆਪ ਇਸ ਹਾਲਤ ਵਿਚ ਕਿਸ ਤਰ੍ਹਾਂ ਗੁਜ਼ਾਰਾ ਕਰਦੇ ਹੋ ?' ਤਦ ਆਪ ਨੇ ਕਿਹਾ, 'ਅਸੀਂ ਹਿਰਦਾ ਕਮਲ ਉਲਟਾ ਕੇ ਸਿੱਧਾ ਕਰ ਲੈਂਦੇ ਹਾਂ, ਫੇਰ ਭੁਖ ਪਿਆਸ ਤੰਗ ਨਹੀਂ ਕਰਦੇ।' ਏਹ ਗੱਲ ਨਵੰਬਰ 1915 ਦੇ ਪਹਿਲੇ ਹਫਤੇ ਦੀ ਹੈ। ਆਪ 27 ਅਕਤੂਬਰ ਤੋਂ 11 ਨਵੰਬਰ ਤਕ ਭੁਖ ਹੜਤਾਲ ਪਰ ਰਹੇ। ਏਹ ਦੂਜੀ ਭੁਖ ਹੜਤਾਲ ਸੀ।

## ਖ਼ਾਸ ਗੱਲ ਕਦੇ ਹੀ ਕਹਿੰਦੇ ਸਨ

ੳ) ਭਾਈ ਸਾਹਿਬ ਆਮ ਤੌਰ ਪਰ ਗੰਭੀਰ ਹੀ ਰਹਿੰਦੇ ਸਨ। ਕਦੇ ਕੋਈ ਖਾਸ ਹੀ ਮੌਕਾ ਬਣਦਾ, ਤਦ ਮੂੰਹੋਂ ਆਪਣੀ ਆਤਮ ਸ਼ਕਤੀ ਵਾਲੀ ਗੱਲ ਕਹਿੰਦੇ ਸਨ। ਇਕ ਦਿਨ ਨਾਗਪੁਰ ਜੇਲ੍ਹ ਵਿਚ ਸੁਪ੍ਰਿੰਟੈਂਡੈਂਟ ਦੌਰਾ ਕਰਦਾ, ਆਪ ਦੀ ਕੋਠੀ ਪਾਸ ਪਹੁੰਚਿਆ। ਆਪ ਨੇ ਪੁੱਛਿਆ 'ਮੇਰੀ ਕੋਈ ਚਿੱਠੀ ਆਈ ਹੈ ?' ਸੁਪ੍ਰਿੰਟੈਂਡੈਂਟ ਨੇ ਕਿਹਾ, 'ਨਹੀਂ', ਹਾਲਾਂਕਿ ਚਿੱਠੀ ਆਈ ਹੋਈ ਸੀ। ਭਾਈ ਸਾਹਿਬ ਬੋਲੇ, 'ਕਿਉਂ ਗ਼ਲਤ ਕਹਿੰਦੇ ਹੋ, ਚਿੱਠੀ ਤੁਹਾਡੀ ਮੇਜ਼ ਪਰ ਪਈ ਹੈ।" ਏਹ ਸੁਣ ਕੇ ਸੁਪ੍ਰਿੰਟੈਂਡੈਂਟ ਹੈਰਾਨ ਰਹਿ ਗਿਆ। ਉਹ ਆਪਣੇ ਮਾਤਹਿਤਾਂ ਪਰ ਸ਼ੱਕ ਕਰਨ ਲਗਾ ਕਿ ਕਿਸੇ ਨੇ ਚਿੱਠੀ ਆਈ ਦਾ ਪਤਾ ਦਿੱਤਾ ਹੋਣਾ ਹੈ। ਭਾਈ ਸਾਹਿਬ ਨੂੰ ਵੈਸੇ ਅੰਤਰ ਆਤਮੇ ਹੀ ਚਿੱਠੀ ਦਾ ਪਤਾ ਲਗਾ ਸੀ।

ਅ) ਆਪ 9 ਮਈ 1915 ਨੂੰ ਮਹਾਰਾਜਾ ਰਿਪਦਮਣ ਸਿੰਘ ਨੇ ਨਾਭੇ ਵਿਚ ਗ੍ਰਿਫਤਾਰ ਕਰਕੇ ਨਜ਼ਰਬੰਦ ਕਰ ਦਿੱਤੇ ਸਨ। 10 ਮਈ ਨੂੰ ਸ. ਗੁਰਦਿਆਲ ਸਿੰਘ ਸੁਪ੍ਰਿੰਟਡੈਂਟ ਨੇ ਆ ਕੇ ਕਿਹਾ ਕਿ 'ਮਹਾਰਾਜ ਸਾਹਿਬ ਕਹਿੰਦੇ ਹਨ ਕਿ ਨਜ਼ਰਬੰਦੀ ਹੈ, ਕੋਈ ਤਕਲੀਫ ਤਾਂ ਨਹੀਂ।' ਤਦ ਭਾਈ ਸਾਹਿਬ ਨੇ ਕਿਹਾ 'ਤਕਲੀਫ ਦਾ ਪਤਾ ਓਹਨਾਂ ਨੂੰ ਓਦੋਂ ਲਗੇਗਾ, ਜਦੋਂ ਉਨ੍ਹਾਂ ਨਾਲ ਵਾਪਰੇਗੀ।" ਓਹੋ ਗੱਲ ਹੋਈ ਕਿ ਅਠ ਸਾਲ ਪਿਛੋਂ 9 ਜੁਲਾਈ 1923 ਨੂੰ ਮਹਾਰਾਜਾ ਸਾਹਿਬ ਗੱਦੀ ਤੋਂ ਉਤਾਰ ਕੇ ਡੇਹਰਾਦੂਨ



www.AKJ.Org

ਨਜ਼ਰਬੰਦ ਕੀਤੇ ਗਏ। ਜਦ ਮਾਰਚ 1920 ਵਿਚ 1914-15 ਦੇ ਬਹੁਤ ਸਾਰੇ ਕੈਦੀ ਸ਼ਾਹੀ ਰਹਿਮ ਅਨੁਸਾਰ ਰਿਹਾ ਹੋਏ ਤਦ ਭਾਈ ਹਰੀ ਸਿੰਘ ਕੈਨੇਡੀਅਨ ਪਿੰਡ ਚੋਟੀਆਂ ਜ਼ਿਲ੍ਹਾ ਫਿਰੋਜ਼ਪੁਰ ਵਾਲੇ ਵੈਸਾਖੀ ਦੇ ਦੀਵਾਨ ਪਰ ਮਸਤੂਆਣੇ ਗਏ। ਆਪ ਨੇ ਜੇਲ੍ਹ ਹਜਾਰੀ ਬਾਗ ਦੇ ਸਭ ਸਿੰਘਾਂ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਵਲੋਂ ਪੰਥ ਨੂੰ ਫ਼ਤਹਿ ਗਜਾਈ ਤੇ ਜੇਲ੍ਹਾਂ ਵਾਲਿਆਂ ਦੀ ਰਿਹਾਈ ਲਈ ਅਰਦਾਸਾ ਕਰਾਇਆ। ਉਸ ਵੇਲੇ ਦੀਵਾਨ ਵਿਚ ਮਹਾਰਾਜਾ ਰਿਪੁਦਮਣ ਸਿੰਘ ਜੀ ਬੈਠੇ ਸਨ। ਭਾਈ ਸਾਹਿਬ ਬਾਰੇ ਉਸ ਵੇਲੇ ਆਪ ਨੇ ਕਿਹਾ, "ਅਗਰ ਹਮ ਕੋ ਮਾਲੂਮ ਹੋਤਾ ਕਿ ਵੁਹ ਐਸਾ ਆਦਮੀ ਹੈ ਤੋ ਹਮ ਉਸ ਕੋ ਗ੍ਰਿਫਤਾਰ ਨ ਕਰਤੇ।"

## ਅੰਮ੍ਰਿਤ ਛੱਕਣ ਨਾਲ ਉਧਾਰ

ਆਪ ਦੇ ਤਿੰਨ ਪੋਤਰੇ, ਕਾਕਾ ਰਣਬੀਰ ਸਿੰਘ, ਜਸਬੀਰ ਸਿੰਘ ਤੇ ਅਬਿਨਾਸੀ ਬੀਰ ਸਿੰਘ ਬਚਪਨ ਵਿਚ ਹੀ ਚਲਾਣਾ ਕਰ ਗਏ ਸਨ। ਉਸ ਵੇਲੇ ਆਪ ਨੇ ਗੱਲਾਂ ਬਾਤਾਂ ਵਿਚ ਕਿਹਾ ਸੀ ਕਿ 'ਏਹ ਅੰਮ੍ਰਿਤ ਛਕਣ ਹੀ ਆਏ ਸਨ।' ਏਨ੍ਹਾਂ ਵਿਚੋਂ ਅਬਿਨਾਸ਼ੀ ਬੀਰ ਸਿੰਘ ਸੋਲਨ ਪਹਾੜ ਵਿਚ ਗੁਜ਼ਰਿਆ ਸੀ। ਜਦ ਉਸਦਾ ਸਸਕਾਰ ਇਕ ਪੱਥਰ ਪਰ ਕਰਨ ਲੱਗੇ ਤਾਂ ਉਸ ਵੇਲੇ ਓਥੇ ਦੇ ਰਹਿਣ ਵਾਲੇ ਇਕ ਸਜਣ ਨੇ ਕਿਹਾ, 'ਏਥੇ ਇਕ ਸਾਧੂ ਆ ਕੇ ਬੈਠਿਆ ਕਰਦਾ ਸੀ।' ਉਸ ਵੇਲੇ ਭਾਈ ਸਾਹਿਬ ਬੋਲੇ "ਏਹ ਓਹੋ ਸਾਧੂ ਆਪਣੇ ਥਾਂ ਪਰ ਆ ਗਿਆ ਹੈ" ਭਾਵ ਏਹ ਕਿ ਏਹ ਕਾਕਾ ਪਿਛਲੇ ਜਨਮ ਦਾ ਉਹ ਸਾਧੂ ਹੀ ਹੈ। ਏਹ ਗੱਲ 1939 ਦੀ ਹੈ।

## ਪਰਤਿਆਵਾ

1945 ਦੇ ਸਤੰਬਰ ਦੇ ਮਹੀਨੇ ਵਿਚ ਸ. ਮੰਗਤ ਸਿੰਘ ਬਾਹਰੀ ਨੇ ਸ੍ਰੀਨਗਰ ਕਸ਼ਮੀਰ ਵਿਚ ਸਾਨੂੰ ਆਪ ਦੇ ਭਾਈ ਸਾਹਿਬ ਨਾਲ ਪ੍ਰੇਮ ਹੋਣ ਦੀ ਏਹ ਗੱਲ ਦੱਸੀ। ਉਨ੍ਹੀਂ ਦਿਨੀਂ ਭਾਈ ਸਾਹਿਬ ਵੀ ਕਸ਼ਮੀਰ ਗਏ ਹੋਏ ਸਨ। ਆਪ ਨੇ ਆਖਿਆ ਕਿ ਜਦੋਂ ਜੇਲ੍ਹ ਚਿੱਠੀਆਂ ਦਾ ਪਹਿਲਾ ਹਿੱਸਾ ਛੋਟੀ ਜੇਹੀ ਪੁਸਤਕ ਛਪੀ ਸੀ ਤਾਂ ਉਸ ਦੀ ਇਕ ਕਾਪੀ ਸ. ਮਹਿਤਾਬ ਸਿੰਘ ਟਿੰਬਰ ਮਰਚੈਂਟ ਜਿਹਲਮ ਪਾਸ ਪਹੁੰਚੀ। ਉਨ੍ਹਾਂ ਪੜ੍ਹ ਕੇ ਮੈਨੂੰ ਦਿਤੀ ਕਿ ਇਹ ਚੀਜ਼ ਖ਼ਾਸ ਪੜ੍ਹਨ ਵਾਲੀ ਹੈ। ਮੈਂ ਉਹ ਪੜ੍ਹੀ, ਉਨੀਂ ਦਿਨੀਂ ਹੀ 'ਸਿੱਖ ਸੇਵਕ' ਅਖਬਾਰ ਵਿਚ ਏਹ ਖਬਰ ਛਪੀ ਸੀ ਕਿ ਨਾਰੰਗਵਾਲ, ਅਖੰਡ ਪਾਠ ਦਾ ਸਮਾਗਮ ਹੈ। ਮੈਂ ਏਹ ਖਬਰ ਪੜ੍ਹ ਕੇ ਨਾਰੰਗਵਾਲ ਆਉਣ ਦੀ ਤਿਆਰੀ ਕੀਤੀ ਪਰ ਮੈਨੂੰ ਏਹ ਪਤਾ ਨਹੀਂ ਸੀ ਕਿ ਨਾਰੰਗਵਾਲ ਕਿਥੇ ਹੈ ? ਮੈਂ ਜਿਹਲਮ ਵਿਚ ਜ਼ਿਲ੍ਹਾਂ ਲੁਧਿਆਣੇ ਦੇ ਰਵਿਦਾਸੀਏ ਸਜਣਾਂ ਤੋਂ ਪਿੰਡ ਦਾ ਤੇ ਸਟੇਸ਼ਨ ਦਾ ਪਤਾ ਕਰਕੇ ਚਲ ਪਿਆ। ਲੁਧਿਆਣੇ ਹੋਰ ਸੰਗਤ ਵੀ ਨਾਰੰਗਵਾਲ ਜਾਣ ਵਾਲੀ ਸੀ, ਮੈਂ ਉਸਦੇ ਨਾਲ ਹੋ ਲਿਆ। ਪਰ ਮੈਂ ਜਿਹਲਮ ਤੋਂ ਦਿਲ ਵਿਚ ਏਹ ਧਾਰ ਕੇ ਤੁਰਿਆ ਸੀ ਕਿ ਮੈਂ ਏਸ ਪੁਸਤਕ ਵਿਚ ਲਿਖੀਆਂ ਗੱਲਾਂ ਨੂੰ ਤਦੇ ਸਹੀ ਮੰਨਾਂਗਾ, ਜੇਕਰ ਭਾਈ ਸਾਹਿਬ, ਮੈਨੂੰ ਘਰ ਪਹੁੰਚਣ ਪਰ, ਆਪ ਆ ਕੇ ਪੁੱਛਣ ਕਿ ਤੁਸੀਂ ਜਿਹਲਮ ਤੋਂ ਆਏ ਹੋ। ਮੈਂ ਸੰਗਤ ਸਮੇਤ ਨਾਰੰਗਵਾਲ ਪਹੁੰਚ ਗਿਆ। ਅਖੰਡ ਪਾਠ ਹੋ



www.AKJ.Org

ਰਿਹਾ ਸੀ ਮੈਂ ਮੱਥਾ ਟੇਕ ਕੇ ਬੈਠ ਗਿਆ। ਦੋ ਚਾਰ ਮਿੰਟ ਹੀ ਬੈਠਾ ਹੋਵਾਂਗਾ ਕਿ ਭਾਈ ਸਾਹਿਬ ਨੇ ਮੇਰੇ ਪਾਸ ਆ ਕੇ ਪੁੱਛਿਆ, 'ਆਪ ਜਿਹਲਮ ਤੋਂ ਆਏ ਹੋ ?" ਮੇਰੀ ਨਿਸ਼ਾ ਹੋ ਗਈ ਤੇ ਮੈਂ ਉਸੇ ਦਿਨ ਤੋਂ ਭਾਈ ਸਾਹਿਬ ਦਾ ਪ੍ਰੇਮੀ ਬਣ ਗਿਆ।

## ਕੋਊ ਹਰਿ ਸਮਾਨਿ ਨਹੀ ਰਾਜਾ

ਭਾਈ ਸਾਹਿਬ ਗੁਰੂ ਅਕਾਲ ਪੁਰਖ ਨੂੰ ਸੱਚੀ ਸਰਕਾਰ ਮੰਨਦੇ ਸਨ ਤੇ ਸਦਾ ਨਿਰਭੈ ਹੋ ਕੇ ਵਿਚਰਦੇ ਸਨ। ਮੁਕੱਦਮੇ ਦੇ ਦਰਮਿਆਨ ਵੀ ਉਨ੍ਹਾਂ ਨੇ ਕੋਈ ਝੇਪ ਨਹੀਂ ਖਾਧੀ। ਗੁਰੂ ਕਰਤਾਰ ਪਰ ਆਪਣੇ ਦ੍ਰਿੜ੍ਹ ਭਰੋਸੇ ਨੂੰ ਸਦਾ ਕਾਇਮ ਰਖਿਆ ਤੇ ਏਸ ਦਾ ਲੋੜ ਅਨੁਸਾਰ ਪ੍ਰਗਟਾਵਾ ਵੀ ਕੀਤਾ, ਜਿਹਾ ਕਿ ਇਕ ਦਿਨ ਦੀ ਗੱਲ ਹੈ ਕਿ ਪੁਲਿਸ ਮੁਲਜ਼ਮਾਂ ਨੂੰ (ਸਾਰੇ ਸਿੰਘਾਂ ਨੂੰ ਜਿਨ੍ਹਾਂ ਦੀ ਗਿਣਤੀ 70 ਤੋਂ ਉਪਰ ਸੀ) ਅਦਾਲਤ ਦੇ ਸਮੇਂ ਤੋਂ ਪਹਿਲਾਂ ਹੀ ਕਚਹਿਰੀ ਵਿਚ ਲੈ ਆਈ। ਕਚਹਿਰੀ ਵੀ ਲਾਹੌਰ ਜੇਲ੍ਹ ਦੀ ਇਕ ਬਾਰਕ ਵਿਚ ਹੀ ਸੀ। ਓਦੋਂ ਅਜੇ ਵਕੀਲ ਵੀ ਨਹੀਂ ਆਏ ਸਨ। ਭਾਈ ਸਾਹਿਬ ਨੇ ਪ੍ਰੇਮ ਵਿਚ ਆ ਕੇ ਇਹ ਸ਼ਬਦ ਪੜ੍ਹਿਆ "**ਕੋਊ ਹਰਿ ਸਮਾਨਿ ਨਹੀ ਰਾਜਾ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥੧॥ ਰਹਾਉ॥ ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ॥ ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ॥੧॥ ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਾਹਦ ਬਾਜਾ॥ ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ॥੨॥੫॥**" ਬਾਜਾ ਜੋੜੀ ਤਾਂ ਪਾਸ ਹੈ ਹੀ ਨਹੀਂ ਸੀ। ਭਾਈ ਸਾਹਿਬ ਨੇ ਦੋਹਾਂ ਹੱਥਾਂ ਨਾਲ ਘੜਾ ਬਜਾਇਆ। ਘੜਾ ਵੀ ਓਥੇ ਕੋਈ ਨਹੀਂ ਸੀ, ਹੱਥਾਂ ਨੂੰ ਇਸ ਤਰ੍ਹਾਂ ਅੰਗੂਠਿਆਂ ਵਿਚ ਅੰਗੂਠੇ ਪਾ ਕੇ ਬਜਾਇਆ ਕਿ ਦੋਵੇਂ ਹਥ ਘੜੇ ਬੱਜਣ ਦੀ ਆਵਾਜ਼ ਦਿੰਦੇ ਸਨ। ਸਾਰੇ ਸਿੰਘਾਂ ਦੀ ਮਿਲਣੀ ਆਵਾਜ਼ ਨਾਲ ਐਸਾ ਕੀਰਤਨ ਹੋਇਆ ਕਿ ਕਚਹਿਰੀ ਗੂੰਜ ਉਠੀ। ਏਹ ਹੈ ਇਕ ਨਮੂਨਾ ਉਨ੍ਹਾਂ ਦੇ ਵਾਹਿਗੁਰੂ ਭਰੋਸੇ ਰਹਿਣ ਦਾ ਤੇ ਨਿਰਭੈ ਹੋਣ ਦਾ।

## ਚਲਾਣੇ ਤੋਂ ਪਿੱਛੋਂ ਵੀ ਦਿਸੇਗਾ

ਭਾਈ ਸਾਹਿਬ ਭੋਗ ਸਮੇਂ 'ਆਗਿਆ ਭਈ ਅਕਾਲ ਕੀ' ਤੇ 'ਰਾਜ ਕਰੇਗਾ ਖਾਲਸਾ' ਵਾਲੇ ਦੋਹਰੇ ਖੂਬ ਗੱਜ ਕੇ ਪੜ੍ਹਿਆ ਕਰਦੇ ਸਨ ਤੇ ਕਿਹਾ ਕਰਦੇ ਸਨ ਕਿ ਰਾਜ ਖਾਲਸੇ ਦਾ ਆ ਰਿਹਾ ਹੈ। ਅਕਤੂਬਰ 1958 ਵਿਚ ਕੋਠੀ ਨੰ. 79 ਮਾਡਲ ਟਾਊਨ ਲੁਧਿਆਣਾ ਵਿਚ ਆਪ ਨਾਲ ਗੱਲਾਂ ਵਿਚ ਆਪ ਦੀ ਸਿਹਤ ਬਾਰੇ ਜ਼ਿਕਰ ਆਇਆ ਕਿ ਆਪ ਤਾਂ ਕਹਿੰਦੇ ਹੋ, ਰਾਜ ਖ਼ਾਲਸੇ ਦਾ ਆ ਰਿਹਾ ਹੈ। ਪਰ ਤੁਹਾਡਾ ਸਰੀਰ ਥਲੇ ਨੂੰ ਜਾਂਦਾ ਹੈ। ਤੁਸੀਂ ਰਾਜ ਖ਼ਾਲਸੇ ਦਾ ਕਿਵੇਂ ਦੇਖੋਗੇ ? ਤਾਂ ਬੋਲੇ 'ਚਲਾਣਾਂ ਕਰਨ ਪਿਛੋਂ ਕਿਹੜਾ ਸਾਨੂੰ ਰਾਜ ਖ਼ਾਲਸੇ ਦਾ ਨਹੀਂ ਦਿਸੂ, ਫੇਰ ਵੀ ਦਿਸੇਗਾ।" ਤਾਂ ਮੈਂ ਕਿਹਾ ਕਿ 'ਏਸ ਸਰੀਰ ਵਿਚ ਦੇਖਣ ਵਾਲੀ ਗੱਲ ਤਾਂ ਫੇਰ ਨ ਰਹੇਗੀ।" ਇਸ ਪਰ ਆਪ ਕੁਝ ਨਹੀਂ ਬੋਲੇ।

ਇਸ ਤਰ੍ਹਾਂ ਆਪ ਦੀਆਂ ਅਨੇਕ ਗੱਲਾਂ ਹਨ, ਜਿਨ੍ਹਾਂ ਦਾ ਸਾਨੂੰ ਪਤਾ ਹੈ ਓਨ੍ਹਾਂ ਵਿਚੋਂ ਵੀ ਅਸੀਂ ਕੁਝ ਥੋੜ੍ਹੀਆਂ ਹੀ ਲਿਖੀਆਂ ਹਨ। ਹੋਰ ਸਜਣਾਂ ਨੂੰ ਵੀ ਕਈਆਂ ਗੱਲਾਂ ਦਾ ਪਤਾ ਹੋਵੇਗਾ। ਇਤਿਹਾਸ ਇਕ ਵਡਾ ਵਿਸ਼ਾਲ ਮਜ਼ਮੂਨ ਹੈ। ਜਿਸ ਨੂੰ ਜਿਤਨੀ



www.AKJ.Org

ਵਾਕਫੀ ਹੁੰਦੀ ਹੈ, ਉਹ ਉਤਨਾ ਹੀ ਦਸ ਸਕਦਾ ਹੈ। ਏਹ ਗੱਲਾਂ ਦਸਦੀਆਂ ਹਨ ਕਿ ਆਪ ਇਕ ਬਚਿੱਤਰ ਜੀਵਨ ਵਾਲੇ ਰੰਗਲੇ ਸਜਣ ਸਨ।

ਲੁਧਿਆਣੇ ਵਿਚ ਉਨ੍ਹਾਂ ਦੇ ਪੁਰਾਣੇ ਪ੍ਰੇਮੀ ਸ. ਬਿਸ਼ਨ ਸਿੰਘ ਠੇਕੇਦਾਰ ਤੇ ਸ. ਬਚਨ ਸਿੰਘ ਵਕੀਲ ਸਨ। ਮਾਲਵਾ ਖ਼ਾਲਸਾ ਸਕੂਲ ਵਿਚ ਸ. ਹਰਿਭਗਤ ਸਿੰਘ ਜੀ ਹੈਡ ਮਾਸਟਰ ਮੁਕਤਸਰ (ਅੱਜ ਕਲ੍ਹ ਮੁਕਤਸਰ ਸਕੂਲ ਦੇ ਮੈਨੇਜਰ ਹਨ) ਤੇ ਭਾਈ ਸਾਹਿਬ ਨਰਾਇਣ ਸਿੰਘ ਜੀ ਪਿੰਡ ਤੁਲਾਵਾਲ ਰਿਆਸਤ ਪਟਿਆਲਾ ਵੀ ਖਾਸ ਪ੍ਰੇਮੀ ਸਨ।

ਆਪ ਦੇ ਪੁਰਾਣੇ ਨੌਜਵਾਨ ਸਾਥੀ ਸਜਣਾਂ ਵਿਚੋਂ ਕਈਆਂ ਦਾ ਜ਼ਿਕਰ 'ਸੰਖੇਪ ਜੀਵਨ' ਵਿਚ ਆਪ ਚੁੱਕਾ ਹੈ। ਬਾਕੀ ਸਜਣਾਂ ਵਿਚੋਂ ਸ. ਧਰਮ ਸਿੰਘ ਜੀ ਹੈਡ-ਮਾਸਟਰ ਪਿੰਡ ਫਲੇਵਾਲ ਖਾਸ ਸੱਜਣ ਸਨ। ਜੋ ਆਪ ਦੀ ਜੇਲ੍ਹ ਯਾਤ੍ਰਾ ਸਮੇਂ ਸਦਾ ਆਪ ਦੀ ਸੇਵਾ ਕਰਦੇ ਰਹੇ। ਆਪ 1920 ਤੋਂ 1930 ਤਕ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ ਤੇ ਅਕਾਲੀ ਲਹਿਰ ਵਿਚ ਸੇਵਾ ਕਰਦੇ ਰਹੇ। ਦੂਜੇ ਸਜਣ ਸ. ਮਹਿੰਦਰ ਸਿੰਘ ਸਿਧਵਾਂ ਨੇ ਉਸ ਵੇਲੇ ਭਾਈ ਸੁੰਦਰ ਸਿੰਘ ਘੁਮਾਣ ਨਾਲ ਰਲ ਕੇ ਬੜੀ ਸੇਵਾ ਕੀਤੀ, ਜਿਹੜੇ ਕਿ 1926 ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸਨ।

1927 ਦੀ ਅਪ੍ਰੈਲ ਵਿਚ ਰਾਵਲਪਿੰਡ ਵਿਚ ਸਿਖ ਐਜੂਕੇਸ਼ਨਲ ਕਾਨਫ੍ਰੰਸ ਦਾ ਸਮਾਗਮ ਸੀ, ਓਦੋਂ ਭਗਤ ਜਸਵੰਤ ਸਿੰਘ ਜੀ ਦੀ ਰਾਹੀਂ ਸਰ ਜੋਗਿੰਦਰ ਸਿੰਘ ਜੀ ਨਾਲ ਮੇਲ ਹੋਇਆ। ਏਨ੍ਹਾਂ ਦੋਹਾਂ ਸੱਜਣਾਂ ਨੇ 1929-30 ਵਿਚ ਭਾਈ ਸਾਹਿਬ ਦੀ ਰਿਹਾਈ ਲਈ ਯਤਨ ਕੀਤਾ। ਇਸੇ ਤਰ੍ਹਾਂ ਸ. ਬਹਾਦਰ ਮਹਿਤਾਬ ਸਿੰਘ ਜੀ ਤੇ ਗਿਆਨੀ ਸ਼ੇਰ ਸਿੰਘ ਜੀ ਨੇ ਵੀ ਏਸ ਯਤਨ ਵਿਚ ਹਿੱਸਾ ਲਿਆ। ਦਾਸ ਏਨ੍ਹਾਂ ਸਭ ਸਜਣਾਂ ਦਾ ਧੰਨਵਾਦੀ ਹੈ। ਬਾਂਬੂ ਮੱਲ ਸਿੰਘ ਜੀ ਭਾਈ ਸਾਇਬ ਦੀ ਗ੍ਰਿਫਤਾਰੀ ਸਮੇਂ 36ਵੇਂ ਰਸਾਲੇ ਵਿਚ ਫਰਾਂਸ ਵਿਚ ਗਏ ਹੋਏ ਸਨ। ਜੰਗ ਤੋਂ ਬਾਦ ਜਦ ਆਪ ਵਾਪਸ ਆਏ, ਤਦ ਸਦਾ ਨਾਰੰਗਵਾਲ ਆਉਂਦੇ ਰਹੇ ਤੇ ਆਪ ਨੇ ਅਖੰਡ ਪਾਠਾਂ ਦਾ ਸਿਲਸਿਲਾ ਜਾਰੀ ਰਖਿਆ। ਇਸੇ ਤਰ੍ਹਾਂ ਕਰਨਲ ਪਿਆਰਾ ਸਿੰਘ ਜੀ ਜੈਪੁਰ ਵਾਲੇ ਤੇ ਗੁਰਪੁਰਵਾਸੀ ਸੂਬੇਦਾਰ ਹਰਿਬਚਨ ਸਿੰਘ ਆਪ ਦੇ ਪੁਰਾਣੇ ਖਾਸ ਪ੍ਰੇਮੀਆਂ ਵਿਚੋਂ ਸਨ। ਭਾਈ ਸਾਹਿਬ ਅਤਰ ਸਿੰਘ ਜੀ ਜੋਧਪੁਰ ਨੇ ਤਾਂ 1912-13 ਤੋਂ ਲੈ ਕੇ ਭਾਈ ਸਾਹਿਬ ਦੇ ਅੰਤ ਸਮੇਂ ਤਕ ਆਪ ਨਾਲ ਪ੍ਰੇਮ ਨਿਭਾਇਆ ਤੇ ਜੇਲ੍ਹ ਵਿਚ ਭੀ ਨਾਲ ਹੀ ਗਏ।

ਜੇਲ੍ਹ ਯਾਤਰਾ ਤੋਂ ਪਿਛੋਂ ਆਪ ਦੇ ਸੈਂਕੜੇ ਨਵੇਂ ਪ੍ਰੇਮੀ ਬਣੇ। ਸਭਨਾਂ ਦੇ ਨਾਮ ਲਿਖਣੇ ਅਸੰਭਵ ਹਨ, ਜਿਹਾ ਕਿ ਭਗਤ ਅਮਰ ਸਿੰਘ, ਸੰਤ ਜੁਆਲਾ ਸਿੰਘ ਨੰਦਪੁਰ ਕਲੌੜ, ਸ. ਹਰਮਿੰਦਰ ਸਿੰਘ, ਸ. ਗੁਰਦਿਆਲ ਸਿੰਘ, ਦਿੱਲੀ ਦੇ ਪ੍ਰੇਮੀ ਸਜਣ ਅਨੇਕਾਂ ਹਨ, ਕਿਸ-ਕਿਸ ਦਾ ਨਾਮ ਲਿਖੀਏ।

ਭਾਈ ਸਾਹਿਬ ਆਪਣੀ ਮਿਸਾਲ ਆਪ ਸਨ, ਹਰ ਕੋਈ ਏਨ੍ਹਾਂ ਦੀ ਰੀਸ ਨਹੀਂ ਕਰ ਸਕਦਾ। ਨਾ ਹੀ ਉਨ੍ਹਾਂ ਦੀ ਰੀਸ ਹੋ ਸਕਦੀ ਹੈ। ਅਜਿਹੇ ਵੀ ਬਥੇਰੇ ਦੇਖੇ ਹਨ ਜੋ ਕੇਵਲ ਆਪਣੇ ਜ਼ਾਤੀ ਲਾਭ ਦੀ ਖਾਤਰ ਹੀ ਉਨ੍ਹਾਂ ਦੇ ਨੇੜੇ ਲਗਦੇ ਸਨ।

ਕੇਵਲ ਗੁਰੂ ਕਰਤਾਰ ਹੀ ਅਭੁਲ ਹੈ, ਇਨਸਾਨ ਸਦਾ ਹੀ ਭੁਲਣਹਾਰ ਹੈ। ਸੋ ਭਾਈ ਸਾਹਿਬ ਵੀ ਇਨਸਾਨ ਸਨ। ਉਨ੍ਹਾਂ ਦਾ ਹਿਰਦਾ ਸ਼ੁਧ ਸੀ, ਜੇ ਉਨ੍ਹਾਂ ਕਦੇ ਗਲਤੀ ਯਾ



www.AKJ.Org

ਭੁਲ ਕੀਤੀ, ਤਦ ਜਾਂ ਤਾਂ ਗਲਤ ਫਹਿਮੀ ਕਰਕੇ ਯਾ ਅਸੂਲ ਦੇ ਖਿਆਲ ਨਾਲ ਜੋਸ਼ ਵਿਚ ਆ ਕੇ ਕੀਤੀ। ਬਾਹਰੋਂ ਭਾਵੇਂ ਸਖ਼ਤ ਨਜ਼ਰ ਆਉਂਦੇ ਸਨ ਪਰ ਅੰਦਰੋਂ ਬਿਲਕੁਲ ਠੰਡੇ ਤੇ ਕੋਮਲ ਸਨ।

ਭਾਈ ਸਾਹਿਬ ਜੇ ਕਦੇ ਗ਼ਲਤੀ ਹੁੰਦੀ ਸੀ ਤਾਂ ਉਸਨੂੰ ਮਹਿਸੂਸ ਵੀ ਕਰਦੇ ਸਨ। ਐਸੀਆਂ ਕਈ ਗੱਲਾਂ ਹਨ। ਸ੍ਰੀ ਮਾਨ ਭਾਈ ਸਾਹਿਬ ਵੀਰ ਸਿੰਘ ਜੀ ਨੇ ਭਾਈ ਸਾਹਿਬ ਸੇਵਾ ਸਿੰਘ ਜੀ ਐਡੀਟਰ ਖ਼ਾਲਸਾ ਸਮਾਚਾਰ ਦੀ ਰਾਹੀਂ ਭਾਈ ਸਾਹਿਬ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਫੇਰ ਭਾਈ ਸਾਹਿਬ ਵੀਰ ਸਿੰਘ ਜੀ ਨੇ ਭਾਈ ਸਾਹਿਬ ਦੀ ਆਤਮ ਅਵਸਥਾ ਬਾਰੇ ਵਾਕ ਲਿਆ ਤਾਂ ਏਹ ਵਾਕ ਆਇਆ:-

**ਸੋਰਠਿ ਮਹਲਾ ੯ ॥**

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**

**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥...**

*(ਅੰਗ ੬੩੩)*

ਪਰ ਹਾਲਾਤ ਐਸੇ ਹੋ ਗਏ ਕਿ ਮੇਲ ਨਾ ਹੋ ਸਕਿਆ। ਇਸੇ ਤਰ੍ਹਾਂ ਭਾਈ ਜੋਗਿੰਦਰ ਸਿੰਘ ਪਟਿਆਲਾ ਨੇ ਵੀ 1932 ਵਿਚ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਨਾਲ ਮਿਲਣ ਦੀ ਤਜਵੀਜ਼ ਕੀਤੀ, ਪਰ ਉਹ ਵੀ ਸਿਰੇ ਨ ਚੜ੍ਹੀ। ਏਨ੍ਹਾਂ ਦੋਹਾਂ ਸਜਣਾਂ ਨਾਲ ਮਿਲਾਪ ਨਾ ਹੋਣ ਨੂੰ ਭਾਈ ਸਾਹਿਬ ਨੇ ਗਲਬਾਤ ਕਰਦਿਆਂ ਅਕਤੂਬਰ 1958 ਵਿਚ ਮਹਿਸੂਸ ਕੀਤਾ ਸੀ।

*(ਪੰਜਾਬੀ ਰਤਨ ਲੁਧਿਆਣੇ ਦੇ ਵਿਸ਼ੇਸ਼ ਅੰਕ*
*੨੪ ਅਗਸਤ ੧੯੬੧ ਵਿਚੋਂ ਧੰਨਵਾਦ ਸਹਿਤ)*

***



www.AKJ.Org

# ਡਿੱਠੇ, ਸੁਣੇ ਤੇ ਹੱਡੀਂ ਵਾਪਰੇ ਬਿਰਤਾਂਤ

**ਭਾਈ ਸਾਹਿਬ ਭਾਈ ਸੁਰਜਨ ਸਿੰਘ ਜੀ ਗੁਜਰਵਾਲ**

### ਕਿਸ਼ਤ ਨੰ. 1 — ਸੂਰਾ ਮਾਸਿਕ ਪੱਤਰ ਅਪ੍ਰੈਲ-1966

ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ ਤਾਂ ਦਾਸ ਨੂੰ ਸੰਨ 1902 ਤੋਂ ਹੁੰਦੇ ਰਹੇ ਹਨ, ਪਰ ਰੱਬੀ ਰੰਗਾਂ ਵਿੱਚ ਰਤੇ ਹੋਇਆਂ ਦੇ ਅਸਲ ਅਨੂਠੇ ਦਰਸ਼ਨ ਸੰਨ 1911 ਵਿੱਚ ਹੋਏ। ਉਸ ਵਕਤ ਦੀਆਂ ਆਤਮਿਕ ਰੰਗਾਂ ਦੀਆਂ ਗੱਲਾਂ ਕਹਿਣ ਤੋਂ ਬਾਹਰ ਹਨ।

## ਅਖੰਡ-ਪਾਠ ਤੇ ਅੰਮ੍ਰਿਤ ਸਮਾਗਮ ਦਾ ਤੁਰਤ ਫੁਰਤੀ ਪ੍ਰਭਾਵ

ਦਾਸ ਨੇ ਸੰਨ 1911 ਵਿੱਚ, ਪਿੰਡ ਫਲੇਵਾਲ ਜ਼ਿਲ੍ਹਾ ਲੁਧਿਆਣਾ ਵਿੱਚ ਬਾਬਾ ਰਾਮ ਸਿੰਘ ਜੀ ਅਤੇ ਮਾਤਾ ਪ੍ਰੇਮ ਕੌਰ ਜੀ ਦੇ ਘਰ ਰਚੇ ਸਮਾਗਮ ਵਿੱਚ ਅੰਮ੍ਰਿਤ ਛਕਿਆ ਸੀ। ਬਾਬਾ ਜੀ ਦਾ ਰਿਸ਼ਤੇਦਾਰ ਸੱਜਣ ਗੰਠੀਏ ਦੀ ਬੀਮਾਰੀ ਨਾਲ ਜੁੜਿਆ ਪਿਆ ਸੀ, ਇਲਾਜ ਕਰਾ ਕਰਾ ਕੇ ਥਕ ਗਿਆ ਸੀ ਅਤੇ ਗੰਢੜੀ ਬੱਝੀ ਪਈ ਸੀ। ਇਨ੍ਹਾਂ ਨੂੰ ਇਕ ਜੱਥੇ ਦੇ ਸਿੰਘ ਦੀ ਪ੍ਰੇਰਨਾ ਦੁਆਰਾ ਇੱਛਾ ਹੋਈ ਕਿ ਜੇ ਮੇਰੀ ਬੀਮਾਰੀ ਹਟ ਜਾਏ ਤਾਂ ਮੈਂ, ਇਕ ਤਾਂ ਅਖੰਡ ਪਾਠ ਕਰਾਵਾਂਗਾ ਅਤੇ ਦੂਜਾ ਸਾਰਾ ਪ੍ਰਵਾਰ ਅੰਮ੍ਰਿਤ ਛਕਾਂਗੇ। ਇਸ ਕਰਕੇ ਭਾਈ ਸਾਹਿਬ ਜੀ ਨੇ, ਜੱਥੇ ਸਮੇਤ ਪਹੁੰਚ ਕੇ ਅਖੰਡ ਪਾਠ ਅਰੰਭ ਕਰ ਦਿੱਤਾ। ਇਸ ਦਾ ਫਲ ਇਹ ਹੋਇਆ ਕਿ ਜਦੋਂ ਅਖੰਡ ਪਾਠ ਮੱਧ ਵਿੱਚ ਆਇਆ ਤਾਂ ਇਸ ਸਿੰਘ ਨੂੰ ਦੋ ਸਿੰਘਾਂ ਨੇ ਫੜ ਕੇ ਖੜਾ ਕਰ ਦਿੱਤਾ, ਸਾਰੀ ਅਰਦਾਸ ਇਸ ਨੇ ਖੜੇ ਹੋ ਕੇ ਸੁਣੀ। ਅਖੰਡ ਪਾਠ ਦੇ ਭੋਗ ਦੀ ਸਮਾਪਤੀ ਦੇ ਬਾਦ ਸਾਰਾ ਪ੍ਰਵਾਰ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਗਿਆ। ਨਾਲ ਹੀ ਦਾਸ ਨੂੰ ਵੀ ਅੰਮ੍ਰਿਤ ਛਕਣ ਵਾਸਤੇ ਤਿਆਰ ਕੀਤਾ ਗਿਆ। ਪੰਜਾਂ ਪਿਆਰਿਆਂ ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪ ਵੀ ਸ਼ਾਮਲ ਸਨ।

ਅੰਮ੍ਰਿਤ ਸੰਚਾਰ ਹੋਇਆ, ਸਾਰੇ ਪਰਿਵਾਰ ਨੇ ਅੰਮ੍ਰਿਤ ਛਕਿਆ ਤੇ ਦਾਸ ਨੂੰ ਵੀ ਅੰਮ੍ਰਿਤ ਦੀ ਦਾਤ ਉੱਥੋਂ ਪ੍ਰਾਪਤ ਹੋਈ। ਜਿਹੜਾ ਸਿੰਘ ਬੀਮਾਰ ਸੀ, ਅੰਮ੍ਰਿਤ ਛਕਦੇ ਸਾਰ ਉਸ ਦੀ ਬਿਮਾਰੀ ਦੂਰ ਹੋ ਗਈ ਤੇ ਉਹ ਤੁਰਨ ਫਿਰਨ ਲੱਗ ਪਿਆ। ਦਾਸ ਦੀ ਹਾਲਤ ਨੂੰ ਉਸ ਵਕਤ ਗੁਰੂ ਸਰੂਪ ਪੰਜ ਪਿਆਰੇ ਦੇਖ ਰਹੇ ਸਨ, ਦਾਸ ਉਸ ਵਕਤ ਦਾ ਬਿਆਨ ਨਹੀਂ ਕਰ ਸਕਦਾ। ਪੰਦਰਾਂ ਦਿਨਾਂ ਤਕ ਮੇਰੀ ਹਾਲਤ ਇਸੇ ਤਰ੍ਹਾਂ ਬਾਵਰੀ ਜਿਹੀ ਰਹੀ।

## ਘਰ ਦਿਆਂ ਵੱਲੋਂ ਸਖ਼ਤੀ

ਦਾਸ ਦਾ ਪਿਤਾ ਦਾਸ ਦੀ ਹਾਲਤ ਨੂੰ ਦੇਖ ਕੇ ਗੁੱਸੇ ਹੋਣ ਲੱਗ ਪਿਆ। ਸਾਡਾ



www.AKJ.Org

ਘਰਾਣਾ ਤੇ ਸਭ ਰਿਸ਼ਤੇਦਾਰ ਨਾਮਧਾਰੀਏ ਸਨ। ਉਹ ਦਾਸ ਨਾਲ ਸਖ਼ਤ ਨਰਾਜ਼ ਹੋਏ। ਉਸ ਵਕਤ ਹੀ ਦਾਸ ਨਾਲ ਸਖ਼ਤੀ ਹੋਣੀ ਸ਼ੁਰੂ ਹੋ ਗਈ। ਸਾਡੇ ਰਿਸ਼ਤੇਦਾਰ ਨਾਮ-ਧਾਰੀਏ ਵੀ ਆ ਗਏ। ਦਾਸ ਨੂੰ ਥਮਲੇ ਨਾਲ ਨੂੜ ਦਿੱਤਾ ਗਿਆ। ਸੱਤ ਦਿਨਾਂ ਤੋਂ ਬਾਅਦ ਦਾਸ ਨੂੰ ਬੱਝੇ ਬਝਾਏ ਨੂੰ ਕੁੱਟਿਆ ਗਿਆ। ਡੰਡਾ ਦਾਸ ਦੇ ਹੱਥ ਵਿਚ ਫੜੇ ਹੋਏ ਗੁਟਕੇ ਤੇ ਲੱਗਾ। ਇਸ ਦਾ ਫਲ ਇਹ ਹੋਇਆ ਕਿ ਦਾਸ ਦੇ ਪਿਤਾ ਜੀ ਨੂੰ ਬੁਖ਼ਾਰ ਹੋ ਗਿਆ। ਅਖ਼ੀਰ ਦਾਸ ਨੂੰ ਖੋਲ੍ਹ ਦਿੱਤਾ ਗਿਆ।

## ਰਸ-ਪ੍ਰਾਪਤੀ ਦਾ ਕਾਰਨ ਕੀ ਸੀ?

ਦਾਸ ਛੁਟਦੇ ਸਾਰ ਹੀ ਨਾਰੰਗਵਾਲ, ਭਾਈ ਸਾਹਿਬ ਜੀ ਦੇ ਕੋਲ ਚਲਾ ਗਿਆ ਤੇ ਸਾਰਾ ਵਿਰਤਾਂਤ ਜਾ ਕੇ ਸੁਣਾਇਆ। ਭਾਈ ਸਾਹਿਬ ਜੀ ਬਹੁਤ ਖ਼ੁਸ਼ ਹੋਏ ਤੇ ਕਿਹਾ ਕਿ ਚੰਗਾ ਹੋਇਆ, ਤੁਸੀਂ ਆ ਗਏ। ਮੈਂ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਪੰਦਰਾਂ ਦਿਨ ਤਾਂ ਨਾਮ ਦੀ ਖੁਮਾਰੀ ਚੜ੍ਹੀ ਰਹੀ ਹੈ, ਹੁਣ ਕਿਉਂ ਹੱਟ ਗਈ ਹੈ? ਭਾਈ ਸਾਹਿਬ ਜੀ ਕਹਿਣ ਲਗੇ, "ਜਿਹੜੇ ਰਸ ਹੁਣ ਤਕ ਮਾਣੇ ਹਨ, ਇਹ ਪੰਜਾਂ ਪਿਆਰਿਆਂ ਦੀ ਕਮਾਈ ਦਾ ਫਲ ਸੀ। ਹੁਣ ਤੁਸੀਂ ਇਕਾਂਤ ਵਿੱਚ ਜਾਇਆ ਕਰੋ ਤੇ ਨਾਮ-ਅਭਿਆਸ ਦੀ ਕਮਾਈ ਕਰਿਆ ਕਰੋ।" ਦਾਸ ਨੇ ਫਿਰ ਭਾਈ ਸਾਹਿਬ ਜੀ ਦੇ ਨਾਲ ਹੀ ਢਾਬ ਤੇ ਜਾ ਕੇ ਨਾਮ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ।

ਇਹ ਢਾਬ ਗੁਜਰਵਾਲ ਤੇ ਨਾਰੰਗਵਾਲ ਦੇ ਬੰਨੇ ਤੇ ਹੈ। ਕਿਸੇ ਜ਼ਮਾਨੇ ਵਿੱਚ ਇਸ ਢਾਬ ਤੇ ਹੱਦ ਬੰਦੀ ਦੀ ਖ਼ਾਤਰ ਗੁਜਰਵਾਲ ਤੇ ਨਾਰੰਗਵਾਲ ਦੋਹਾਂ ਪਿੰਡਾਂ ਦੀ ਲੜਾਈ ਹੁੰਦੀ ਰਹਿੰਦੀ ਸੀ। ਲੋਕਾਂ ਦਾ ਖਿਆਲ ਸੀ ਕਿ ਏਥੇ ਰਾਤ ਨੂੰ ਹਾੜ ਬੋਲਦਾ ਹੈ ਤੇ ਲੋਕ ਡਰਦੇ ਮਾਰੇ ਰਾਤ ਨੂੰ ਇਸ ਰਸਤੇ ਘਟ ਹੀ ਆਉਂਦੇ ਸਨ।

**ਇਕ ਨਾਮ-ਅਭਿਆਸੀ ਗੁਪਤ ਸਿੰਘ ਦੀ ਵਾਰਤਾ** : ਇਕ ਦਫ਼ਾ ਰਾਤ ਦੇ ਬਾਰਾਂ ਵਜੇ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਕੁਝ ਸਿੰਘ ਕੋਠੇ ਤੇ ਬੈਠੇ ਨਾਮ ਅਭਿਆਸ ਕਰ ਰਹੇ ਸਨ। ਇਨ੍ਹਾਂ ਨੂੰ ਬੈਠਿਆਂ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਇਸ ਢਾਬ ਵੱਲੋਂ ਕਿਸੇ ਪੁਰਸ਼ ਦੀ ਨਾਮ ਜਪਣ ਦੀ ਆਵਾਜ਼ ਆਉਣ ਲੱਗ ਪਈ। ਭਾਈ ਸਾਹਿਬ ਜੀ ਤੇ ਸਾਥੀ ਸਿੰਘ ਉੱਠ ਕੇ ਢਾਬ ਵੱਲ ਤੁਰ ਪਏ। ਉਸ ਆਵਾਜ਼ ਦੀ ਸੇਧ ਨੂੰ ਤੁਰੀ ਗਏ। ਜਦੋਂ ਢਾਬ ਦੇ ਨੇੜੇ ਪਹੁੰਚੇ ਤਾਂ ਐਸਾ ਪਰਤੀਤ ਹੋਇਆ ਕਿ ਕੋਈ ਸਿੰਘ ਢਾਬ ਤੇ ਬੈਠਾ ਹੋਇਆ ਨਾਮ-ਅਭਿਆਸ ਕਰ ਰਿਹਾ ਸੀ। ਭਾਈ ਸਾਹਿਬ ਜੀ ਨੇ ਸਾਥੀ ਸਿੰਘਾਂ ਨੂੰ ਕਿਹਾ ਕਿ ਅਸੀਂ ਇਨ੍ਹਾਂ ਨੂੰ ਹੁਣ ਨਾ ਬੁਲਾਈਏ। ਜਦੋਂ ਉਜਾਲਾ ਹੋ ਜਾਵੇਗਾ ਤਾਂ ਫਿਰ ਇਸ ਸਿੰਘ ਜੀ ਦੇ ਦਰਸ਼ਨ ਕਰਾਂਗੇ। ਜਦੋਂ ਬੈਠਿਆਂ ਘੰਟੇ ਦੇ ਕਰੀਬ ਹੋਇਆ ਤਾਂ ਕਿਸੇ ਸਿੰਘ ਦੇ ਕੜ੍ਹੇ ਖੜਕ ਗਏ। ਇਹ ਅਭਿਆਸੀ ਸਿੰਘ ਉਠ ਦੌੜਿਆ ਤੇ ਰਜਵਾਹੇ ਵਿੱਚ ਜਾ ਬੈਠਾ। ਭਾਈ ਸਾਹਿਬ ਜੀ ਤੇ ਸਾਥੀ ਸਿੰਘ ਪਿੱਛੇ-ਪਿੱਛੇ ਗਏ ਤੇ ਫਿਰ ਉਹੋ ਆਵਾਜ਼ ਨਾਮ ਜਪਣ ਦੀ ਆਉਣ ਲੱਗ ਪਈ। ਸਾਰੇ ਸਜਣ ਕੁਛ ਦੂਰ ਹੀ ਬੈਠ ਗਏ, ਏਸ ਨਾਮ-ਅਭਿਆਸੀ ਸਿੰਘ ਦੀ ਇਤਨੀ ਕਮਾਈ ਵੱਧ ਗਈ ਸੀ ਕਿ ਇਸ ਦੇ ਸਾਰੇ ਸਰੀਰ ਵਿਚੋਂ ਨਾਮ ਦੀਆਂ ਧੁਨੀਆਂ ਸੁਣਾਈ ਦੇਣ ਲੱਗ ਪਈਆਂ। ਇੰਨੇ ਨੂੰ ਸਾਡੇ ਵਿਚੋਂ ਕਿਸੇ ਸਿੰਘ ਦੇ ਕੜ੍ਹੇ ਖੜਕ ਗਏ ਤੇ



www.AKJ.Org

ਉਹ ਨਾਮ-ਅਭਿਆਸੀ ਸਿੰਘ ਕੜ੍ਹੇ ਖੜਕਣ ਦੀ ਆਵਾਜ਼ ਸੁਣਦੇ ਸਾਰ ਹੀ ਉੱਠ ਕੇ ਦੌੜ ਪਿਆ। ਮੁੜਕੇ ਫੇਰ ਕਦੀ ਵੀ ਉਸ ਦੇ ਦਰਸ਼ਨ ਨਹੀਂ ਹੋਏ। ਇਹ ਬਿਰਤਾਂਤ ਭਾਈ ਸਾਹਿਬ ਜੀ ਨੇ ਮੈਨੂੰ ਸੁਣਾਇਆ ਸੀ, ਮੈਂ ਖ਼ੁਦ ਨਾਲ ਨਹੀਂ ਸੀ।

***

## ਕਿਸ਼ਤ ਨੰ. 2 — ਸੂਰਾ ਮਾਸਿਕ ਪੱਤਰ ਮਈ-1966

### ਭਾਈ ਗੁਰਬਖਸ਼ ਸਿੰਘ ਦਾ ਪ੍ਰੇਮ

ਇਕ ਵਾਰੀ ਦਾ ਜ਼ਿਕਰ ਹੈ ਕਿ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਢਾਬ ਤੇ ਬੈਠੇ ਸਨ। ਆਪ ਜੀ ਦੇ ਪ੍ਰੇਮੀ, ਭੁਝੰਗੀ ਜੱਥਾ ਖ਼ਾਲਸਾ ਮਾਲਵਾ ਹਾਈ ਸਕੂਲ ਲੁਧਿਆਣੇ ਦੇ ਕੁਝ ਭੁਝੰਗੀ, ਆਪ ਜੀ ਨੂੰ ਮਿਲਣ ਲਈ ਨਾਰੰਗਵਾਲ ਤੋਂ ਹੋ ਕੇ ਢਾਬ ਤੇ ਪਹੁੰਚੇ। ਭਾਈ ਸਾਹਿਬ ਜੀ ਦਾ ਇਹ ਖ਼ਿਆਲ ਸੀ ਕਿ ਇਨ੍ਹਾਂ ਭੁਝੰਗੀਆਂ ਨੇ ਤਾਂ ਪੈਰਾਂ ਨੂੰ ਚਿੰਬੜਨਾ ਹੈ। ਸੋ ਜਦੋਂ ਇਹ ਭੁਝੰਗੀ ਢਾਬ ਦੇ ਨੇੜੇ ਪਹੁੰਚੇ ਤਾਂ ਇਨ੍ਹਾਂ ਨੂੰ ਦੇਖ ਕੇ ਭਾਈ ਸਾਹਿਬ ਜੀ ਡੂੰਘੇ ਪਾਣੀ ਵਿੱਚ ਵੜ ਗਏ ਤਾਂ ਕਿ ਇਹ ਪ੍ਰੇਮੀ (ਭੁਝੰਗੀ) ਪੈਰਾਂ ਨੂੰ ਹੱਥ ਨਾ ਲਾ ਸਕਣ। ਪਰ ਇਕ ਪ੍ਰੇਮੀ ਭੁਝੰਗੀ ਨੇ ਸਣੇ ਕਪੜੇ ਤੇ ਬੂਟਾਂ ਦੇ ਪਾਣੀ ਵਿੱਚ ਛਾਲ ਮਾਰ ਦਿੱਤੀ ਅਤੇ ਭਾਈ ਸਾਹਿਬ ਜੀ ਦੇ ਚਰਨਾਂ ਨੂੰ ਚਿੰਬੜ ਗਿਆ। ਇਸ ਭੁਝੰਗੀ ਦੇ ਸਾਰੇ ਕਪੜੇ ਭਿਜ ਗਏ। ਭਾਈ ਸਾਹਿਬ ਜੀ ਨੇ ਇਸ ਪ੍ਰੇਮੀ ਨੂੰ ਗੱਲ ਨਾਲ ਲਾ ਲਿਆ ਅਤੇ ਪਾਣੀ ਤੋਂ ਬਾਹਰ ਕੱਢ ਲਿਆਏ। ਇਹ ਸਿੰਘ ਕਮਾਲਪੁਰੇ ਤੋਂ ਭਾਈ ਗੁਰਬਖਸ਼ ਸਿੰਘ ਸੀ, ਜਿਸ ਦਾ ਜ਼ਿਕਰ 'ਜੇਲ ਚਿੱਠੀਆਂ' ਤੇ 'ਰੰਗਲੇ ਸਜਣ' ਪੁਸਤਕਾਂ ਵਿੱਚ ਭੀ ਆਇਆ ਹੈ।

### ਭਾਈ ਸਾਹਿਬ ਜੀ ਦੀ ਦ੍ਰਿੜਤਾ

ਦਾਸ ਨੂੰ ਭਾਈ ਸਾਹਿਬ ਜੀ ਨੇ ਦਸਿਆ, ਕਿ ਮੈਂ ਜਦੋਂ ਪਹਿਲੇ ਪਹਿਲ ਏਸ ਢਾਬ ਤੇ ਸਮਾਧੀ ਵਿੱਚ ਬਹਿੰਦਾ ਹੁੰਦਾ ਸਾਂ ਤਾਂ ਮੈਨੂੰ ਬਹੁਤ ਭੈ ਵਾਲੀਆਂ ਬਲਾਈਆਂ ਡਰਾਉਂਦੀਆਂ ਸਨ, ਪਹਿਲੇ ਪਹਿਲ ਫਨੀਅਰ ਸੱਪ ਮੇਰੇ ਮੂਹਰੇ ਫਰਾਂਟੇ ਮਾਰਦੇ ਹੁੰਦੇ ਸਨ, ਫੇਰ ਕਈ ਦਿਨ ਸਾਂਢ ਆ ਕੇ ਮੈਨੂੰ ਸੁੰਘਦੇ ਤੇ ਭੈ ਦਿੰਦੇ ਰਹੇ ਪਰ ਮੈਂ ਇਨ੍ਹਾਂ ਡਰਾਉਣੀਆਂ ਘਟਨਾਵਾਂ ਵੱਲ ਸੁਰਤ ਹੀ ਨਹੀਂ ਲਿਆਉਂਦਾ ਸਾਂ। ਸਗੋਂ ਮੈਂ ਇਕ ਗੁਰਬਾਣੀ ਦੀ ਤੁਕ ਕੰਠ ਕੀਤੀ ਹੋਈ ਸੀ ਜੋ ਕਿ ਮੈਂ ਪੜ੍ਹਦਾ ਰਹਿੰਦਾ ਸਾਂ —

**"ਗੁਰ ਕਾ ਬਚਨੁ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥"**

### ਜੰਗਲ ਵਿੱਚ ਮੰਗਲ

ਇਸ ਢਾਬ ਤੇ ਕੀਰਤਨ ਭੀ ਹੁੰਦੇ ਰਹਿੰਦੇ ਸਨ। ਇਕ ਵਾਰ ਦਾ ਜ਼ਿਕਰ ਹੈ, ਸ਼ਾਮ ਨੂੰ ਇਕ ਸਿੰਘ ਨੇ ਸੋਦਰ ਰਹਿਰਾਸ ਜੀ ਦਾ ਪਾਠ ਸਮਾਪਤ ਕੀਤਾ, ਫੇਰ ਅਰਦਾਸ ਕੀਤੀ ਜੋ ਤਕਰੀਬਨ ਅੱਧੇ ਘੰਟੇ ਵਿੱਚ ਸਮਾਪਤ ਹੋਈ ਹੋਵੇਗੀ। ਨਾਲ ਹੀ ਉਸ ਸਿੰਘ ਦਾ ਰੁਦਨ ਛੁਟ



www.AKJ.Org

ਪਿਆ। ਏਨੇ ਨੂੰ ਭੈਣ ਕਰਤਾਰ ਕੌਰ ਜੀ (ਭਾਈ ਸਾਹਿਬ ਜੀ ਦੀ ਸੁਪਤਨੀ) ਪਰਸ਼ਾਦੇ ਸਾਰੇ ਸਿੰਘਾਂ ਵਾਸਤੇ ਢਾਬ ਤੇ ਹੀ ਲੈ ਆਏ। ਪਰਸ਼ਾਦੇ ਛਕ ਕੇ ਏਥੇ ਹੀ ਕੀਰਤਨ ਹੋਣ ਲੱਗ ਪਿਆ। ਸਾਰੀ ਰਾਤ ਏਸੇ ਹੀ ਰੰਗ ਵਿੱਚ ਗੁਜ਼ਰ ਗਈ।

## ਪ੍ਰੇਮ ਖਿਚਾਂ

ਇਕ ਵਾਰ ਦਾ ਜ਼ਿਕਰ ਹੈ, ਸ੍ਰੀ ਮਾਨ ਭਾਈ ਸਾਹਿਬ ਜੀ ਇਕੱਲੇ ਹੀ ਏਸ ਢਾਬ ਤੇ ਬੈਠੇ ਸਨ। ਆਪ ਸਿਮਰਨ ਦੇ ਰੰਗਾਂ ਵਿੱਚ ਸਨ ਤੇ ਇਧਰ ਲੁਧਿਆਣੇ ਖ਼ਾਲਸਾ ਹਾਈ ਸਕੂਲ ਦੇ ਭੁਝੰਗੀਆਂ ਨੇ ਆਪਸ ਵਿੱਚ ਸਲਾਹ ਕੀਤੀ ਕਿ ਭਾਈ ਸਾਹਿਬ ਜੀ ਨੂੰ ਸੁਰਤ ਰਾਹੀਂ ਵਾਇਰਲੈੱਸ ਭੇਜੀਏ। ਇਹ ਭੁਝੰਗੀ ਰੇਲਵੇ ਦੇ ਪੁਲ ਦੇ ਆਸ-ਪਾਸ ਸਮਾਧੀਆਂ ਲਾ ਕੇ ਬੈਠ ਗਏ। ਉਧਰ ਕੁਛ ਚਿਰ ਬਾਦ ਭਾਈ ਸਾਹਿਬ ਜੀ ਨੂੰ ਢਾਬ ਤੇ ਬੈਠਿਆਂ ਨੂੰ ਅੰਤਰ ਆਤਮੇ ਖਿੱਚ ਪਈ। ਵਾਹੋ ਦਾਹੀ ਭਜੇ। ਰਾਏ ਪੁਰ ਸਟੇਸ਼ਨ ਤੋਂ ਗੱਡੀ ਵਿੱਚ ਬੈਠ ਕੇ ਲੁਧਿਆਣੇ ਪਹੁੰਚ ਗਏ। ਜਦੋਂ ਭੁਝੰਗੀਆਂ ਨੇ ਦੇਖਿਆ, ਤਾਂ ਕਹਿਣ ਲੱਗ ਪਏ, "ਹੱਦ ਹੋ ਗਈ, ਸਾਡੀ ਵਾਇਰਲੈੱਸ ਪਹੁੰਚ ਗਈ।" ਇਹ ਸਾਰਾ ਬਿਰਤਾਂਤ ਭਾਈ ਸਾਹਿਬ ਜੀ ਨੇ ਦਾਸ ਨੂੰ ਸੁਣਾਇਆ ਸੀ।

## ਅਖੰਡ ਪਾਠ ਤੇ ਅੰਮ੍ਰਿਤ ਸੰਚਾਰ ਸਮਾਗਮ

ਭਾਈ ਸਾਹਿਬ ਜੀ ਆਪ ਭੀ ਅਖੰਡ ਪਾਠ ਕਰਿਆ ਕਰਦੇ ਸਨ ਤੇ ਅਖੰਡ ਪਾਠ ਕਰਨ ਵੇਲੇ ਅਖੰਡ ਪਾਠੀਆਂ ਦੇ ਪਾਠ ਦੀ ਸੁਧਾਈ ਵੀ ਕਰਿਆ ਕਰਦੇ ਸਨ। ਫੇਰ ਪਾਠੀਆਂ ਨੂੰ ਹਦਾਇਤ ਸੀ ਕਿ ਸਾਰੇ ਪਾਠੀ ਨਾਲੇ ਪਾਠ ਕਰਨ, ਨਾਲੇ ਅਖੰਡ ਮੰਡਲ ਵਿੱਚ ਬੈਠ ਕੇ ਪਾਠ ਸੁਣਨ। ਸਿਰਫ਼ ਮੈਦਾਨ ਜਾਂ ਇਸ਼ਨਾਨ ਵਾਸਤੇ ਹੀ ਬਾਹਰ ਜਾਂਦੇ ਸਨ। ਪਾਠੀਆਂ ਦੀਆਂ ਰੌਲਾਂ ਕੋਈ ਨਹੀਂ ਸੀ ਲਿਖਦਾ। ਇਕ ਪਾਠੀ ਪਾਠ ਕਰ ਰਿਹਾ ਹੈ, ਦੂਜਾ ਪਾਠੀ ਆਪਣੇ ਆਪ ਹੀ ਜਾ ਕੇ ਪਾਠ ਕਰਨ ਲੱਗ ਪੈਂਦਾ ਸੀ। ਕਈ ਵਾਰੀ ਦੇਖਣ ਵਿੱਚ ਆਇਆ ਕਿ ਦੂਜੇ ਪਾਠੀ ਨੂੰ ਰੁਦਨ ਕਰਦੇ ਨੂੰ ਮਸਾਂ-ਮਸਾਂ ਜਾ ਕੇ ਉਠਾਉਣਾ।

ਜਿੰਨ੍ਹਾਂ ਗੁਰਮੁਖਾਂ ਅੰਮ੍ਰਿਤ ਦੀ ਦਾਤ ਲੈਣੀ ਹੁੰਦੀ, ਉਹ ਪੁਰਸ਼ ਭੀ ਸਾਰਾ ਅਖੰਡ ਪਾਠ ਸਰਵਣ ਕਰਦੇ। ਅਖੰਡ ਪਾਠ ਦੇ ਭੋਗ ਦੇ ਬਾਅਦ ਆਸਾ ਦੀ ਵਾਰ ਦਾ ਕੀਰਤਨ ਤੇ ਉਸ ਤੋਂ ਬਾਅਦ ਅੰਮ੍ਰਿਤ ਸੰਚਾਰ ਸਮਾਗਮ ਅਰੰਭ ਹੁੰਦਾ ਸੀ। ਪੰਜਾਂ ਸਿੰਘਾਂ ਨੂੰ ਹੀ ਅੰਮ੍ਰਿਤ ਛਕਾਉਣ ਦਾ ਅਧਿਕਾਰ ਹੁੰਦਾ ਹੈ, ਪੰਜਾਂ ਨੇ ਹੀ ਚੁਲਾ ਦੇਣਾ ਹੁੰਦਾ ਹੈ, ਪੰਜਾਂ ਨੇ ਹੀ ਕੇਸਾਂ ਵਿੱਚ ਅੰਮ੍ਰਿਤ ਸੰਚਾਰ ਕਰਨਾ ਹੁੰਦਾ ਹੈ ਤੇ ਪੰਜਾਂ ਨੇ ਹੀ ਨੇਤਰਾਂ ਵਿੱਚ ਅੰਮ੍ਰਿਤ ਦੇ ਛਟੇ ਮਾਰਨੇ ਹੁੰਦੇ ਹਨ। ਭਾਈ ਸਾਹਿਬ ਜੀ ਇਸ ਗੱਲ ਦੇ ਬਹੁਤ ਕਾਇਲ ਸਨ ਕਿ ਕੋਈ ਇਕੱਲਾ ਮਹੰਤ ਨਹੀਂ ਬਣ ਬੈਠਣਾ ਚਾਹੀਦਾ।

## ਪੰਜ ਪਿਆਰੇ ਕਦੋਂ ਤਕ?

ਇਕ ਦਿਨ ਦਾਸ ਨੇ ਸਵਾਲ ਕੀਤਾ, "ਇਹ ਪੰਜ ਪਿਆਰੇ ਕਦ ਤਕ ਪੰਜ ਪਿਆਰੇ ਹਨ?" ਉਨ੍ਹਾਂ ਨੇ ਉੱਤਰ ਵਿੱਚ ਕਿਹਾ, "ਜਦੋਂ ਅੰਮ੍ਰਿਤ ਛਕਾਉਣ ਵਾਸਤੇ ਪੰਜ ਪਿਆਰੇ



www.AKJ.Org

ਤਿਆਰ-ਬਰ-ਤਿਆਰ ਹੋ ਗਏ ਤੇ ਅੰਮ੍ਰਿਤ ਤਿਆਰ ਕਰਨ ਦਾ ਅਰਦਾਸਾ ਸੋਧਿਆ ਗਿਆ, ਉਸ ਸਮੇਂ ਤੋਂ ਅੰਮ੍ਰਿਤ ਤਿਆਰ ਹੋ ਕੇ ਅੰਮ੍ਰਿਤ ਛਕਾਉਣ ਦਾ ਅਰਦਾਸਾ ਹੋ ਜਾਣ ਤਕ ਪੰਜ ਪਿਆਰੇ ਹਨ ਉਸ ਤੋਂ ਬਾਅਦ ਜਿਸ ਤਰ੍ਹਾਂ ਆਮ ਸੰਗਤ ਹੈ ਉਸੇ ਰੂਪ ਵਿੱਚ।"

## ਅਖੰਡ ਪਾਠ ਸਮੇਂ ਮਿੱਟੀ ਦਾ ਤੇਲ ਵਰਤਣ ਤੋਂ ਸੰਕੋਚ

ਦਸ ਇਕ ਵਾਰ ਭਾਈ ਸਾਹਿਬ ਜੀ ਨਾਲ ਮੁਲਾਕਾਤ ਕਰਨ ਲਈ ਹਜ਼ਾਰੀ ਬਾਗ ਜੇਲ੍ਹ ਵਿੱਚ ਗਿਆ। ਮੁਲਾਕਾਤ ਸਮੇਂ ਦਾਸ ਨੂੰ ਭਾਈ ਸਾਹਿਬ ਜੀ ਨੇ ਕਹਿਆ, "ਤੁਸੀਂ ਜਿਹੜੇ ਅਖੰਡ ਪਾਠ ਕਰਦੇ ਹੋ, ਉਨ੍ਹਾਂ ਦੇ ਦੌਰਾਨ ਮੈਨੂੰ ਮਿੱਟੀ ਦੇ ਤੇਲ ਦੀ ਬੋ ਆਉਂਦੀ ਰਹਿੰਦੀ ਹੈ।" ਦਾਸ ਨੇ ਆ ਕੇ ਕਈ ਸਿੰਘਾਂ ਨੂੰ ਬੇਨਤੀ ਕੀਤੀ ਕਿ ਅਖੰਡ ਪਾਠ ਕਰਨ ਲਗਿਆਂ ਰਾਤ ਨੂੰ ਮਿੱਟੀ ਦਾ ਤੇਲ ਨਾ ਜਲਾਇਆ ਕਰੋ। ਕਈ ਹਟ ਗਏ, ਕਈ ਅਜੇ ਭੀ ਮਿੱਟੀ ਦਾ ਤੇਲ ਜਲਾ ਲੈਂਦੇ ਹਨ, ਪਰ ਇਹ ਮਰਿਆਦਾ ਠੀਕ ਨਹੀਂ।

## ਅੰਮ੍ਰਿਤ ਦਾ ਸਤਿਕਾਰ

ਦਾਸ ਨੂੰ ਅੰਮ੍ਰਿਤ ਛਕਾਉਣ ਦੀ ਸੇਵਾ ਵਿੱਚ ਬਹੁਤ ਵਾਰ ਲਿਆ ਜਾਇਆ ਕਰਦਾ ਸੀ। ਇਕ ਵਾਰ ਇਕ ਸਿੰਘ ਨੇ ਸਿਫ਼ਾਰਸ਼ ਕੀਤੀ ਕਿ ਇਕ ਬਾਹਰ ਬੈਠੇ ਪ੍ਰਾਣੀ ਨੂੰ ਭੀ ਇਕ ਅੰਮ੍ਰਿਤ ਦਾ ਚੁਲਾ ਦੇ ਦਿੱਤਾ ਜਾਵੇ। ਵਿਚਾਰ ਹੋਈ ਕਿ ਜੇ ਉਸ ਪ੍ਰਾਣੀ ਤੋਂ ਕੋਈ ਗਲਤੀ ਹੋ ਗਈ ਹੈ ਤਾਂ ਆ ਕੇ ਪੰਜਾਂ ਪਿਆਰਿਆਂ ਦੇ ਪੇਸ਼ ਹੋਵੇ। ਫੇਰ ਜੇ ਪੰਜਾਂ ਪਿਆਰਿਆਂ ਨੇ ਸਮਝਿਆ ਕਿ ਇਹ ਅੰਮ੍ਰਿਤ ਦਾ ਅਧਿਕਾਰੀ ਹੈ ਤਾਂ ਅੰਮ੍ਰਿਤ ਛਕਾਇਆ ਜਾ ਸਕਦਾ ਹੈ, ਪਰ ਅੰਮ੍ਰਿਤ ਨੂੰ ਬਾਹਰ ਲੈ ਜਾਣਾ ਗੁਰਮਤਿ ਦੇ ਉਲਟ ਹੈ।

## ਮੁੱਢਲੀ ਅਵਸਥਾ ਵਿੱਚ ਡਿੱਠਾ-ਅਖੰਡ ਪਾਠ ਸਮਾਗਮ

ਇਕ ਵਾਰ ਦਾ ਜ਼ਿਕਰ ਹੈ ਕਿ ਸ੍ਰੀ ਮਾਨ ਬਾਊ ਮਲ ਸਿੰਘ ਜੀ ਫੌਜ ਵਿਚੋਂ ਛੁੱਟੀ ਲੈ ਕੇ ਨਾਰੰਗਵਾਲ ਆਏ ਅਤੇ ਆਪਣੇ ਪਿੰਡ ਸਰਲੀ ਨੇੜੇ ਨਾਗੋਕੇ, ਜ਼ਿਲ੍ਹਾਂ ਅੰਮ੍ਰਿਤਸਰ ਅਖੰਡ ਪਾਠ ਅਰੰਭ ਕਰਨ ਲਈ ਭਾਈ ਸਾਹਿਬ ਜੀ ਪਾਸੋਂ ਤਾਰੀਖ ਮੰਗੀ। ਭਾਈ ਸਾਹਿਬ ਜੀ ਨੇ ਮਨਜ਼ੂਰੀ ਦੇ ਦਿੱਤੀ। ਬਾਊ ਜੀ ਉਸੇ ਵਕਤ ਆਪਣੇ ਪਿੰਡ ਨੂੰ ਚਲੇ ਗਏ। ਪਿਛੋਂ ਸਾਰਾ ਜੱਥਾ ਨਾਰੰਗਵਾਲ ਤੋਂ ਇਕੱਠਾ ਹੋ ਕੇ ਅਖੰਡ ਪਾਠ ਅਰੰਭ ਕਰਨ ਤੋਂ ਇਕ ਦਿਨ ਪਹਿਲਾਂ ਕਿਲਾ ਰਾਏਪੁਰ ਤੋਂ ਗੱਡੀ ਚੜ੍ਹ ਕੇ ਤੁਰ ਪਿਆ। ਗੱਡੀ ਵਿੱਚ ਹੀ ਕੀਰਤਨ ਸ਼ੁਰੂ ਹੋ ਗਿਆ। ਚਾਰ ਘੰਟਿਆਂ ਵਿੱਚ ਅਸੀਂ ਟਾਂਗਰੇ ਸਟੇਸ਼ਨ ਤੇ ਪਹੁੰਚੇ। ਏਹ ਨਜ਼ਾਰਾ ਦੇਖਣ ਵਾਲਾ ਸੀ। ਜਦੋਂ ਸਟੇਸ਼ਨ ਤੋਂ ਬਾਹਰ ਨਿਕਲੇ ਤਾਂ ਅੱਗੋਂ ਬਾਊ ਜੀ ਸਟੇਸ਼ਨ ਤੇ ਨੰਗੇ ਪੈਰੀਂ ਪਹੁੰਚੇ ਹੋਏ ਸਨ। ਛਪਾਲ ਕਰਕੇ ਬਾਊ ਜੀ ਆਪਣੀ ਮਸਤੀ ਵਿੱਚ ਹੀ ਡਿੱਗ ਪਏ। ਜੱਥਾ ਕੀਰਤਨ ਕਰੀ ਗਿਆ। ਬਾਊ ਜੀ ਦੀ ਹਾਲਤ ਨੂੰ ਸਾਰਾ ਜੱਥਾ ਦੇਖ ਰਿਹਾ ਸੀ। ਭਾਈ ਸਾਹਿਬ ਜੀ ਨੇ ਬਾਊ ਜੀ ਨੂੰ ਚੁੱਕ ਕੇ ਗਲੇ ਨਾਲ ਲਾ ਲਿਆ। ਜੱਥਾ ਕੀਰਤਨ ਕਰਦਾ ਹੋਇਆ, ਸਰਲੀ ਪਿੰਡ ਨੂੰ ਤੁਰ ਪਿਆ। ਇਸ ਸਮੇਂ ਬਾਊ ਜੀ ਦੀ ਬਹੁਤ ਹੀ ਵੈਰਾਗ ਮਈ ਅਵਸਥਾ ਸੀ। ਉਹ ਮੁੱਖੋਂ ਸ਼ਬਦ ਪੜ੍ਹ ਰਹੇ ਸਨ-



www.AKJ.Org

**'ਧੂੜੀ ਵਿਚ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥'**

ਚਾਰ ਪੰਜ ਮੀਲ ਕੀਰਤਨ ਹੀ ਹੁੰਦਾ ਗਿਆ। ਜਦੋਂ ਸਰਲੀ ਪਿੰਡ ਜੱਥਾ ਪਹੁੰਚਿਆ ਤਾਂ ਸਾਰਾ ਪਿੰਡ ਜੱਥੇ ਦਾ ਕੀਰਤਨ ਸੁਣਨ ਵਾਸਤੇ ਬਾਹਰ ਆ ਗਿਆ। ਜੱਥਾ ਕੀਰਤਨ ਦੇ ਰੰਗਾਂ ਵਿੱਚ ਹੀ ਬਾਊ ਜੀ ਦੇ ਘਰ ਪਹੁੰਚਿਆ। ਬਾਊ ਜੀ ਮਸਤ ਅਲਮਸਤ ਸਨ। ਭੈਣ ਨਿਹਾਲ ਕੌਰ ਨੂੰ ਕਹਿ ਰਹੇ ਸਨ, ਅੱਜ ਅਕਾਲ ਪੁਰਖ (ਸੰਗਤ ਦੇ ਰੂਪ ਵਿੱਚ) ਘਰ ਵਿੱਚ ਆ ਗਿਆ ਹੈ। ਰੱਜ ਕੇ ਸੇਵਾ ਕਰ, ਫਿਰ ਇਹ ਵੇਲਾ ਹੱਥ ਨਹੀਂ ਆਉਣਾ।

ਜੱਥੇ ਨੇ ਜਿੱਥੇ ਅਖੰਡ ਪਾਠ ਰੱਖਣਾ ਸੀ, ਉੱਥੇ ਫਿਰ ਕੀਰਤਨ ਸ਼ੁਰੂ ਕਰ ਦਿੱਤਾ। ਕਿਸੇ ਪ੍ਰਸ਼ਾਦਾ ਛਕਿਆ ਤੇ ਕਈ ਰੱਬੀ ਰੰਗਾਂ ਵਿੱਚ ਹੀ ਮਸਤ ਰਹੇ। ਦੋ ਘੰਟੇ ਦੇ ਕਰੀਬ ਹੀ ਆਰਾਮ ਕੀਤਾ ਹੋਵੇਗਾ। ਫੇਰ ਉੱਠ ਕੇ ਇਸ਼ਨਾਨ ਕਰਨ ਪਿੱਛੋਂ ਆਸਾ ਕੀ ਵਾਰ ਦਾ ਕੀਰਤਨ ਅਰੰਭ ਹੋ ਗਿਆ। ਤਕਰੀਬਨ ਦਸ ਕੁ ਵਜੇ ਕੀਰਤਨ ਦਾ ਭੋਗ ਪਿਆ। ਫੇਰ ਅਖੰਡ ਪਾਠ ਅਰੰਭ ਹੋ ਗਿਆ। ਸਾਰੇ ਪਾਠੀ ਤੇ ਸਰੋਤੇ ਪੁਰਸ਼ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਹੀ ਬੈਠ ਗਏ। ਬਾਊ ਜੀ ਤਾਂ ਆਪਣੇ ਹੀ ਰੰਗਾਂ ਵਿੱਚ ਮਸਤ ਅਲਮਸਤ ਬੈਠੇ ਹੀ ਰਹਿੰਦੇ ਸਨ। ਭੈਣ ਨਿਹਾਲ ਕੌਰ ਤੋਂ ਜੋ ਕੁਛ ਮੰਗੀਦਾ ਸੀ ਸੋ ਮਿਲ ਜਾਂਦਾ ਸੀ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਸਾਰਾ ਅਖੰਡ ਪਾਠ ਇਕੋ ਸਮਾਧੀ ਵਿੱਚ ਬੈਠ ਕੇ ਸੁਣਿਆ। ਦਾਸ ਅਜੇ ਨਵਾਂ-ਨਵਾਂ ਸੀ ਦੇਖ-ਦੇਖ ਕੇ ਹੈਰਾਨ ਹੋਵੇ। ਨਾਲ ਹੀ ਮਨ ਵਿੱਚ ਆਖੇ ਕਿ ਇਹ ਕਾਹਦੇ ਬਣੇ ਹੋਏ ਹਨ ? ਕੀਰਤਨ ਕਰਦੇ ਥੱਕਦੇ ਨਹੀਂ, ਨਾਲ ਹੀ ਅਖੰਡ ਪਾਠ ਕਰੀ ਜਾਂਦੇ ਹਨ। ਸੌਂਦੇ ਭੀ ਨਹੀਂ ਤੇ ਆਰਾਮ ਭੀ ਘਟ ਹੀ ਜਾਂ ਮਾਮੂਲੀ ਜਿਹਾ ਹੀ ਕਰਦੇ ਹਨ।

ਤੀਸਰੇ ਦਿਨ ਅਖੰਡ ਪਾਠ ਦਾ ਭੋਗ ਪੈ ਗਿਆ। ਕੀਰਤਨ ਅਰੰਭ ਹੋ ਗਿਆ। ਦਿਨ ਦੇ ਬਾਰਾਂ ਵਜੇ ਭੋਗ ਪਿਆ ਹੋਵੇਗਾ। ਉਸ ਤੋਂ ਬਾਅਦ ਪ੍ਰਸ਼ਾਦਾ ਤਿਆਰ ਸੀ, ਪਰ ਛਕਣ ਨੂੰ ਕੋਈ ਤਿਆਰ ਨਹੀਂ ਸੀ, ਸਭ ਰੱਬੀ ਰੰਗਾਂ ਵਿੱਚ ਰੰਗੀਜੇ ਪਏ ਸਨ, ਅੱਖਾਂ ਵਿੱਚ ਮਸਤੀ ਸੀ, ਬੋਲਦਾ ਕੋਈ ਨਹੀਂ ਸੀ। ਦਾਸ ਵਰਗੇ ਅਣਜਾਣ ਪੁਰਸ਼ ਦੇਖ ਕੇ ਹੈਰਾਨ ਹੋ ਰਹੇ ਸਨ।

ਸਭ ਦੀਆਂ ਬਾਵਰੀਆਂ ਹਾਲਤਾਂ ਹੋ ਰਹੀਆਂ ਸਨ। ਦਾਸ ਵਿੱਚ ਤਾਂ ਇਤਨਾ ਪ੍ਰੇਮ ਨਹੀਂ ਸੀ, ਪਰ ਦਾਸ ਇਨ੍ਹਾਂ ਸਾਰੇ ਰੰਗਲੇ ਸੱਜਣਾਂ ਨੂੰ ਦੇਖ-ਦੇਖ ਕੇ ਤ੍ਰਿਪਤ ਹੋਈ ਜਾਂਦਾ ਸੀ।

***

# ਸਰਲੀ ਤੋਂ ਦਰਬਾਰ ਸਾਹਿਬ ਦੀ ਯਾਤਰਾ

## ਕਿਸ਼ਤ ਨੰ. 3 — ਸੂਰਾ ਮਾਸਿਕ ਪੱਤਰ, ਜੁਲਾਈ-1966

ਸਰਲੀ ਪਿੰਡ ਤੋਂ ਸਾਰਾ ਕੀਰਤਨ ਦਾ ਕੰਮ ਸਮਾਪਤ ਕਰਕੇ, ਕਮਰਕਸੇ ਕਰ ਕੇ, ਤਿਆਰੀ ਦਾ ਅਰਦਾਸਾ ਸੋਧਿਆ ਗਿਆ ਅਤੇ ਅਸੀਂ ਸਾਰੇ ਟਾਂਗਰੇ ਸਟੇਸ਼ਨ ਵੱਲ ਨੂੰ ਤੁਰ ਪਏ, ਰਸਤੇ ਵਿਚ ਫਿਰ ਕੀਰਤਨ ਅਰੰਭ ਹੋ ਗਿਆ। ਅਸੀਂ ਟਾਂਗਰੇ ਸਟੇਸ਼ਨ 'ਤੇ ਪਹੁੰਚੇ ਤੇ ਗੱਡੀ ਵਿਚ ਬੈਠ ਗਏ। ਗੱਡੀ ਵਿਚ ਬੈਠ ਕੇ, ਫਿਰ ਕੀਰਤਨ ਅਰੰਭ ਹੋ ਗਿਆ। ਅਸੀਂ ਰਾਤ ਦੇ ਬਾਰਾਂ ਵਜੇ ਦੇ ਕਰੀਬ, ਸ੍ਰੀ ਅੰਮ੍ਰਿਤਸਰਸ ਜੀ ਪਹੁੰਚੇ। ਅਸੀਂ ਬਜ਼ਾਰਾਂ ਵਿਚੋਂ ਕੀਰਤਨ ਕਰਦੇ ਹੋਏ ਕੋਤਵਾਲੀ ਕੋਲ ਪਹੁੰਚੇ। ਸਾਨੂੰ ਇਥੇ ਕੋਤਵਾਲੀ ਦੇ ਸਿਪਾਹੀਆਂ ਨੇ ਕਿਹਾ, "ਸ਼ੋਰ ਨਾ ਕਰੋ, ਚੁਪ ਚਾਪ ਜਾਵੋ।" ਪਰ ਇਥੇ ਇਹੋ ਜਿਹੀਆਂ ਗੱਲਾਂ ਕੌਣ



www.AKJ.Org

ਸੁਣਦਾ ਸੀ ? ਸਾਰਾ ਜੱਥਾ ਆਪਣੀ ਮਸਤੀ ਵਿਚ ਕੀਰਤਨ ਕਰਦਾ ਹੋਇਆ, ਦਰਬਾਰ ਸਾਹਿਬ ਜੀ ਪਹੁੰਚ ਗਿਆ। ਉਥੇ ਪਹੁੰਚ ਕੇ ਸਾਰੇ ਜਥੇ ਨੇ ਬਾਹਰ ਖ਼ੂਹ ਉਪਰ ਇਸ਼ਨਾਨ ਕੀਤਾ ਅਤੇ ਫਿਰ ਸਰੋਵਰ ਵਿਚ ਇਸ਼ਨਾਨ ਕੀਤਾ। ਇਸ ਤੋਂ ਬਾਦ ਨਿਤਨੇਮ ਕਰਕੇ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਸੁਣਨ ਵਾਸਤੇ ਬੈਠ ਗਏ। ਦਾਸ ਜਿਉਂ ਹੀ ਬੈਠਾ, ਦਾਸ ਨੂੰ ਨੀਂਦ ਦੇ ਝਟਕੇ ਆਣ ਲੱਗੇ। ਕੁਛ ਦੇਰ ਬੈਠਾਂ ਤਾਂ ਰਿਹਾ, ਪਰ ਨੀਂਦ ਨੇ ਬਹੁਤ ਤੰਗ ਕੀਤਾ ਹੋਇਆ ਸੀ। ਦਾਸ ਦੀ ਨੀਂਦ ਵਾਲੀ ਹਾਲਤ ਦੇਖ ਕੇ ਭਾਈ ਸਾਹਿਬ ਕਹਿਣ ਲੱਗੇ, "ਤੂੰ ਉਠ ਜਾਹ, ਫਿਰ ਦੁਬਾਰਾ ਜਾ ਕੇ ਇਸ਼ਨਾਨ ਕਰਕੇ ਆ।" ਦਾਸ ਗਿਆ ਅਤੇ ਫਿਰ ਇਸ਼ਨਾਨ ਕਰਕੇ ਭਾਈ ਸਾਹਿਬ ਪਾਸ ਆਣ ਬੈਠਾ। ਜਦੋਂ ਦਿਨ ਚੜ੍ਹ ਗਿਆ ਤਾਂ ਵਿਚੋਂ ਕੁਝ ਸਿੰਘਾਂ ਨੇ ਜਾ ਕੇ ਸਰਬਲੋਹੀ ਲੰਗਰ ਸਜਾਇਆ। ਅਸੀਂ ਸਾਰੇ ਪ੍ਰਸ਼ਾਦਾ ਛੱਕ ਕੇ ਇਕ ਬਾਗ ਵਿਚ ਜਾ ਬਿਰਾਜੇ। ਉਪਰੰਤ ਅਸੀਂ ਗੱਡੀ ਚੜ੍ਹ ਕੇ, ਕੀਰਤਨ ਕਰਦੇ ਹੋਏ ਨਾਰੰਗਵਾਲ ਪਹੁੰਚ ਗਏ।

## ਇਕ ਗੁਰਮਤ ਅਨੁਸਾਰ ਅਨੰਦ-ਕਾਰਜ

ਇਕ ਵਾਰ ਦੀ ਗੱਲ ਹੈ ਕਿ ਹੈਡ-ਮਾਸਟਰ ਧਰਮ ਸਿੰਘ ਜੀ ਫਲੇਵਾਲ ਵਾਲੇ ਦਾ ਅਨੰਦ ਕਾਰਜ ਸੀ। ਸਾਰਾ ਜੱਥਾ ਅਗੇ-ਅਗੇ ਨਿਸ਼ਾਨ ਸਾਹਿਬ ਲੈ ਕੇ ਪਿੰਡ ਭਸੌੜ ਨੂੰ ਗਿਆ। ਦਾਸ ਦੇ ਦੇਖਣ ਵਿਚ ਇਹ ਪਹਿਲਾ ਅਨੰਦ ਕਾਰਜ ਸੀ, ਜੋ ਗੁਰਮਤਿ ਅਨੁਸਾਰ ਹੋਇਆ ਸੀ। ਬੀਬੀ ਦੇ ਸਿਰ 'ਤੇ ਦਸਤਾਰਾ ਤੇ ਗਲੇ ਵਿਚ ਵੱਡੀ ਕਿਰਪਾਨ ਸਜਾਈ ਹੋਈ ਸੀ। ਇਧਰੋਂ ਸ੍ਰੀ ਮਾਨ ਭਾਈ ਸਾਹਿਬ ਸਾਡੇ ਨਾਲ ਸਨ। ਉਧਰੋਂ ਬੀਬੀ ਹੋਰਾਂ ਵਲੋਂ, ਬਾਬੂ ਤੇਜਾ ਸਿੰਘ ਜੀ ਸਾਰਾ ਇੰਤਜ਼ਾਮ ਕਰਨ ਵਾਲਿਆਂ ਵਿਚੋਂ ਸਨ। ਬਾਬੂ ਤੇਜਾ ਸਿੰਘ ਜੀ ਇਕ ਮਸ਼ਹੂਰ ਸੱਜਣ ਸਨ, ਜਿਨ੍ਹਾਂ ਨੂੰ ਪਹਿਲਾਂ ਪਹਿਲ ਗੁਰਮਤਿ ਰਹਿਤ ਮਰਯਾਦਾ ਸਕੂਲ, ਬੀਬੀਆਂ ਲਈ, ਭਸੌੜ ਵਿਚ ਖੋਲ੍ਹਿਆ। ਸ੍ਰੀ ਮਾਨ ਭਾਈ ਸਾਹਿਬ ਜੀ ਇਸ ਸਕੂਲ ਦੇ ਮੈਨੇਜਰ ਜਾਂ ਜਥੇਦਾਰ ਸਨ। ਜਥਾ ਅਨੰਦ ਕਾਰਜ ਕਰਵਾ ਕੇ ਸਮੇਤ ਮਾਸਟਰ ਧਰਮ ਸਿੰਘ ਜੀ ਦੇ ਪਿੰਡ ਫਲ੍ਹੇਵਾਲ ਆ ਗਿਆ।

***

## ਕਿਸ਼ਤ ਨੰ. 4 — ਸੂਰਾ ਮਾਸਿਕ ਪੱਤਰ, ਜੁਲਾਈ, 1966

## ਗੁਰਮਤਿ ਤੋਂ ਬਗੈਰ ਅਨੰਦ ਕਾਰਜ ਕਰਵਾਉਣ ਤੋਂ ਨਾਂਹ

ਇਕ ਵਾਰੀ ਜਗਰਾਵਾਂ ਤੋਂ ਕਿਸੇ ਪੁਰਸ਼ ਨੇ ਆ ਕੇ ਕਿਹਾ, ਕਿ ਪਿੰਡ ਜਗਰਾਵਾਂ ਵਿਚ ਕਿਸੇ ਸਿੰਘ ਦੀ ਲੜਕੀ ਦੀ ਸ਼ਾਦੀ ਹੈ। ਸਾਨੂੰ ਕੋਈ ਜਥਾ ਜਾਂ ਰਾਗੀ ਅਨੰਦ ਕਾਰਜ ਵਾਸਤੇ ਨਹੀਂ ਮਿਲ ਰਿਹਾ। ਆਪ ਪਰ-ਉਪਕਾਰੀ ਹੋ, ਸਵੇਰੇ ਅਨੰਦ ਕਾਰਜ ਹੈ, ਆਪ ਜੀ ਹੁਣੇ ਹੀ ਚਲੋ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਦਾਸ ਨੂੰ ਕਿਹਾ, 'ਦੇਖ ਭਾਈ ਇਹ ਸਿੰਘ ਪੰਦਰਾਂ ਮੀਲ ਤੋਂ ਆਇਆ ਹੈ। ਇਹ ਕਾਰਜ ਸਾਨੂੰ ਜ਼ਰੂਰ ਹੀ ਕਰਨਾ ਚਾਹੀਦਾ ਹੈ।" ਦਾਸ ਨੇ ਬੇਨਤੀ ਕੀਤੀ ਕਿ, ਆਪ ਹੁਣੇ ਹੀ ਤਾਂ ਥੱਕ ਕੇ ਆਏ ਹੋ, ਰਾਤ ਦੇ ਵਕਤ ਪੰਦਰਾਂ ਮੀਲ ਸਫ਼ਰ ਕਿਵੇਂ ਤਹਿ ਕਰਾਂਗੇ। ਦਾਸ ਨੂੰ ਤਾਂ ਅੱਗੇ ਹੀ ਨੀਂਦ ਬਹੁਤ ਸਤਾ ਰਹੀ ਹੈ। ਸ੍ਰੀ



www.AKJ.Org

ਮਾਨ ਭਾਈ ਸਾਹਿਬ ਜੀ ਕਹਿਣ ਲੱਗੇ, "ਨਹੀਂ, ਤਕੜਾ ਹੋ, ਗੁਰੂ ਸਾਹਿਬ ਜੀ ਆਪੇ, ਸਾਡੀ ਸਹਾਇਤਾ ਕਰਨਗੇ।" ਦਾਸ ਨੇ ਕਿਹਾ ਕਿ, ਜਿਵੇਂ ਆਪ ਦੀ ਮਰਜ਼ੀ। ਅਸੀਂ ਪੰਜ ਸਿੰਘ ਸਾਂ। ਭਾਈ ਗੁਰਬਖਸ਼ ਸਿੰਘ ਜੀ ਕਮਾਲਪੁਰੀਆ, ਭਾਈ ਪੂਰਨ ਸਿੰਘ ਜੀ ਜਨੇਤ ਪੁਰੀਆ ਅਤੇ ਇਕ ਸਿੰਘ ਹੋਰ ਸੀ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਹਰਮੋਨੀਅਮ ਮੋਢੇ ਪਾ ਲਿਆ, ਦਾਸ ਨੇ ਢੋਲਕੀ ਮੋਢੇ ਪਾ ਲਈ। ਸਾਰੀ ਰਾਤ ਤੁਰੇ ਗਏ, ਤੜਕੇ ਚਾਰ ਵਜੇ ਜਗਰਾਵਾਂ ਪਹੁੰਚ ਗਏ। ਜਦੋਂ ਪਹੁੰਚੇ ਤਾਂ ਪਤਾ ਲਗਾ ਕਿ ਲੜਕਾ ਤਿਆਰ ਬਰ ਤਿਆਰ ਨਹੀਂ ਹੈ। ਸਾਰਾ ਕੰਮ ਛੱਡ ਕੇ ਅਸੀਂ ਉਸੇ ਵੇਲੇ ਨਾਰੰਗਵਾਲ ਵਾਪਸ ਮੁੜ ਆਏ।

## ਅਖੰਡ ਪਾਠ ਸਮਾਗਮ ਸਮੇਂ ਅਗੰਮੀ ਕਲਾ

ਇਕ ਵਾਰੀ ਜਥਾ ਅਖੰਡ ਪਾਠ ਕਰਨ ਲਈ ਪਿੰਡ ਨਥੋਵਾਲ ਗਿਆ। ਅਖੰਡ ਪਾਠ ਵਿਚ, ਸ੍ਰੀ ਮਾਨ ਭਾਈ ਸਾਹਿਬ ਜੀ ਦੀ ਰਾਤ ਦੀ ਰੌਲ ਆ ਲੱਗੀ। ਭਾਈ ਸਾਹਿਬ ਜੀ ਬਹੁਤ ਚਿਰ ਅਖੰਡ ਪਾਠ ਕਰਦੇ ਰਹੇ। ਰਾਤ ਟਿੱਕੀ ਹੋਈ ਸੀ। ਭਾਈ ਸਾਹਿਬ ਜੀ ਦੀ ਅਵਾਜ਼ ਬਹੁਤ ਦੂਰ ਤਕ ਸੁਣਾਈ ਦਿੰਦੀ ਸੀ। ਉਨ੍ਹਾਂ ਦਿਨਾਂ ਵਿਚ ਲਾਊਡ ਸਪੀਕਰ ਨਹੀਂ ਹੁੰਦੇ ਸਨ। ਪਰ ਫਿਰ ਵੀ ਭਾਈ ਸਾਹਿਬ ਜੀ ਦੀ ਅਵਾਜ਼ ਸਾਰੇ ਪਿੰਡ ਵਿਚ ਸੁਣਾਈ ਦੇ ਰਹੀ ਸੀ। ਇਹ ਸਾਰਾ ਪਾਠ ਭਾਈ ਸਾਹਿਬ ਜੀ ਨੇ ਆਤਮਕ ਰੰਗਾਂ ਵਿਚ ਕੀਤਾ, ਜਿਹੜਾ ਵੀ ਇਨ੍ਹਾਂ ਦੇ ਮੁਖਾਰਬਿੰਦ ਤੋਂ ਪਾਠ ਸੁਣਦਾ, ਮੋਹਿਤ ਹੁੰਦਾ ਜਾਂਦਾ ਸੀ। ਦਾਸ ਮੱਧ ਦੇ ਪਾਠ ਤੋਂ ਬਾਅਦ ਕਿਤੇ ਬਾਹਰ ਜੰਗਲ ਵਿਚ ਚਲਾ ਗਿਆ, ਜਦੋਂ ਭਾਈ ਸਾਹਿਬ ਜੀ ਨੂੰ ਨਾ ਦਿਸਿਆ ਤਾਂ ਉਹ ਵੀ ਬਾਹਰ ਨੂੰ ਤੁਰ ਪਏ। ਦਾਸ ਬਾਹਰ ਖੁਲ੍ਹੇ ਥਾਂ ਜਾ ਕੇ, ਮੂੰਹ ਢੱਕ ਕੇ ਲੰਮਾ ਪਿਆ ਹੋਇਆ ਸੀ, ਪਰ ਸੁਤ ਉਨੀਦਾ ਜਿਹਾ ਸੀ। ਜਦੋਂ ਭਾਈ ਸਾਹਿਬ ਬਾਹਰ ਨੂੰ ਤੁਰ ਪਏ ਤਾਂ ਦਾਸ ਨੂੰ ਪਏ ਨੂੰ ਇਹ ਮਲੂਮ ਹੋਇਆ, ਜਿਵੇਂ ਭਾਈ ਸਾਹਿਬ ਜੀ ਦਾਸ ਵੱਲ ਆ ਰਹੇ ਹਨ। ਉਸ ਤੋਂ ਬਾਦ ਭਾਈ ਸਾਹਿਬ ਦਾਸ ਕੋਲ ਆ ਕੇ, ਦਾਸ ਦੀਆਂ ਪ੍ਰਕਰਮਾ ਕਰਨ ਲੱਗ ਪਏ। ਦਾਸ ਨੇ ਸਮਝਿਆ ਕੋਈ ਸੁਪਨਾ ਹੈ। ਪਰ ਜਦੋਂ ਦਾਸ ਨੇ ਮੂੰਹ ਤੋਂ ਕਪੜਾ ਲਾਹ ਕੇ ਵੇਖਿਆ ਤਾਂ ਸੱਚਮੁਚ ਭਾਈ ਸਾਹਿਬ ਹੀ ਸਨ। ਦਾਸ ਨੇ ਉਠ ਕੇ, ਭਾਈ ਸਾਹਿਬ ਦੇ ਚਰਨ ਫੜ੍ਹ ਲਏ ਤੇ ਕਿਹਾ, "ਸਾਨੂੰ ਮਰਿਆਂ ਹੋਇਆਂ ਨੂੰ ਹੋਰ ਕਿਉਂ ਮਾਰਦੇ ਹੋ ?" ਫਿਰ ਸਾਡੀਆਂ ਆਪਸ ਵਿਚ ਜੱਫੀਆਂ ਪੈ ਗਈਆਂ। ਬਹੁਤ ਦੇਰ ਤਕ ਉਥੇ ਹੀ ਪਏ ਰਹੇ। ਨਾਮ ਅਭਿਆਸ ਦਾ ਸ੍ਵਾਸ ਸ੍ਵਾਸ ਖੰਡਾ ਖੜਕਦਾ ਰਿਹਾ। ਇਸ ਤੋਂ ਉਪਰੰਤ ਨਥੋਵਾਲ ਅਖੰਡ ਪਾਠ ਦਾ ਭੋਗ ਪਾ ਕੇ ਸਾਰਾ ਜੱਥਾ ਰਾਏ ਕੋਟ ਪਹੁੰਚ ਗਏ।

## ਗੰਗਾ ਸਾਗਰ ਦੀ ਪਰੀਖਿਆ ਲੈਣੀ

ਇਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਦਗਾਰਾਂ ਹਨ। ਇਹ ਉਹ ਕਸਬਾ ਹੈ, ਜਿਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਛੋਟੇ ਸਾਹਿਬਜ਼ਾਦਿਆਂ ਦੀਆਂ ਖਬਰਾਂ ਮੰਗਵਾਈਆਂ ਸਨ। ਇਥੇ ਅਸੀਂ ਰਾਏ ਕੋਟ ਮੁਸਲਮਾਨ ਦੇ ਘਰ ਪਹੁੰਚ ਕੇ ਗੰਗਾ ਸਾਗਰ ਦੇ ਦਰਸ਼ਨ ਕੀਤੇ। ਇਸ ਗੰਗਾ ਸਾਗਰ ਵਿਚ ਇਤਨੀਆਂ ਮੋਰੀਆਂ ਸਨ ਕਿ ਛਾਨਣੀ ਹੋਇਆ ਪਿਆ ਸੀ। ਭਾਈ ਸਾਹਿਬ ਜੀ ਨੇ ਦਾਸ ਪਾਸੋਂ ਜਲ ਮੰਗਵਾਇਆ



www.AKJ.Org

ਅਤੇ ਉਸ ਗੰਗਾ ਸਾਗਰ ਵਿਚ ਪਾਇਆ। ਪਰ ਇਕ ਬੂੰਦ ਵੀ ਗੰਗਾ ਸਾਗਰ ਵਿਚੋਂ ਬਾਹਰ ਨ ਨਿਕਲੀ। ਦਾਸ ਨੇ ਫਿਰ ਆਪਣੀ ਮਰਜ਼ੀ ਅਨੁਸਾਰ ਹੀ ਗੰਗਾ ਸਾਗਰ ਦੀਆਂ ਮੋਰੀਆਂ ਵਿਚ ਤੀਲਾ ਪਾ ਕੇ ਦੇਖਿਆ ਤਾਂ ਤੀਲਾ ਆਰ-ਪਾਰ ਨਿਕਲ ਗਿਆ। ਜਦੋਂ ਭਾਈ ਸਾਹਿਬ ਨੇ ਦਾਸ ਨੂੰ ਦੇਖਿਆ ਤਾਂ ਬਹੁਤ ਗੁੱਸੇ ਹੋਏ ਅਤੇ ਕਹਿਣ ਲੱਗੇ ਇਤਨੀ ਪਰੀਖਿਆ ਨਹੀਂ ਕਰਨੀ ਚਾਹੀਦੀ। ਫਿਰ ਦਾਸ ਨੇ ਭਾਈ ਸਾਹਿਬ ਤੋਂ ਮਾਫੀ ਮੰਗੀ ਤੇ ਕਿਹਾ ਕਿ ਦਾਸ ਤੋਂ ਗ਼ਲਤੀ ਹੋ ਗਈ ਹੈ, ਦਾਸ ਨੂੰ ਮਾਫ ਕਰ ਦਿਉ ਅਤੇ ਅਸੀਂ ਸਾਰੇ ਸਿੰਘ ਨਾਰੰਗਵਾਲ ਵਾਪਸ ਆ ਗਏ।

## ਅਖੰਡ ਪਾਠ ਅਤੇ ਅੰਮ੍ਰਿਤ ਸੰਚਾਰ ਸਮਾਗਮਾਂ ਸਮੇਂ ਅਗੰਮੀ ਕਲਾ ਵਰਤਣੀ

1. ਇਕ ਵਾਰੀ ਇਕ ਅਖੰਡ ਪਾਠ ਦੀ ਤਾਰੀਖ, ਭਾਈ ਰਾਮ ਸਿੰਘ ਜੀ ਜਥੇਦਾਰ ਦੇ ਘਰ ਗੁਜਰਵਾਲ ਵਿਖੇ ਪੱਕੀ ਕੀਤੀ ਗਈ। ਇਥੇ ਗਿਆਨੀ ਦਲੀਪ ਸਿੰਘ ਜੀ ਪਿੰਡ ਫ਼ਲੇਵਾਲ, ਦੂਜਾ ਗਿਆਨੀ ਹਰਭਜਨ ਸਿੰਘ ਪਿੰਡ ਚਮਿੰਡੇ ਦੇ ਸਨ। ਇਹ ਦੋਵੇਂ ਸੱਜਣ ਗੁਜਰਵਾਲ, ਇਸ ਅਖੰਡ ਪਾਠ 'ਤੇ ਪਹੁੰਚ ਗਏ। ਜਦੋਂ ਭਾਈ ਸਾਹਿਬ ਜੀ ਨੂੰ ਪਤਾ ਲੱਗਾ ਕਿ ਇਨ੍ਹਾਂ ਦੋਵਾਂ ਸਿੰਘਾਂ ਨੇ ਅੰਮ੍ਰਿਤ ਪਾਨ ਕਰਨਾ ਹੈ, ਤਾਂ ਭਾਈ ਰਾਮ ਸਿੰਘ ਜੀ ਦੇ ਘਰ ਹੀ ਅਖੰਡ ਪਾਠ ਸਮਾਗਮ ਤੋਂ ਉਪਰੰਤ ਅੰਮ੍ਰਿਤ ਸੰਚਾਰ ਸਮਾਗਮ ਦਾ ਭੀ ਪ੍ਰਬੰਧ ਕਰ ਦਿੱਤਾ। ਅੰਮ੍ਰਿਤ ਵੇਲੇ ਹੀ ਕੀਰਤਨ ਅਰੰਭ ਹੋ ਗਿਆ। ਆਸਾ ਕੀ ਵਾਰ ਦੇ ਕੀਰਤਨ ਦੇ ਭੋਗ ਪੈਣ ਤੋਂ ਬਾਦ ਅਖੰਡ ਪਾਠ ਵੀ ਅਰੰਭ ਹੋ ਗਿਆ। ਇਨ੍ਹਾਂ ਦੋਹਾਂ ਸਿੰਘਾਂ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਚੌਂਕੜਾ ਮਾਰ ਕੇ ਸਾਰਾ ਅਖੰਡ ਪਾਠ ਸਰਵਣ ਕਰਨਾ ਸ਼ੁਰੂ ਕੀਤਾ। ਸਿਰਫ਼ ਬਾਹਰ ਮਦਾਨ ਵਾਸਤੇ ਜਾਂ ਇਸ਼ਨਾਨ ਕਰਨ ਵਾਸਤੇ ਜਾਂਦੇ। ਬਾਕੀ ਸਾਰਾ ਸਮਾਂ ਅਖੰਡ ਪਾਠ ਸਰਵਣ ਕਰਦੇ ਰਹਿੰਦੇ ਸਨ। ਅਖੰਡ ਪਾਠ ਦੇ ਭੋਗ ਤੋਂ ਬਾਦ, ਆਸਾ ਕੀ ਵਾਰ ਦਾ ਕੀਰਤਨ ਹੋਇਆ, ਬਾਦ ਵਿਚ ਅੰਮ੍ਰਿਤ ਜਲ ਕੁੰਭ ਦਾ ਲੈ ਕੇ ਅੰਮ੍ਰਿਤ ਸੰਚਾਰ ਹੋਇਆ, ਜਿਹੜਾ ਰੰਗ ਇਨ੍ਹਾਂ ਅੰਮ੍ਰਿਤ ਅਭਿਲਾਖੀਆਂ ਤੇ ਚੜ੍ਹਿਆ (ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨ) ਅੰਮ੍ਰਿਤ ਛਕਦੇ ਸਾਰ ਹੀ ਨੇਤਰਾਂ ਦੀ ਡਾਰ ਬੱਝ ਗਈ। ਦਾਸ ਵੀ ਪੰਜਾਂ ਪਿਆਰਿਆਂ ਦੀ ਸੇਵਾ ਵਿਚ ਸੀ। ਜੋ ਦਸ਼ਾ ਭਾਈ ਸਾਹਿਬ ਜੀ ਦੀ ਤੇ ਉਨ੍ਹਾਂ ਭੁਜੰਗੀਆਂ ਦੀ ਸੀ, ਬਿਆਨ ਕਰਨ ਤੋਂ ਬਾਹਰ ਹੈ। ਗਿਆਨੀ ਦਲੀਪ ਸਿੰਘ ਜੀ ਦੀ ਹਾਲਤ, ਇਸ ਤਰ੍ਹਾਂ ਹੀ ਕਈ ਦਿਨ ਰਹੀ। ਜਿਹੜਾ ਵੀ ਸਿੰਘ ਇਨ੍ਹਾਂ ਦੇ ਦਰਸ਼ਨ ਕਰੇ, ਮੋਹਿਤ ਹੁੰਦਾ ਜਾਵੇ। ਉਸ ਤੋਂ ਬਾਦ ਗਿਆਨੀ ਦਲੀਪ ਸਿੰਘ ਜੀ ਭਾਈ ਸਾਹਿਬ ਜੀ ਦੇ ਨਾਲ ਹੀ ਨਾਰੰਗਵਾਲ ਚਲੇ ਗਏ। ਇਥੇ ਵੀ ਨਾਮ ਦੇ ਰੰਗਾਂ ਵਿਚ ਸਾਰਾ ਸਮਾਂ ਗੁਜ਼ਾਰਨ ਲੱਗ ਪਏ। ਹਰ ਸ਼ਾਮ ਢਾਬ 'ਤੇ ਪਹੁੰਚ ਕੇ, ਸਾਰੀ ਸਾਰੀ ਰਾਤ ਬਾਹਰ ਹੀ ਗੁਜ਼ਾਰਦੇ ਸਨ। ਦਾਸ ਵੀ ਗੁਜਰਵਾਲ ਤੋਂ ਢਾਬ 'ਤੇ ਪਹੁੰਚ ਜਾਂਦਾ ਸੀ।
2. ਇਕ ਵਾਰੀ ਬਾਊ ਮੱਲ ਸਿੰਘ ਜੀ ਨੇ, ਇਕ ਅਖੰਡ ਪਾਠ ਦੀ ਜ਼ਿਲ੍ਹਾ ਲਾਇਲਪੁਰ, ਪਿੰਡ ਸਰਲੀਆਂ, ਇਕਤਰ ਚੱਕ, ਵਾਸਤੇ ਤਾਰੀਖ ਮੰਗੀ। ਸ੍ਰੀ ਮਾਨ ਭਾਈ ਸਾਹਿਬ



www.AKJ.Org

ਜੀ ਨੇ ਮਨਜ਼ੂਰ ਕਰ ਲਿਆ। ਇਹ ਅਖੰਡ ਪਾਠ ਬਾਬੂ ਮਲ ਸਿੰਘ ਜੀ ਦੇ ਵੱਡੇ ਭਰਾ ਵਰਿਆਮ ਸਿੰਘ ਜੀ ਦੇ ਘਰ ਹੋਣਾਂ ਸੀ। ਨਾਲ ਹੀ ਇਨ੍ਹਾਂ ਦੇ ਸਾਰੇ ਪਰਿਵਾਰ ਨੇ ਅੰਮ੍ਰਿਤ ਵੀ ਛੱਕਣਾ ਸੀ। ਸਾਰਾ ਜੱਥਾ ਨਾਰੰਗਵਾਲ ਤੋਂ ਕੀਰਤਨ ਕਰਦਾ ਹੋਇਆ, ਗੱਡੀ ਵਿਚ ਸਵਾਰ ਹੋ ਗਿਆ। ਸਟੇਸ਼ਨ ਆਵਾਸ ਪੁਰ ਤੋਂ ਉਤਰ ਕੇ, ਫੇਰ ਕੀਰਤਨ ਅਰੰਭ ਹੋ ਗਿਆ। ਪਿੰਡ ਕੋਲ ਪਹੁੰਚੇ ਤਾਂ ਪਿੰਡ ਦੇ ਸਿੰਘ ਅਗਵਾਈ ਵਾਸਤੇ ਆਏ ਹੋਏ ਸਨ। ਬਾਊ ਜੀ ਤਾਂ ਫੁਲੇ ਨਹੀਂ ਸਨ ਸਮਾਉਂਦੇ, ਬਹੁਤ ਹੀ ਅਨੰਦ ਵਿਚ ਸਨ। ਦੂਜੇ ਦਿਨ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪਾ ਕੇ, ਅਖੰਡ ਪਾਠ ਅਰੰਭ ਹੋ ਗਿਆ। ਭਾਈ ਵਰਿਆਮ ਸਿੰਘ ਜੀ ਦੇ ਪਰਿਵਾਰ ਨੂੰ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਕਿਹਾ, 'ਤੁਸੀਂ ਅਖੰਡ ਪਾਠ ਦੇ ਮੰਡਲ ਵਿਚ ਹੀ ਰਹਿ ਕੇ ਅਖੰਡ ਪਾਠ ਸਰਵਣ ਕਰੋ। ਇਹਨਾਂ ਨਾਲ ਹੀ ਇਕ ਸਿੰਘ ਤੇ ਉਸਦਾ ਪਰਿਵਾਰ ਸੀ। ਉਹਨਾਂ ਦਾ ਨਾਮ ਡਾਕਟਰ ਗੁਰਬਖਸ਼ ਸਿੰਘ ਸੀ। ਇਹ ਸੱਜਣ ਰਾਵਲ ਪਿੰਡੀ ਦੇ ਇਲਾਕੇ ਦੇ ਸਨ। ਲਾਇਲਪੁਰ ਦੇ ਇਲਾਕੇ ਵਿਚ ਇਹ ਸੱਜਣ ਕਿਸੇ ਹਸਪਤਾਲ ਵਿਚ ਡਿਊਟੀ 'ਤੇ ਸਨ। ਇਕ ਸੱਜਣ ਹੋਰ ਸਨ, ਇਹਨਾਂ ਦਾ ਨਾਉਂ ਹੀਰਾ ਸਿੰਘ ਜੀ 'ਦਰਦ' ਸੀ। ਡਾਕਟਰ ਜੀ ਨੂੰ ਤੇ ਹੀਰਾ ਸਿੰਘ ਦਰਦ ਨੂੰ ਵੀ ਭਾਈ ਸਾਹਿਬ ਜੀ ਨੇ ਕਿਹਾ ਕਿ ਜਿੰਨਾ ਸਮਾਂ ਦੇ ਸਕੋ ਅਖੰਡ ਪਾਠ ਸਰਵਣ ਕਰੋ। ਇਨ੍ਹਾਂ ਸਾਰੇ ਅੰਮ੍ਰਿਤ ਅਭਿਲਾਖੀਆਂ ਨੇ ਅਖੰਡ ਪਾਠ ਮੰਡਲ ਵਿਚ ਬੈਠ ਕੇ, ਸਾਰਾ ਅਖੰਡ ਪਾਠ ਸਰਵਣ ਕੀਤਾ। ਸਿਰਫ਼ ਮਦਾਨ ਜਾਂ ਇਸ਼ਨਾਨ ਕਰਨ ਹੀ ਬਾਹਰ ਜਾਂਦੇ ਸਨ। ਅਖੰਡ ਪਾਠੀ ਸ੍ਰੀ ਮਾਨ ਭਾਈ ਸਾਹਿਬ ਜੀ ਖ਼ੁਦ ਵੀ ਸਨ। ਭਾਈ ਅਤਰ ਸਿੰਘ ਜੀ, ਦਾਸ ਤੇ ਬਾਊ ਮਲ ਸਿੰਘ ਜੀ ਭੀ ਸਨ। ਇਕ ਸਿੰਘ ਹੋਰ ਸੀ। ਸਾਰੇ ਸਿੰਘ ਇਸ਼ਨਾਨ ਤੇ ਬਸਤਰ ਸਾਫ਼ ਕਰਕੇ ਮਹਾਰਾਜ ਦੀ ਹਜ਼ੂਰੀ ਅਰਦਾਸਾ ਸੋਧਦੇ ਤੇ ਫਿਰ ਅਖੰਡ ਪਾਠ ਦੀ ਸੇਵਾ ਵਿਚ ਹਾਜ਼ਰ ਹੁੰਦੇ ਸਨ। ਅਖੰਡ ਪਾਠ ਦੇ ਭੋਗ ਤੋਂ ਬਾਦ ਆਸਾ ਜੀ ਦੀ ਵਾਰ ਦਾ ਕੀਰਤਨ ਕਰਕੇ ਇਹਨਾਂ ਸਾਰਿਆਂ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਗਿਆ। ਅੰਮ੍ਰਿਤ ਛਕਦੇ ਸਾਰ ਹੀ ਇਹ ਸਾਰੇ ਅਭਿਲਾਖੀ ਮਸਤ ਅਲ ਮਸਤ ਹੋ ਗਏ। ਪਰ ਡਾਕਟਰ ਗੁਰਬਖਸ਼ ਸਿੰਘ ਜੀ ਬਹੁਤ ਰੰਗਾਂ ਵਿਚ ਹੋ ਗਏ। ਪੰਜ ਪਿਆਰੇ ਤੇ ਬਾਊ ਮਲ ਸਿੰਘ ਜੀ ਇਨ੍ਹਾਂ ਅੰਮ੍ਰਿਤ ਅਭਿਲਾਖੀਆਂ ਨੂੰ ਦੇਖ ਦੇਖ ਕੇ ਖੀਵੇ ਹੁੰਦੇ ਜਾ ਰਹੇ ਸਨ। ਕੁਝ ਚਿਰ ਬਾਦ ਪ੍ਰਸ਼ਾਦ ਵਰਤਿਆਂ। ਲਾਂਗਰੀ ਸਿੰਘਾਂ ਆ ਕੇ, ਬੇਨਤੀਆਂ ਕੀਤੀਆਂ ਕਿ, ਗੁਰੂ ਦਾ ਲੰਗਰ ਤਿਆਰ ਹੈ। ਉਸੇ ਮਸਤੀ ਵਿਚ ਝੂਮਦੇ ਹੋਏ ਸਾਰੇ ਸੱਜਣ ਪ੍ਰਸ਼ਾਦ ਛੱਕਣ ਲਗੇ। ਫਿਰ ਅਰਦਾਸਾ ਕਰਕੇ, ਸਾਰੇ ਸਿੰਘਾਂ ਨੇ ਕਮਰਕਸੇ ਕਰਕੇ, ਕੀਰਤਨ ਕਰਦੇ ਹੋਏ ਸਟੇਸ਼ਨ ਵੱਲ ਨੂੰ ਚਾਲੇ ਪਾਏ। ਆਵਾਸਪੁਰ ਸਟੇਸ਼ਨ ਤੋਂ ਗੱਡੀ ਚੜ੍ਹ ਕੇ ਲੁਧਿਆਣੇ ਆ ਗਏ। ਸਾਰੇ ਰਸਤੇ ਗੁਰੂ ਕੇ ਰੰਗ ਵਿਚ ਰਤੇ ਹੋਏ ਕੀਰਤਨ ਕਰਦੇ ਰਹੇ। ਉਹਨਾਂ ਦਿਨਾਂ ਵਿਚ ਸ੍ਰੀ ਮਾਨ ਭਾਈ ਸਾਹਿਬ ਜੀ ਦੀ ਇਹ ਤੀਬਰ ਇੱਛਾ ਹੁੰਦੀ ਸੀ ਕਿ ਜਿਸ ਸਿੰਘ ਦੇ ਘਰ ਸਮਾਗਮ ਕਰਨਾ ਹੁੰਦਾ ਸੀ, ਖਰਚ ਬਹੁਤ ਹੀ ਘੱਟ ਕਰਿਆ ਕਰਦੇ ਸਨ। ਅਖੰਡ ਪਾਠ ਦੇ ਮੌਕੇ, ਲੰਗਰ ਇਕੋ ਹੁੰਦਾ ਸੀ। ਕੋਈ



www.AKJ.Org

ਦੁਫਿਰਕਾ ਨਹੀਂ ਹੁੰਦਾ ਸੀ। ਸਭ ਸਿੰਘ ਗੁਰੂ ਦੇ ਲੰਗਰ ਵਿਚ ਬੈਠ ਕੇ, ਪ੍ਰਸ਼ਾਦ ਛਕਦੇ ਹੁੰਦੇ ਸਨ। ਅਰਦਾਸਾ ਸੋਧ ਕੇ ਪ੍ਰਸ਼ਾਦਾ ਵਰਤਾਇਆ ਕਰਦੇ ਸਨ। ਲੰਗਰ ਵਿਚ ਕੋਈ ਫਾਲਤੂ ਬਚਨ ਨਹੀਂ ਕਰਦਾ ਸੀ।

***

# ਗੁਰਧਾਮ ਯਾਤ੍ਰਾ

## ਕਿਸ਼ਤ ਨੰ. 5 — ਸੂਰਾ ਮਾਸਿਕ ਪੱਤਰ, ਅਗਸਤ 1966

ਇਕ ਦਫ਼ਾ ਜੱਥਾ ਗੁਰਦਵਾਰਿਆਂ ਦੀ ਯਾਤਰਾ ਵਾਸਤੇ ਤਿਆਰ ਹੋ ਕੇ ਕਿਲਾ ਰਾਇਪੁਰ ਤੋਂ ਗੱਡੀ ਚੜ੍ਹ ਕੇ ਕੀਰਤਨ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਜੀ ਪਹੁੰਚ ਗਏ। ਉਥੇ ਸਰੋਵਰ ਵਿਚ ਚੁੱਭੇ ਲਾਕੇ ਕੀਰਤਨ ਸੁਣਨ ਵਾਸਤੇ ਸੱਜ ਗਏ। ਦੂਜੇ ਦਿਨ ਸ੍ਰੀ ਤਰਨ ਤਾਰਨ ਵਾਸਤੇ ਚਾਲੇ ਪਾ ਦਿੱਤੇ। ਇਕ ਦਿਨ ਦਰਸ਼ਨ ਕਰਕੇ ਦੂਜੇ ਦਿਨ ਖਡੂਰ ਸਾਹਿਬ ਪਹੁੰਚ ਗਏ। ਉਥੇ ਜਥੇ ਨੇ ਕੀਰਤਨ ਕੀਤਾ। ਜਥੇ ਦੇ ਦਰਸ਼ਨ ਕਰਨ ਵਾਸਤੇ ਸਾਰਾ ਪਿੰਡ ਪਹੁੰਚ ਗਿਆ ਉਥੋਂ ਭੋਗ ਪਾ ਕੇ ਜੱਥੇ ਨੇ ਗੋਇੰਦਵਾਲ ਸਾਹਿਬ ਦੇ ਦਰਸ਼ਨ ਕੀਤੇ। ਇਥੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਇਥੋਂ ਜਥਾ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ ਦੂਸਰੇ ਦਿਨ ਫਿਰ ਸਾਰੇ ਜਥੇ ਨੇ ਇਕ ਵਜੇ ਦੇ ਕਰੀਬ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਸ੍ਰੀ ਹਰਿਮੰਦਰ ਸਾਹਿਬ ਜਾਣ ਲਈ ਤਿਆਰ ਹੋ ਗਏ। ਜਦੋਂ ਕਿਵਾੜ ਖੁਲ੍ਹੇ ਤਾਂ ਸਾਰੇ ਜਥੇ ਨੇ ਕੀਰਤਨ ਸਰਵਣ ਕੀਤਾ। ਕੀਰਤਨ ਸੁਣਨ ਤੋਂ ਬਾਦ ਜਥੇ ਦੇ ਕੁਝ ਸਿੰਘ ਬਾਹਰ ਨੂੰ ਚਲੇ ਗਏ ਮੈਂ ਤੇ ਭਾਈ ਸਾਹਿਬ ਜੀ ਅਕਾਲ ਤਖ਼ਤ ਦੇ ਸਾਹਮਣੇ ਨਿਸ਼ਾਨ ਸਾਹਿਬ ਦੇ ਕੋਲ ਸੱਜ ਗਏ। ਭਾਈ ਸਾਹਿਬ ਜੀ ਇਥੇ ਬੈਠੇ ਹੀ ਸਮਾਧੀ ਵਿਚ ਜੁੜ ਗਏ। ਮੈਂ ਭੀ ਕੋਲ ਬੈਠਾ ਰਿਹਾ। ਥੋੜ੍ਹੀ ਦੇਰ ਬਾਦ ਇਕ ਪੁਲਸ ਦਾ ਸਿਪਾਹੀ, ਜਿਸ ਨੇ ਵਰਦੀ ਪਾਈ ਹੋਈ ਸੀ, ਸਾਡੇ ਪਾਸ ਆ ਕੇ ਮੇਰੀ ਬਾਂਹ ਫੜ ਲਈ ਤੇ ਕਹਿਣ ਲਗਾ 'ਏਥੋਂ ਉਠ ਜਾਵੋ' ਦਾਸ ਨੇ ਭਾਈ ਸਾਹਿਬ ਜੀ ਨੂੰ ਹਲੂਣ ਕੇ ਕਿਹਾ, ਤੁਸੀਂ ਤਾਂ ਸਮਾਧੀ ਵਿਚ ਜੁੜੇ ਬੈਠੇ ਹੋ ਤੇ ਇਹ ਸਿਪਾਹੀ ਕਹਿੰਦਾ ਹੈ ਕਿ ਇਥੋਂ ਉਠ ਜਾਵੋ। ਮੈਂ ਭਾਈ ਸਾਹਿਬ ਜੀ ਨੂੰ ਇਹ ਗੱਲ ਕਹੀ ਤਾਂ ਭਾਈ ਸਾਹਿਬ ਜੀ ਜੋਸ਼ ਵਿਚ ਉਠ ਕੇ ਖੜੋ ਗਏ। "ਸਾਨੂੰ ਇਥੋਂ ਇਹ ਕਿਵੇਂ ਉਠਾ ਸਕਦਾ ਹੈ ?" ਉਹ ਸਿਪਾਹੀ ਕਹਿਣ ਲੱਗਾ ਕਿ ਮੇਰਾ ਇਸ ਵਿਚ ਕੋਈ ਕਸੂਰ ਨਹੀਂ। ਮੈਨੂੰ ਤਾਂ ਅਕਾਲ ਤਖ਼ਤ ਦੇ ਦਰੋਗੇ ਨੇ ਕਿਹਾ ਹੈ ਕਿ ਇਹ ਦੋ ਚੂੜੇ ਬੈਠੇ ਹਨ ਇਨ੍ਹਾਂ ਨੂੰ ਇਥੋਂ ਉਠਾ ਦੇਵੋ। ਜਿਸ ਦਿਨ ਸਾਡਾ ਇਨ੍ਹਾਂ ਪੁਜਾਰੀਆਂ ਨਾਲ ਮੋਰਚਾ ਲਗਾ ਸੀ ਉਸ ਦਿਨ ਐਤਵਾਰ ਸੀ। ਖ਼ਾਲਸਾ ਕਾਲਜ ਦੇ ਵਿਦਿਆਰਥੀ ਦਰਸ਼ਨ ਕਰਨ ਵਾਸਤੇ ਸ੍ਰੀ ਦਰਬਾਰ ਸਾਹਿਬ ਜੀ ਆਏ ਹੋਏ ਸਨ। ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਇਹ ਵਿਦਿਆਰਥੀ ਜਾਣਦੇ ਸਨ ਕਿਉਂਕਿ ਭਾਈ ਸਾਹਿਬ ਜੀ ਕਿਸੇ ਸਮੇਂ ਖ਼ਾਲਸਾ ਕਾਲਜ ਦੇ ਹੋਸਟਲ ਸੁਪਿੰਟੈਂਡੈਂਟ ਰਹੇ ਸਨ। ਜਦੋਂ ਇਨ੍ਹਾਂ ਲੜਕਿਆਂ ਨੇ ਸੁਣਿਆ ਕਿ ਪੁਜਾਰੀ ਭਾਈ ਸਾਹਿਬ ਜੀ ਨੂੰ ਚੂੜ੍ਹੇ ਸਮਝ ਕੇ ਉਠਾ ਰਹੇ ਹਨ ਤਾਂ ਉਨ੍ਹਾਂ ਲੜਕਿਆਂ ਨੇ ਪੁਜਾਰੀਆਂ ਨੂੰ ਫੜ ਲਿਆ ਤੇ ਆਪਣੀਆਂ ਸਟਿਕਾਂ ਨਾਲ ਉਥੇ ਹੀ ਖੜਕਾ ਦਿੱਤਾ। ਫਿਰ ਹੋਰ ਪੁਜਾਰੀ ਆ ਗਏ, ਲੜਾਈ ਵੱਧ ਗਈ। ਸਾਰੇ ਪੁਜਾਰੀ ਅਕਾਲ ਤਖ਼ਤ ਦਾ ਪਹਿਰਾ ਛੱਡ ਕੇ, ਸਰਬਰਾਹ ਰੂੜ ਸਿੰਘ ਪਾਸ ਜਾ ਫਰਿਆਦ ਕੀਤੀ। ਕੁਛ ਅਰਸੇ ਬਾਦ



www.AKJ.Org

ਸਰਬਰਾਹ ਰੂੜ ਸਿੰਘ ਆ ਗਿਆ। ਭਾਈ ਸਾਹਿਬ ਜੀ ਨਾਲ ਤੇ ਹੋਰ ਸਿੰਘਾਂ ਨਾਲ ਵਿਚਾਰਾਂ ਹੋਈਆਂ। ਆਖਰ ਪੁਜਾਰੀਆਂ ਨੂੰ ਭਾਈ ਸਾਹਿਬ ਜੀ ਤੋਂ ਮਾਫੀ ਮੰਗਣੀ ਪਈ ਤੇ ਬੇਨਤੀ ਕੀਤੀ ਕਿ ਜਥੇ ਸਮੇਤ ਕੀਰਤਨ ਕਰੋ। ਇਹ ਪਹਿਲਾ ਮੌਕਾ ਸੀ ਜਦੋਂ ਜਥੇ ਨੇ ਸ੍ਰੀ ਹਰਮੰਦਰ ਸਾਹਿਬ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਭਾਈ ਸਾਹਿਬ ਜੀ ਨੇ ਜਥੇ ਦੇ ਸਿੰਘਾਂ ਨੂੰ ਹਦਾਇਤ ਕੀਤੀ ਕਿ ਸਾਰੇ ਸਿੰਘ ਸ੍ਰੀ ਗੁਰੂ ਰਾਮਦਾਸ ਜੀ ਦਾ ਧਿਆਨ ਧਰ ਕੇ ਬੈਠ ਜਾਣ, ਇਨ੍ਹਾਂ ਪੁਜਾਰੀਆਂ ਦਿਆਂ ਕੰਮਾਂ ਵਲ ਨਾ ਦੇਖਣਾ। ਦੂਜੇ ਜਦੋਂ ਜਥੇ ਨੇ ਕੀਰਤਨ ਕਰਨਾ ਹੈ ਤਾਂ ਲਛਮੀ ਬਹੁਤ ਬਰਸੇਗੀ, ਤੁਸੀਂ ਕਿਸੇ ਗੱਲ ਵਲ ਧਿਆਨ ਹੀ ਨਾ ਕਰਨਾ। ਐਸਾ ਹੀ ਹੋਇਆ, ਲਛਮੀ ਬਹੁਤ ਹੀ ਬਰਸੀ, ਜਦੋਂ ਜਥਾ ਕੀਰਤਨ ਕਰ ਚੁੱਕਾ ਤਾਂ ਸਾਰੇ ਸਿੰਘ ਪੱਲਾ ਝਾੜ ਕੇ ਉਠ ਖੜੇ। ਉਹਨਾਂ ਪੁਜਾਰੀਆਂ ਨੇ ਦੇਖਿਆ ਕਿ ਇਨ੍ਹਾਂ ਨੇ ਤਾਂ ਇਥੋਂ ਇਕ ਪੈਸਾ ਭੀ ਅੰਗੀਕਾਰ ਨਹੀਂ ਕੀਤਾ, ਅਸੀਂ ਤਾਂ ਇਨ੍ਹਾਂ ਉਤੇ ਐਵੇਂ ਹੀ ਦੂਸ਼ਣ ਲਾ ਦਿੱਤਾ ਸੀ ਕਿ ਇਹ ਚੂੜ੍ਹੇ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਜਥੇ ਨੇ ਛਿਹਰਟੇ ਸਾਹਿਬ ਨੂੰ ਪੈਦਲ ਚਾਲੇ ਪਾ ਦਿੱਤੇ। ਇਕ ਰਾਤ ਛਿਹਰਟੇ ਸਾਹਿਬ ਰਹੇ, ਦੂਜੇ ਦਿਨ ਸਤਲਾਣੀ ਠਹਿਰੇ। ਫਿਰ ਇਥੋਂ ਤੁਰ ਕੇ ਅਟਾਰੀ ਪਹੁੰਚ ਗਏ। ਇਕ ਰਾਤ ਅਟਾਰੀ ਰਹੇ। ਇਥੇ ਸਾਰੇ ਸਿੰਘ ਕੜਾਕੇ ਹੀ ਰਹੇ। ਸਵੇਰ ਸਾਰ ਹੀ ਭਾਈ ਸਾਹਿਬ ਜੀ ਨੇ ਮੈਨੂੰ ਕਿਹਾ, ਤੂੰ ਹੁਣੇ ਹੀ ਦੋ ਸਿੰਘ ਲੈ ਕੇ ਲਾਹੌਰ ਨੂੰ ਤੁਰ ਜਾ, ਸਾਡੇ ਪਹੁੰਚਦਿਆਂ ਨੂੰ ਪ੍ਰਸ਼ਾਦਾ ਤਿਆਰ ਕਰ ਛਡਣਾ। ਮੈਂ ਦੋ ਸਿੰਘ ਲੈ ਕੇ ਇਨਾਂ ਤੋਂ ਪਹਿਲਾਂ ਹੀ ਤੁਰ ਕੇ ਬੁਧੂ ਦੇ ਆਵੇ ਜਾ ਕੇ ਪ੍ਰਸ਼ਾਦੇ ਤੇ ਦਾਲਾ ਤਿਆਰ ਕਰਨ ਲੱਗ ਪਿਆ। ਸਾਰੇ ਸਿੰਘ ਪ੍ਰਸ਼ਾਦੇ ਛਕ ਕੇ ਲਾਹੌਰ ਡੇਰਾ ਸਾਹਿਬ ਪਹੁੰਚ ਗਏ। ਸਵੇਰੇ ਡੇਰੇ ਸਾਹਿਬ ਜਥੇ ਨੇ ਕੀਰਤਨ ਕਰਨਾ ਸੀ। ਕੀਰਤਨ ਸੁਣਨ ਵਾਸਤੇ ਬਹੁਤ ਸੰਗਤਾਂ ਪਹੁੰਚ ਗਈਆਂ। ਦਸ ਘੰਟੇ ਕੀਰਤਨ ਹੋਇਆ, ਬੇਅੰਤ ਲਛਮੀ ਬਰਸੀ। ਜਥੇ ਨੇ ਲਛਮੀ ਉਥੇ ਹੀ ਪਈ ਰਹਿਣ ਦਿੱਤੀ। ਦੂਜੇ ਦਿਨ ਸੰਗਤਾਂ ਨੇ ਸਾਨੂੰ ਟਿਕਟ ਨਨਕਾਣੇ ਸਾਹਿਬ ਦੇ ਲੈ ਦਿੱਤੇ। ਪਿਛਲਾ ਸਫਰ ਅਸੀਂ ਤੁਰ ਕੇ ਹੀ ਕੀਤਾ ਸੀ। ਨਾਨਕਾਣੇ ਸਾਇਬ ਪਹੰਚ ਕੇ ਅਸੀਂ ਡੇਰਾ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਕੀਤਾ। ਤੜਕੇ ਦੋ ਵਜੇ ਦੇ ਕਰੀਬ ਉਠ ਕੇ ਜਥੇ ਨੇ ਇਸ਼ਨਾਨ ਕੀਤਾ। ਫਿਰ ਕੀਰਤਨ ਸੁਣਨ ਵਾਸਤੇ ਜਥਾ ਇਕ ਦੀਵਾਨ ਵਿਚ ਪਹੁੰਚ ਗਿਆ। ਉਥੇ ਦੀਵਾਨ ਵਿਚ ਕੀਰਤਨ ਰਾਗੀ ਹੀਰਾ ਸਿੰਘਾ ਤੇ ਭਾਗ ਸਿੰਘ ਜੀ ਕਰ ਰਹੇ ਸਨ। ਦੀਵਾਨ ਵਿਚ ਬੇਅੰਤ ਸੰਗਤਾਂ ਬੈਠੀਆਂ ਸਨ। ਅਸੀਂ ਮੱਥਾ ਟੇਕ ਕੇ ਇਧਰ-ਉਧਰ ਤੱਕਣ ਲੱਗੇ ਤਾਂ ਬੈਠਣ ਨੂੰ ਕੋਈ ਥਾਂ ਨਹੀਂ ਸੀ। ਇੰਨੇ ਨੂੰ ਹੀਰਾ ਸਿੰਘ ਰਾਗੀ ਨੇ ਕਿਹਾ "ਇਹ ਮਰਜੀਵੜੇ ਆ ਗਏ ਹਨ। ਇਨ੍ਹਾਂ ਸਿੰਘਾਂ ਨੂੰ ਮੇਰੇ ਸਾਹਮਣੇ ਜਗ੍ਹਾ ਖਾਲੀ ਕਰ ਦੇਵੋ।" ਸਾਨੂੰ ਰਾਗੀ ਸਿੰਘਾਂ ਦੇ ਕਹਿਣ ਤੇ ਜਗਾ ਮਿਲ ਗਈ। ਉਸ ਦਿਨ ਹੀਰਾ ਸਿੰਘ ਜੀ ਨੇ ਨਿਰੋਲ ਕੀਰਤਨ ਹੀ ਕੀਤਾ। ਵਿਆਖਿਆ ਨਹੀਂ ਕੀਤੀ ਤੇ ਕੀਰਤਨ ਵੀ ਤਖੀਣੀਆਂ ਦਾ ਹੀ ਕੀਤਾ (**ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥**) ਭਾਈ ਹੀਰਾ ਸਿੰਘ ਜੀ ਨਾਲੇ ਕੀਰਤਨ ਕਰੀ ਜਾਣ ਨਾਲੇ ਵੈਰਾਗ ਵਿਚ ਆ ਕੇ ਰੁਦਨ ਕਰੀ ਜਾਣ। ਇਧਰ ਸ੍ਰੀ ਮਾਨ ਭਾਈ ਸਾਹਿਬ ਜੀ ਦੀ ਭੀ ਬਹੁਤ ਵੈਰਾਗੀ ਹਾਲਤ ਹੋ ਗਈ ਸੀ। ਜਥਾ ਨਨਕਾਣੇ ਸਾਹਿਬ ਤਿੰਨ ਦਿਨ ਦੇ ਕਰੀਬ ਰਿਹਾ, ਫਿਰ ਮੁੜ ਕੇ ਲੁਧਿਆਣੇ ਆ ਪਹੁੰਚੇ।

***



www.AKJ.Org

# ਰੱਬੀ ਰੰਗ

## ਕਿਸ਼ਤ ਨੰ. 6—ਸੂਰਾ ਮਾਸਿਕ ਪੱਤਰ, ਸਤੰਬਰ 1966

ਫੇਰ ਲੁਧਿਆਣੇ ਪਹੁੰਚਣ ਤੇ ਭੁਜੰਗੀ ਜੱਥਾ ਖ਼ਾਲਸਾ ਹਾਈ ਸਕੂਲ ਵਾਲੇ ਸਾਨੂੰ ਸਾਰਿਆਂ ਨੂੰ ਆਪਣੇ ਨਿਵਾਸ ਅਸਥਾਨ ਤੇ ਲੈ ਗਏ। ਦੂਜੇ ਦਿਨ ਖ਼ਾਲਸਾ ਹਾਈ ਸਕੂਲ ਦੇ ਗੁਰਦੁਆਰੇ ਵਿਚ ਆਸਾ ਦੀ ਵਾਰ ਦਾ ਕੀਰਤਨ ਕੀਤਾ। ਏਸ ਕੀਰਤਨ ਵਿਚ ਕੀਰਤਨ ਕਰਨ ਵਾਲੇ ਤੇ ਸੁਣਨ ਵਾਲੇ ਸਾਰੇ ਹੀ ਰੱਬੀ ਰੰਗਾਂ ਵਿਚ ਰੰਗੇ ਹੋਏ ਸਨ। ਏਸ ਕੀਰਤਨ ਵਿਚ ਨਾਹਰ ਸਿੰਘ ਗਿਆਨੀ ਦੀ ਹਾਲਤ ਦੇਖਣ ਵਾਲੀ ਸੀ। ਇਹ ਕੀਰਤਨ ਵਿਚ ਇਤਨਾ ਮਸਤ ਹੋਇਆ ਖੜਾ-ਖੜਾ ਹੀ ਡਿਗ ਪਿਆ ਤੇ ਆਪਣੇ ਰੰਗਾਂ ਵਿਚ ਹੀ ਮਸਤ ਹੋਇਆ ਰੋਈ ਜਾਵੇ ਤੇ ਦੂਜਾ ਸਿੰਘ ਲਾਲ ਸਿੰਘ ਧਾਂਦਰੇ ਦਾ ਸੀ। ਇਹ ਸੱਜਣ ਵੀ ਕੀਰਤਨ ਕਰਦਾ ਹੋਇਆ ਪੰਚਮ ਵਿਚ ਬੋਲਦਾ ਸੀ। ਇਹ ਸਿੰਘ ਭੀ ਬਹੁਤ ਜ਼ਿਆਦਾ ਮਸਤ ਹੋਇਆ ਪਿਆ ਸੀ। ਇਸ ਸਿੰਘ ਨੇ ਆਪਣੇ ਦਸਤਾਰੇ ਨੂੰ ਫੜਿਆ ਹੋਇਆ ਸੀ, ਨਹੀਂ ਤਾਂ ਦਸਤਾਰਾ ਵੀ ਲਹਿ ਜਾਣਾ ਸੀ।

ਏਥੋਂ ਫੇਰ ਅਸੀਂ ਨਾਰੰਗਵਾਲ ਪਹੁੰਚ ਗਏ। ਮੈਂ ਆਪਣੇ ਪਿੰਡ ਗੁਜਰਵਾਲ ਚਲਾ ਗਿਆ। ਚਾਰ ਜਾਂ ਪੰਜ ਦਿਨਾਂ ਤੋਂ ਬਾਦ ਮੈਂ ਫੇਰ ਇਕ ਦਿਨ ਨਾਰੰਗਵਾਲ ਨੂੰ ਗਿਆ ਤਾਂ ਮੈਨੂੰ ਰਸਤੇ ਵਿਚ ਬਹੁਤ ਪਿਆਸ ਲਗੀ। ਮੈਨੂੰ ਰਸਤੇ ਵਿਚ ਕਿਤੇ ਪਾਣੀ ਨਾ ਲੱਭਾ। ਮੈਂ ਨਾਰੰਗਵਾਲ ਭਾਈ ਸਾਹਿਬ ਜੀ ਦੇ ਘਰ ਪਹੁੰਚ ਗਿਆ। ਅਗੇ ਭਾਈ ਸਾਹਿਬ ਜੀ ਤੇ ਹੋਰ ਸਿੰਘ ਸ਼ਰਦਾਈ ਰਗੜ ਕੇ ਬਾਣੀ ਦਾ ਪਾਠ ਕਰੀ ਜਾਣ ਤੇ ਇਕ ਸਿੰਘ ਸ਼ਰਦਾਈ ਵਾਲੇ ਬਾਟੇ ਵਿਚ ਕਿਰਪਾਨ ਫੇਰੀ ਜਾਵੇ। ਮੈਂ ਇਹਨਾਂ ਸਿੰਘਾਂ ਦੇ ਦਰਸ਼ਨ ਕਰੀ ਜਾਵਾਂ, ਨਾਲੇ ਮੇਰੀ ਪਿਆਸ ਬਹੁਤ ਵਧਦੀ ਜਾਵੇ। ਇਹ ਸਾਰੇ ਸਿੰਘ ਆਪਣੀ ਮਸਤੀ ਵਿਚ ਹੀ ਬਾਣੀ ਪੜ੍ਹੀ ਜਾਣ ਤੇ ਹਟਣ ਵਿਚ ਹੀ ਨਾ ਆਉਣ। ਮੈਂ ਆਪਣੇ ਮਨ ਵਿਚ ਸੋਚੀ ਜਾਵਾਂ ਕਿ ਕਦੇ ਨਾ ਕਦੇ ਤਾਂ ਹਟਣਗੇ ਹੀ। ਆਖ਼ਰ ਇਹਨਾਂ ਸਿੰਘਾਂ ਨੇ ਇਕ ਘੰਟੇ ਦੇ ਕਰੀਬ ਬਾਣੀ ਪੜ ਕੇ ਅਰਦਾਸ ਕੀਤੀ। ਫੇਰ ਕਹਿਣ ਲੱਗੇ ਉਹ ਜਿਹੜਾ ਸਿੰਘ ਗੁਜਰਵਾਲ ਤੋਂ ਆਇਆ ਹੈ ਉਸ ਨੂੰ ਪਹਿਲਾਂ ਸ਼ਰਦਾਈ ਛਕਾਵੋ। ਮੈਂ ਆਪਣੇ ਮਨ ਵਿਚ ਸ਼ੁਕਰ ਕੀਤਾ ਕਿ ਪਹਿਲਾਂ ਮੈਨੂੰ ਹੀ ਸ਼ਰਦਾਈ ਛਕਾ ਰਹੇ ਹਨ। ਦਾਸ ਨਾਰੰਗਵਾਲ ਹੀ ਰਾਤ ਰਿਹਾ ਤੇ ਤੜਕੇ ਇਕ ਵਜੇ ਦੇ ਕਰੀਬ ਸਾਰੇ ਸਿੰਘਾਂ ਨੇ ਸੋਚ ਇਸ਼ਨਾਨ ਕੀਤਾ, ਫਿਰ ਅਭਿਆਸ ਕਰਨ ਲੱਗ ਪਏ। ਫੇਰ ਚਾਰ ਵਜੇ ਦੇ ਕਰੀਬ ਵਾਜੇ ਫੜ ਲਏ ਅਤੇ ਕੀਰਤਨ ਸ਼ੁਰੂ ਹੋ ਗਿਆ। ਅੰਦਰਲੇ ਕੁੰਡੇ ਲਾ ਲਏ। ਐਸਾ ਕੀਰਤਨ ਹੋਇਆ, ਬਾਹਰੋਂ ਬੈਠ ਕੇ ਸੁਣਨ ਵਾਲੇ ਸਰੋਤੇ ਵੀ ਰੰਗਾਂ ਵਿਚ ਮਸਤ ਹੋ ਗਏ। ਇਹ ਕੀਰਤਨ ਕੋਈ ਬਾਰਾਂ ਵਜੇ ਤਕ ਹੋਇਆ। ਬਾਹਰੋਂ ਭਾਈ ਸਾਹਿਬ ਜੀ ਦੇ ਮਾਤਾ ਜੀ ਦਰਵਾਜ਼ੇ ਭੰਨੀ ਜਾਣ, ਤੁਸੀਂ ਇਕ ਦਫਾ ਕੁੰਡਾ ਤਾਂ ਖੋਲ੍ਹ ਦੇਵੋ। ਪ੍ਰਸ਼ਾਦਾ ਤਿਆਰ ਹੈ, ਫੇਰ ਆ ਬੈਠਣਾ। ਪਹਿਲਾਂ ਪ੍ਰਸ਼ਾਦ ਛਕ ਲਵੋ, ਏਥੇ ਇਹੋ ਜਿਹੀ ਗੱਲ ਕੌਣ ਸੁਣਦਾ ਸੀ ? ਨਾ ਹੀ ਕਿਸੇ ਨੇ ਤਖਤੇ ਖੋਲੇ ਤੇ ਨਾ ਹੀ ਕੀਰਤਨ ਬੰਦ ਹੋਇਆ। ਫੇਰ ਬਾਰਾਂ ਕੁ ਵਜੇ ਦੇ ਕਰੀਬ ਕੀਰਤਨ ਦਾ ਭੋਗ ਪਾਇਆ ਹੋਵੇਗਾ, ਪਰ ਤਖ਼ਤੇ ਅਜੇ ਵੀ ਕਿਸੇ ਨੇ ਨਹੀਂ ਖੋਹਲੇ। ਫੇਰ (**ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥**)। ਸਾਰੇ ਹੀ ਸਜਣ ਇਹੋ ਜਿਹੀ



www.AKJ.Org

ਹਾਲਤ ਵਿਚ ਹੋ ਗਏ। ਫੇਰ ਇਕ ਵਜੇ ਦੇ ਕਰੀਬ ਦਾਸ ਨੇ ਕਵਾੜ ਖੋਲ੍ਹੇ। ਭਾਈ ਸਾਹਿਬ ਜੀ ਦੇ ਮਾਤਾ ਜੀ ਅੰਦਰ ਆ ਕੇ ਕਹਿਣ ਲਗੇ, "ਤੁਸੀਂ ਹੁਣ ਪ੍ਰਸ਼ਾਦਾ ਤਾਂ ਛਕ ਲਵੋ" ਇਹ ਮਾਤਾ ਜੀ ਦੇ ਬਚਨ ਸਿਰਫ਼ ਦਾਸ ਨੇ ਹੀ ਸੁਣੇ ਸਨ। ਇਨ੍ਹਾਂ ਨੂੰ ਤਾਂ ਕਿਸੇ ਨੂੰ ਵੀ ਪਤਾ ਹੀ ਨਹੀਂ ਸੀ ਕਿ ਕਿਥੇ ਬੈਠੇ ਹਾਂ ? ਮੈਂ ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਕਿਹਾ, ਮਾਤਾ ਜੀ ਕਈ ਦਫਾ ਆਏ ਹਨ। ਪ੍ਰਸ਼ਾਦ ਛਕ ਲਵੋ, ਚਲੋ ਉਠੋ, ਪ੍ਰਸ਼ਾਦਾ ਛਕੋ। ਭਾਈ ਸਾਹਿਬ ਜੀ ਮੇਰੀ ਬੇਨਤੀ ਕਰਨ ਤੇ ਉਠ ਕੇ ਤੁਰ ਪਏ। ਹੇਠਾਂ ਜਾਂ ਕੇ ਭੁੰਜੇ ਹੀ ਪੰਗਤ ਲਾ ਕੇ ਬੈਠ ਗਏ। ਸਾਰੇ ਸਿੰਘਾਂ ਵਾਸਤੇ ਪ੍ਰਸ਼ਾਦੇ ਸਰਬ ਲੋਹ ਦੇ ਥਾਲਾਂ ਵਿਚ ਆ ਗਏ। ਪਰ ਭਾਈ ਸਾਹਿਬ ਜੀ ਪ੍ਰਸ਼ਾਦਾ ਛਕਣ ਹੀ ਨਾ। ਕੁਝ ਅਰਸੇ ਬਾਦ, ਭਾਈ ਸਾਹਿਬ ਜੀ ਨੇ ਆਪਣੇ ਵਾਲਾ ਥਾਲ, ਆਪਣੇ ਪਾਸ ਬੈਠੇ ਸਿੰਘ ਦੇ ਮੂਹਰੇ ਕਰ ਦਿੱਤਾ। ਉਸ ਸਿੰਘ ਨੇ ਭਾਈ ਸਾਹਿਬ ਜੀ ਵਾਲਾ ਥਾਲ ਅਗੇ ਨੂੰ ਧੱਕ ਦਿੱਤਾ। ਇੰਝ ਭਾਈ ਸਾਹਿਬ ਵਾਲਾ ਥਾਲ ਅਗਾਂਹ ਤੋਂ ਅਗਾਂਹਾਂ ਤੁਰੀ ਜਾਵੇ। ਮੈਂ ਇਸ ਗੱਲ ਨੂੰ ਸਮਝ ਨ ਸਕਾਂ ਕਿ ਇਹ ਕੀ ਹੋਈ ਜਾਂਦਾ ਹੈ ? ਪਤਾ ਲਗਾ ਕਿ ਭਾਈ ਸਾਹਿਬ ਦੇ ਥਾਲ ਵਿਚ ਮਾਤਾ ਜੀ ਨੇ ਘਿਉ ਜ਼ਿਆਦਾ ਪਾ ਦਿੱਤਾ ਸੀ। ਅਖ਼ੀਰ ਸਾਰਾ ਦਾਲਾ ਇਕ ਜਗ੍ਹਾ ਇਕਠਾ ਕੀਤਾ ਗਿਆ। ਫੇਰ ਉਹ ਦਾਲਾ ਸਾਰੀਆਂ ਹੀ ਥਾਲੀਆਂ ਵਿਚ ਪਾ ਦਿੱਤਾ ਗਿਆ। ਸਾਰਿਆਂ ਨੇ ਪ੍ਰਸ਼ਾਦਾ ਛਕਿਆ।

***

# ਭਗੌੜੇ ਹੋਣ ਦੀ ਵਿਥਿਆ

## ਕਿਸ਼ਤ ਨੰ. 7—ਸੂਰਾ ਮਾਸਿਕ ਪੱਤਰ, ਅਕਤੂਬਰ 1966

ਇਹ ਸਮਾਚਾਰ ਦਾਸ ਨੇ ਤੁਛ ਜਿਹੀ ਬੁਧੀ ਦੇ ਨਾਲ ਥੋੜ੍ਹਾ ਜਿਹਾ ਲਿਖ ਦਿੱਤਾ ਹੈ। ਇਹ ਸਮਾਚਾਰ ਜੇਹਲ ਜਾਣ ਤੋਂ ਪਹਿਲਾਂ ਦੇ ਹਨ। ਸੰਨ 1915 ਵਿਚ ਭਾਈ ਸਾਹਿਬ ਜੀ ਆਪਣੇ ਪਿਤਾ ਸਰਦਾਰ ਨੱਥਾ ਸਿੰਘ ਜੀ ਪਾਸ ਨਾਭੇ ਠਹਿਰੇ ਹੋਏ ਸਨ। ਏਨ੍ਹਾਂ ਦੇ ਪਿਤਾ ਨਾਭੇ ਵਿਚ ਜੱਜ ਸਨ। ਏਧਰ ਲੁਧਿਆਣੇ ਦੀ ਪੁਲਸ ਨੇ ਸਾਡੇ ਖਿਲਾਫ ਝੂਠੇ ਸੱਚੇ ਗਵਾਹ ਬਣਾ ਕੇ ਕੇਸ ਬਣਾ ਲਿਆ ਤੇ ਇਨ੍ਹਾਂ ਨੂੰ ਮਈ 1915 ਵਿਚ ਨਾਭੇ ਗ੍ਰਿਫਤਾਰ ਕਰ ਲਿਆ ਗਿਆ। ਦਾਸ ਭਾਈ ਸਾਹਿਬ ਜੀ ਨੂੰ ਨਾਭੇ ਮਿਲਣ ਲਈ ਗਿਆ ਤੇ ਉਥੇ ਭਾਈ ਸਾਹਿਬ ਸਿਰਫ਼ ਇਕ ਮਕਾਨ ਵਿਚ ਨਜ਼ਰਬੰਦ ਕੀਤੇ ਹੋਏ ਸਨ। ਮਿਲਣ ਦੀ ਕੋਈ ਮਨਾਹੀ ਨਹੀਂ ਸੀ। ਮੇਰੇ ਨਾਲ ਭਾਈ ਸਾਹਿਬ ਜੀ ਨੇ ਇਸ ਕੇਸ ਦੇ ਬਾਰੇ ਵਿਚ ਬਹੁਤ ਬਚਨ ਕੀਤੇ। ਭਾਈ ਸਾਹਿਬ ਜੀ ਨੇ ਦਾਸ ਨੂੰ ਕਿਹਾ, "ਹੁਣ ਤੂੰ ਨਾਰੰਗਵਾਲ ਨੂੰ ਜਾਹ ਤੇ ਗਿਆਨੀ ਨਾਹਰ ਸਿੰਘ ਨੂੰ ਨਾਲ ਲੈ ਲਵੀਂ। ਦੋਨੋਂ ਜਾਣੇ ਘਰ ਜਾ ਕੇ ਕੋਈ ਇਤਰਾਜ਼ ਵਾਲਾ ਕਾਗਜ਼ ਜਾਂ ਹੋਰ ਵੀ ਕੋਈ ਚੀਜ਼ ਹੋਵੇ ਤਾਂ ਲਾਂਭੇ ਕਰ ਦੇਣੀ।" ਅਸੀਂ ਦੋਹਾਂ ਜਣਿਆਂ ਨੇ ਐਸਾ ਹੀ ਕੀਤਾ। ਸਾਰੇ ਘਰ ਦੀ ਤਲਾਸ਼ੀ ਲਈ, ਪਰ ਸਾਨੂੰ ਉਥੋਂ ਇਤਰਾਜ਼ ਵਾਲੀ ਕੋਈ ਚੀਜ਼ ਨਾ ਲੱਭੀ। ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਨਾਭੇ ਤੋਂ ਥਾਣੇ ਗ੍ਰਿਫਤਾਰ ਕਰਕੇ ਲੋਹੱਟਬੱਦੀ ਲਿਆਂਦਾ ਗਿਆ।

ਏਥੇ ਪੁਲਸ ਵਾਲਿਆਂ ਨੇ ਕਈ ਦਿਨ ਰੱਖ ਕੇ, ਲੁਧਿਆਣੇ ਲੈ ਆਂਦਾ। ਏਥੇ ਭਾਈ ਸਾਹਿਬ ਜੀ ਨੂੰ ਕੁਤਵਾਲੀ ਵਿਚ ਡੱਕ ਦਿੱਤਾ ਗਿਆ। ਇਸ ਤੋਂ ਬਾਅਦ ਭਾਈ ਸਾਹਿਬ ਜੀ



www.AKJ.Org

ਦੇ ਘਰ ਦੀ ਤਲਾਸ਼ੀ ਵੀ ਹੋਈ। ਸਾਡੇ ਘਰਾਂ ਦੀ ਤਲਾਸ਼ੀ ਲੈਣ ਵਾਸਤੇ ਵੀ ਪੁਲਸ ਆ ਗਈ। ਨਾਹਰ ਸਿੰਘ ਗਿਆਨੀ, ਹਰਨਾਮ ਸਿੰਘ, ਜੱਗਾ ਸਿੰਘ, ਸਰਵਣ ਸਿੰਘ ਤੇ ਦਾਸ ਨੂੰ ਲੁਧਿਆਣੇ ਕੁਤਵਾਲੀ ਵਿਚ ਲੈ ਆਂਦਾ ਗਿਆ। ਗਿਆਨੀ ਹਰਭਜਨ ਸਿੰਘ ਜੀ ਨੂੰ ਭੀ ਚਮਿੰਡਿਆਂ ਤੋਂ ਲੁਧਿਆਣੇ ਕੁਤਵਾਲੀ ਵਿਚ ਲੈ ਆਂਦਾ। ਕੁਛ ਦਿਨਾਂ ਬਾਦ, ਸਾਨੂੰ ਸਾਰਿਆਂ ਨੂੰ ਕਤਾਰ ਵਿਚ ਖੜਾ ਕੇ ਭਗਤ ਸਿੰਘ ਬਲੋਂਵਾਲੀਏ, ਜੋ ਵਾਇਦਾ ਮੁਆਫ ਗੁਆਹ ਬਣਾ ਲਿਆ ਗਿਆ ਸੀ, ਨੇ ਸਾਡਾ ਸਾਰਿਆਂ ਦਾ ਨਾਮ ਲੈ ਦਿੱਤਾ ਕਿ ਇਹ ਸਾਰੇ ਫਿਰੋਜ਼ਪੁਰ ਕਿਲੇ ਤੇ ਕਬਜ਼ਾ ਕਰਨ ਗਏ ਸੀ। ਉਥੋਂ ਫੇਰ ਸਾਨੂੰ ਕੁਤਵਾਲੀ ਵਿਚ ਹੀ ਲੈ ਆਏ। ਦਾਸ ਭਾਈ ਸਾਹਿਬ ਰਣਧੀਰ ਸਿੰਘ ਜੀ ਵਾਲੀ ਕੋਠੜੀ ਦੇ ਸਾਹਮਣੇ ਖੜਾ ਸੀ ਤੇ ਭਾਈ ਸਾਹਿਬ ਜੀ ਨੇ ਖਾਲਸਈ ਬੋਲੀ ਵਿਚ ਮੇਰੇ ਵਲ ਨੂੰ ਮੁਖਾਰਬਿੰਦ ਕਰਕੇ ਕਿਹਾ ਕਿ ਭਾਈ ਸੁਰਜਨ ਸਿੰਘ ਜੀ ਹਰਨ ਸਿਉਂ ਹੋ ਜਾਵੋ। ਭਾਈ ਸਾਹਿਬ ਜੀ ਦਾ ਅੰਤਰਗਤੀ ਭਾਵ ਇਹ ਸੀ ਕਿ ਪੁਲਸ ਮਾਰਦੀ ਬਹੁਤ ਹੈ, ਕਿਤੇ ਮਾਰ ਕੁਟੇ, ਕੁਛ ਮੰਨ ਹੀ ਨਾ ਜਾਣ। ਦਾਸ ਨੇ ਹਰਭਜਨ ਸਿੰਘ ਨੂੰ ਕਿਹਾ ਕਿ ਹੁਣ ਭਾਈ ਸਾਹਿਬ ਜੀ ਨੇ ਇਸ਼ਾਰਾ ਕੀਤਾ ਹੈ ਤੇ ਕਿਹਾ ਹੈ ਕਿ ਤੁਸੀਂ ਹਰਨ ਸਿਓਂ ਹੋ ਜਾਵੋ ਤੇ ਤੇਰੀ ਕੀ ਸਲਾਹ ਹੈ ? ਇਨ੍ਹਾਂ ਨੇ ਕਿਹਾ, ਮੈਂ ਤੇਰੇ ਨਾਲ ਹੀ ਤਿਆਰ ਹਾਂ। ਅਸੀਂ ਦੋਹੇਂ ਜਣੇ ਸ਼ਾਮ ਵੇਲੇ ਪਰਸ਼ਾਦਾ ਛੱਕਣ ਦੇ ਬਹਾਨੇ ਕਿਸੇ ਪੁਲਸ ਵਾਲੇ ਨੂੰ ਪੁੱਛ ਕੇ, ਕੁਤਵਾਲੀ ਤੋਂ ਬਾਹਰ ਆ ਗਏ। ਅਸੀਂ ਦੋਹਾਂ ਨੇ ਕਿਸੇ ਦੁਕਾਨ ਤੇ ਦੁਪਹਿਰ ਵੇਲੇ ਦਾ ਸਜਿਆ ਪ੍ਰਸ਼ਾਦਾ ਬੈਠ ਕੇ ਛਕ ਲਿਆ ਤੇ ਦੋ ਤਿੰਨ ਪ੍ਰਸ਼ਾਦੇ ਬਚੇ ਪਏ ਸੀ, ਉਹ ਵੀ ਨਾਲ ਲੈ ਲਏ। ਸਮਰਾਲੇ ਵਾਲੀ ਸੜਕ ਨੂੰ ਪੈ ਕੇ ਮਾਛੀਵਾੜੇ ਵਲ ਨੂੰ ਤੁਰ ਪਏ। ਕਦੇ ਸੜਕੇ ਚੜ੍ਹ ਜਾਈਏ, ਕਦੇ ਖੇਤਾਂ ਵਿਚ ਦੀ ਹੋ ਤੁਰੀਏ, ਅਨੇਰੀ ਰਾਤ ਸੀ ਪਤਾ ਨਹੀਂ ਕਿੰਨੈ ਕੁ ਤੁਰੇ ਹੋਵਾਂਗੇ, ਆਖ਼ਰ ਪੋਹ ਫੁਟੀ ਤਾਂ ਅਸੀਂ ਦੋਨੋਂ ਜਣੇ ਬਹੁਤ ਥਕ ਗਏ। ਉਥੇ ਕਿਸੇ ਪਿੰਡ ਦੇ ਬਾਹਰ, ਬੁਢਾ ਨਾਲਾ ਭੀ ਪਾਸ ਹੀ ਸੀ, ਉਥੇ ਲੰਮੇ ਪੈ ਗਏ ਤੇ ਸਾਰਾ ਦਿਨ ਉਥੇ ਸੁੱਤੇ ਰਹੇ। ਉਥੋਂ ਉਠ ਕੇ ਕਿਸੇ ਨੂੰ ਪੁੱਛਿਆ ਕਿ ਏਥੋਂ ਮਾਛੀਵਾੜਾ ਕਿੰਨੀ ਕੁ ਦੂਰ ਹੈ? ਕਿਸੇ ਨੇ ਦੱਸਿਆ ਕਿ ਏਥੋਂ ਹੁਣ ਨੇੜੇ ਹੀ ਹੈ। ਅਸੀਂ ਦੋਨੋਂ ਜਣੇ ਤੁਰ ਕੇ ਮਾਛੀਵਾੜੇ ਗੁਰਦੁਵਾਰੇ ਚਰਨ ਕੰਵਲ ਪਹੁੰਚ ਗਏ। ਉਥੇ ਨਿਹੰਗ ਸਿੰਘ ਜੈਮਲ ਸਿੰਘ ਸੀ। ਅਸੀਂ ਉਸ ਨੂੰ ਕਿਹਾ, ਸਾਨੂੰ ਭੁੱਖ ਲਗੀ ਹੈ, ਪ੍ਰਸ਼ਾਦਾ ਬਖਸ਼ੋ। ਉਨ੍ਹਾਂ ਨੇ ਸਾਨੂੰ ਦੋਹਾਂ ਨੂੰ ਪ੍ਰਸ਼ਾਦਾ ਛਕਾਇਆ। ਸਵੇਰੇ ਉਠ ਕੇ ਅਸੀਂ ਦੋਨੋਂ ਕਲੌੜ ਨੂੰ ਤੁਰ ਪਏ। ਇਹ ਪਿੰਡ ਮੁਰਿੰਡੇ ਦੇ ਪਾਸ ਹੈ, ਉਥੇ ਪਹੁੰਚ ਕੇ ਅਸੀਂ ਸੰਤਾ ਸਿੰਘ ਦੇ ਘਰ ਗਏ। ਉਸ ਨੂੰ ਅਸੀਂ ਸਾਰਾ ਸਮਾਚਾਰ ਦਸਿਆ ਕਿ ਭਾਈ ਸਾਹਿਬ ਜੀ ਗ੍ਰਿਫਤਾਰ ਹੋ ਚੁੱਕੇ ਹਨ ਤੇ ਸਾਨੂੰ ਪੁਲਸ ਟੋਲਦੀ ਫਿਰਦੀ ਹੈ ਤੇ ਤੇਰੀ ਤਲਾਸ਼ੀ ਵੀ ਹੁਣ ਹੋ ਜਾਏਗੀ ਤੇ ਤੂੰ ਆਪਣਾ ਬੰਦੋਬਸਤ ਕਰ ਲੈ। ਏਥੇ ਸਾਨੂੰ ਗਿਆਨੀ ਦਲੀਪ ਸਿੰਘ ਜੀ ਵੀ ਮਿਲ ਗਏ। ਅਸੀਂ ਤਿੰਨੇ ਇਕੱਠੇ ਹੋ ਗਏ ਤੇ ਏਥੋਂ ਸਾਨੂੰ ਜਗਤ ਸਿੰਘ ਜੀ ਨੇ ਸੰਭਾਲ ਲਿਆ। ਏਸ ਦਾ ਦੂਜਾ ਨਾਮ ਭਾਈ ਸਾਹਿਬ ਜੀ ਨੇ ਬਿਜਲਾ ਸਿੰਘ ਰਖਿਆ ਹੋਇਆ ਸੀ। ਏਥੇ ਅਸੀਂ ਕੁਛ ਦਿਨ ਰਹਿ ਕੇ ਫਿਰ ਦੁਸਾਰਨੇ ਗਿਆਨੀ ਗੁਰਬਖਸ਼ ਸਿੰਘ ਪਾਸ ਚਲੇ ਗਏ। ਏਥੇ ਕੁਝ ਦਿਨ ਠਹਿਰੇ। ਫਿਰ ਹਿਰਦਾਪੁਰ ਪਰਖਾਲੀ ਠਹਿਰੇ। ਏਥੋਂ ਚਲ ਕੇ ਚੰਗੜ ਡੇਰਾ ਸੀ। ਇਸ ਦਾ ਮਾਲਕ ਖੁਦਾ ਸਿੰਹੁ ਸੀ, ਏਥੇ ਭੀ ਦੋ ਦਿਨ ਠਹਿਰੇ। ਫੇਰ ਕੁਬਾਹੇੜੀ ਇਕ ਸਾਧ ਪਾਸ ਰਹੇ। ਫੇਰ ਉਥੋਂ ਕੂਚ ਕਰਕੇ ਖੇੜੇ ਪਿੰਡ ਲੰਬੜਦਾਰ ਦੇ ਘਰ ਭਗਵਾਨ ਸਿੰਘ ਜੀ ਪਾਸ



www.AKJ.Org

ਠਹਿਰੇ। ਏਥੋਂ ਤੁਰ ਕੇ ਅਸੀਂ ਤਿੰਨੈ ਜਣੇ ਝਿੜੈ ਸਾਹਿਬ ਜੀ ਜਾ ਠਹਿਰੇ। ਉਸ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਜਾ ਪਹੁੰਚੇ। ਉਥੇ ਦੋ ਦਿਨ ਠਹਰੇ ਤੇ ਗੁਰੂ ਕੇ ਲਾਹੌਰ ਰਾਤ ਜਾ ਕਟੀ। ਉਥੋਂ ਚਲ ਕੇ ਜਿਥੇ ਹੁਣ ਭਾਖੜਾ ਨੰਗਲ ਬਣਿਆ ਹੈ, ਇਥੇ ਦਰਿਆ ਦੇ ਕਿਨਾਰੇ ਜਾ ਕੇ ਕਿਸ਼ਤੀ ਵਾਲੇ ਨੂੰ ਆਵਾਜ਼ ਮਾਰੀ ਤੇ ਕਿਹਾ, ਸਾਨੂੰ ਪਾਰ ਕਰ ਦੇ। ਕਿਸ਼ਤੀ ਵਾਲੇ ਨੇ ਸਾਥੋਂ ਦੋ-ਦੋ ਆਨੇ ਲਏ ਤਾਂ ਸਾਨੂੰ ਪਾਰ ਕਰ ਦਿੱਤਾ। ਉਥੇ ਸਾਨੂੰ ਬਹੁਤ ਭੁੱਖ ਲਗੀ ਹੋਈ ਸੀ, ਉਥੇ ਜਾ ਕੇ ਅਸੀਂ ਗੁਰਦੁਆਰਾ ਲਭਿਆ। ਏਸ ਅਸਥਾਨ ਦਾ ਨਾਮ ਬਿਭੌਰ ਸਾਹਿਬ ਸੀ। ਏਥੇ ਦਸਮੇਸ਼ ਪਿਤਾ ਜੀ ਨੇ ਜੰਗ ਕੀਤਾ ਹੈ ਉਥੇ ਸਾਨੂੰ ਹਨੇਰਾ ਹੋ ਗਿਆ ਅਸੀਂ ਆਟਾ ਤੇ ਕੁਝ ਸ਼ੱਕਰ ਦੁਕਾਨ ਤੋਂ ਲਈ ਤੇ ਪ੍ਰਸ਼ਾਦਾ ਸਜਾ ਕੇ ਛਕਿਆ। ਅਸੀਂ ਤਿੰਨੇ ਜਣਿਆਂ ਨੇ ਰਾਤ ਬਿਭੌਰ ਸਾਹਿਬ ਕੱਟੀ। ਸਵੇਰੇ ਹੀ ਊਨੇ ਵਲ ਨੂੰ ਕੂਚ ਕਰ ਦਿੱਤਾ। ਸ਼ਾਮ ਨੂੰ ਅਸੀਂ ਊਨੇ ਪਹੁੰਚ ਗਏ, ਏਥੇ ਬੇਦੀ ਸਾਹਿਬ ਸਿੰਘ ਜੀ ਦਾ ਗੁਰਦੁਆਰਾ ਸੀ। ਏਥੇ ਰਾਤ ਕੱਟੀ। ਦੂਜੇ ਦਿਨ ਹੁਸ਼ਿਆਰਪੁਰ ਵਲ ਨੂੰ ਤੁਰ ਪਏ। ਸਾਨੂੰ ਰਸਤੇ ਵਿਚ ਹੀ ਸ਼ਾਮ ਪੈ ਗਈ। ਏਥੇ ਸਾਨੂੰ ਇਕ ਪੁਲਸ ਦਾ ਆਦਮੀ, ਜਿਹੜਾ ਚਿਟੇ ਕਪੜਿਆਂ ਵਿਚ ਸੀ, ਮਿਲ ਗਿਆ। ਕਹਿਣ ਲੱਗਾ ਕਿ ਤੁਸੀਂ ਪੇਸ਼ਕਬਜ਼ਾਂ ਰਖੀਆਂ ਹੋਈਆਂ ਹਨ, ਇਹ ਕਾਨੂੰਨ ਤੋਂ ਉਲਟ ਹਨ, ਚਲੋ ਠਾਣੇ ਨੂੰ। ਅਸੀਂ ਕਿਹਾ ਇਹ ਤਾਂ ਕਿਰਪਾਨਾਂ ਹਨ, ਸਿਖ ਹਮੇਸ਼ਾਂ ਹੀ ਪਹਿਨਦੇ ਹਨ। ਉਸ ਨੇ ਇਕ ਨਾ ਸੁਣੀ, ਸਾਨੂੰ ਤਿੰਨਾਂ ਨੂੰ ਹੀ ਠਾਣੇ ਵਲ ਨੂੰ ਲੈ ਤੁਰਿਆ। ਉਹ ਪੁਲਸੀਆ ਸਾਥੋਂ ਪੰਜਾਹ ਕੁ ਕਦਮ ਅਗੇ ਸੀ। ਮੈਂ ਭਾਈ ਦਲੀਪ ਸਿੰਘ ਨੂੰ ਕਿਹਾ, ਇਹ ਇਕੱਲਾ ਹੀ ਹੈ ਅਤੇ ਉਤੋਂ ਹਨੇਰਾ ਹੋਣ ਵਾਲਾ ਹੈ। ਏਸ ਨੂੰ ਸੋਧ ਦੇਈਏ। ਭਾਈ ਦਲੀਪ ਸਿੰਘ ਜੀ ਨੇ ਮੈਨੂੰ ਕੋਈ ਉਤਰ ਨਾ ਦਿੱਤਾ। ਮੈਂ ਤਾਂ, ਇਕ ਮੱਕੀ ਦਾ ਖੇਤ ਸੀ, ਉਸ ਵਿਚ ਵੜ ਗਿਆ। ਉਸ ਤੋਂ ਅਗੇ ਇਕ ਸੰਘਣਾ ਖੇਤ ਸੀ ਤੇ ਉਸ ਵਿਚ ਲੁਕ ਗਿਆ। ਉਸ ਪੁਲਸੀਏ ਨੇ ਭਾਈ ਹਰਭਜਨ ਸਿੰਘ ਨੂੰ ਤੇ ਭਾਈ ਦਲੀਪ ਸਿੰਘ ਜੀ ਨੂੰ ਪੁੱਛਿਆ, ਤੀਜਾ ਆਦਮੀ ਕਿਧਰ ਗਿਆ ? ਇਨ੍ਹਾਂ ਨੇ ਕਿਹਾ ਇਹ ਆਦਮੀ ਸਾਡੇ ਨਾਲ ਦਾ ਨਹੀਂ, ਇਹ ਤਾਂ ਸਾਡੇ ਨਾਲ ਥੋੜ੍ਹੀ ਦੂਰ ਤੋਂ ਹੀ ਰਲਿਆ ਸੀ।

***

## ਕਿਸ਼ਤ ਨੰ. 8—ਸੂਰਾ ਮਾਸਿਕ ਪੱਤਰ, ਨਵੰਬਰ 1966

ਓਸ ਪੁਲਸੀਏ ਨੂੰ ਮੇਰੇ ਤੇ ਪੂਰਾ ਸ਼ੱਕ ਪੈ ਗਿਆ, ਇਹ ਕੋਈ ਚੋਰ ਸੀ ਜਿਹੜਾ ਭੱਜ ਗਿਆ ਹੈ, ਇਨ੍ਹਾਂ ਨੂੰ ਤਾਂ ਉਸ ਨੇ ਇਕ ਇਕ ਰੁਪਈਆ ਲੈ ਕੇ ਛੱਡ ਦਿੱਤਾ ਤੇ ਮੇਰੀ ਤਲਾਸ਼ੀ ਸ਼ੁਰੂ ਕਰ ਦਿੱਤੀ। ਉਸ ਨੇ ਪਿੰਡ ਵਿਚੋਂ ਆਦਮੀ ਇਕੱਠੇ ਕਰਕੇ ਖੇਤਾਂ ਵਿਚ ਛੱਡੇ। ਲੱਗੇ ਮੇਰੀ ਤਲਾਸ਼ੀ ਕਰਨ। ਮੈਂ ਇਕ ਸੱਣ ਦੇ ਖੇਤ ਵਿਚ ਬੈਠਾ ਸੀ, ਹਨੇਰਾ ਹੋ ਗਿਆ ਸੀ, ਇਹ ਸਾਰੇ ਲੋਕ ਬੰਨਿਆਂ ਤੇ ਫਿਰ ਕੇ ਰੌਲਾ ਪਾਈ ਗਏ। ਇਕ ਦੋ ਬੰਦੂਕਾਂ ਦੇ ਫਾਇਰ ਵੀ ਕੀਤੇ, ਮੈਂ ਬਹੁਤ ਹੀ ਘਬਰਾ ਗਿਆ। ਇਕ ਤਾਂ ਸਾਰਾ ਦਿਨ ਦਾ ਭੁੱਖਾ ਸੀ, ਉਤੋਂ ਇਹ ਧਾੜ ਆ ਗਈ। ਇਨ੍ਹਾਂ ਨੇ ਮੇਰੀ ਤਲਾਸ਼ੀ, ਕੋਈ ਗਿਆਰਾਂ ਬਾਰਾਂ ਵਜੇ ਤਕ ਕੀਤੀ, ਪਰ ਮੈਂ ਇਨ੍ਹਾਂ ਦੇ ਕਾਬੂ ਨਾ ਆ ਸਕਿਆ। ਇਹ ਧਾੜ ਆਖਰ ਚਲੀ ਗਈ। ਫੇਰ ਮੈਂ ਖੇਤਾਂ ਵਿਚੋਂ ਬਾਹਰ ਕਿਸੇ ਵਾਹਣ ਵਿਚ ਸੌਂ ਗਿਆ। ਮੈਨੂੰ ਪਏ ਨੂੰ ਹੀ ਸੂਰਜ ਚੜ੍ਹ ਗਿਆ, ਪੈਰਾਂ ਤੋਂ ਨੰਗਾ ਸੀ, ਜੁੱਤੀ ਰਾਤ ਨੂੰ ਕਿਤੇ ਗੁੰਮ ਹੋ ਗਈ ਸੀ। ਇਕ ਗੜਵਾ ਸਰਬ ਲੋਹ ਦਾ ਸੀ,



www.AKJ.Org

ਉਹ ਵੀ ਕਿਤੇ ਡਿੱਗ ਪਿਆ। ਮੈਂ ਸਵੇਰੇ ਬਹੁਤ ਦੂਰ ਜਾ ਕੇ ਕਿਸੇ ਪੁਰਸ਼ ਨੂੰ ਪੁੱਛਿਆ ਕਿ ਮੈਂ ਸਰਹਾਲ ਕਾਜੀਆਂ ਜਾਣਾ ਹੈ, ਕਿੰਨੀ ਕੁ ਦੂਰ ਹੈ ? ਉਸ ਨੇ ਮੈਨੂੰ ਕਿਹਾ, ਏਥੋਂ ਵੀਹ ਮੀਲ ਹੈ, ਏਸ ਰਸਤੇ ਪੈ ਜਾਹ। ਮੈਂ ਨੰਗੀ ਪੈਰੀਂ ਤੁਰ ਪਿਆ। ਮੈਨੂੰ ਪਿਆਸ ਵੀ ਤੇ ਭੁੱਖ ਵੀ ਬੜੀ ਲਗੀ ਹੋਈ ਸੀ। ਮੇਰਾ ਖਿਆਲ ਸੀ ਕਿ ਮੈਂ ਪਿੰਡਾਂ ਤੋਂ ਬਾਹਰ ਬਾਹਰ ਦੀ ਜਾਵਾਂ, ਐਸਾ ਨਾ ਹੋਵੇ ਫੇਰ ਕੋਈ ਫੜ ਲਵੇ। ਰਸਤੇ ਵਿਚ, ਗਰਮ ਰੇਤਾ ਸੀ, ਮੇਰੇ ਪੈਰਾਂ ਵਿਚ ਛਾਲੇ ਪੈ ਗਏ। ਮੈਂ ਹਨੇਰੇ ਹੋਏ ਸਰਹਾਲ ਕਾਜੀਆਂ ਪੁਜਾ। ਉਥੇ ਇਕ ਜਥੇ ਦਾ ਸਿੰਘ ਅਰਜਨ ਸਿੰਘ, ਜਿਸ ਨੂੰ ਖਿਲੂ ਕਰਕੇ ਕਿਹਾ ਕਰਦੇ ਸੀ, ਕਿਉਂਕਿ ਇਹ ਹਮੇਸ਼ਾਂ ਹੱਸਦਾ ਰਹਿੰਦਾ ਸੀ। ਭਾਈ ਸਾਹਿਬ ਨੇ ਇਸ ਦਾ ਨਾਂ ਨਾਉਂ ਖਿਲੂ ਪਾ ਲਿਆ ਸੀ। ਮੈਂ ਇਨ੍ਹਾਂ ਦੇ ਘਰ ਗਿਆ ਤਾਂ ਅਰਜਨ ਸਿੰਘ ਹੋਰੀਂ ਘਰੇ ਹੀ ਸਨ। ਮੈਂ ਇਨ੍ਹਾਂ ਨੂੰ ਸਾਰਾ ਹਾਲ ਦਸਿਆ। ਇਨ੍ਹਾਂ ਨੇ ਕਿਹਾ, "ਤੁਸੀਂ ਕੁਝ ਦਿਨ ਮੇਰੇ ਪਾਸ ਠਹਿਰੋ, ਆਰਾਮ ਕਰੋ। ਸਾਡਾ ਮਕਾਨ ਵੀ ਪਿੰਡੋਂ ਬਾਹਰ ਹੀ ਹੈ।" ਮੇਰੇ ਪੈਰਾਂ ਵਿਚ ਜ਼ਖ਼ਮ ਹੋ ਗਏ ਸਨ। ਮੇਰੀ ਇਨ੍ਹਾਂ ਨੇ ਅੱਛੀ ਤਰ੍ਹਾਂ ਸੇਵਾ ਕੀਤੀ, ਸੱਤ-ਅੱਠ ਦਿਨ ਮੈਂ ਏਥੇ ਹੀ ਰਿਹਾ, ਜਦੋਂ ਮੈਨੂੰ ਪੂਰਾ ਆਰਾਮ ਆ ਗਿਆ ਤਾਂ ਮੈਨੂੰ ਅਰਜਨ ਸਿੰਘ ਹੋਰੀਂ ਰਾਹੋਂ ਕੇ ਪੱਤਣ ਤੇ ਛੱਡ ਆਏ। ਮੈਂ ਕਿਸ਼ਤੀ ਤੇ ਬੈਠ ਕੇ ਪਾਰ ਹੋ ਗਿਆ, ਸ਼ਾਮ ਤਕ ਝਾੜ ਸਾਹਿਬ ਪਹੁੰਚ ਗਿਆ। ਦੂਸਰੇ ਦਿਨ ਮੈਂ ਘੜੂੰਏ ਪਹੁੰਚ ਗਿਆ। ਏਥੇ ਮੈਨੂੰ ਗਿਆਨੀ ਹਰਭਜਨ ਸਿੰਘ ਤੇ ਦਲੀਪ ਸਿੰਘ ਜੀ ਮਿਲ ਪਏ।

ਘੜੂੰਏ ਅਸੀਂ ਹਫਤੇ ਦੇ ਕਰੀਬ ਬਿਜਲਾ ਸਿੰਘ ਦੇ ਘਰ ਰਹੇ। ਏਥੋਂ ਅਸੀਂ ਫਿਰ ਚਾਲੇ ਪਾ ਦਿੱਤੇ, ਅਸੀਂ ਰਾਤ ਨੂੰ ਪਿੰਡ ਹਰੀ ਪੁਰ ਜਾ ਠਹਿਰੇ, ਏਥੇ ਇਕ ਸਿੰਘ ਨਿਹਾਲ ਸਿੰਘ ਸਰਬ ਲੋਹੀ ਸੀ। ਏਥੇ ਗਿਆਨੀ ਦਲੀਪ ਸਿੰਘ ਜੀ ਕਹਿਣ ਲਗੇ, ਆਪਾਂ ਕੋਲ ਕਪੜੇ ਥੋੜੇ ਹਨ, ਪੈਸੇ ਵੀ ਨਹੀਂ ਹਨ, ਮੈਂ ਚਿੱਠੀ ਜਵੱਦੀ ਰਾਮ ਸਿੰਘ ਨੂੰ ਪਾਉਂਦਾ ਹਾ, ਉਹ ਸਾਡੇ ਘਰੋਂ ਲੈ ਕੇ ਦੇ ਜਾਵੇਗਾ। ਮੈਂ ਕਿਹਾ, ਇਹ ਪੁਰਸ਼ ਖੁਫੀਆਂ ਪੁਲਸ ਦਾ ਹੈ, ਗਿਆਨੀ ਹਰਭਜਨ ਸਿੰਘ ਨੇ ਵੀ ਇਹੋ ਕਿਹਾ ਕਿ ਇਸ ਨੂੰ ਚਿੱਠੀ ਨਾ ਪਾਉ, ਇਹ ਆਪਾਂ ਨੂੰ ਫੜਾ ਦੇਵੇਗਾ ਪਰ ਗਿਆਨੀ ਦਲੀਪ ਸਿੰਘ ਜੀ ਨੇ ਸਾਡੀ ਕੋਈ ਗੱਲ ਨ ਸੁਣੀ। ਜੱਵਦੀ ਰਾਮ ਸਿੰਘ ਨੂੰ ਖਤ ਪਾ ਦਿੱਤਾ, ਟਿਕਾਣਾ ਵੀ ਲਿੱਖ ਦਿੱਤਾ, ਰਾਜਪੁਰੇ ਦੇ ਪਾਸ ਕੋਈ ਜਗ੍ਹਾ ਸੀ।

ਦੂਜੇ ਜਾਂ ਤੀਜੇ ਦਿਨ ਜੱਵਦੀ ਵਾਲਾ ਰਾਮ ਸਿੰਘ ਪਹੁੰਚ ਗਿਆ, ਮੈਂ ਉਸ ਨੂੰ ਨਾ ਮਿਲਿਆ। ਇਨ੍ਹਾਂ ਦੋਹਾਂ ਨੂੰ ਜਫੀ ਵਿਚ ਲੈ ਕੇ ਪਖੰਡ ਕਰਨ ਲੱਗ ਪਿਆ, ਰੋਣ ਲੱਗ ਪਿਆ। ਕਹਿਣ ਲਗਾ, ਹੁਣ ਤਾਂ ਮੈਂ ਕੁਝ ਨਹੀਂ ਲਿਆਇਆ, ਕੋਈ ਹੋਰ ਟਿਕਾਣਾ ਦਸੋ, ਉਥੇ ਮੈਂ ਤੁਹਾਡੇ ਵਾਸਤੇ ਕਪੜੇ ਵੀ ਲਿਆਵਾਂਗਾ। ਗਿਆਨੀ ਦਲੀਪ ਸਿੰਘ ਜੀ ਨੇ ਦਸ ਦਿੱਤਾ ਕਿ ਅਸੀਂ ਫਲਾਣੀ ਤਾਰੀਖ ਨੂੰ ਰਾਮਪੁਰਾ ਫੂਲ ਦੇ ਸਟੇਸ਼ਨ ਤੇ ਹੋਵਾਂਗੇ ਤੂੰ ਉਥੇ ਪਹੁੰਚ ਜਾਵੀਂ। ਅਸੀਂ ਹਰੀ ਪੁਰ ਤੋਂ ਰਾਜਪੁਰਾ ਲੰਘ ਕੇ ਨੀਲਪੁਰ ਜਾ ਠਹਿਰੇ। ਓਥੋਂ ਤੁਰ ਕੇ ਬਹਾਦਰਗੜ੍ਹ ਕਿਲੇ ਪਾਸ ਇਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਦਾ ਹੈ, ਓਥੇ ਰਾਤ ਕੱਟੀ। ਓਥੋਂ ਚੱਲ ਕੇ ਰਿਆਸਤ ਨਾਭੇ ਵਿਚ ਇਕ ਪਿੰਡ ਮਲੇ ਵਾਲ ਹੈ, ਓਥੇ ਰਾਤ ਰਹੇ। ਉਥੋਂ ਚਲ ਕੇ ਧੂਰੀ ਦੇ ਪਾਸ ਕੋਈ ਪਿੰਡ ਸੀ, ਓਥੇ ਜਾ ਠਹਿਰੇ। ਮੈਂ ਗਿਆਨੀ ਹਰਭਜਨ ਸਿੰਘ ਜੀ ਨੂੰ ਅਤੇ ਭਾਈ ਦਲੀਪ ਸਿੰਘ ਜੀ ਨੂੰ ਕਿਹਾ, ਏਥੇ ਮੇਰੇ ਨਾਨਕੇ ਨੇੜੇ ਹਨ, ਮੈਂ ਮਿਲ ਆਵਾਂ। ਮੈਂ ਪਿੰਡ ਭੰਮਾ ਵਦੀ, ਮਸਤੂਆਣੇ ਦੇ ਕੋਲ ਹੀ ਹੈ, ਜਾ ਪਹੁੰਚਿਆ। ਮੈਂ ਆਪਣੇ ਮਾਮੇ ਨੂੰ ਸਾਰਾ ਵਿਰਤਾਂਤ



www.AKJ.Org

ਦਸਿਆ, ਮੇਰੀ ਇਹ ਹਾਲਤ ਹੈ। ਉਨ੍ਹਾਂ ਨੇ ਦੱਸਿਆ ਕਿ ਪੁਲਸ ਤੇਰੀ ਤਲਾਸ਼ ਵਿਚ ਫਿਰਦੀ ਹੈ। ਅਗੇ ਸਾਨੂੰ ਪੁੱਛ-ਗਿੱਛ ਕਰ ਗਏ ਹਨ, ਤੂੰ ਹੁਣ ਪ੍ਰਸ਼ਾਦ ਛੱਕ ਕੇ ਮਸਤੂਆਣੇ ਜਾ ਠਹਿਰ, ਏਥੇ ਪਿੰਡ ਦੇ ਲੋਕ ਤੈਨੂੰ ਜਾਣਦੇ ਹਨ। ਐਸਾ ਨਾ ਹੋਵੇ ਕੋਈ ਫੜਾ ਦੇਵੇ।

ਦੂਜੇ ਦਿਨ ਹੀ ਫੇਰ ਪੁਲਸ ਮੇਰੇ ਮਾਮੇ ਕੋਲ ਆਈ। ਪੁੱਛਣ ਲੱਗੇ ਕਿ ਸੁਰਜਨ ਸਿੰਘ ਕਿਤੇ ਤੁਹਾਡੇ ਘਰ ਤਾਂ ਨਹੀਂ। ਮੇਰੇ ਮਾਮੇ ਨੇ ਕਿਹਾ, ਘਰ ਖੁਲ੍ਹਾ ਹੈ ਜੇ ਸੁਰਜਨ ਸਿੰਘ ਏਥੇ ਹੈ, ਤਾਂ ਫੜ ਲਵੋ। ਮੈਂ ਪਹਿਲਾਂ ਹੀ ਮਸਤੂਆਣੇ ਪਹੁੰਚ ਚੁੱਕਾ ਸਾਂ। ਕੁਝ ਦੇਰ ਤੋਂ ਬਾਦ, ਜਦੋਂ ਪੁਲਸ ਚਲੀ ਗਈ ਤਾਂ ਮੇਰਾ ਮਾਮਾ ਮੇਰੇ ਕੋਲ ਆਇਆ। ਕਹਿਣ ਲਗਾ ਕਿ ਪੁਲਸ ਤੇਰੀ ਤਲਾਸ਼ ਵਿਚ ਹੈ, ਕਿਸੇ ਨੇ ਇਨ੍ਹਾਂ ਨੂੰ ਦਸ ਦਿੱਤਾ ਹੈ। ਸੁਰਜਨ ਸਿੰਘ ਭੰਮਾ ਵਦੀ ਆਪਣੇ ਨਾਨਕੇ ਪਹੁੰਚ ਗਿਆ ਹੈ ਤਾਂ ਹੀ ਇਥੇ ਆਏ ਹਨ। ਹੁਣ ਤੂੰ ਏਥੋਂ ਵੀ ਚਲਾ ਜਾ। ਮੈਂ ਰਾਤ ਦੀ ਗੱਡੀ ਸੰਗਰੂਰ ਤੋਂ ਬੈਠ ਕੇ ਛਪਾਰ ਜਾ ਉਤਰਿਆ। ਉਥੋਂ ਤੁਰ ਕੇ, ਪਿੰਡ ਗੁਜਰਵਾਲ ਭਾਈ ਰਾਮ ਸਿੰਘ ਦੇ ਘਰ ਚਲਾ ਗਿਆ। ਇਨ੍ਹਾਂ ਦਾ ਘਰ ਪਿੰਡੋਂ ਬਾਹਰ ਸੀ। ਭਾਈ ਰਾਮ ਸਿੰਘ ਨੇ ਕਿਹਾ, ਕੋਈ ਗੱਲ ਨਹੀਂ। ਮੈਂ ਭਾਈ ਰਾਮ ਸਿੰਘ ਦੇ ਘਰੋਂ ਰਾਤ ਨੂੰ ਆਪਣੇ ਘਰ ਚਲਾ ਗਿਆ।

ਸਾਡੀ ਸਿੰਘਣੀ ਜੁਗਿੰਦਰ ਕੌਰ ਮੈਨੂੰ ਦੇਖ ਬਹੁਤ ਹੈਰਾਨ ਹੋਈ। ਕਹੇ ਕਿ ਤੁਸੀਂ ਘਰ ਕਿਉਂ ਆ ਗਏ ਹੋ ? ਏਥੇ ਪੁਲਸ ਕਈ ਦਫਾ ਪੁੱਛ ਗਿੱਛ ਕਰ ਕੇ ਗਈ ਹੈ। ਮੈਂ ਕਿਹਾ, ਹੁਣ ਤੂੰ ਇਉਂ ਕਰ। ਤੂੰ ਆਪਣਾ ਲਕਾ ਤੁਕਾ ਸਾਰਾ ਚੁਬਾਰੇ ਵਿਚ ਲੈ ਜਾਹ, ਨੀਚੇ ਮੈਂ ਰਹਾਂਗਾ। ਤੂੰ ਬਾਹਰੋਂ ਤਾਲਾ ਲਾ ਛੱਡੀਂ। ਮੈਂ ਆਪਣੇ ਘਰ ਅੰਦਰ ਹੀ ਇਕ ਭੋਰਾ ਪੁੱਟ ਲਿਆ, ਉਸ ਵਿਚ ਰਹਿਣ ਲੱਗ ਪਿਆ। ਰਾਤ ਨੂੰ ਬਾਰਾਂ ਵਜੇ ਮੈਦਾਨ ਜਾ ਆਵਾਂ ਤੇ ਨਾਲੇ ਇਸ਼ਨਾਨ ਕਰ ਆਵਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਭੋਗ ਇਕ ਮਹੀਨੇ ਵਿਚ ਪਾਏ, ਅੰਦਰ ਭੋਰੇ ਵਿਚ ਹੀ ਪ੍ਰਕਾਸ਼ ਕਰ ਲਿਆ ਸੀ। ਏਸੇ ਤਰ੍ਹਾਂ ਇਕ ਮਹੀਨਾ ਮੈਂ ਆਪਣੇ ਘਰ ਅੰਦਰ ਹੀ ਲੁਕਿਆ ਰਿਹਾ, ਮੈਨੂੰ ਕਿਸੇ ਨੇ ਨਹੀਂ ਦੇਖਿਆ। ਇਕ ਦਿਨ ਰਾਤ ਨੂੰ ਭਾਈ ਰਾਮ ਸਿੰਘ ਜੀ ਸਾਡੇ ਘਰ ਆ ਕੇ ਕਹਿਣ ਲੱਗੇ, ਹੁਣ ਤੂੰ ਲਾਹੌਰ ਜਾ ਕੇ ਆਪੇ ਹੀ ਅਦਾਲਤ ਵਿਚ ਪੇਸ਼ ਹੋ ਜਾਹ। ਪੁਲਸ ਦੀ ਮਾਰ ਕੁੱਟ ਦਾ ਵਕਤ ਲੰਘ ਗਿਆ ਹੈ। ਤੁਹਡਾ ਮੁਕੱਦਮਾ ਲਾਹੌਰ ਸੈਂਟਰਲ ਜੇਲ੍ਹ ਵਿਚ ਲੱਗਾ ਹੈ ਤੇ ਤਿੰਨ ਜੱਜ ਮੁਕੱਰਰ ਹੋਏ ਹਨ। ਤੂੰ ਸਿੱਧਾ ਸੈਂਟਰਲ ਜੇਲ੍ਹ ਨੂੰ ਚਲਾ ਜਾਹ। ਅੰਦਰ ਕਿਨਾਂ ਕੁ ਚਿਰ ਲੁਕਿਆ ਰਹੇਂਗਾ ? ਮੈਂ ਜਥੇਦਾਰ ਰਾਮ ਸਿੰਘ ਦੀ ਗੱਲ ਮੰਨ ਕੇ, ਰਾਤ ਦੀ ਗੱਡੀ ਕਿਲਾ ਰਾਏ ਪੁਰੋਂ ਚੜ੍ਹ ਕੇ ਲਾਹੌਰ ਪਹੁੰਚ ਗਿਆ। ਸਟੇਸ਼ਨ ਤੋਂ ਤੁਰ ਕੇ ਸੈਂਟਰਲ ਜੇਲ੍ਹ ਦੇ ਮੋਹਰੇ ਜਾ ਬੈਠਾ। ਇਕ ਦੋ ਜੇਲ੍ਹ ਦੇ ਅਫ਼ਸਰਾਂ ਨੂੰ ਮੈਂ ਕਿਹਾ ਕਿ ਮੈਨੂੰ ਪਤਾ ਲਗਾ ਹੈ ਏਥੇ ਸੈਂਟਰਲ ਜੇਲ੍ਹ ਦੇ ਵਿਚ ਪੋਲੀਟੀਕਲ ਮੁਕੱਦਮਾ ਚੱਲ ਰਿਹਾ ਹੈ। ਮੇਰਾ ਵੀ ਕਿਸੇ ਸਰਕਾਰੀ ਗਵਾਹ ਨੇ ਨਾਉਂ ਲੈ ਦਿੱਤਾ ਹੈ। ਮੈਂ ਪਿੰਡ ਨਹੀਂ ਸੀ ਤੇ ਪਤਾ ਲਗਾ ਹੈ ਕਿ ਮੈਨੂੰ ਵੀ ਪੁਲਸ ਟੋਲਦੀ ਫਿਰਦੀ ਹੈ। ਉਨ੍ਹਾਂ ਜੇਲ੍ਹ ਵਾਲਿਆਂ ਨੇ ਮੇਰੀ ਕੋਈ ਗੱਲ ਨਹੀਂ ਸੁਣੀ। ਕਹਿਣ ਲੱਗੇ ਐਵੇਂ ਕੋਈ ਪਾਗਲ ਹੈ। ਇਹ ਕਿਵੇਂ ਆਪਣੇ ਆਪ ਆ ਗਿਆ ਹੈ। ਏਸ ਮੁਕਦਮੇ ਵਾਲਿਆਂ ਨੂੰ ਤਾਂ ਫਾਂਸੀ ਹੁੰਦੀ ਹੈ ਜਾਂ ਉਮਰ ਕੈਦ, ਇਹ ਐਵੇਂ ਕੋਈ ਝੱਲਾ ਹੈ। ਫੇਰ ਮੈਂ ਇਕ ਅੰਗਰੇਜ਼ ਨੂੰ ਦੇਖ ਕੇ ਇਹੋ ਗੱਲ ਕਹੀ। ਉਹ ਅੰਗਰੇਜ਼ ਮੇਰਾ ਨਾਮ ਪੁੱਛ ਕੇ ਅੰਦਰ ਗਿਆ ਅਤੇ ਪਤਾ ਕਰਕੇ ਫ਼ੌਰਨ ਬਾਹਰ ਆ ਗਿਆ। ਮੈਨੂੰ ਕਹਿਣ ਲਗਾ, ਆਪ ਨੇ ਬਹੁਤ ਅੱਛਾ



www.AKJ.Org

ਕੀਤਾ, ਆਪ ਖੁਦ ਆ ਗਏ ਹੋ। ਮੇਰੀ ਤਲਾਸ਼ੀ ਕਰਕੇ, ਮੈਨੂੰ ਜੇਲ੍ਹ ਦੇ ਅੰਦਰ ਪੁਲਸ ਵਾਲੇ ਕਮਰੇ ਵਿਚ ਲੈ ਵੜਿਆ। ਓਥੇ ਪੁਲਿਸ ਦੇ ਬਹੁਤ ਸਾਰੇ ਆਦਮੀ ਬੈਠੇ ਸਨ। ਮੈਂ ਜਾ ਕੇ ਭੁੰਜੇ ਹੀ ਬੈਠ ਗਿਆ। ਮੈਨੂੰ ਇਕ ਪੁਲਸ ਅਫ਼ਸਰ ਕਹਿਣ ਲੱਗਾ, ਨਹੀਂ ਨਹੀਂ, ਆਪ ਕੁਰਸੀ ਪਰ ਬੈਠੋ। ਮੈਨੂੰ ਪੁਲਸ ਵਾਲਿਆਂ ਨੇ ਮੱਲੋ ਮੱਲੀ ਕੁਰਸੀ ਤੇ ਬਿਠਾ ਦਿੱਤਾ। ਮੇਰੇ ਪਾਸ ਕਈ ਸੀ.ਆਈ.ਡੀ. ਦੇ ਆਦਮੀ ਆਏ, ਕੋਈ ਕੁਛ ਪੁੱਛੇ, ਕੋਈ ਕੁਛ ਕਹੇ। ਮੈਂ ਸਾਰੀਆਂ ਗੱਲਾਂ ਤੇ ਪੋਚਾ ਹੀ ਫੇਰੀ ਜਾਵਾਂ।

ਆਖ਼ਰ ਜਦੋਂ ਮੈਂ ਕੁਝ ਨਾ ਮੰਨਿਆ ਤਾਂ ਮੈਨੂੰ ਹੱਥ ਕੜੀਆਂ ਲਾ ਕੇ ਜਿਥੇ ਜੱਜਾਂ ਦਾ ਕਮਰਾ ਸੀ, ਓਥੇ ਲੈ ਗਏ। ਜਿਥੇ ਸਾਰੇ ਸਿੰਘਾਂ ਨੂੰ ਹੱਥਕੜੀਆਂ ਲੱਗੀਆਂ ਹੋਈਆਂ ਸਨ ਓਥੇ ਮੈਨੂੰ ਵੀ ਦਾਖਲ ਕਰ ਦਿੱਤਾ। ਏਥੇ ਹੀ ਸ੍ਰੀ ਮਾਨ ਭਾਈ ਰਣਧੀਰ ਸਿੰਘ ਜੀ ਨੂੰ ਵੀ ਹੱਥਕੜੀ ਲਾਈ ਹੋਈ ਸੀ। ਖ਼ੂਬ ਸਾਰੇ ਸਿੰਘਾਂ ਨੂੰ ਮਿਲੇ। ਕੋਈ ਸਿੰਘ ਤਾਂ ਕਹੇ ਕਿ ਤੂੰ ਆਪੇ ਕਿਉਂ ਆ ਗਿਆ ਹੈਂ ? ਕੋਈ ਕਹੇ ਚੰਗਾ ਕੀਤਾ ਆ ਗਿਆ ਹੈ, ਸਾਰੀ ਉਮਰ ਲੁਕਣਾ ਵੀ ਔਖਾ ਹੈ। ਏਥੇ ਸੈਂਟਰਲ ਜੇਲ੍ਹ ਦੇ ਵਿਚ ਸਾਡਾ ਕੇਸ ਚਲਦਾ ਰਿਹਾ। ਫ਼ੇਰ ਸਾਨੂੰ ਸਾਰਿਆਂ ਨੂੰ ਉਮਰ ਕੈਦ ਹੋ ਗਈ। ਇਹ ਸਾਰਾ ਬਿਰਤਾਂਤ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਜੇਲ੍ਹ ਚਿਠੀਆਂ ਵਿਚ ਲਿਖਿਆ ਹੋਇਆ ਹੈ।

***

# ਜੇਲ੍ਹ ਯਾਤਰਾ ਦਾ ਸਮਾਂ

### ਕਿਸ਼ਤ ਨੰ. 9 — ਸੂਰਾ ਮਾਸਿਕ ਪੱਤਰ, ਦਸੰਬਰ-1966

ਸਾਨੂੰ ਉਮਰ ਕੈਦ ਤੇ ਘਰ ਜ਼ਮੀਨ ਜ਼ਬਤ ਦੀ ਸਜ਼ਾ ਹੋ ਗਈ। ਕੁਛ ਦਿਨ ਲਾਹੌਰ ਰਖ ਕੇ, ਫੇਰ ਸਾਨੂੰ ਬੇੜੀਆਂ ਤੇ ਹੱਥਕੜੀਆਂ ਲਾ ਕੇ ਅੱਡੋ-ਅੱਡ ਪੰਜਾਬ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ। ਮੇਰਾ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਅਠ ਹੋਰ ਸਿੰਘਾਂ ਦਾ ਚਲਾਨ ਮੁਲਤਾਨ ਸੈਂਟਰਲ ਜੇਲ੍ਹ ਨੂੰ ਕਰ ਦਿੱਤਾ ਤੇ ਫਿਰ ਰੇਲ ਗੱਡੀ ਵਿਚ ਮੁਲਤਾਨ ਜਾਣ ਲਈ ਸਾਨੂੰ ਚੜ੍ਹਾ ਦਿੱਤਾ ਗਿਆ। ਸਾਡੇ ਨਾਲ ਏਸੇ ਡੱਬੇ ਵਿਚ ਵੀਹ ਸਿੰਘ ਹੋਰ ਸਨ, ਇਨ੍ਹਾਂ ਵਿੱਚੋਂ ਦਸਾਂ ਨੂੰ ਤਾਂ ਰਸਤੇ ਵਿਚ ਮਿੰਟਗੁਮਰੀ ਜੇਲ੍ਹ ਵਿਚ ਭੇਜਣਾ ਸੀ ਅਤੇ ਦਸਾਂ ਨੇ ਮੁਲਤਾਨ ਛੋਟੀ ਜੇਲ੍ਹ ਵਿਚ ਜਾਣਾ ਸੀ। ਸਾਨੂੰ ਸਾਰਿਆਂ ਨੂੰ ਇਕੱਠਿਆਂ ਕਰਕੇ ਬੱਘੀਆਂ ਵਿਚ ਬਿਠਾ ਕੇ, ਮੀਆਂ ਮੀਰ ਸਟੇਸ਼ਨ ਤੇ ਲੈ ਗਏ। ਸਾਨੂੰ ਕੈਦੀਆਂ ਵਾਲਿਆਂ ਡੱਬਿਆਂ ਵਿਚ ਬਿਠਾ ਕੇ ਬਾਹਰੋਂ ਜਿੰਦੇ ਮਾਰ ਦਿੱਤੇ ਅਤੇ ਨਾਲ ਦੇ ਡੱਬੇ ਵਿਚ ਕੁਛ ਪੁਲਸ ਦੇ ਆਦਮੀ ਵੀ ਬੈਠ ਗਏ।

ਜਦੋਂ ਗੱਡੀ ਰਾਏਵਿੰਡ ਸਟੇਸ਼ਨ ਤੇ ਪਹੁੰਚੀ ਤਾਂ ਉਥੇ ਖੜੋ ਗਈ। ਰਾਤ ਦਾ ਵਕਤ ਸੀ, ਇਕ ਮਾਈ ਪੁਲਸ ਵਾਲਿਆਂ ਨੂੰ ਧੱਕੇ ਮਾਰਦੀ ਹੋਈ ਸਾਡੇ ਡੱਬੇ ਦੇ ਪਾਸ ਆ ਗਈ। ਮੇਰੇ ਹੱਥ ਵਿਚ ਦੋ ਰੁਪਏ ਦੇ ਕੇ ਕਹਿਣ ਲਗੀ, ਕਿਸੇ ਸਟੇਸ਼ਨ ਤੇ ਜਾ ਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਫਲ ਛਕਾ ਦੇਣੇ। ਇਹ ਕਈ ਦਿਨਾਂ ਦੇ ਭੁੱਖੇ ਹੋਣਗੇ। ਜਦੋਂ ਸਾਡੀ ਗੱਡੀ ਖੜਦੀ ਹੁੰਦੀ ਸੀ ਤਾਂ ਪੁਲਸ ਵਾਲੇ ਗੱਡੀ ਵਿਚੋਂ ਉਤਰ ਕੇ ਬੰਦੂਕਾਂ ਲੈ ਕੇ ਚਾਰ-ਚੁਫੇਰਿਉਂ ਸਾਡੇ ਡੱਬੇ ਨੂੰ ਘੇਰ ਲੈਂਦੇ ਸਨ ਕਿ ਐਸਾ ਨਾ ਹੋਵੇ ਕਿ ਕੋਈ ਬਾਹਰਲਾ



www.AKJ.Org

ਆਦਮੀ ਗੱਡੀ ਦੇ ਨੇੜੇ ਆ ਕੇ ਕੋਈ ਗੱਲ ਬਾਤ ਕਰੇ ਜਾਂ ਕੋਈ ਚੀਜ਼ ਇਨ੍ਹਾਂ ਨੂੰ ਦੇ ਦੇਵੇ। ਏਸ ਮਾਈ ਦੀ ਅਸੀਂ ਬਹੁਤ ਹੀ ਦਲੇਰੀ ਦੇਖੀ। ਬੰਦੂਕਾਂ ਦੇ ਉਤੇ ਸੰਗੀਨਾਂ ਲਾਈਆਂ ਹੋਈਆਂ ਸਨ। ਫੇਰ ਵੀ ਡਰੀ ਨਹੀਂ, ਧਕੋ ਧਕੀ ਹੁੰਦੀ ਹੋਈ, ਸਾਡੇ ਡੱਬੇ ਦੇ ਕੋਲ ਪਹੁੰਚ ਕੇ ਫਤਿਹ ਬੁਲਾ ਗਈ। ਮਗਰੋਂ ਪਤਾ ਲਗਾ ਕਿ ਇਹ ਮਾਈ ਕੌਣ ਸੀ ? ਸਾਡੇ ਨਾਲ ਇਕ ਸਿੰਘ ਭਾਈ ਅਰਜਨ ਸਿੰਘ ਜਗਰਾਵਾਂ ਦਾ ਸੀ। ਇਹ ਵੀ ਸਾਡੇ ਨਾਲ ਕੈਦੀ ਬਣ ਗਿਆ ਸੀ। ਇਹ ਮਾਈ ਭਾਈ ਅਰਜਨ ਸਿੰਘ ਦੀ ਮਾਤਾ ਸੀ।

ਰਸਤੇ ਵਿਚ ਦਸ ਸਿੰਘ ਮਿੰਟਗੁਮਰੀ ਸਟੇਸ਼ਨ ਤੇ ਉਤਾਰ ਦਿੱਤੇ। ਇਹਨਾਂ ਵਿਚ ਗਿ. ਨਾਹਰ ਸਿੰਘ, ਭਾਈ ਦਲੀਪ ਸਿੰਘ ਅਤੇ ਭਾਈ ਹਰਭਜਨ ਸਿੰਘ ਜੀ ਸਨ। ਬਾਕੀਆਂ ਦੇ ਮੈਨੂੰ ਨਾਉਂ ਯਾਦ ਨਹੀਂ ਹਨ। ਏਥੋਂ ਤੁਰਕੇ ਸਾਡੀ ਗੱਡੀ ਚਾਰ ਜਾਂ ਪੰਜ ਵਜੇ ਦੇ ਕਰੀਬ ਮੁਲਤਾਨ ਸਟੇਸ਼ਨ ਤੇ ਪਹੁੰਚ ਗਈ। ਅਸੀਂ ਸਾਰਿਆਂ ਹੀ ਸਿੰਘਾਂ ਨੇ ਪੁਲਿਸ ਅਫ਼ਸਰ ਨੂੰ ਕਿਹਾ, ਤੁਸੀਂ, ਹੁਣ ਸਾਨੂੰ ਸਾਰਿਆਂ ਨੂੰ ਹੀ ਜੇਲ੍ਹ ਵਾਲਿਆਂ ਦੇ ਹਵਾਲੇ ਕਰਕੇ ਮੁੜ ਆਉਣਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅੱਜ ਸਤ-ਅਠ ਦਿਨ ਹੋ ਗਏ ਹਨ, ਕੁਛ ਨਹੀਂ ਛੱਕਿਆ। ਸਾਡੇ ਪਾਸ ਮਾਈ ਦੇ ਦਿਤੇ ਹੋਏ ਦੋ ਰੁਪਏ ਹਨ ਤੁਸੀਂ ਕਿਸੇ ਪੁਲਸ ਵਾਲੇ ਆਦਮੀ ਨੂੰ ਭੇਜ ਕੇ ਸਾਨੂੰ ਫਲ ਮੰਗਵਾ ਦੇਵੋ ਤੇ ਕੁਛ ਚੀਨੀ ਮੰਗਵਾ ਦੇਵੋ। ਉਸ ਅਫ਼ਸਰ ਨੇ ਮੰਨ ਲਿਆ। ਦਾਸ ਨੇ ਹੱਥਕੜੀ ਲਗੀ ਲਗਾਈ ਹੀ ਡੋਲ ਨੂੰ ਮਾਂਜਿਆ ਤੇ ਪਾਣੀ ਕੱਢ ਕੇ ਫਲ ਧੋਤੇ। ਭਾਈ ਸਾਹਿਬ ਦਾ ਪੰਜ ਇਸ਼ਨਾਨਾਂ ਕਰਵਾਇਆ ਤੇ ਫਲ ਖਾਣ ਨੂੰ ਦਿੱਤੇ। ਫਿਰ ਇਕ ਬਾਟੇ ਵਿਚ ਖੰਡ ਘੋਲ ਕੇ ਜਲ ਛਕਾਇਆ। ਸਾਨੂੰ ਪਿਛੋਂ ਪਤਾ ਲਗਾ ਕਿ ਇਹ ਅਫ਼ਸਰ ਕੌਣ ਸੀ। ਇਸ ਦਾ ਨਾਉਂ ਬੀ.ਟੀ. ਸੀ। ਇਹ ਉਨ੍ਹਾਂ ਦਿਨਾਂ ਵਿਚ ਸੁਪ੍ਰਿੰਟੈਂਡੈਂਟ ਲਗਾ ਹੋਇਆ ਸੀ। ਸੰਨ 1922 ਵਿਚ ਏਸੇ ਪੁਰਸ਼ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਸਿੰਘਾਂ ਨੂੰ ਡਾਂਗਾਂ ਮਾਰੀਆਂ ਸਨ।

ਸਾਨੂੰ ਸਟੇਸ਼ਨ ਤੋਂ ਤਾਂਗਿਆਂ ਵਿਚ ਬਿਠਾ ਕੇ ਸੈਂਟਰਲ ਜੇਲ੍ਹ ਨੂੰ ਲੈ ਗਏ। ਸਾਡੇ ਨਾਲ ਜਿਹੜੇ ਦਸ ਸਿੰਘ ਹੋਰ ਆਏ ਸਨ, ਉਹਨਾਂ ਨੂੰ ਮੁਲਤਾਨ ਦੀ ਛੋਟੀ ਜੇਲ੍ਹ ਵਿਚ ਲੈ ਗਏ। ਜਦੋਂ ਅਸੀਂ ਜੇਲ੍ਹ ਵਿਚ ਪਹੁੰਚੇ ਤਾਂ ਸਾਡੇ ਦੁਆਲੇ ਸਾਰੇ ਜੇਲ੍ਹ ਅਫ਼ਸਰ ਆ ਇਕੱਠੇ ਹੋਏ। ਅਸੀਂ ਨੌਂ ਆਦਮੀਆਂ ਨੇ ਤਾਂ ਪ੍ਰਸ਼ਾਦਾ ਛਕ ਲਿਆ, ਪਰ ਭਾਈ ਸਾਹਿਬ ਜੀ ਨੇ ਕੁਝ ਨਾ ਛਕਿਆ। ਭਾਈ ਸਾਹਿਬ ਜੀ ਨਾਲ ਜੇਲ੍ਹ ਅਫ਼ਸਰਾਂ ਦੀ ਉਥੇ ਹੀ ਅੰਗਰੇਜ਼ੀ ਵਿਚ ਗੱਲਬਾਤ ਸ਼ੁਰੂ ਹੋ ਗਈ। ਆਖ਼ਰ ਸਾਨੂੰ ਸਾਰਿਆਂ ਨੂੰ ਅੱਡ ਅੱਡ ਕੋਠੀਆਂ ਵਿਚ ਬੰਦ ਕਰ ਦਿੱਤਾ ਅਤੇ ਅਠਾਰਾਂ ਅਠਾਰਾਂ ਸੇਰ ਪੱਕੇ ਦਾਣੇ ਦੇ ਕੇ ਕਹਿਣ ਲਗੇ, ਇਨ੍ਹਾਂ ਨੂੰ ਪੀਸੋ। ਕਿਸੇ ਨੇ ਪੀਸੇ, ਕਿਸੇ ਨਾ ਪੀਸੇ। ਭਾਈ ਸਾਹਿਬ ਜੀ ਨੂੰ ਸਾਡੇ ਤੋਂ ਅੱਡ ਕਿਸੇ ਕੋਠੀ ਵਿਚ ਬੰਦ ਕਰ ਦਿੱਤਾ। ਭਾਈ ਸਾਹਿਬ ਜੀ ਤਾਂ ਆਪਣੀ ਸਮਾਧੀ ਲਾ ਕੇ ਬੈਠ ਗਏ। ਅਗਲਾ ਸਾਰਾ ਬਿਰਤਾਂਤ ਅਗੇ ਜੇਲ੍ਹ ਚਿਠੀਆਂ ਵਿਚ ਆ ਚੁੱਕਾ ਹੈ।

ਤਿੰਨ ਜਾਂ ਚਾਰ ਮਹੀਨੇ, ਸਾਨੂੰ ਮੁਲਤਾਨ ਆਇਆ ਨੂੰ ਹੋ ਚੁੱਕੇ ਸਨ, ਮੇਰਾ ਜੀ ਕਰੇ ਕਿ ਕਿਸੇ ਤਰ੍ਹਾਂ ਭਾਈ ਸਾਹਿਬ ਦੇ ਦਰਸ਼ਨ ਹੋਣ ਤਾਂ ਮਨ ਨੂੰ ਚੈਨ ਆਵੇ। ਮੈਂ ਇਕ ਜੇਲ੍ਹ ਵਾਰਡਰ ਨੂੰ ਕਿਹਾ, ਮੇਰੇ ਪਰ ਇਕ ਉਪਕਾਰ ਕਰੋ। ਮੈਨੂੰ ਸ੍ਰੀ ਮਾਨ ਭਾਈ ਸਾਹਿਬ ਜੀ ਦੇ ਦਰਸ਼ਨ ਕਰਵਾ ਦੇ, ਮੇਰੇ ਪਾਸ ਇਕ ਅਠਿਆਨੀ ਹੈ, ਮੈਂ ਤੈਨੂੰ ਇਹ ਦੇ ਦੇਵਾਂਗਾ। ਉਸ



www.AKJ.Org

ਵਾਰਡਰ ਨੇ ਲਾਲਚ ਦੇ ਅਧੀਨ ਹੋ ਕੇ ਮੰਨ ਲਿਆ। ਐਤਵਾਰ ਨੂੰ ਸਾਰੇ ਕੈਦੀ ਕਪੜੇ ਧੌਣ ਵਾਸਤੇ ਬਾਹਰ ਆ ਜਾਂਦੇ ਸਨ। ਮੇਰੇ ਪਾਸੋਂ, ਵਾਰਡਰ ਨੇ ਇਕ ਅਠਿਆਨੀ ਲੈ ਕੇ, ਮੈਨੂੰ ਭਾਈ ਸਾਹਿਬ ਜੀ ਦੀ ਕੋਠੜੀ ਦੇ ਕੋਲ ਲੈ ਗਿਆ ਤਾਂ ਅਗੋਂ ਭਾਈ ਸਾਹਿਬ ਜੀ ਦੀ ਕੋਠੜੀ ਖੁੱਲ੍ਹੀ ਸੀ। ਮੈਂ ਅੰਦਰ ਵੜ ਕੇ ਛਪਾਲ ਕਰਕੇ ਭਾਈ ਸਾਹਿਬ ਦੇ ਚਰਨਾਂ ਤੇ ਡਿੱਗ ਪਿਆ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਮੈਨੂੰ ਗੱਲ ਨਾਲ ਲਾ ਲਿਆ। ਅਸੀਂ ਦੋਨੋਂ ਜਣੇ ਪਤਾ ਨਹੀਂ ਕਿੰਨਾ ਚਿਰ ਆਪਸ ਵਿਚ ਗਲੇ ਲੱਗ ਕੇ ਚਿੰਬੜੇ ਰਹੇ ਹੋਵਾਂਗੇ। ਐਸੀ ਹਾਲਤ ਸਾਡੀ ਦੋਹਾਂ ਦੀ ਹੋ ਗਈ, 'ਦਰਸਨ ਦੇਖਤ ਹੀ, ਸੁਧ ਕੀ ਨਾ ਸੁਧ ਰਹੀ ਬੁਧਿ ਕੀ ਨਾ ਬੁਧਿ ਰਹੀ, ਮਤਿ ਮੇ ਨਾ ਮਤਿ ਹੈ' ਮੈਨੂੰ ਉਸ ਵਾਰਡਰ ਨੇ ਬਾਹੋਂ ਫੜ ਕੇ ਉਠਾਇਆ ਤੇ ਮੇਰੀ ਕੋਠੀ ਵਲ ਲੈ ਗਿਆ। ਉਸ ਦਿਨ ਜਿਹੜਾ ਅਨੰਦ ਭਾਈ ਸਾਹਿਬ ਨੂੰ ਮਿਲਕੇ ਆਇਆ, ਮੈਂ ਉਸ ਦਾ ਬਿਆਨ ਮੂੰਹੋਂ ਨਹੀਂ ਕਰ ਸਕਦਾ। ਅਸੀਂ ਗੱਲ ਕੋਈ ਭੀ ਨਹੀਂ ਕਰ ਸਕੇ। ਮੈਂ ਆਪਣੀ ਸਾਰੀ ਉਮਰ ਵਿਚ ਹੀ ਐਸੀ ਹਾਲਤ ਕਦੇ ਨਹੀਂ ਦੇਖੀ।

ਕੁਛ ਦਿਨਾਂ ਬਾਅਦ ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਖੜੀ-ਹੱਥਕੜੀ ਦੀ ਸਜ਼ਾ ਮਿਲੀ। ਮੇਰੇ ਨਜ਼ਦੀਕ ਹੀ ਇਕ ਪਿੱਪਲ ਸੀ। ਉਸ ਪਿੱਪਲ ਦੇ ਨਾਲ ਭਾਈ ਸਾਹਿਬ ਜੀ ਨੂੰ ਬੰਨਿਆ ਹੋਇਆ ਸੀ। ਮੈਨੂੰ ਭੀ ਇਕ ਘੰਟੇ ਵਾਸਤੇ ਸਿਪਾਹੀ ਨੇ ਬਾਹਰ ਟਹਲਣ ਵਾਸਤੇ ਕੱਢਿਆ। ਮੇਰੇ ਤੇ ਭਾਈ ਸਾਹਿਬ ਜੀ ਵਿਚਕਾਰ ਇਕ ਪੰਜ ਫੁਟ ਦੀ ਦੀਵਾਰ ਹੀ ਸੀ। ਜਦੋਂ ਮੈਨੂੰ ਪਤਾ ਲਗਾ ਕਿ ਭਾਈ ਸਾਹਿਬ ਜੀ, ਮੇਰੇ ਨੇੜੇ ਹੀ ਹੱਥਕੜੀ ਲੱਗੇ ਖੜੇ ਹਨ ਤਾਂ ਦਾਸ ਨੇ ਕੰਧ ਤੇ ਚੜ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਕੀਤੇ। ਭਾਈ ਸਾਹਿਬ ਜੀ ਦੀਆਂ ਅੱਖਾਂ ਮੀਟੀਆਂ ਹੋਈਆਂ ਸਨ। ਇਕ ਮਨ ਹੋ ਕੇ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ। ਦਾਸ ਨੇ ਫ਼ਤਹ ਬੁਲਾਈ ਤਾਂ ਭਾਈ ਸਾਹਿਬ ਜੀ ਨੇ ਅਖਾਂ ਖੋਲ੍ਹ ਕੇ ਦੇਖਿਆ ਤਾਂ ਮੈਨੂੰ ਦੇਖ ਕੇ ਬਹੁਤ ਖੁਸ਼ ਹੋਏ, ਪਰ ਮੇਰਾ ਰੁਦਨ ਸ਼ੁਰੂ ਹੋ ਗਿਆ। ਭਾਈ ਸਾਹਿਬ ਜੀ ਨੇ ਬਥੇਰਾ ਮੈਨੂੰ ਕਿਹਾ, ਤਕੜਾ ਹੋ, ਭਾਣਾ ਮੰਨਣਾ ਚਾਹੀਦਾ ਹੈ, ਪਰ ਮੈਂ ਬੇਬੱਸ ਹੁੰਦਾ ਜਾਵਾਂ, ਵੈਰਾਗ ਠੱਲਿਆ ਨਾ ਜਾਵੇ। ਥੋੜ੍ਹੀ ਦੇਰ ਪਿਛੋਂ ਇਕ ਸਿਪਾਹੀ ਆ ਗਿਆ ਤੇ ਮੈਨੂੰ ਬੁਰਾ ਭਲਾ ਕਹਿਣ ਲਗਾ। ਮੈਂ ਕੰਧ ਤੋਂ ਹੇਠਾਂ ਉੱਤਰ ਆਇਆ ਤੇ ਫਿਰ ਮੈਨੂੰ ਕੋਠੀ ਵਿਚ ਬੰਦ ਕਰ ਦਿੱਤਾ। ਜਿਨ੍ਹਾਂ ਦਿਨਾਂ ਵਿਚ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਚਾਲੀ ਦਿਨਾਂ ਦੀ ਭੁਖ ਹੜਤਾਲ ਕੀਤੀ ਹੋਈ ਸੀ, ਭਾਈ ਸਾਹਿਬ ਜੀ, ਮੇਰੇ ਪਿਛਲੇ ਪਾਸੇ ਦੀਆਂ ਕੋਠੀਆਂ ਵਿਚ ਬੰਦ ਸਨ। ਸਾਨੂੰ ਰੋਜ਼ ਦੀ ਰੋਜ਼ ਖਬਰ ਮਿਲਦੀ ਰਹਿੰਦੀ ਸੀ। ਇਹ ਸਾਰਾ ਹਾਲ ਜੇਲ੍ਹ ਚਿਠੀਆਂ ਵਿਚ ਆ ਚੁੱਕਾ ਹੈ।

ਜਦੋਂ ਭਾਈ ਸਾਹਿਬ ਜੀ ਦੀ ਭੁਖ ਹੜਤਾਲ ਖ਼ਤਮ ਹੋ ਗਈ ਤਾਂ ਉਨ੍ਹਾਂ ਦਿਨਾਂ ਵਿਚ ਭਾਈ ਸਾਹਿਬ ਜੀ ਦਾ ਵਜ਼ਨ 152 ਤੋਂ ਸਿਰਫ਼ 80 ਪੌਂਡ ਰਹਿ ਗਿਆ ਸੀ। ਇਸ ਗੱਲ ਦਾ ਪਤਾ ਸਰਦਾਰ ਬਖਸ਼ੀਸ਼ ਸਿੰਘ ਜੀ ਨੂੰ ਲਗਾ ਕਿ ਭਾਈ ਸਾਹਿਬ ਜੀ ਬਹੁਤ ਕਮਜ਼ੋਰ ਹੋ ਗਏ ਹਨ। ਇਹ ਸਜਣ, ਜ਼ਿਲ੍ਹਾ ਹੁਸ਼ਿਆਰਪੁਰ ਦੇ ਨੇੜੇ ਵਡਾ ਨੰਗਲ ਪਿੰਡ ਹੈ, ਪਿਛੋਂ ਉਥੇ ਦੇ ਸਨ ਤੇ ਰਹਿੰਦੇ ਮੁਰੱਬਿਆਂ ਵਿਚ ਸਨ। ਇਨ੍ਹਾਂ ਦੇ ਮੁਰੱਬੇ ਤਹਿਸੀਲ ਸਮੁੰਦਰੀ ਦੇ ਪਾਸ ਰਸਿਆਣਾ ਚੱਕ ਵਿਚ ਸਨ ਅਤੇ ਇਨ੍ਹਾਂ ਦੇ ਪਿਤਾ ਜ਼ਿਲੇਦਾਰ ਸਨ। ਇਹ ਸੱਜਣ, ਉਨ੍ਹਾਂ ਦਿਨਾਂ ਵਿਚ ਸਰਬ ਲੋਹੀਏ ਸਨ। ਇਨ੍ਹਾਂ ਨੂੰ ਜਦ ਪਤਾ ਲਗਾ ਕਿ ਸ੍ਰੀਮਾਨ ਭਾਈ ਸਾਹਿਬ ਜੀ ਸਾਡੇ ਨੇੜੇ ਹੀ ਮੁਲਤਾਨ ਜੇਲ੍ਹ ਵਿਚ ਭੁਖੇ ਹੀ ਬੈਠੇ ਹਨ ਤਾਂ ਇਹਨਾਂ ਨੇ ਉੱਦਮ ਕਰਕੇ,



www.AKJ.Org

ਇਕ ਸਿੰਘ ਨੂੰ ਭੇਜ ਕੇ ਮੁਲਤਾਨ ਜੇਲ੍ਹ ਦੇ ਬਾਹਰ ਹੀ ਕਿਸੇ ਨੂੰ ਪੁੱਛ ਕੀਤੀ ਕਿ ਸ੍ਰੀਮਾਨ ਭਾਈ ਸਾਹਿਬ ਦਾ ਕੀ ਹਾਲ ਹੈ। ਉਨ੍ਹਾਂ ਦਿਨਾਂ ਵਿਚ ਭਾਈ ਸਾਹਿਬ ਜੀ ਨੂੰ ਕੁਝ ਛੋਲੇ ਤੇ ਗੁੜ ਮਿਲਦਾ ਹੁੰਦਾ ਸੀ। ਇਸ ਸਿੰਘ ਨੇ ਸਾਰਾ ਪਤਾ ਕਰਕੇ, ਮੁੜ ਰਸਿਆਣਾ ਚੱਕ ਜਾ ਕੇ ਭਾਈ ਸਾਹਿਬ ਜੀ ਦਾ ਸਾਰਾ ਹਾਲ ਦਸਿਆ। ਭਾਈ ਬਖਸ਼ੀਸ਼ ਸਿੰਘ ਜੀ ਨੇ ਇਹ ਸਾਰਾ ਹੱਲ ਸੁਣਕੇ ਕਿ ਭਾਈ ਸਾਹਿਬ ਜੀ ਬਹੁਤ ਕਮਜ਼ੋਰ ਹੋ ਗਏ ਹਨ, ਕੁਛ ਖੋਆ ਬਦਾਮ ਪਾਕੇ ਤਿਆਰ ਕਰਵਾਇਆ। ਉਸ ਖੋਏ ਦੇ ਪੌਂਡ ਪੌਂਡ ਦੇ ਪੈਕਟ ਬਣਾ ਕੇ, ਮੁਲਤਾਨ ਜੇਲ੍ਹ ਵਲ ਨੂੰ ਆ ਗਿਆ। ਇਥੇ ਆ ਕੇ ਕਿਸੇ ਵਾਕਫ਼ ਨੂੰ ਮਿਲ ਮਿਲਾ ਕੇ ਕਹਿਣ ਲਗੇ, ਇਹ ਖੋਆ ਮੈਂ ਭਾਈ ਸਾਹਿਬ ਜੀ ਵਾਸਤੇ ਲਿਆਇਆ ਹਾਂ। ਜੇ ਤੂੰ ਇਕ ਇਕ ਕਰਕੇ ਪੈਕਟ, ਹਰ ਰੋਜ਼ ਭਾਈ ਸਾਹਿਬ ਜੀ ਨੂੰ ਦੇ ਆਇਆ ਕਰੇਂ ਤਾਂ ਮੈਂ ਤੈਨੂੰ ਇਕ ਪੈਕਟ ਦੇ ਮਗਰ, ਇਨਾਮ ਦੇ ਤੌਰ ’ਤੇ, ਇਕ ਰੁਪੱਈਆ ਦਿਆ ਕਰਾਂਗਾ। ਇਹ ਖੋਆ ਭਾਈ ਸਾਹਿਬ ਜੀ ਨੂੰ ਪਹੁੰਚਣ ਲੱਗ ਪਿਆ। ਇਕ ਦਿਨ ਥੋੜ੍ਹਾ ਜਿਹਾ ਖੋਆ ਭਾਈ ਸਾਹਿਬ ਜੀ ਨੇ ਮੈਨੂੰ ਵੀ ਭੇਜਿਆ ਸੀ। ਫੇਰ ਭਾਈ ਸਾਹਿਬ ਜੀ ਦੀ ਸਿਹਤ ਕੁਛ ਅੱਛੀ ਹੋਣ ਲੱਗੀ। ਇਹ ਸਜਣ ਸਰਦਾਰ ਬਖਸ਼ੀਸ਼ ਸਿੰਘ ਜੀ ਬਹੁਤ ਹੀ ਪਰਉਪਕਾਰੀ ਸਨ। ਸਾਡੇ ਪਿੰਡਾਂ ਵਿਚ ਵੀ ਜਾ ਕੇ ਸਾਡੀਆਂ ਸਿੰਘਣੀਆਂ ਦੀ ਖਬਰ ਸਾਰ ਲੈਂਦੇ ਰਹਿੰਦੇ ਸਨ। ਕਿਸੇ ਚੀਜ਼ ਦੀ ਜ਼ਰੂਰਤ ਹੁੰਦੀ ਸੀ ਤਾਂ ਦੇ ਆਉਂਦੇ ਸਨ। ਮੈਨੂੰ ਵੀ ਜੇਲ੍ਹ ਵਿਚ ਕਈ ਵਾਰੀ ਇਹ ਸਿੰਘ ਦਮੜੇ ਭੇਜ ਦਿੰਦਾ ਸੀ। ਡੇਢ ਸਾਲ ਦੇ ਕਰੀਬ ਭਾਈ ਸਾਹਿਬ ਜੀ ਤੇ ਹੋਰ ਸਿੰਘ ਮੁਲਤਾਨ ਜੇਲ੍ਹ ਵਿਚ ਰਹੇ ਹਨ।

***

## ਕਿਸ਼ਤ ਨੰ. 10 — ਸੂਰਾ ਮਾਸਿਕ ਪੱਤਰ, ਜਨਵਰੀ-1967

ਉਸ ਤੋਂ ਬਾਦ ਆਪ ਜੀ ਦਾ ਤੇ ਹੋਰ ਸਿੰਘਾਂ ਦਾ ਚਲਾਨ ਹਾਜ਼ਰੀ ਬਾਗ ਜੇਲ੍ਹ ਦਾ ਹੋ ਗਿਆ। ਮੈਂ ਮੁਲਤਾਨ ਜੇਲ੍ਹ ਵਿਚ ਇਕੱਲਾ ਹੀ ਰਹਿ ਗਿਆ। ਦਾਸ ਮੁਲਤਾਨ ਜੇਲ੍ਹ ਵਿਚ ਪੰਜ ਸਾਲ ਰਿਹਾ। ਆਖ਼ਰ ਸੰਨ 1920 ਨੂੰ ਰਿਹਾ ਹੋ ਕੇ ਪਿੰਡ ਗੁਜਰਵਾਲ ਆ ਗਿਆ। ਜਦੋਂ ਮੈਂ ਘਰ ਗਿਆ ਤਾਂ ਸਾਡੀ ਸਿੰਘਣੀ ਜੁਗਿੰਦਰ ਕੌਰ ਤੇ ਭੁਜੰਗੀ ਹਰਚੇਤ ਸਿੰਘ 1918 ਨੂੰ ਇਸ ਸੰਸਾਰ ਤੋਂ ਚਲਾਣਾ ਕਰ ਚੁੱਕੇ ਸਨ। ਘਰ ਵਿਚ ਕੋਈ ਨਹੀਂ ਸੀ। ਘਰ ਨੂੰ ਜਿੰਦਰਾ ਵਜਾ ਹੋਇਆ ਸੀ। ਜਦੋਂ ਜਥੇ ਦੇ ਸਿੰਘਾਂ ਨੂੰ ਪਤਾ ਲਗਾ ਕਿ ਭਾਈ ਸੁਰਜਨ ਸਿੰਘ ਛੁੱਟ ਕੇ ਆ ਗਿਆ ਹੈ ਤਾਂ ਮੈਨੂੰ ਕਈ ਸਿੰਘਾਂ ਨੇ ਸਹਾਇਤਾ ਭੀ ਭੇਜੀ ਸੀ। ਮੈਂ ਆਟਾ ਆਦਿਕ ਲੈ ਕੇ ਆਪਣਾ ਨਿਰਬਾਹ ਕਰਨ ਲੱਗ ਪਿਆ। ਮੈਨੂੰ ਮੁਲਤਾਨ ਜੇਲ੍ਹ ਵਿਚੋਂ ਆਏ ਨੂੰ ਅਜੇ ਕੁਛ ਮਹੀਨੇ ਹੀ ਹੋਏ ਸਨ ਕਿ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਇਕ ਖੱਤ ਹਜ਼ਾਰੀ ਬਾਗ ਜੇਲ੍ਹ ਤੋਂ ਆਇਆ। ਉਸ ਵਿਚ ਲਿਖਿਆ ਹੋਇਆ ਸੀ ਕਿ ਉਮੀਦ ਹੈ ਕਿ ਤੂੰ ਮੁਲਤਾਨ ਜੇਲ੍ਹ ਵਿਚੋਂ ਛੁੱਟ ਕੇ ਆ ਗਿਆ ਹੋਵੇਂਗਾ। ਤੂੰ ਮੈਨੂੰ ਆ ਕੇ ਹਜ਼ਾਰੀ ਬਾਗ ਮਿਲ ਜਾਵੀਂ। ਮੈਂ ਇਹ ਗੱਲ ਖੱਤ ਵਾਲੀ, ਭਾਈ ਸਾਹਿਬ ਜੀ ਦੀ ਸਿੰਘਣੀ, ਭੈਣ ਕਰਤਾਰ ਕੌਰ ਨੂੰ ਦੱਸੀ, ਤਾਂ ਭੈਣ ਜੀ ਕਹਿਣ ਲਗੇ, ਜੇ ਤੁਸੀਂ ਹਜ਼ਾਰੀ ਬਾਗ ਨੂੰ ਜਾਣਾ ਹੈ, ਤਾਂ ਮੈਂ ਭੀ ਤੇਰੇ ਨਾਲ ਜਾ ਕੇ ਦਰਸਨ ਕਰ ਆਵਾਂਗੀ। ਮੈਂ ਕਿਹਾ, ਮੇਰੇ ਪਾਸ ਤਾਂ ਅਜੇ ਪ੍ਰਸ਼ਾਦਾ ਛੱਕਣ ਨੂੰ ਭੀ ਪੈਸੇ ਨਹੀਂ ਹਨ।



www.AKJ.Org

ਹਜ਼ਾਰੀ ਬਾਗ ਜਾਣ ਵਾਸਤੇ ਤਾਂ ਕਮ ਸੇ ਕਮ (200) ਦੋ ਸੌ ਦਮੜਾ ਚਾਹੀਦਾ ਹੈ। ਉਸ ਤੋਂ ਦੂਜੇ ਜਾਂ ਤੀਜੇ ਦਿਨ, ਮੈਨੂੰ ਬਾਬੂ ਮੱਲ ਸਿੰਘ ਜੀ ਦਾ ਖੱਤ ਆ ਗਿਆ ਕਿ ਤੂੰ ਛੇਤੀ ਤੋਂ ਛੇਤੀ ਪਿੰਡ ਜਾਮਾ ਰਾਏ ਆ ਜਾ। ਏਥੇ ਇਕ ਅਖੰਡ ਪਾਠ ਕਰਨਾ ਹੈ। ਮੈਂ ਏਸ ਅਖੰਡ ਪਾਠ ਤੇ ਜਾਮਾ ਰਾਏ ਚਲਾ ਗਿਆ। ਮੈਂ ਬਾਬੂ ਜੀ ਨੂੰ ਬੇਨਤੀ ਕੀਤੀ ਕਿ ਮੈਂ ਹਜ਼ਾਰੀ ਬਾਗ ਜੇਲ੍ਹ ਜਾ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਕਰਨੇ ਹਨ। ਸਾਨੂੰ ਉਨ੍ਹਾਂ ਨੇ ਯਾਦ ਕੀਤਾ ਹੈ ਤੇ ਮੇਰੇ ਨਾਲ ਭੈਣ ਕਰਤਾਰ ਕੌਰ ਭੀ ਤਿਆਰ ਹੈ, ਪਰ ਸਾਡੇ ਪਾਸ ਕਿਰਾਇਆ ਕੋਈ ਨਹੀਂ ਹੈ। ਬਾਬੂ ਜੀ ਨੇ ਅਖੰਡ ਪਾਠ ਦੇ ਭੋਗ ਤੋਂ ਬਾਦ, ਸਾਨੂੰ ਸਿੰਘਾਂ ਪਾਸੋਂ ਕਰਾਇਆ ਲੈ ਕੇ ਦੇ ਦਿੱਤਾ। ਮੈਂ ਪਿੰਡ ਨਾਰੰਗਵਾਲ ਆ ਕੇ, ਭੈਣ ਜੀ ਨੂੰ ਕਿਹਾ ਕਿ ਤੁਸੀਂ ਵੀ ਹੁਣ ਤਿਆਰ ਹੋ ਜਾਓ ਮੈਂ ਕਿਰਾਇਆ ਲੈ ਆਇਆ ਹਾਂ। ਇਹ ਸਾਰੀ ਸੇਵਾ ਦੋ ਚਾਰ ਸਿੰਘਾਂ ਨੇ ਹੀ ਕਰ ਦਿਤੀ ਸੀ। 50 ਰੁਪਏ ਕਰਨਲ ਪਿਆਰਾ ਸਿੰਘ ਜੀ ਨੇ 50 ਦਮੜੇ ਸਰਦਾਰ ਰਛਪਾਲ ਸਿੰਘ ਜੀ ਨੇ ਕੁਛ ਦਮੜੇ ਬਾਬੂ ਮਲ ਸਿੰਘ ਜੀ ਨੇ ਭੀ ਆਪਣੇ ਪਾਸੋਂ ਦਿਤੇ ਸਨ ਅਤੇ ਬਾਕੀ ਕੁਛ ਪਖੋਂ ਪੁਰ ਦਿਆਂ ਸਰਦਾਰਾਂ ਨੇ ਸੇਵਾ ਕੀਤੀ ਸੀ। ਇਹ ਸਾਰਾ ਉਦਮ ਬਾਬੂ ਮਲ ਸਿੰਘ ਜੀ ਦਾ ਹੀ ਸੀ। ਭੈਣ ਜੀ ਨੇ ਓਸੇ ਵਕਤ ਹੀ, ਦੋ ਚਾਰ ਮੱਝਾਂ ਦਾ ਦੁਧ ਲੈ ਕੇ ਖੋਆ ਮਾਰ ਲਿਆ ਤੇ ਹੋਰ ਲੋੜੀਂਦੀਆਂ ਚੀਜ਼ਾਂ ਲੈ ਕੇ ਅਸੀਂ ਦੋਨੋਂ ਜਣੇ ਹਜ਼ਾਰੀ ਬਾਗ ਦਾ ਟਿਕਟ ਲੈ ਕੇ ਗੱਡੀ ਬੈਠ ਗਏ। ਸਾਡੀ ਗੱਡੀ ਜਦੋਂ ਲਖਨਊ ਸਟੇਸ਼ਨ ਤੋਂ ਅਜੇ ਉਰੇ ਹੀ ਸੀ ਤਾਂ ਸਾਨੂੰ ਦੋਹਾਂ ਜਣਿਆਂ ਨੂੰ ਪਿਆਸ ਲੱਗ ਪਈ। ਭੈਣ ਜੀ ਤਾਂ ਸਰਬ ਲੋਹ ਵਿਚ ਪ੍ਰਸ਼ਾਦਾ ਛਕਿਆ ਕਰਦੇ ਸਨ ਤੇ ਮੈਂ ਭੀ ਆਮ ਸਟੇਸ਼ਨ ਤੇ ਨਲਕਿਆਂ ਦਾ ਪਾਣੀ ਨਹੀਂ ਸੀ ਪੀਂਦਾ ਹੁੰਦਾ। ਮੈਂ ਭੈਣ ਜੀ ਨੂੰ ਕਿਹਾ, ਹੁਣ ਲਖਨਊ ਦਾ ਸਟੇਸ਼ਨ ਆਉਣ ਵਾਲਾ ਹੈ। ਮੈਂ ਉਤਰ ਕੇ ਕਿਸੇ ਖੂਹ ਤੋਂ ਜਲ ਲੈ ਆਵਾਂਗਾ, ਤੂੰ ਗੱਡੀ ਵਿਚ ਹੀ ਬੈਠੀ ਰਹੀਂ। ਜੇ ਮੈਂ ਗੱਡੀ ਚੜ੍ਹਨ ਤੋਂ ਰਹਿ ਗਿਆ ਤੇ ਤੂੰ ਮੁਗਲ ਸਰਾਏ ਸਟੇਸ਼ਨ ਤੇ ਉੱਤਰ ਪਵੀਂ। ਪਰ ਐਸਾ ਹੀ ਹੋਇਆ। ਜਦੋਂ ਮੈਂ ਖੂਹ ਤੋਂ ਪਾਣੀ ਲੈ ਕੇ ਦੌੜਿਆ ਆਉਂਦਾ ਸੀ ਤਾਂ ਗੱਡੀ ਤੁਰ ਗਈ, ਮੈਂ ਤਾਂ ਬਾਹਰ ਹੀ ਰਹਿ ਗਿਆ। ਭੈਣ ਕਰਤਾਰ ਕੌਰ ਗੱਡੀ ਵਿਚ ਹੀ ਅਗੇ ਨੂੰ ਚਲੀ ਗਈ। ਮੈਨੂੰ ਬਹੁਤ ਹੀ ਫਿਕਰ ਹੋਇਆ। ਮੈਂ ਉਸੇ ਵਕਤ ਹੀ ਇਕ ਤਾਰ ਦੇ ਦਿਤੀ ਕਿ ਇਕ ਬੀਬੀ ਉਸ ਡੱਬੇ ਵਿਚ ਬੈਠੀ ਹੈ, ਉਸ ਨੂੰ ਰਸਤੇ ਵਿਚ ਉਤਾਰ ਦੇਵੋ, ਪਰ ਇਸ ਤਾਰ ਦਾ ਕੁਝ ਨਹੀਂ ਬਣਿਆ। ਮੈਂ ਤਾਂ ਕਿਸੇ ਗੁਰਦੁਆਰੇ ਜਾ ਕੇ ਪ੍ਰਸ਼ਾਦੇ ਪਕਾ ਕੇ ਛਕ ਲਏ। ਫੇਰ ਗੱਡੀ ਸ਼ਾਮ ਨੂੰ ਮੁਗਲ ਸਰਾਏ ਜਾਣੀ ਸੀ, ਮੈਂ ਓਸ ਵਿਚ ਸਵਾਰ ਹੋ ਕੇ ਸਵੇਰੇ ਹੀ ਮੁਗਲ ਸਰਾਇ ਪਹੁੰਚ ਗਿਆ। ਮੈਂ ਗੱਡੀ ਵਿਚੋਂ ਉਤਰ ਕੇ ਭੈਣ ਜੀ ਦੀ ਤਲਾਸ਼ ਕਰਨ ਲੱਗਾ, ਪਰ ਮੈਨੂੰ ਕਿਤੇ ਪਤਾ ਨਾ ਲੱਗਾ। ਆਖ਼ਰ ਮੈਂ ਏਧਰ-ਓਧਰ ਫਿਰਕੇ ਟੋਲਦਾ ਰਿਹਾ ਤਾਂ ਮੈਨੂੰ ਦੂਰ ਸਾਰੇ ਇਕ ਗੰਢੜੀ ਜਿਹੀ ਦਿਸੀ। ਮੈਂ ਜਾ ਕੇ ਦੇਖਿਆ ਤਾਂ ਭੈਣ ਕਰਤਾਰ ਕੌਰ ਪਈ ਹੈ। ਮੈਂ ਜਾ ਕੇ ਉਠਾਇਆ ਤਾਂ ਮੈਨੂੰ ਕਹਿਣ ਲਗੀ, ਮੈਂ ਭੁੱਖੀ ਪਿਆਸੀ ਏਥੇ ਹੀ ਪਈ ਰਹੀ ਹਾਂ। ਨਾ ਹੀ ਮੈਨੂੰ ਕਿਸੇ ਨੇ ਟਿਕਟ ਪੁੱਛਿਆ ਹੈ। ਟਿਕਟ ਵੀ ਮੇਰੇ ਪਾਸ ਹੀ ਸਨ। ਫਿਰ ਅਸੀਂ ਦੋਨੋਂ ਹੀ ਜਣਿਆਂ ਨੇ ਬਾਹਰ ਜਾ ਕੇ ਇਕ ਸਰਾਂ ਵਿਚ ਇਸ਼ਨਾਨ ਕੀਤਾ। ਨਾਲੇ ਪ੍ਰਸ਼ਾਦੇ ਪਕਾ ਕੇ ਛਕੇ। ਸ਼ਾਮ ਨੂੰ ਮੁਗਲ ਸਰਾਇ ਤੋਂ ਗੱਡੀ ਵਿਚ ਬਹਿ



www.AKJ.Org

ਕੇ, ਅਸੀਂ ਸਵੇਰੇ ਹੀ ਹਜ਼ਾਰੀ ਬਾਗ ਰੋਡ ਸਟੇਸ਼ਨ ਤੇ ਪਹੁੰਚ ਗਏ। ਓਥੋਂ ਕਿਸੇ ਕਾਰ ਵਾਲੇ ਨੂੰ ਪੁੱਛ ਕੇ, ਕਾਰ ਵਿਚ ਸਵਾਰ ਹੋ ਕੇ, ਹਜ਼ਾਰੀ ਬਾਗ ਸ਼ਹਿਰ ਨੂੰ ਤੁਰ ਪਏ। ਸਟੇਸ਼ਨ ਤੋਂ ਹਜ਼ਾਰੀ ਬਾਗ ਸ਼ਹਿਰ (20) ਵੀਹ ਮੀਲ ਸੀ। ਅਸੀਂ ਉਸ ਕਾਰ ਵਾਲੇ ਨੂੰ ਪੁੱਛਿਆ ਕਿ ਇਸ ਸ਼ਹਿਰ ਵਿਚ ਕੋਈ ਸਿਖ ਭੀ ਹੈ। ਉਹ ਕਹਿਣ ਲਗਾ, ਇਥੇ ਤਾਂ ਸ਼ਹਿਰ ਵਿਚ ਕੋਈ ਸਿਖ ਨਹੀਂ ਹੈ। ਮੈਂ ਭੈਣ ਜੀ ਨੂੰ ਕਿਹਾ ਕਿ ਨਾ ਇਥੇ ਕੋਈ ਗੁਰਦੁਆਰਾ ਹੈ ਤੇ ਨਾ ਕੋਈ ਸਿਖ ਹੀ, ਕਿਥੇ ਰਹਾਂਗੇ ? ਅਸੀਂ ਫੇਰ ਦੁਬਾਰਾ ਉਸ ਕਾਰ ਵਾਲੇ ਨੂੰ ਪੁੱਛਿਆ ਕਿ ਯਹਾਂ ਪਰ ਕੋਈ ਭੀ ਸਿਖ ਨਹੀਂ ਹੈ ? ਉਸ ਕਾਰ ਵਾਲੇ ਨੇ ਫਿਰ ਸੋਚ ਕੇ ਕਿਹਾ ਕਿ ਇਕ ਸਿਖ ਹੈ ਜੋ ਕਿ ਵਰਕਸ਼ਾਪ ਮੇਂ ਕਾਮ ਕਰਤਾ ਹੈ। ਅਸੀਂ ਉਸ ਕਾਰ ਵਾਲੇ ਨੂੰ ਕਿਹਾ ਕਿ ਸਾਨੂੰ ਉਸ ਸਿਖ ਪਾਸ ਲੈ ਚਲ, ਜਿਥੇ ਉਸ ਦੀ ਵਰਕਸ਼ਾਪ ਹੈ। ਸਾਨੂੰ ਕਾਰ ਵਾਲੇ ਡਰਾਈਵਰ ਨੇ ਉਸ ਸਿਖ ਪਾਸ ਪਹੁੰਚਾ ਦਿੱਤਾ ਜਿਥੇ ਉਸ ਸਿਖ ਦੀ ਵਰਕਸ਼ਾਪ ਸੀ। ਉਸ ਸਿਖ ਦਾ ਨਾਮ ਸੋਹਣ ਸਿੰਘ ਸੀ। ਸਾਨੂੰ ਦੇਖ ਕੇ ਬਹੁਤ ਹੀ ਖੁਸ਼ ਹੋਇਆ। ਸਾਨੂੰ ਆਪਣੇ ਘਰ ਲੈ ਗਿਆ। ਸਾਡੀ ਪ੍ਰਸ਼ਾਦੇ ਆਦਿਕ ਦੀ ਸੇਵਾ ਕੀਤੀ।

ਮੈਂ ਸੋਹਣ ਸਿੰਘ ਜੀ ਨੂੰ ਆਪਣੇ ਆਉਣ ਦੀ ਸਾਰੀ ਵਾਰਤਾ ਦਸੀ। ਅਸੀਂ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਕਰਨ ਆਏ ਹਾਂ। ਏਥੇ ਹਾਜ਼ਰੀ ਬਾਗ ਦੀ ਜੇਲ੍ਹ ਵਿਚ ਕੈਦ ਹਨ। ਉਸ ਨੇ ਕਿਹਾ, ਏਥੋਂ ਜੇਲ੍ਹ ਚਾਲ੍ਹੀ ਮੀਲ ਦੀ ਵਿੱਥ ’ਤੇ ਹੈ, ਜਦੋਂ ਕਹੋਗੇ, ਮੈਂ ਤੁਹਾਨੂੰ ਆਪਣੀ ਕਾਰ ਤੇ ਛੱਡ ਆਵਾਂਗਾ। ਦੂਜੇ ਦਿਨ ਸਵੇਰੇ ਹੀ ਮੈਂ ਇਕੱਲਾ ਕਾਰ ਤੇ ਬੈਠ ਕੇ ਜੇਲ੍ਹ ਨੂੰ ਚਲਾ ਗਿਆ। ਕਾਰ ਵਾਲਾ ਮੈਨੂੰ ਛੱਡ ਕੇ ਆਪ ਮੁੜ ਗਿਆ। ਜਦੋਂ ਮੈਂ ਬਾਹਰ ਹੀ ਖੜਾ ਸੀ ਤਾਂ ਦੋ ਜੇਲ੍ਹ ਦੇ ਵਾਡਰ ਕੁਛ ਵਿੱਥ ਤੇ ਇਕ ਦਰੱਖਤ ਹੇਠਾਂ ਖੜੇ, ਗੁਰਬਾਣੀ ਦਾ ਪਾਠ ਕਰ ਰਹੇ ਸਨ। ਜਦੋਂ ਮੈਂ ਨੇੜੇ ਹੋ ਕੇ ਸੁਣਨ ਲਗਾ ਤਾਂ ਇਹ ਬਾਣੀ ਨੌਂਵੇਂ ਮਹੱਲੇ ਦੇ ਸਲੋਕ ਸਨ। ਉਨ੍ਹਾਂ ਦੋਨਾਂ ਪੁਰਸ਼ਾਂ ਨੇ ਅੱਖਾਂ ਮੀਟੀਆ ਹੋਈਆਂ ਸਨ ਤੇ ਆਪਣੇ ਧਿਆਨ ਵਿਚ ਖੜੇ ਸਨ। ਥੋੜ੍ਹੀ ਦੇਰ ਤੋਂ ਬਾਦ ਇਨ੍ਹਾਂ ਸੱਜਣਾਂ ਨੇ ਅੱਖਾਂ ਖੋਲ੍ਹੀਆਂ ਤਾਂ ਮੈਨੂੰ ਪੁੱਛਣ ਲੱਗੇ ਕਿ ਆਪ ਕਹਾਂ ਸੇ ਆਏ ਹੋ। ਮੈਂ ਕਿਹਾ ਹਮ ਪੰਜਾਬ ਸੇ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਕੇ ਦਰਸ਼ਨ ਕਰਨ ਆਏ ਹੈਂ ਤਾਂ ਇਹ ਦੋਨੋਂ ਬਿਹਾਰੀ ਰਾਜਪੂਤ ਮੇਰੇ ਪੈਰਾਂ ਤੇ ਆ ਡਿੱਗੇ। ਮੈਂ ਆਪਣੇ ਬਥੇਰੇ ਪੈਰ ਛੁਡਾਵਾਂ, ਪਰ ਇਹ ਪੁਰਸ਼ ਪ੍ਰੇਮ ਵਿਚ ਆਏ ਹੋਏ, ਮੇਰੇ ਪੈਰ ਹੀ ਨਾ ਛੱਡਣ। ਆਖ਼ਰ ਅਸੀਂ ਤਿੰਨੇ ਜਣੇ ਬੈਠ ਕੇ ਗੱਲਾਂ ਕਰਨ ਲੱਗ ਪਏ। ਮੈਨੂੰ ਇਹ ਬਿਹਾਰੀ ਪੁੱਛਣ ਲੱਗੇ, ਭਾਈ ਸਾਹਿਬ ਜੀ ਆਪ ਕੇ ਕਿਆ ਲਗਤੇ ਹੈਂ। ਮੈਂ ਕਿਹਾ, ਹਮਾਰੇ ਭਾਈ ਸਾਹਿਬ ਹੈਂ। ਫੇਰ ਤਾਂ ਇਹ ਦੋਨੋਂ ਪ੍ਰੇਮੀ, ਮੇਰੇ ਨਾਲ ਬਹੁਤ ਹੀ ਪ੍ਰੇਮ ਕਰਨ ਲੱਗ ਪਏ। ਫੇਰ ਮੈਨੂੰ ਦੱਸਣ ਲੱਗੇ ਕਿ ਹਮ ਤੋਂ ਆਪ ਕੇ ਭਾਈ ਸਾਹਿਬ ਕੋ ਸਾਧੂ ਜੀ ਕਰਕੇ ਬੁਲਾਤੇ ਹੈਂ। ਹੈਂ ਭੀ ਸਾਧੂ ਪੂਰੇ। ਹਮ ਨੇ ਉਨ ਸੇ ਬਾਣੀ ਕਾ ਪਾਠ ਸੀਖਾ ਹੈ ਹਮ ਨੇ ਵਾਲ ਭੀ ਰਖ ਲਏ ਹੈਂ। ਜਬ ਇਹ ਸਾਧੂ ਜੀ ਛੁਟ ਕਰ ਪੰਜਾਬ ਕੋ ਜਾਏਂਗੇ, ਹਮ ਇਨ ਕੇ ਸਾਥ ਹੀ ਪੰਜਾਬ ਕੋ ਚਲੇ ਜਾਏਂਗੇ। ਵਹਾਂ ਜਾ ਕਰ ਸਿਖ ਬਣ ਜਾਏਂਗੇ। ਮੇਂ ਉਨ੍ਹਾਂ ਨੂੰ ਕੁਛ ਰੁਪਈਏ ਦੇਣ ਲਗਾ ਸੀ ਕਿ ਇਹ ਰੁਪਈਏ ਭਾਈ ਸਾਹਿਬ ਜੀ ਨੂੰ ਦੇ ਦੇਣੇ। ਉਨ੍ਹਾਂ ਨੇ ਨਹੀਂ ਲਏ, ਕਹਿਣ ਲੱਗੇ ਹਮਾਰੀ ਸਾਰੀ ਤਨਖਾਹ ਉਨੋਂ ਵਾਸਤੇ ਹੀ ਹੈ। ਫੇਰ ਮੈਂ ਜਾ ਕੇ ਜੇਲ੍ਹਰ ਨੂੰ ਮਿਲਿਆ। ਉਹ ਜੇਲ੍ਹਰ ਅੰਗਰੇਜ਼ ਸੀ। ਆਪਣੇ ਆਉਣ ਦਾ ਸਾਰਾ ਹਾਲ ਉਸ ਜੇਲ੍ਹਰ ਨੂੰ ਦਸਿਆ। ਉਹ ਜੇਲ੍ਹਰ



www.AKJ.Org

ਬਹੁਤ ਖੁਸ਼ ਹੋਇਆ ਤੇ ਕਹਿਣ ਲਗਾ, ਆਪ ਜੀ ਕੇ ਭਾਈ ਸਾਹਿਬ ਜੀ ਤਾਂ ਪਾਦਰੀ ਪੁਰਸ਼ ਹਨ। ਹਰ ਵਕਤ ਹੀ ਪਰਮਾਤਮਾ ਕਾ ਨਾਮ ਹੀ ਲੇਤੇ ਰਹਿਤੇ ਹੈਂ। ਫੇਰ ਮੈਨੂੰ ਉਹ ਜੇਲ੍ਹਰ ਕਹਿਣ ਲਗਾ ਆਪ ਕੋ ਕਹੀਂ ਰਿਹਾਇਸ਼ ਮਿਲ ਗਈ ਹੈ, ਖਾਣਾਂ ਮਿਲਾ ਹੈ, ਮੈਂ ਕਿਹਾ, ਸਾਨੂੰ ਸਭ ਕੁਝ ਮਿਲਾ ਹੈ। ਸਾਨੂੰ ਤਾਂ ਮੁਲਾਕਾਤ ਦਾ ਵਕਤ ਦੱਸੋ ਕਿਸ ਵਕਤ ਕਰਵਾਵੋਗੇ ? ਜੇਲ੍ਹਰ ਕਹਿਣ ਲੱਗਾ, ਕੱਲ ਸੁਬਹਾ ਹੀ ਆ ਜਾਣਾ, ਮੇਰੀ ਦਫ਼ਤਰ ਦੀ ਚਾਰ ਘੰਟੇ ਡਿਊਟੀ ਹੁੰਦੀ ਹੈ। ਤੁਸੀਂ ਜਿੰਨਾ ਚਿਰ ਚਾਹੋ, ਮੁਲਾਕਾਤ ਕਰੀ ਜਾਣਾ। ਆਪ ਕਾ ਭਾਈ ਸਾਹਿਬ ਖ਼ੁਦਾਪ੍ਰਸਤ ਹੈ। ਉਸ ਕੇ ਲੀਏ ਕੋਈ ਪਾਬੰਦੀ ਨਹੀਂ ਹੈ। ਦਾਸ ਇੰਨੀ ਗਲਬਾਤ ਕਰਕੇ ਆਪਣੇ ਅਸਥਾਨ ਤੇ ਚਲਾ ਗਿਆ। ਦੂਜੇ ਦਿਨ, ਅਸੀਂ ਦਸ ਵਜੇ ਦੇ ਕਰੀਬ ਦੋਹਾਂ ਨੇ ਤਿਆਰੀ ਕਰ ਲਈ। ਭਾਈ ਸੋਹਣ ਸਿੰਘ ਜੀ ਸਾਨੂੰ ਆਪਣੀ ਕਾਰ ਤੇ ਛਡ ਆਏ। ਕੁਛ ਅਰਸੇ ਤੋਂ ਬਾਦ ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਜੇਲ੍ਹਰ ਆਪਣੇ ਦਫ਼ਤਰ ਵਾਲੇ ਕਮਰੇ ਵਿਚ ਲੈ ਆਇਆ। ਸ੍ਰੀ ਮਾਨ ਭਾਈ ਸਾਹਿਬ ਜੀ ਦੇ ਦਰਸ਼ਨ ਬਹੁਤ ਚਿਰ ਦੇ ਬਾਦ ਹੋਏ। ਅਸੀਂ ਦੋਨੋਂ ਜਣੇ ਭਾਈ ਸਾਹਿਬ ਜੀ ਦੇ ਚਰਨਾਂ ਵਿਚ ਡਿੱਗ ਪਏ। ਸਾਡੀ ਦੋਨਾਂ ਦੀ ਇਹ ਹਾਲਤ ਹੋਈ, ਜਾਣੋਂ ਜਿਵੇਂ ਕੋਈ ਸਾਨੂੰ ਗੁੰਮ ਹੋਈ ਵਸਤੂ ਮਿਲ ਗਈ ਹੈ। ਸਾਡਾ ਚਰਨ ਛੱਡਣ ਨੂੰ ਜੀਅ ਹੀ ਨਾ ਕਰੇ। ਆਖ਼ਰ ਭਾਈ ਸਾਹਿਬ ਜੀ ਨੇ ਸਾਨੂੰ ਬਾਹੋਂ ਫੜ ਕੇ ਉਠਾਇਆ। ਅਸੀਂ ਤਿੰਨੇ ਜਣੇ ਕੁਰਸੀਆਂ ਤੇ ਬੈਠ ਗਏ। ਕੁਛ ਫਾਸਲੇ ਤੇ ਜੇਲ੍ਹਰ ਦੀ ਮੇਮ ਸਾਡੀਆਂ ਗੱਲਾਂ ਸੁਣਨ ਵਾਸਤੇ ਬੈਠ ਗਈ। ਪਹਿਲਾਂ ਤਾਂ ਭਾਈ ਸਾਹਿਬ ਜੀ ਨੇ ਸਾਰਿਆਂ ਸਿੰਘਾਂ ਦੀ ਕੁਸ਼ਲ ਖੇਮ ਪੁੱਛੀ। ਉਸ ਤੋਂ ਬਾਦ ਮੁਲਕ ਦੀ ਹਾਲਤ ਪੁੱਛੀ। ਅਸੀਂ ਸਾਰਾ ਬਿਰਤਾਂਤ ਦਸਿਆ। ਜਿਸ ਤਰ੍ਹਾਂ ਗੁਰਦਵਾਰਿਆਂ ਤੇ ਕਬਜ਼ੇ ਸ਼ੁਰੂ ਹੋ ਰਹੇ ਸਨ, ਨਨਕਾਣੇ ਸਾਹਿਬ ਜੀ ਗੋਲੀ ਚਲੀ, ਸਿੰਘ ਸ਼ਹੀਦ ਹੋਏ, ਉਸ ਤੋਂ ਮਹਾਤਮਾ ਗਾਂਧੀ ਦੀ ਗੱਲ ਸ਼ੁਰੂ ਹੋਈ, ਜਿਸ ਤਰ੍ਹਾਂ ਜਲ੍ਹਿਆਂਵਾਲੇ ਬਾਗ ਗੋਲੀ ਚੱਲੀ। ਅਸੀਂ ਸ੍ਰੀ ਮਾਨ ਭਾਈ ਸਾਹਿਬ ਜੀ ਨਾਲ ਤਿੰਨ ਘੰਟੇ ਦੇ ਕਰੀਬ ਬਚਨ ਬਿਲਾਸ ਕੀਤੇ। ਏਸੇ ਆਧਾਰ ਤੇ ਸਾਰੀ ਗਲਬਾਤ ਹੋਈ ਜਿਸ ਵਿਚ ਗੁਰੂ ਪੰਥ ਦੇ ਗੁਰਦੁਆਰਿਆਂ ਤੇ ਕਬਜੇ ਹੋਣ ਬਾਰੇ ਜਾਂ ਮੁਲਕ ਬਾਰੇ ਗੱਲਾਂ ਬਾਤਾਂ ਹੁੰਦੀਆਂ ਰਹੀਆ। ਕੁਛ ਅਰਸੇ ਤੋਂ ਬਾਦ, ਜੇਲ੍ਹਰ ਸਾਡੇ ਪਾਸ ਆਇਆ। ਭਾਈ ਸਾਹਿਬ ਜੀ ਨੂੰ ਅੰਗ੍ਰੇਜ਼ੀ ਵਿਚ ਕਹਿਣ ਲਗਾ ਕਿ, ਇਹ ਜੋ ਆਪ ਜੀ ਕੇ ਪਾਸ ਮੁਲਾਕਾਤ ਕਰ ਰਹੇ ਹਨ, ਆਪ ਕੇ ਸਕੇ ਭਾਈ ਹੈਂ। ਭਾਈ ਸਾਹਿਬ ਜੀ ਨੇ ਉਤਰ ਦਿੱਤਾ ਤੇ ਕਿਹਾ, ਇਹ ਮੇਰੇ ਸਕੇ ਭਾਈ ਸੇ ਭੀ ਸਕੇ ਹੈਂ। ਉਹ ਅੰਗਰੇਜ਼ ਪੁੱਛਣ ਲਗਾ ਸਕੇ ਭਾਈ ਤੋ ਹੋਤੇ ਹੈਂ ਪਰ ਇਹ ਅਜੀਬ ਬਾਤ ਹੈ ਜੋ ਇਹ ਆਪ ਕੇ ਸਕੇ ਸੇ ਭੀ ਸਕੇ ਭਾਈ ਹਨ। ਭਾਈ ਸਾਹਿਬ ਜੀ ਨੇ ਉਸ ਨੂੰ ਫੇਰ ਦੁਬਾਰਾ ਸਮਝਾਇਆ ਕਿ ਮੇਰੇ ਮਾ ਜਾਏ ਦੋ ਭਾਈ ਹੋਰ ਹਨ। ਇਕ ਭੈਣ ਭੀ ਹੈ ਪਰ ਮੇਰੇ ਮਿਲਣ ਵਾਸਤੇ ਕੋਈ ਨਹੀਂ ਆਇਆ। ਏਸ ਵਾਸਤੇ ਇਹ ਮੇਰਾ ਸਕੇ ਤੋਂ ਵੀ ਸਕਾ ਭਾਈ ਹੈ। ਅਸੀਂ ਇਥੇ ਭੀ ਇਕੱਠੇ ਰਹਾਂਗੇ ਤੇ ਅਗੇ ਭੀ ਇਕੱਠੇ ਹੀ ਰਹਾਂਗੇ। ਸਾਡੀ ਇਹਨਾਂ ਨਾਲ ਰੱਬੀ ਦੋਸਤੀ ਹੈ। ਅਸੀਂ ਭਾਈ ਸਾਹਿਬ ਜੀ ਨਾਲ ਤਿੰਨ ਘੰਟੇ ਦੇ ਕਰੀਬ ਬਚਨ ਕੀਤੇ। ਫੇਰ ਅਸੀਂ ਪਿੰਡੋਂ ਕੁਛ ਖੋਆ ਪੁਸਤਕਾਂ ਕੜੇ ਤੇ ਕੰਘੇ ਜੋ ਲਿਆਂਦੇ ਸਨ, ਉਹ ਵੀ ਭਾਈ ਸਾਹਿਬ ਜੀ ਨੂੰ ਦਿਤੇ। ਅਸੀਂ ਇਹ ਸਭ ਚੀਜ਼ਾਂ ਦੇ ਕੇ ਉਥੋਂ ਉਠ ਕੇ ਭਾਈ ਸਾਹਿਬ ਜੀ ਨੂੰ ਮਿਲ ਕੇ ਆਪਣੇ ਅਸਥਾਨ ਨੂੰ ਚਲੇ ਗਏ।



www.AKJ.Org

## ਕਿਸ਼ਤ ਨੰ. 11 — ਸੂਰਾ ਮਾਸਿਕ ਪੱਤਰ, ਫ਼ਰਵਰੀ-1967

ਭਾਈ ਸਾਹਿਬ ਜੀ ਆਪਣੇ ਅਸਥਾਨ ਨੂੰ ਚਲੇ ਗਏ। ਦੂਸਰੇ ਦਿਨ ਭੈਣ ਜੀ ਤੇ ਮੈਂ ਆਪਣੇ ਨਿਤਨੇਮ ਕਰਦੇ ਕਰਦੇ ਇਕ ਮੋਟਰ ਲੈ ਕੇ ਜੇਲ੍ਹ ਨੂੰ ਆ ਗਏ। ਅੰਦਰੋਂ ਭਾਈ ਸਾਹਿਬ ਜੀ ਨੂੰ ਵੀ ਲੈ ਆਏ। ਅਸੀਂ ਮਿਲ ਮਿਲਾ ਕੇ ਤਿੰਨੇ ਜਣੇ ਕੁਰਸੀਆਂ 'ਤੇ ਬੈਠ ਗਏ। ਕੁਛ ਫ਼ਾਸਲੇ ਤੇ ਸਾਹਿਬ ਦੀ ਮੇਮ ਵੀ ਇਕ ਕੁਰਸੀ 'ਤੇ ਬੈਠ ਗਈ। ਸਾਡੀਆਂ ਗੱਲਾਂ ਸੁਣੀ ਜਾਵੇ। ਮੈਂ ਭਾਈ ਸਾਹਿਬ ਜੀ ਨਾਲ ਕਦੀ ਤਾਂ ਪੰਜਾਬੀ ਵਿਚ ਗੱਲਾਂ-ਬਾਤਾਂ ਕਰੀ ਜਾਵਾਂ ਤੇ ਕਦੀ ਖਾਲਸੇ ਦੀ ਬੋਲੀ ਵਿਚ ਬੋਲੀ ਜਾਵਾਂ। ਮੈਂ ਬਹੁਤ ਸਾਰੀਆਂ ਗੱਲਾਂ ਜਿਹੜੀਆਂ ਅੰਗਰੇਜ਼ਾਂ ਦੇ ਖਿਲਾਫ ਹੋਈਆਂ ਸੀ, ਉਹਨਾਂ ਦਾ ਜ਼ਿਕਰ ਕਰ ਰਿਹਾ ਸਾਂ। ਉਹ ਮੇਮ ਸਾਹਿਬ ਜੀ ਕਹਿਣ ਲੱਗੀ, ਆਪਦੇ ਭਾਈ ਸਾਹਿਬ ਬਾਰ-ਬਾਰ ਬਿੱਲੇ ਲਫ਼ਜ਼ ਕਿਉਂ ਬੋਲਤੇ ਹੈਂ ? ਭਾਈ ਸਾਹਿਬ ਜੀ ਨੇ ਉਸ ਮੇਮ ਨੂੰ ਅੰਗਰੇਜ਼ੀ ਵਿਚ ਕਿਹਾ, ਸਾਡੇ ਘਰ ਦੋ ਬਿੱਲੇ ਰਖੇ ਹੋਏ ਹਨ। ਉਨ੍ਹਾਂ ਦਾ ਜ਼ਿਕਰ ਹੋ ਰਿਹਾ ਹੈ। ਅਸਲ ਵਿਚ ਖਾਲਸੇ ਦੀ ਬੋਲੀ ਵਿਚ ਬਿੱਲੇ ਅੰਗਰੇਜ਼ਾਂ ਨੂੰ ਕਹਿੰਦੇ ਹੁੰਦੇ ਸਨ। ਫਿਰ ਮੇਰੇ ਨਾਲ ਪਿੰਡ ਭਸੌੜ ਜਿਥੇ ਬਾਬੂ ਤੇਜਾ ਸਿੰਘ ਜੀ ਨੇ ਇਕ ਆਸ਼ਰਮ ਲੜਕੀਆਂ ਦਾ ਖੋਲ੍ਹ ਲਿਆ ਹੋਇਆ ਸੀ। (ਇਥੇ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕਿਸੇ ਸਮੇਂ ਇਸ ਆਸ਼ਰਮ ਦੇ ਪ੍ਰਧਾਨ ਰਹੇ ਸਨ।) ਇਸ ਆਸ਼ਰਮ ਦੀਆਂ ਗੱਲਾਂ-ਬਾਤਾਂ ਪੁੱਛਣ ਲੱਗ ਪਏ। ਬਾਬੂ ਤੇਜਾ ਸਿੰਘ ਨੇ ਪਹਿਲੇ ਪਹਿਲ ਤਾਂ ਇਥੇ ਗੁਰਮਤਿ ਅਨੁਸਾਰ ਇਸ ਆਸ਼ਰਮ ਦੀ ਬਹੁਤ ਸੇਵਾ ਕੀਤੀ ਸੀ, ਪਰ ਮਗਰੋਂ ਆ ਕੇ ਗੁਰਬਾਣੀ ਦੀ ਅਦਲਾ ਬਦਲੀ ਕਰਨ ਲੱਗ ਪਿਆ ਸੀ। ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਕਿਤੋਂ ਇਹ ਖਬਰ ਲੱਗ ਚੁੱਕੀ ਸੀ। ਮੈਨੂੰ ਪੁੱਛਣ ਲੱਗੇ, ਇਹ ਗੱਲ ਠੀਕ ਹੈ ? ਬਾਬੂ ਤੇਜਾ ਸਿੰਘ ਗੁਰਬਾਣੀ ਦੀ ਅਦਲਾ-ਬਦਲੀ ਕਰ ਰਿਹਾ ਹੈ ? ਮੈਂ ਕਿਹਾ, 'ਇਹ ਠੀਕ ਹੈ ਬਾਬੂ ਜੀ ਮਤ ਮਾਰੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਭਗਤਾਂ ਦੀ ਬਾਣੀ ਤੇ ਭਟਾਂ ਦੇ ਸਵੱਈਏ ਵੀ ਕੱਢ ਰਿਹਾ ਹੈ। ਦਸਮ ਪਾਤਸ਼ਾਹ ਜੀ ਦੀ ਬਾਣੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਚਾੜ੍ਹ ਰਿਹਾ ਹੈ। ਮੈਨੂੰ ਭਾਈ ਸਾਹਿਬ ਜੀ ਨੇ ਕਿਹਾ, ਤੂੰ ਭਸੌੜ ਜਾ ਕੇ ਬਾਬੂ ਤੇਜਾ ਸਿੰਘ ਨੂੰ ਮੇਰੀ ਤਰਫੋਂ ਕਹੀਂ, ਇਹੋ ਜਿਹਾ ਪਾਪ ਕਰਮ ਨਾ ਕਰੇ। ਇਹ ਤੇਰੇ ਵਾਸਤੇ ਚੰਗਾ ਨਹੀਂ ਹੈ। ਉਸ ਤੋਂ ਬਾਅਦ ਅਸੀਂ ਜੇਲ੍ਹਖਾਨੇ ਤੋਂ ਮੁਲਾਕਾਤ ਕਰਕੇ ਤੁਰਨ ਹੀ ਲੱਗੇ ਸੀ ਤਾਂ ਭਾਈ ਸਾਹਿਬ ਜੀ ਨੇ ਕਿਹਾ ਕਿ ਜਿਸ ਡੱਬੇ ਵਿਚ ਤੁਸੀਂ ਖੋਇਆ ਲਿਆਏ ਸੀ, ਇਹ ਡੱਬਾ ਲੈ ਜਾਉ। ਇਸ ਵਿਚ ਕੁਛ ਪ੍ਰਸ਼ਾਦੇ ਤੇ ਚਾਵਲ ਹਨ, ਇਹ ਤੁਸੀਂ ਜਾ ਕੇ ਛੱਕ ਲੈਣੇ। ਅਸੀਂ ਕਿਹਾ, ਤੁਸੀਂ ਕਿਸ ਲਈ ਲਿਆਉਣੇ ਸੀ, ਤੁਹਾਨੂੰ ਤੇ ਅਗੇ ਈ ਰਾਸ਼ਨ ਤੋਲਵਾਂ ਮਿਲਦਾ ਹੈ। ਭਾਈ ਸਾਹਿਬ ਕਹਿਣ ਲਗੇ, ਤੁਸੀਂ ਐਨੀ ਦੂਰੋਂ ਚਲ ਕੇ ਆਏ ਹੋ, ਮੈਂ ਤੁਹਾਡੀ ਘਰ ਆਇਆਂ ਦੀ ਪ੍ਰਸ਼ਾਦੇ ਦੀ ਵੀ ਸੇਵਾ ਨਾ ਕਰਾਂ ? ਅਸੀਂ ਡੱਬਾ ਲੈ ਲਿਆ। ਅਸੀਂ ਦੋਨੋਂ ਜਣੇ ਜੇਲ੍ਹ ਤੋਂ ਤੁਰ ਕੇ ਆਪਣੇ ਅਸਥਾਨ 'ਤੇ ਆ ਗਏ। ਫਿਰ ਦੂਜੇ ਦਿਨ ਸਾਡੀ ਪੰਜਾਬ ਨੂੰ ਮੁੜਨ ਦੀ ਸਲਾਹ ਸੀ, ਪਰ ਭਾਈ ਸਾਹਿਬ ਜੀ ਦਾ ਹੁਕਮ ਸੀ, ਜਾਣ ਲਗੇ, ਮੈਨੂੰ ਮਿਲ ਕੇ ਜਾਣਾ। ਅਗਲੇ ਦਿਨ ਦੋਨੋਂ ਜਣੇ, ਕਾਰ ਤੇ ਬਹਿ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਗਏ। ਅਗੋਂ ਭਾਈ ਸਾਹਿਬ ਜੀ ਵੀ ਆ ਗਏ। ਅਸੀਂ ਕਿਹਾ, ਅੱਜ



www.AKJ.Org

ਅਸੀਂ ਪੰਜਾਬ ਨੂੰ ਚਲੇ ਜਾਣਾ ਹੈ। ਸਾਡੀ ਇਹ ਗੱਲ ਸੁਣ ਕੇ ਭਾਈ ਸਾਹਿਬ ਜੀ ਚੁਪ ਹੋ ਗਏ। ਕੁਝ ਬਿਹਬਲ ਜਿਹੀ ਹਾਲਤ ਵਿਚ ਹੋ ਗਏ, ਤੁਸੀਂ ਜ਼ਰੂਰ ਹੀ ਪੰਜਾਬ ਨੂੰ ਜਾਣਾ ਹੈ। ਕਈ ਰੰਗਾਂ ਵਿਚ ਹੋਇਆਂ ਨੇ ਇਹ ਗੱਲ ਕਈ ਦਫਾ ਕਹੀ, ਅੱਛਾ ਜੀ, ਜੰਮ ਜੰਮ ਜਾਉ। ਫਿਰ ਮੈਨੂੰ ਕਹਿਣ ਲਗੇ, ਤੁਹਾਨੂੰ ਥੋੜ੍ਹਾ ਜਿਹਾ ਵਿੰਗ ਪੈਣਾ ਹੈ। ਰਸਤੇ ਵਿਚ ਪਟਨਾ ਸਾਹਿਬ ਜੀ ਦਾ ਗੁਰਦੁਆਰਾ ਹੈ। ਆਪਣੀ ਭੈਣ ਜੀ ਨੂੰ ਦਰਸ਼ਨ ਕਰਵਾ ਲੈ ਜਾ। ਮੈਂ ਕਿਹਾ ਸਤਿ ਬਚਨ। ਅਸੀਂ ਦੋਵਾਂ ਜਣਿਆਂ ਨੇ ਭਾਈ ਸਾਹਿਬ ਜੀ ਦੇ ਚਰਨ ਪਰਸ ਕੇ ਆਪਣੇ ਅਸਥਾਨ 'ਤੇ ਆ ਕੇ ਪਟਨੇ ਸਾਹਿਬ ਜੀ ਦੀ ਤਿਆਰੀ ਕਰ ਲਈ। ਸਾਨੂੰ ਭਾਈ ਸੋਹਣ ਸਿੰਘ ਜੀ ਨੇ, ਇਕ ਲਾਰੀ ਤੇ ਬਿਨਾਂ ਹੀ ਕਰਾਇਆ ਦੇਣ ਤੋਂ ਬਿਠਾ ਦਿੱਤਾ। ਅਸੀਂ ਸਟੇਸ਼ਨ ਤੋਂ ਗੱਡੀ ਬੈਠ ਕੇ ਸ੍ਰੀ ਪਟਨੇ ਸਾਹਿਬ ਜੀ ਪਹੁੰਚ ਗਏ। ਉਥੇ ਇਕ ਰਾਤ ਰਹਿ ਕੇ ਸਾਰਿਆਂ ਗੁਰਦਵਾਰਿਆਂ ਦੇ ਦਰਸ਼ਨ ਕੀਤੇ। ਫਿਰ ਪਟਨੇ ਸਾਹਿਬ ਤੋਂ ਗੱਡੀ ਬੈਠ ਕੇ ਪੰਜਾਬ ਨੂੰ ਆ ਗਏ ਤੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਕੁਝ ਅਰਸੇ ਤੋਂ ਬਾਅਦ ਬਾਬੂ ਮਲ ਸਿੰਘ ਜੀ ਦਾ ਖਤ ਮੈਨੂੰ ਸ੍ਰੀ ਅੰਮ੍ਰਿਤਸਰ ਜੀ ਤੋਂ ਆਇਆ। ਇਸ ਇਲਾਕੇ ਵਿਚ ਇਕ ਪਿੰਡ ਚੰਦ ਮੇਹਰ ਹੈ ਉਥੇ ਇਕ ਅਖੰਡ ਪਾਠ ਭੀ ਕਰਨਾ ਹੈ। ਨਾਲੇ ਬਹੁਤ ਸਾਰਿਆਂ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕਰਨਾ ਹੈ। ਮੈਂ ਬਾਬੂ ਮਲ ਸਿੰਘ ਜੀ ਨੂੰ ਅੰਮ੍ਰਿਤਸਰ ਜਾ ਕੇ ਮਿਲਿਆ। ਉਥੋਂ ਤੁਰ ਕੇ ਬਸ ਵਿਚ ਬਹਿ ਕੇ ਅਸੀਂ ਦੋਨੋਂ ਜਣੇ ਚੰਦ ਮੇਹਰ ਪਹੁੰਚ ਗਏ। ਕੁਛ ਪਾਠੀ ਉਸ ਇਲਾਕੇ ਦੇ ਉਥੇ ਮੌਜੂਦ ਸਨ। ਪਾਠ ਆਰੰਭ ਕਰ ਦਿੱਤਾ। ਭੋਗ ਤੋਂ ਬਾਅਦ ਅੰਮ੍ਰਿਤ ਛਕਣ ਵਾਸਤੇ ਸਾਰਾ ਪਿੰਡ ਹੀ ਤਿਆਰ ਹੋ ਗਿਆ। ਉਥੇ ਉਨ੍ਹਾਂ ਦਿਨਾਂ ਵਿਚ ਜਥੇਦਾਰ ਤੇਜਾ ਸਿੰਘ ਸਮੁੰਦਰੀ ਭੀ ਆਏ ਹੋਏ ਸਨ। ਏਥੇ ਮੈਨੂੰ ਤੇਜਾ ਸਿੰਘ ਸਮੁੰਦਰੀ ਦਾ ਨਾਉਂ ਲਿਖਣ ਦੀ ਲੋੜ ਤਾਂ ਪਈ ਹੈ ਕਿ ਚੰਦ ਮੇਹਰ ਦੇ ਪੁਰਸ਼ ਕਹਿੰਦੇ ਸਨ ਕਿ ਤੁਸੀਂ ਸਾਨੂੰ ਦਸਤਾਰਾਂ ਦੀ ਛੋਟ ਕਰ ਦਿਉ। ਦੂਜਾ ਸਾਥੋਂ ਬਿਬੇਕ ਨਹੀਂ ਰਖਿਆ ਜਾਣਾ। ਤੇਜਾ ਸਿੰਘ ਸਮੁੰਦਰੀ ਭੀ ਇਹਨਾਂ ਦੀ ਸਿਫਾਰਸ਼ ਕਰਦੇ ਸਨ। ਬਾਬੂ ਮਲ ਸਿੰਘ ਜੀ ਕਹਿ ਰਹੇ ਸਨ ਕਿ ਅਸੀਂ ਛੋਟ ਨਹੀਂ ਕਰ ਸਕਦੇ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਇਕ ਪਾਸੇ ਤਾਂ ਅਸੀਂ ਬਿਨਾਂ ਦਸਤਾਰੇ ਤੋਂ ਅੰਮ੍ਰਿਤ ਛਕਾਈਏ, ਦੂਜੇ ਪਾਸੇ ਦਸਤਾਰਾਂ ਸਜਾਈਏ, ਖ਼ਾਲਸੇ ਦਾ ਅਸੂਲ ਇਕੋ ਹੀ ਹੈ। ਅਸੀਂ ਦੋ ਰੰਗ ਨਹੀਂ ਕਰ ਸਕਦੇ। ਆਖ਼ੀਰ ਬਹੁਤ ਬਹਿਸ ਤੋਂ ਬਾਦ ਸਾਰੇ ਪਿੰਡ ਨੂੰ ਅੰਮ੍ਰਿਤ ਛਕਾਇਆ ਗਿਆ। ਪੰਜਾਂ ਪਿਆਰਿਆਂ ਨੂੰ ਇਕ ਦਿਨ ਤੇ ਇਕ ਰਾਤ ਸੇਵਾ ਵਿਚ ਤਤਪਰ ਰਹਿਣਾ ਪਿਆ। ਉਨ੍ਹਾਂ ਦਿਨਾਂ ਵਿਚ ਜ਼ਿਲ੍ਹੇ ਅੰਮ੍ਰਿਤਸਰ ਵਿਚ ਬਾਬੂ ਜੀ ਨੇ ਬਹੁਤ ਅਰਸਾ ਇਹੋ ਜਿਹੇ ਸਮਾਗਮ ਕੀਤੇ ਸਨ। ਦਾਸ ਨੂੰ ਵੀ ਸੇਵਾ ਵਾਸਤੇ ਬੁਲਾ ਲਿਆ ਕਰਦੇ ਸਨ। ਕੁਝ ਅਰਸੇ ਤੋਂ ਬਾਦ, ਦਾਸ ਨੂੰ ਪਤਾ ਲਗਾ ਕਿ ਭਾਈ ਸਾਹਿਬ ਜੀ ਹਜ਼ਾਰੀ ਬਾਗ ਜੇਲ੍ਹ ਤੋਂ ਬਦਲ ਕੇ ਮਦਰਾਸ ਹਾਤੇ ਵਿਚ ਰਾਜ ਮੰਦਰੀ ਚਲੇ ਗਏ ਹਨ। ਦਾਸ ਨੂੰ ਇਕ ਖਤ ਸ੍ਰੀਮਾਨ ਭਾਈ ਸਾਹਿਬ ਜੀ ਦਾ ਰਾਜ ਮੁੰਦਰੀ ਤੋਂ ਆਇਆ। ਉਸ ਵਿਚ ਲਿਖਿਆ ਹੋਇਆ ਸੀ ਤੂੰ ਸਾਨੂੰ ਰਾਜ ਮੰਦਰੀ ਆ ਕੇ ਮਿਲ। ਮੈਂ ਅੰਮ੍ਰਿਤਸਰ ਜਾ ਕੇ ਬਾਬੂ ਮਲ ਸਿੰਘ ਜੀ ਨੂੰ ਦਸਿਆ ਕਿ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਮੈਨੂੰ ਰਾਜ ਮੰਦਰੀ ਬੁਲਾਇਆ ਹੈ ਪਰ ਮੇਰੇ ਪਾਸ ਕਿਰਾਇਆ ਨਹੀਂ ਹੈ। ਬਾਬੂ ਜੀ ਮੈਨੂੰ ਉਕਾਹਟੜੇ ਨਾਲ ਲੈ ਗਏ। ਕੁਝ ਦਿਨ ਦਾਸ, ਬਾਬੂ ਜੀ ਪਾਸ ਇਹਨਾਂ ਦੇ ਚੱਕ ਵਿਚ ਠਹਿਰਿਆ। ਜਾਣ



www.AKJ.Org

ਲਗਿਆਂ ਬਾਬੂ ਜੀ ਨੇ ਮੈਨੂੰ 50 ਰੁਪਏ ਕਿਰਾਏ ਵਾਸਤੇ ਕਿਸੇ ਆੜਤੀਏ ਪਾਸੋਂ ਉਧਾਰੇ ਲੈ ਕੇ ਦਿਤੇ ਸੀ। ਮੈਂ ਦਮੜੇ ਲੈ ਕੇ ਸ੍ਰੀ ਅੰਮ੍ਰਿਤਸਰ ਜੀ ਆ ਗਿਆ। ਇਥੇ ਆਏ ਨੂੰ ਮੈਨੂੰ ਕਰਨਲ ਪਿਆਰਾ ਸਿੰਘ ਜੀ ਮਿਲੇ। ਮੈਂ ਇੱਥੇ ਆਉਣ ਦਾ ਤੇ ਬਾਬੂ ਮਲ ਸਿੰਘ ਜੀ ਵਲੋਂ ਕੀਤੀ ਸਹਾਇਤਾ ਬਾਰੇ ਦਸਿਆ। ਉਹ ਕਹਿਣ ਲੱਗੇ ਮੈਂ ਵੀ ਤੇਰੇ ਨਾਲ ਰਾਜ ਮੰਦਰੀ ਚਲਾਂਗਾ। ਸ੍ਰੀ ਮਾਨ ਭਾਈ ਸਾਹਿਬ ਜੀ ਦੇ ਨਿਕਟਵਰਤੀ ਤਿੰਨ ਬਾਬੂ ਜੀ ਸਨ। ਇਕ ਕਰਨਲ ਪਿਆਰਾ ਸਿੰਘ ਜੀ ਜਿਹੜੇ ਪਹਿਲਾਂ ਕਿਸੇ ਫੌਜ ਦੇ ਕਲਰਕ ਸਨ, ਫਿਰ ਕਰਨਲ ਬਣੇ ਸਨ। ਦੂਜੇ ਬਾਬੂ ਹਰਬਚਨ ਸਿੰਘ ਜੀ ਸਨ, ਤੀਜੇ ਬਾਂਬੂ ਮਲ ਸਿੰਘ ਜੀ ਸਨ। ਅਗੇ ਜੇਲ੍ਹ ਚਿਠੀਆਂ ਵਿਚ ਇਨਾਂ ਦਾ ਜ਼ਿਕਰ ਆ ਚੁੱਕਾ ਹੈ। ਕੁਝ ਅਰਸੇ ਤੋਂ ਬਾਦ, ਇਕ ਖਤ ਰਾਜ ਮੰਦਰੀ ਤੋਂ ਹੋਰ ਆ ਗਿਆ ਕਿ ਤੂੰ ਰਾਜ ਮੰਦਰੀ ਨਾ ਆਵੀਂ। ਤੈਨੂੰ ਇਸ ਇਲਾਕੇ ਦੀ ਬੋਲੀ ਨਹੀਂ ਆਉਂਦੀ। ਫਿਰ ਇਹ ਪੰਜਾਹ ਦਮੜੇ ਬਾਬੂ ਮਲ ਸਿੰਘ ਜੀ ਨੂੰ ਮਨੀਆਰਡਰ ਦੁਆਰਾ ਉਕਾਹੜੇ ਨੂੰ ਭੇਜ ਦਿੱਤੇ। ਏਥੇ ਰਾਜ ਮੰਦਰੀ, ਇਕ ਸਾਲ ਦੇ ਕਰੀਬ ਠਹਿਰ ਕੇ ਸ੍ਰੀ ਮਾਨ ਭਾਈ ਸਾਹਿਬ ਜੀ ਨਾਗਪੁਰ ਆ ਗਏ। ਦਾਸ ਸ੍ਰੀ ਅੰਮ੍ਰਿਤਸਰ ਜੀ ਦੇ ਇਲਾਕੇ ਵਿਚ ਬਾਬੂ ਮਲ ਸਿੰਘ ਜੀ ਦੇ ਨਾਲ ਅਖੰਡ ਪਾਠ ਕਰਨ ਵਾਸਤੇ ਆਇਆ ਹੋਇਆ ਸੀ। ਜਦੋਂ ਮੈਂ ਪਿੰਡ ਗੁਜਰਵਾਲ ਪਹੁੰਚਿਆ ਤਾਂ ਮੈਨੂੰ ਸ੍ਰੀ ਮਾਨ ਭਾਈ ਸਾਹਿਬ ਜੀ ਦਾ ਇਕ ਖਤ ਨਾਗਪੁਰ ਤੋਂ ਆ ਗਿਆ। ਇਸ ਖਤ ਵਿਚ ਜਿਹੜੀਆਂ ਤਕਲੀਫਾਂ ਭਾਈ ਸਾਹਿਬ ਜੀ ਨੂੰ ਹੋ ਰਹੀਆਂ ਸਨ, ਖਤ ਵਿਚ ਲਿਖੀਆਂ ਹੋਈਆਂ ਸਨ। ਪੜ੍ਹ ਕੇ ਮੇਰਾ ਦਿਲ ਬੜਾ ਫਿਕਰਮੰਦ ਹੋ ਗਿਆ। ਮੈਨੂੰ ਬੇਚੈਨੀ ਹੋ ਗਈ। ਲਿਖਿਆ ਹੋਇਆ ਸੀ ਕਿ ਇਹ ਨਾਗਪੁਰ ਨਹੀਂ ਹੈ, ਇਹ ਤਾਂ ਨਾਗਾਂ ਦੀ ਪੁਰੀ ਹੈ। ਇਥੇ ਮੈਨੂੰ ਬਹੁਤ ਹੀ ਡੰਗ ਲੱਗੇ ਹਨ। ਮੇਰੀ ਰੱਖੀ ਰਖਾਈ ਪ੍ਰਤਿਗਿਆ ਇਨ੍ਹਾਂ ਜ਼ਾਲਮਾਂ ਨੇ ਤੋੜ ਦਿੱਤੀ ਹੈ। ਮੈਂ ਅਗੇ ਵੀ ਇਕ ਖੱਤ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਨੂੰ ਭੇਜ ਚੁੱਕਾ ਹਾਂ। ਉਨ੍ਹਾਂ ਨੇ ਮੇਰੀ ਕੋਈ ਸਾਰ ਨਹੀਂ ਲਈ। ਤੂੰ ਛੇਤੀ ਤੋਂ ਛੇਤੀ ਨਾਗਪੁਰ ਪਹੁੰਚ ਜਾ। ਮੈਂ ਖਤ ਪੜ੍ਹਦੇ ਸਾਰ ਹੀ, ਭਾਈ ਸਾਹਿਬ ਜੀ ਵਾਲਾ ਖਤ ਨਾਲ ਲੈ ਕੇ ਅੰਮ੍ਰਿਤਸਰ ਜੀ ਪਹੁੰਚ ਗਿਆ। ਸ਼੍ਰੋਮਣੀ ਕਮੇਟੀ ਦੇ ਦਫ਼ਤਰ ਜਾ ਕੇ ਅਮਰ ਸਿੰਘ ਵਾਸੂ ਨੂੰ ਮਿਲਿਆ। ਇਹ ਪੁਰਸ਼ ਸ਼੍ਰੋਮਣੀ ਕਮੇਟੀ ਦੇ ਸੈਕਟਰੀ ਸੀ। ਮੈਂ ਇਸ ਨੂੰ ਭਾਈ ਸਾਹਿਬ ਜੀ ਵਾਲਾ ਖਤ ਦਿਖਾਇਆ। ਇਹ ਖਤ ਨੂੰ ਪੜ੍ਹ ਕੇ ਕਹਿਣ ਲਗੇ, ਸਾਡੇ ਪਾਸ ਵੀ ਭਾਈ ਸਾਹਿਬ ਜੀ ਦਾ ਖਤ ਆਇਆ ਪਿਆ ਹੈ। ਮੈਨੂੰ ਵਾਸੂ ਜੀ ਕਹਿਣ ਲਗੇ, ਤੁਸੀਂ ਛੇਤੀ ਨਾਗਪੁਰ ਪਹੁੰਚ ਜਾਓ। ਮੈਂ ਕਿਹਾ, ਮੈਂ ਤੇ ਅਨਪੜ੍ਹ ਹਾਂ। ਕੋਈ ਸਜਣ ਪੜਿਆ ਲਿਖਿਆ ਜਾਵੇ, ਕਿਉਂਕਿ ਭਾਈ ਸਾਇਬ ਜੀ ਦੇ ਦੰਦ ਵੀ ਜੇਲ੍ਹ ਵਾਲਿਆਂ ਨੇ ਤੋੜ ਦਿਤੇ ਹਨ। ਹੋ ਸਕਦਾ ਹੈ ਸਾਨੂੰ ਕੋਈ ਕੇਸ ਕਰਨਾ ਪਵੇ। ਮੈਂ ਉਸ ਵਕਤ ਉਕਾਹੜੇ ਬਾਬੂ ਮਲ ਸਿੰਘ ਜੀ ਨੂੰ ਤਾਰ ਦੇ ਦਿਤੀ। ਆਪ ਜੀ ਛੇਤੀ ਹੀ ਅੰਮ੍ਰਿਤਸਰ ਪਹੁੰਚੋ। ਬਾਬੂ ਜੀ ਦੂਸਰੇ ਦਿਨ ਹੀ ਅੰਮ੍ਰਿਤਸਰ ਪਹੁੰਚ ਗਏ। ਦਾਸ ਨੇ ਕਿਹਾ, ਭਾਈ ਸਾਹਿਬ ਜੀ ਨੂੰ ਜੇਲ੍ਹ ਵਾਲੇ ਬਹੁਤ ਤੰਗ ਕਰ ਰਹੇ ਹਨ। ਨਾਲੇ ਦੰਦ ਭੀ ਭੰਨ ਦਿਤੇ ਹਨ। ਸ਼ਾਇਦ ਕੇਸ ਹੀ ਕਰਨਾ ਪਵੇ। ਤੁਸੀਂ ਨਾਗਪੁਰ ਨੂੰ ਜਾਵੋ, ਮੈਂ ਤਾਂ ਅਨਪੜ੍ਹ ਹਾਂ ਤੁਸੀਂ ਪੜੇ ਲਿਖੇ ਹੋ। ਤੁਸੀਂ ਜ਼ਿਆਦਾ ਕੰਮ ਕਰ ਸਕਦੇ ਹੋ। ਬਾਬੂ ਜੀ ਨੇ ਕੁਝ ਆਪਣੀਆਂ ਦਿੱਕਤਾਂ ਦਸੀਆਂ ਕਿ ਮੇਰਾ ਜਾਣਾ ਮੁਸ਼ਕਲ ਹੈ, ਤੂੰ ਹੀ ਜਾਹ। ਤੈਨੂੰ ਕਿਰਾਇਆ ਮੈਂ ਸ਼੍ਰੋਮਣੀ ਕਮੇਟੀ ਤੋਂ ਲੈ ਦਿੰਦਾ



www.AKJ.Org

ਹਾਂ। ਮੈਂ ਉਸੇ ਵੇਲੇ ਹੀ ਨਾਗਪੁਰ ਨੂੰ ਜਾਣ ਦੀਆਂ ਤਿਆਰੀਆਂ ਕਰ ਲਈਆਂ। ਬਾਬੂ ਜੀ ਦੀ ਇਕ ਲੜਕੀ ਪਿੰਡ ਮੁੱਛਲ ਨੇੜੇ ਟਾਂਗਰਾ ਵਿਆਹੀ ਹੋਈ ਸੀ। ਇਸ ਪਿੰਡ ਦਾ ਇਕ ਪੁਰਸ਼ ਕਰਮ ਸਿੰਘ ਨਾਗਪੁਰ ਵਿਚ ਠੇਕੇਦਾਰੀ ਦਾ ਕੰਮ ਕਰਦਾ ਸੀ। ਮੈਂ ਵੀ ਨਾਗਪੁਰ ਵਿਚ ਕਿਸੇ ਨੂੰ ਨਹੀਂ ਜਾਣਦਾ ਸੀ। ਬਾਬੂ ਜੀ ਨੇ ਲਛਮਣ ਸਿੰਘ ਨੂੰ ਕਹਿ ਕੇ ਇਕ ਚਿੱਠੀ ਕਰਮ ਸਿੰਘ ਦੇ ਘਰੋਂ ਲਿਖਵਾ ਕੇ, ਮੈਨੂੰ ਦੇ ਦਿੱਤੀ। ਇਹ ਲਛਮਣ ਸਿੰਘ, ਬਾਬੂ ਜੀ ਦਾ ਦਾਮਾਦ ਸੀ। ਮੈਂ ਰੇਲ ਤੇ ਸਵਾਰ ਹੋ ਕੇ ਨਾਗਪੁਰ ਪਹੁੰਚ ਗਿਆ। ਜੇਲ੍ਹ ਚਿਠੀਆਂ ਦੇ ਪ੍ਰਕਾਸ਼ਕ ਨੇ ਇਹ ਤਾਂ ਲਿਖ ਦਿੱਤਾ ਹੈ ਕਿ ਵੀਰ ਸੁਰਜਨ ਸਿੰਘ ਨਾਗਪੁਰ ਗਿਆ ਤੇ ਧਰਨਾ ਮਾਰ ਕੇ ਬੈਠ ਗਿਆ। ਇਸ ਨੇ ਜਾ ਕੇ ਬਹੁਤ ਸਾਰਾ ਕੰਮ ਕੀਤਾ। ਸੁਰਜਣ ਸਿੰਘ ਦੇ ਜਾਣ ਨਾਲ ਹੀ ਠੱਲ ਪਈ। ਇਸ ਨੇ ਸਾਰਾ ਸਮਾਚਾਰ ਅੰਦਰੋਂ ਲੈ ਕੇ ਅਖਬਾਰਾਂ ਨੂੰ ਭੀ ਦਿੱਤਾ। ਪੰਥ ਨੂੰ ਭੀ ਭੇਜਿਆ। ਪਰ ਜੋ ਕੁਛ ਦਾਸ ਨੇ, ਇਕ ਮਹੀਨੇ ਦੇ ਕਰੀਬ ਨਾਗਪੁਰ ਵਿਚ ਰਹਿ ਕੇ ਕੀਤਾ ਸੀ, ਪ੍ਰਕਾਸ਼ਕ ਉਹ ਨਹੀਂ ਚਾੜ੍ਹ ਸਕਿਆ। ਮੈਂ ਸ੍ਰੀ ਮਾਨ ਭਾਈ ਸਾਇਬ ਜੀ ਨੂੰ ਪੁੱਛਿਆ, "ਤੁਸੀਂ ਸਾਰਾ ਹਾਲ ਕਿਉਂ ਨਹੀਂ ਲਿਖਿਆ।" ਉਨ੍ਹਾਂ ਨੇ ਮੈਨੂੰ ਕਿਹਾ, "ਮੈਂ ਤਾਂ ਸਾਰਾ ਹਾਲ ਲਿਖ ਦਿੱਤਾ ਸੀ, ਇਹ ਪਤਾ ਨਹੀਂ ਕਿਉਂ ਨਹੀਂ ਲਿਖਿਆ।"

***

## ਕਿਸ਼ਤ ਨੰ. 12 — ਸੂਰਾ ਮਾਸਿਕ ਪੱਤਰ, ਮਾਰਚ-1967

ਦਾਸ ਨਾਗਪੁਰ ਪਹੁੰਚ ਕੇ ਸਰਦਾਰ ਕਰਮ ਸਿੰਘ ਦੇ ਘਰ ਚਲਿਆ ਗਿਆ ਤੇ ਉਸਨੂੰ ਚਿੱਠੀ ਦਿਖਾਈ। ਮੈਨੂੰ ਏਸ ਸੱਜਣ ਨੇ ਆਪਣੇ ਘਰ ਠਹਿਰਣ ਨੂੰ ਜਗ੍ਹਾ ਦੇ ਦਿੱਤੀ। ਮੈਂ ਦੂਜੇ ਦਿਨ ਹੀ ਘਰੋਂ ਤੁਰ ਕੇ ਜੇਲ੍ਹ ਨੂੰ ਚਲਾ ਗਿਆ। ਜੇਲ੍ਹ ਮੇਰੇ ਅਸਥਾਨ ਤੋਂ ਤਿੰਨ ਮੀਲ ਦੇ ਕਰੀਬ ਸੀ। ਮੈਂ ਜੇਲ੍ਹ ਦੇ ਮੂਹਰੇ ਖੜ੍ਹਾ ਹੋ ਗਿਆ। ਮੈਨੂੰ ਸਿਪਾਹੀ ਪੁੱਛਣ ਲਗੇ, ਤੂੰ ਏਥੇ ਕਿਉਂ ਖੜ੍ਹਾ ਹੈ ? ਮੈਂ ਕਿਹਾ ਮੈਂ ਭਾਈ ਰਣਧੀਰ ਸਿੰਘ ਜੀ ਨਾਲ ਮੁਲਾਕਾਤ ਕਰਨੀ ਹੈ। ਉਨ੍ਹਾਂ ਨੇ ਕਿਹਾ, ਇਸ਼ ਵਕਤ ਮੁਲਾਕਾਤ ਨਹੀਂ ਹੋ ਸਕਦੀ। ਫਿਰ ਸੁਬਹਾ ਕੋ ਆ ਕਰ ਦਰਖਾਸਤ ਕਰਨੀ, ਫਿਰ ਮੁਲਾਕਾਤ ਹੋ ਜਾਏਗੀ। ਮੈਂ ਉਥੋਂ ਪਿਛੇ ਹਟ ਕੇ ਕਿਸੇ ਦਰਖਤ ਥੱਲੇ ਬੈਠ ਗਿਆ। ਮੈਂ ਮੁਲਾਕਾਤ ਤਾਂ ਕਰਨ ਗਿਆ ਹੀ ਨਹੀਂ ਸੀ, ਮੇਰਾ ਭਾਵ ਤਾਂ ਏਨਾ ਹੀ ਸੀ ਕਿ ਮੈਨੂੰ ਦੇਖ ਕੇ ਕੋਈ ਵਾਰਡਰ, ਭਾਈ ਸਾਹਿਬ ਜੀ ਨੂੰ ਦਸ ਦੇਵੇ ਕਿ ਬਾਹਰ ਆਪ ਦੇ ਭਾਈ ਸਾਹਿਬ ਆਏ ਬੈਠੇ ਹਨ। ਜੇ ਮੈਂ ਪਹਿਲੇ ਦਿਨ ਹੀ ਮੁਲਾਕਾਤ ਕਰ ਲੈਂਦਾ ਤਾਂ ਮੈਨੂੰ ਜੇਲ੍ਹ ਵਾਲੇ ਪੁੱਛ ਸਕਦੇ ਸਨ ਕਿ ਤੇਰੀ ਮੁਲਾਕਾਤ ਤਾਂ ਹੋ ਚੁੱਕੀ ਹੈ ਤੇ ਹੁਣ ਤੂੰ ਏਥੇ ਕੀ ਲੈਣ ਆਉਂਦਾ ਹੈਂ ? ਮੇਰਾ ਜੇਲ੍ਹ ਦੇ ਮੂਹਰੇ ਰੋਜ਼ ਜਾਣ ਦਾ ਮਤਲਬ ਇਹੋ ਹੀ ਸੀ ਕਿ ਮੈਂ ਮੁਲਾਕਾਤ ਦੇ ਬਹਾਨੇ, ਭਾਈ ਸਾਹਿਬ ਨੂੰ ਜਿਹੜੀਆਂ ਤਕਲੀਫਾਂ ਦਿਤੀਆਂ ਗਈਆਂ ਹਨ, ਦਾ ਪੂਰਾ ਪਤਾ ਕਰ ਲਵਾਂ। ਸੋ ਮੈਂ ਇਕ ਦਿਨ ਦਰਖਤ ਹੇਠਾਂ ਬੈਠਾ ਸੀ ਕਿ ਇਕ ਵਾਰਡਰ ਜੇਲ੍ਹ ਅੰਦਰੋਂ ਆਇਆ। ਮੈਨੂੰ ਦੇਖ ਕੇ ਉਸ ਨੇ ਇਸ਼ਾਰਾ ਦਿੱਤਾ ਕਿ ਏਧਰ ਨੂੰ ਆ ਜਾ। ਮੈਂ ਉਠ ਕੇ ਉਥੇ ਪਹੁੰਚਾ। ਉਸ ਵਾਰਡਰ ਨੇ ਪਿਸ਼ਾਬ ਕਰਨ ਦੇ ਬਹਾਨੇ, ਇਕ ਥਾਂ ਬੈਠ ਕੇ, ਇਕ ਚਿੱਠੀ ਭਾਈ ਸਾਹਿਬ ਜੀ ਦੀ ਲਿਖੀ ਹੋਈ, ਜ਼ਮੀਨ 'ਤੇ ਰੱਖ ਦਿਤੀ ਤੇ ਆਪ ਲਾਂਭੇ ਹੋ ਗਿਆ। ਮੈਂ ਉਸੇ ਥਾਂ ਬੈਠ ਕੇ ਤੇ ਪਿਸ਼ਾਬ ਕਰਨ ਦੇ ਬਹਾਨੇ ਉਹ ਚਿੱਠੀ ਚੁੱਕ



www.AKJ.Org

ਲਈ। ਚਿੱਠੀ ਲੈ ਕੇ ਮੈਂ ਆਪਣੇ ਘਰ ਨੂੰ ਤੁਰ ਪਿਆ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਲਿਖਿਆ ਹੋਇਆ ਸੀ ਕਿ ਆਪ ਨੇ ਬਹੁਤ ਅੱਛਾ ਕੀਤਾ ਕਿ ਤੁਸੀਂ ਆ ਗਏ ਹੋ। ਹੁਣ ਤੁਸੀਂ ਮੇਰੇ ਕਹੇ ਬਿਨਾਂ, ਏਥੋਂ ਨਾ ਜਾਣਾ। ਹੋਰ ਵੀ ਬਹੁਤ ਸਾਰਾ ਸਮਾਚਾਰ ਲਿਖਿਆ ਹੋਇਆ ਸੀ, ਜਿਹੜਾ ਕਿ ਜੇਲ੍ਹ-ਚਿਠੀਆਂ ਵਿਚ ਆ ਚੁੱਕਾ ਹੈ। ਫੇਰ ਮੇਰਾ ਇਹ ਖਿਆਲ ਹੋਇਆ ਕਿ ਏਥੇ ਸ੍ਰੀਮਾਨ ਭਾਈ ਸਾਹਿਬ ਨਾਲ ਜੋ ਕੁਛ ਵੀ ਹੋਇਆ ਹੈ, ਕਾਨੂੰਨ ਤੋਂ ਖਿਲਾਫ ਹੈ। ਦੰਦ ਵੀ ਭੰਨ ਦਿਤੇ ਹਨ ਤੇ ਹੋਰ ਵੀ ਕਈ ਤਰ੍ਹਾਂ ਦੇ ਤਸੀਹੇ ਦਿਤੇ ਹਨ। ਮੈਂ ਕਿਸੇ ਮੋਹਤਬਰ, ਅੱਛੇ ਵਕੀਲ ਨੂੰ ਮਿਲ ਕੇ ਸਲਾਹ ਲਵਾਂ ਕਿ ਕੀ ਕੀਤਾ ਜਾਵੇ ? ਏਥੇ ਨਾਗਪੁਰ ਵਿਚ ਇਕ ਵਕੀਲ ਸੀ। ਇਸ ਦਾ ਨਾਮ ਅਭੈਕਰ ਸੀ। ਮੈਂ ਇਕ ਸਿੰਘ ਨੂੰ ਨਾਲ ਲੈ ਕੇ, ਜਿਸ ਦਾ ਨਾਮ ਮੁਨਸ਼ਾ ਸਿੰਘ ਸੀ, ਅਭੈਕਰ ਨਾਮੇ ਵਕੀਲ ਨੂੰ ਮਿਲਿਆ। ਇਹ ਵਕੀਲ ਕਾਂਗਰਸ ਦਾ ਪ੍ਰੈਜ਼ੀਡੈਂਟ ਜਾਂ ਸੈਕਟਰੀ ਵੀ ਸੀ। ਇਹ ਅਭੈਕਰ ਮੈਨੂੰ ਬਹੁਤ ਚੰਗੀ ਤਰ੍ਹਾਂ ਮਿਲਿਆ ਤੇ ਏਸ ਨੇ ਕਿਹਾ ਕਿ ਤੁਸੀਂ ਸਾਨੂੰ ਹਰ ਰੋਜ਼ ਹੀ ਮਿਲਦੇ ਰਹੋ। ਏਸ ਪੁਰਸ਼ ਨੇ ਨਾਗਪੁਰ ਵਿਚ ਹੋਰ ਕਾਂਗਰਸੀ ਲੀਡਰਾਂ ਨਾਲ ਭੀ ਗੱਲ ਬਾਤ ਕੀਤੀ। ਕੁਝ ਦਿਨਾਂ ਤੋਂ ਬਾਦ ਮੈਨੂੰ ਕਹਿਣ ਲੱਗਾ, ਅਸੀਂ ਸ਼ਹਿਰ ਵਿਚ ਕਾਫੀ ਪ੍ਰਾਪੇਗੰਡਾ ਕਰ ਦਿੱਤਾ ਹੈ। ਮੈਂ ਜੇਲ੍ਹ ਨੂੰ ਭੀ ਹਰ ਰੋਜ਼ ਹੀ ਜਾਂਦਾ ਰਿਹਾ। ਇਕ ਦਿਨ, ਇਹ ਵਾਰਡਰ, ਭਾਈ ਸਾਹਿਬ ਜੀ ਦਾ ਖਤ ਲਿਆ ਰਿਹਾ ਸੀ ਕਿ ਰਸਤੇ ਵਿਚ ਇਕ ਡਿਉਢੀ ਆਉਂਦੀ ਸੀ, ਉਥੇ ਉਸ ਦੀ ਦਰਵਾਨ ਨੇ ਤਲਾਸ਼ੀ ਕਰ ਲਈ ਤਾਂ ਖਤ ਪਕੜਿਆ ਗਿਆ। ਏਸੇ ਹੀ ਜੁਰਮ ਵਿਚ ਇਹ ਵਾਡਰ ਮੁਅੱਤਲ ਹੋ ਗਿਆ ਤੇ ਮੈਨੂੰ ਬਹੁਤ ਹੀ ਫਿਕਰ ਹੋਇਆ। ਹੁਣ ਮੈਨੂੰ ਭਾਈ ਸਾਹਿਬ ਦੀ ਚਿੱਠੀ ਕਿਸ ਨੇ ਲਿਆ ਕੇ ਦੇਣੀ ਸੀ ? ਜੇਲ੍ਹ ਵਾਰਡਰਾਂ ਤੇ ਤਾਂ ਬਹੁਤ ਸਖ਼ਤੀ ਹੋ ਗਈ ਸੀ ਤੇ ਸਾਰੇ ਵਾਰਡਰ ਡਰਨ ਲੱਗ ਪਏ। ਪਰ ਭਾਈ ਸਾਹਿਬ ਜੀ ਦੀ ਲਿਖੀ ਹੋਈ ਚਿੱਠੀ ਨੂੰ ਕੋਈ ਵਿਰਲਾ ਹੀ ਪੜ੍ਹ ਸਕਦਾ ਸੀ। ਉਹ ਚਿੱਠੀ ਪੰਜਾਬੀ ਵਿਚ ਲਿਖੀ ਹੋਈ ਸੀ, ਕੋਈ ਭੀ ਨਹੀਂ ਪੜ੍ਹ ਸਕਿਆ। ਏਨਾਂ ਉਹ ਜ਼ਰੂਰ ਸਮਝ ਗਏ ਕਿ ਇਹ ਚਿੱਠੀ ਭਾਈ ਸਾਹਿਬ ਜੀ ਦੀ ਲਿਖੀ ਹੋਈ ਹੈ। ਮੈਨੂੰ ਪਹਿਲਾਂ ਹੀ ਪਤਾ ਲੱਗ ਗਿਆ ਕਿ ਚਿੱਠੀ ਫੜੀ ਗਈ ਹੈ। ਮੈਂ ਫੇਰ ਜੇਲ੍ਹ ਦੇ ਨੇੜੇ ਨਾ ਜਾਵਾਂ ਤੇ ਦੂਰ ਹੀ ਕਿਤੇ ਬੈਠਾ ਰਹਾਂ। ਫੇਰ ਭਾਈ ਸਾਹਿਬ ਜੀ ਨੇ ਇਕ ਹੋਰ ਪੁਰਸ਼ ਨੂੰ ਇਸ ਸੇਵਾ ਵਾਸਤੇ ਪ੍ਰੇਰਿਆ। ਇਹ ਆਦਮੀ, ਮੈਨੂੰ ਟੋਲਦਾ ਹੋਇਆ, ਚਿੜੀਆਘਰ ਦੇ ਕੋਲ ਮਿਲਿਆ। ਮੈਨੂੰ ਪੁੱਛਣ ਲੱਗਾ, ਆਪ ਕਹਾਂ ਸੇ ਆਏ ਹੋ ? ਮੈਂ ਸਮਝਿਆ ਕੋਈ ਸੀ.ਆਈ.ਡੀ. ਦਾ ਹੀ ਆਦਮੀ ਨਾ ਹੋਵੇ ਤੇ ਮੈਨੂੰ ਫੜਾ ਹੀ ਨਾ ਦੇਵੇ। ਮੈਂ ਹੋਰ ਗੱਲਾਂ ਕਰਾਂ ਤੇ ਏਸ ਨੂੰ ਟਾਲੀ ਜਾਵਾਂ।

ਆਖ਼ਰ, ਏਸ ਪੁਰਸ਼ ਨੇ ਮੈਨੂੰ ਕਿਹਾ, ਆਪ ਜੀ ਮੇਰੇ ਸੇ ਮੱਤ ਡਰੋ, ਮੈਂ ਸੰਤ ਜੀ ਕਾ ਹੀ ਭੇਜਿਆ ਹੋਇਆ ਆਪ ਜੀ ਪਾਸ ਆਇਆ ਹੂੰ। ਇਹ ਲਵੋ, ਮੇਰੇ ਪਾਸ ਉਨ ਕਾ ਖੱਤ ਹੈ, ਪੜ੍ਹ ਲਵੋ ਫੇਰ ਤਾਂ ਮੈਨੂੰ ਬਹੁਤ ਹੀ ਖੁਸ਼ੀ ਹੋਈ ਕਿ ਵਿਗੜਿਆ ਕੰਮ ਫੇਰ ਠੀਕ ਹੋ ਗਿਆ ਹੈ। ਮੇਰੇ ਪਾਸ ਭੀ ਇਕ ਖੱਤ ਲਿਖਿਆ ਹੋਇਆ ਸੀ, ਮੈਂ ਉਸ ਨੂੰ ਉਹ ਖੱਤ ਦੇ ਦਿੱਤਾ। ਉਸ ਜੇਲ੍ਹ ਵਾਲੇ ਮੁਲਾਜ਼ਮ ਨੇ ਆਪਣੀ ਟੋਪੀ ਪਾੜ ਕੇ ਖੱਤ ਉਸ ਵਿਚ ਪਾ ਲਿਆ ਤੇ ਮੈਂ ਉਸ ਮੁਲਾਜ਼ਮ ਨੂੰ ਆਪਣੀ ਜੇਬ ਵਿਚੋਂ ਰੁਪਏ ਕੱਢ ਕੇ ਦਿੱਤੇ, ਪਰ ਉਹ ਲਵੇ ਨਾ, ਤੇ ਕਹਿਣ ਲੱਗਾ ਕਿ ਹਮੇਂ ਤੋ ਸੰਤ ਜੀ ਗੁੱਸੇ ਹੋਏਂਗੇ। ਮੈਂ ਕਿਹਾ, ਤੈਨੂੰ ਮੇਂ ਕੋਈ



www.AKJ.Org

ਰਿਸ਼ਵਤ ਦੇ ਤੌਰ ਤੇ ਨਹੀਂ ਦੇ ਰਿਹਾ, ਇਹ ਤਾਂ ਇਨਾਮ ਦੇ ਰਿਹਾ ਹਾਂ। ਫਿਰ ਉਸਨੇ ਇਹ ਗੱਲ ਮੰਨ ਲਈ। ਨੇੜੇ ਹੀ ਇਕ ਦਰੱਖਤ ਸੀ। ਮੈਂ ਕਿਹਾ, ਅਸੀਂ ਇਥੇ ਕੋਈ ਥਾਂ ਮੁਕੱਰਰ ਕਰ ਲਈਏ। ਜਿਥੇ ਤੂੰ ਆਪਣਾ ਖੱਤ ਰਖ ਜਾਇਆ ਕਰੇਂ ਤੇ ਮੇਰਾ ਲੈ ਜਾਇਆ ਕਰੇਂ। ਉਸਨੇ ਇਹ ਗੱਲ ਮੰਨ ਲਈ। ਨੇੜੇ ਹੀ ਇਕ ਦਰੱਖਤ ਸੀ। ਮੈਂ ਕਿਹਾ, ਇਸਦੀ ਜੜ ਵਿਚੋਂ ਮਿੱਟੀ ਪੁੱਟ ਕੇ ਖੱਤ ਰਖ ਕੇ, ਉਤੇ ਇਕ ਇੱਟ ਦੇ ਦਿਆਂ ਕਰੀਂ ਤੇ ਏਥੋਂ ਹੀ ਮੇਰਾ ਖੱਤ ਲੈ ਜਾਇਆ ਕਰੀਂ। ਏਥੇ ਸਾਡਾ ਦੋਹਾਂ ਜਣਿਆਂ ਦਾ ਲੈਟਰ ਬਾਕਸ ਮੁੱਕਰਰ ਹੋ ਗਿਆ। ਇਸ ਪੁਰਸ਼ ਨੇ ਭਾਈ ਸਾਹਿਬ ਜੀ ਦੇ ਇਕੀ ਖਤ ਲਿਆਂਦੇ, ਇਹ ਸੇਵਾ ਇਸ ਮੁਲਾਜ਼ਮ ਵਾਸਤੇ ਬਹੁਤ ਹੀ ਔਖੀ ਸੀ, ਪਰ ਇਸ ਬਹਾਦਰ ਨੇ ਇਹ ਸੇਵਾ ਪੂਰੀ ਤਰ੍ਹਾਂ ਨਿਭਾਈ।

ਮੇਰੀ ਤੇ ਭਾਈ ਸਾਹਿਬ ਜੀ ਦੀ, ਏਸ 'ਤੇ ਬਹੁਤ ਹੀ ਖੁਸ਼ੀ ਹੋਈ ਤੇ ਅਸੀਂ ਇਸ ਪੁਰਸ਼ ਨੂੰ ਕੁਛ ਹੋਰ ਵੀ ਰੁਪਏ ਦਿਤੇ। ਮੈਂ ਇਹ ਇਕੀ ਖੱਤ ਅਭੈਕਰ ਵਕੀਲ ਨੂੰ ਪੜ੍ਹ ਕੇ ਸੁਣਾਏ। ਵਕੀਲ ਕਹਿਣ ਲਗਾ, ਇਹ ਤੋ ਆਪ ਨੇ ਬਹੁਤ ਅੱਛਾ ਕਾਮ ਕੀਆ। ਇਹ ਕਮ ਜਣਾ-ਖਣਾ ਨਹੀਂ ਕਰ ਸਕਦਾ। ਮੈਂ ਕਿਹਾ, "ਇਹ ਕੋਈ ਏਡੀ ਬਹਾਦਰੀ ਨਹੀਂ ਹੈ, ਜਿਨ੍ਹਾਂ ਨੇ ਜੇਲ੍ਹਾਂ ਕੱਟੀਆਂ ਹੁੰਦੀਆਂ ਹਨ, ਉਹ ਜਾਣਦੇ ਹਨ ਕਿ ਜੇਲ੍ਹ ਦੇ ਵਾਰਡਰਾਂ ਨੂੰ ਪੈਸੇ ਦੇ ਕੇ ਜੋ ਮਰਜ਼ੀ ਮੰਗਵਾ ਲਵੋ।" ਇਨ੍ਹਾਂ ਖੱਤਾਂ ਦਾ ਉਤਾਰਾ ਕਰਕੇ ਦਾਸ ਨੇ ਤਿੰਨ ਕਾਪੀਆਂ ਕਰ ਲਈਆਂ। ਇਕ ਕਾਪੀ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਅੰਮ੍ਰਿਤਸਰ ਭੇਜ ਦਿਤੀ। ਉਨ੍ਹਾਂ ਨੇ ਇਹ ਮਜ਼ਮੂਨ ਕਈ ਅਖਬਾਰਾਂ ਨੂੰ ਦਿਤੇ। ਇਸ ਸੇਵਾ ਵਿਚ ਕੁਛ ਹੱਥ ਗੁਰਨਾਮ ਸਿੰਘ ਭਸੌੜੀਏ ਨੇ ਵਟਾਇਆ। ਏਸ ਪੁਰਸ਼ ਨੇ ਇਹ ਖੱਤ ਅੰਗ੍ਰੇਜ਼ੀ ਵਿਚ ਉਲਥਾ ਕਰ ਕੇ ਕਿਸੇ ਅੰਗ੍ਰੇਜ਼ੀ ਦੇ ਅਖ਼ਬਾਰ ਨੂੰ ਦੇ ਦਿੱਤਾ ਤੇ ਕੁਛ ਸੇਵਾ ਅਭੈਕਰ ਨੇ ਵੀ ਕੀਤੀ। ਏਸ ਨੇ ਇਕ ਅਖ਼ਬਾਰ ਨੂੰ ਲਿਖ ਕੇ ਭੇਜਿਆ ਸੀ, ਅਭੈਕਰ ਦਾ ਮਿਲਾਪ ਮੇਰੇ ਨਾਲ ਮੁਨਸ਼ਾ ਸਿੰਘ ਨੇ ਕਰਾਇਆ ਸੀ।

ਏਸ ਅਭੈਕਰ ਨੂੰ ਨਾ ਹੀ ਦਾਸ ਜਾਣਦਾ ਸੀ ਨਾ ਹੀ ਸ੍ਰੀਮਾਨ ਭਾਈ ਸਾਹਿਬ ਜਾਣਦੇ ਸਨ। ਅਭੈਕਰ ਨੇ ਸਾਨੂੰ ਕਾਫੀ ਇਮਦਾਦ ਦਿਤੀ। ਏਸ ਨੇ ਨਾਗਪੁਰ ਕਾਂਗਰਸ ਕਮੇਟੀ ਨਾਲ ਸਲਾਹ ਕਰਕੇ ਇਕ ਜਲੂਸ ਕਢਿਆ, ਮੈਨੂੰ ਨਾਲ ਲੈ ਲਿਆ। ਸ੍ਰੀ ਮਾਨ ਭਾਈ ਸਾਹਿਬ ਜੀ ਦਾ ਨਾਮ ਲੈ ਕੇ ਕਾਫੀ ਕੁਛ ਕਿਹਾ। ਦੂਜਾ, ਉਨ੍ਹਾਂ ਦਿਨਾਂ ਵਿਚ ਸਰਦਾਰ ਖੜਕ ਸਿੰਘ ਭੀ ਕਿਸੇ ਜੇਲ੍ਹ ਵਿਚ ਕੈਦ ਸਨ ਤੇ ਨੰਗੇ ਧੜ ਹੀ ਬੈਠੇ ਸਨ। ਏਥੇ ਨਾਗਪੁਰ ਜਲੂਸ ਵਿਚ ਇਨ੍ਹਾਂ ਦਾ ਨਾਉਂ ਲੈ ਲੈ ਕੇ ਬਹੁਤ ਸਾਰੀ ਰੌਸ਼ਨੀ ਪਾਈ। ਫੇਰ ਤਾਂ ਜਦੋਂ ਜੇਲ੍ਹ ਦੇ ਸੁਪਰਡੰਟ ਜਟਾਰ ਨੂੰ ਪਤਾ ਲੱਗਾ ਕਿ ਮੇਰੇ ਖਿਲਾਫ ਜਲੂਸ ਕੱਢਿਆ ਗਿਆ ਹੈ ਤੇ ਮੈਨੂੰ ਹਰ ਇਕ ਪੁਰਸ਼ ਲਾਹਨਤਾਂ ਪਾ ਰਿਹਾ ਹੈ। ਅਖ਼ਬਾਰਾਂ ਵਿਚ ਭੀ ਮੇਰੇ ਖਿਲਾਫ ਕਾਫੀ ਪਰਾਪੇਗੰਡਾ ਹੋ ਰਿਹਾ ਹੈ ਤਾਂ ਉਹ ਫੇਰ ਕਾਫੀ ਘਬਰਾਇਆ। ਮੈਨੂੰ ਜਟਾਰ ਇਥੇ ਰਸਤੇ ਵਿਚ ਮਿਲਿਆ ਤੇ ਕਹਿਣ ਲਗਾ, ਮੇਰੇ ਖਿਲਾਫ ਪੇਪਰੋਂ ਮੇਂ, ਆਪ ਨੇ ਹੀ ਪ੍ਰਾਪੇਗੰਡਾ ਕੀਆ ਹੈ। ਮੈਂ ਕਿਹਾ, ਅਖਬਾਰੋਂ ਮੇਂ ਭੀ ਮੈਨੇ ਹੀ ਲਿਖ ਕਰ ਦੀਆ ਹੈ। ਜਟਾਰ ਕਹਿਣ ਲਗਾ ਕਿ ਇਹ ਸਭ ਝੂਠ ਹੈ, ਜੋ ਆਪ ਨੇ ਅਖਬਾਰੋ ਮੇਂ ਲਿਖ ਕਰ ਦੀਆ ਹੈ। ਫਿਰ ਮੈਨੂੰ ਇਸ ਜਟਾਰ ਤੇ ਗੁੱਸਾ ਆ ਗਿਆ। ਮੈਂ ਕਿਹਾ, ਝੂਠਿਆਂ ਨੂੰ ਸਭ ਝੂਠ ਹੀ ਭਾਸਦਾ ਹੈ। ਤੈਂਨੇ ਭਾਈ ਸਾਹਿਬ ਜੀ ਕੇ ਦਾਂਤ ਨਹੀਂ ਤੋੜੇ, ਜੇ ਆਪ ਮੇ ਕੋਈ ਸੱਚਾਈ ਹੈ ਤਾਂ ਭਾਈ ਸਾਹਿਬ ਨੂੰ ਮੇਰੇ ਸਾਹਮਣੇ ਲਿਆ ਤੇ ਸਭ ਕੁਛ ਉਹ ਆਪ ਹੀ ਦਸ



www.AKJ.Org

ਦੇਣਗੇ, ਝੂਠ ਹੈ ਜਾਂ ਸੱਚ ਹੈ। ਤੇ ਫਿਰ ਮੈਨੂੰ ਜਟਾਰ ਕਹਿਣ ਲਗਾ, ਆਪ ਕਾ ਭਾਈ ਸਾਹਿਬ ਕੈਦੀ ਹੈ। ਮੈਂ ਕਿਹਾ, ਮੈਂ ਨਹੀਂ ਮਾਨਤਾ ਕਿ ਮੇਰਾ ਭਾਈ ਸਾਹਿਬ ਕੈਦੀ ਹੈ, ਕੈਦੀ ਤਾਂ ਤੂੰ ਹੈ, ਜਿਹੜਾ ਪੇਟ ਦੀ ਖਾਤਰ ਦੇਸ਼ ਭਗਤਾਂ ਨੂੰ ਮਾਰਦਾ ਹੈਂ। ਭਾਈ ਸਾਹਿਬ ਜੀ ਤਾਂ ਧਰਮ ਖਾਤਰ ਜੇਲ੍ਹ ਆਏ ਹਨ, ਉਹ ਤਾਂ ਸਦਾ ਹੀ ਅਜ਼ਾਦ ਹਨ। ਏਸ ਜਟਾਰ ਦੀ ਮੇਰੇ ਨਾਲ ਕਾਫੀ ਤੂੰ ਤੂੰ ਮੈਂ ਮੈਂ ਹੋਈ। ਫੇਰ ਮੈਨੂੰ ਕਹਿਣ ਲਗਾ, ਸਰਦਾਰ ਜੀ ਤੁਸੀਂ ਗੁੱਸੇ ਮੇਂ ਕਿਉਂ ਆ ਰਹੇ ਹੋਂ ? ਮੈਂ ਤੋ ਆਪ ਕੋ ਭਾਈ ਸਾਹਿਬ ਕੇ ਭਲੇ ਲਈ ਸਭ ਕੁਝ ਕੀਆ ਹੈ। ਖਾਨਾ ਨਹੀਂ ਖਾਤਾ ਥਾ ਤੋ ਉਸ ਕੋ ਜਬਰਦਸਤੀ ਖਾਨਾ ਖਿਲਾਇਆ ਹੈ। ਨਹੀਂ ਤੋ ਆਪ ਕਾ ਭਾਈ ਸਾਹਿਬ ਜੀ, ਤੋ ਖਤਮ ਹੋ ਜਾਤਾ। ਮੈਂ ਫੇਰ ਜਟਾਰ ਨੂੰ ਕਿਹਾ ਕਿ ਜੇ ਤੂੰ ਭਾਈ ਸਾਹਿਬ ਜੀ ਦਾ ਐਨਾ ਖੈਰ ਖੁਆਹ ਹੈਂ ਤਾਂ ਮੈਂ ਉਨ ਕੇ ਲੀਏ ਕੁਛ ਖਾਣ ਵਾਸਤੇ ਚੀਜ਼ਾਂ ਲਿਆਇਆ ਹਾਂ ਤੇ ਕੁਛ ਕਿਤਾਬਾਂ ਹਨ, ਇਕ ਜੁੱਤੀ ਹੈ। ਇਹ ਚੀਜ਼ਾਂ ਉਨ੍ਹਾਂ ਨੂੰ ਪਹੁੰਚਾ ਦੇ। ਮੈਨੂੰ ਜਟਾਰ ਕਹਿਣ ਲਗਾ, ਆਪ ਨੇ ਪੇਪਰੋਂ ਮੇਂ, ਮੁਝ ਕੋ ਬਹੁਤ ਹੀ ਬਦਨਾਮ ਕੀਆ ਹੈ। ਮੈਂ ਉਨ ਕੋ ਕੁਛ ਨਹੀਂ ਦੇਣਾ ਚਾਹੁੰਦਾ। ਮੈਂ ਜਟਾਰ ਨੂੰ ਕਹਿ ਕਹਾ ਕੇ ਆਪਣੇ ਅਸਥਾਨ ਤੇ ਚਲਾ ਗਿਆ ਤੇ ਫੇਰ ਦੂਜੇ ਦਿਨ ਮੈਂ ਅਭੈਕਰ ਵਕੀਲ ਨੂੰ ਮਿਲਿਆ। ਮੈਨੂੰ ਅਭੈਕਰ ਕਹਿਣ ਲਗਾ, ਏਥੇ ਨਾਗਪੁਰ ਵਿਚ ਤਿੰਨ ਜੱਜ ਹਨ ਤੇ ਇਹ ਜੇਲ੍ਹ ਕਮੇਟੀ ਦੇ ਮੈਂਬਰ ਵੀ ਹਨ ਤੇ ਤੂੰ ਅੱਜ ਹੀ ਜਾ ਕੇ ਕੇਲਕਰ ਜੱਜ ਨੂੰ ਸਾਰਾ ਹਾਲ ਦੱਸ। ਮੈਂ ਫਿਰ ਕੇਲਕਰ ਜੱਜ ਦੀ ਕੋਠੀ ਜਾ ਕੇ ਉਸ ਨੂੰ ਸਾਰਾ ਹਾਲ ਦਸਿਆ। ਮੈਂ ਏਸ ਜੱਜ ਨੂੰ ਕਿਹਾ ਕਿ ਆਪ ਏਸ ਜੇਲ੍ਹ ਕਮੇਟੀ ਦੇ ਮੈਂਬਰ ਹੋ। ਪੰਜਾਬ ਸੇ ਆਪ ਕੀ ਜੇਲ੍ਹ ਮੈਂ ਭਾਈ ਸਾਹਿਬ ਰਣਧੀਰ ਸਿੰਘ ਜੀ ਆਏ ਹੋਏ ਹਨ। ਉਨ ਕੇ ਉਪਰ ਬਹੁਤ ਹੀ ਸਖ਼ਤੀਆਂ ਹੋ ਰਹੀਆਂ ਹਨ। ਦਾਂਤ ਭੀ ਤੋੜ ਦੀਏ ਹੈਂ। ਤੁਸੀਂ ਜੇਲ੍ਹ ਮੈਂ ਜਾ ਕਰ ਏਸ ਬਾਤ ਕੀ ਪੜਤਾਲ ਕੀ ਹੈ ? ਉਹ ਕਹਿਣ ਲਗਾ, ਵੋਹ ਆਪ ਕੇ ਭਾਈ ਸਾਹਿਬ ਹੈਂ, ਵੋਹ ਤੋਂ ਬਹੁਤ ਜ਼ਿੱਦੀ ਹੈਂ। ਜੇਲ੍ਹ ਮੈਂ ਆ ਕਰ ਖਾਣ-ਪੀਣ ਕੇ ਵਾਸਤੇ ਜਿੱਦ ਕਰਨੀ ਅੱਛੀ ਬਾਤ ਨਹੀਂ ਹੈ। ਜੇਲ੍ਹ ਵਾਲਿਉਂ ਨੇ ਪਕੜ ਕਰ ਜ਼ਬਰਦਸਤੀ ਉਸ ਕੋ ਖਾਣਾ ਖਿਲਾਇਆ। ਨਹੀਂ ਤੋ ਵੋਹ ਮਰ ਜਾਤਾ। ਮੈਂ ਕਿਹਾ, ਦਾਂਤ ਤੋੜਨੇ ਤੇ ਆਪ ਸੇ ਹੀ ਮੇਰੇ ਕੋ ਸਾਬਤ ਹੋ ਗਏ ਹੈਂ। ਜਦੋਂ ਜਬਰਦਸਤੀ ਪੰਜ ਚਾਰ ਆਦਮੀਆਂ ਨੇ ਪਕੜ ਕਰ, ਮੂੰਹ ਮੇਂ ਨਲਕੀ ਪਾਈ ਹੋਏਗੀ। ਇਸੀ ਜਬਰਦਸਤੀ ਕਰਨੇ ਸੇ ਉਨ ਕੇ ਦਾਂਤ ਟੁੱਟ ਗਏ ਹੋਏਂਗੇ। ਫਿਰ ਇਹ ਕੇਲਕਰ ਜੱਜ ਟਾਲਾ ਵਾਲਾ ਕਰਨ ਲੱਗਾ ਤੇ ਹੋਰ ਹੋਰ ਹੀ ਗੱਲਾਂ ਕਰਨ ਲੱਗ ਪਿਆ। ਮਹਾਤਮਾ ਗਾਂਧੀ ਨੇ ਕਿਆ ਮੁਲਕ ਮੇਂ ਫਤੂਰ ਪਾ ਰੱਖਾ ਹੈ। ਮੈਂ ਕਿਹਾ ਮੇਰਾ ਇਨ ਬਾਤੋਂ ਸੇ ਕੋਈ ਵਾਸਤਾ ਨਹੀਂ ਹੈ। ਜਿਸ ਕਾਮ ਕੇ ਲਿਏ ਮੈਂ ਆਪ ਕੇ ਪਾਸ ਆਇਆ ਹੂੰ, ਉਸ ਬਾਤ ਕਾ ਮੁਝੇ ਜਵਾਬ ਦੋ। ਫੇਰ ਮੈਨੂੰ ਕਹਿਣ ਲਗਾ, ਆਜ ਮੈਂ ਫੇਰ ਜੇਲ੍ਹ ਕੋ ਜਾਊਂਗਾ, ਘਬਰਾਓ ਨਹੀਂ। ਪੂਰੀ ਪੂਰੀ ਪੜਤਾਲ ਕਰ ਕੇ ਆਵਾਂਗਾ। ਫਿਰ ਮੈਂ ਆ ਕਾ ਸਾਰਾ ਹਾਲ ਅਭੈਕਰ ਨੂੰ ਦਸਿਆ ਕਿ ਮੇਰੇ ਨਾਲ ਕੇਲਕਰ ਜੱਜ ਦੀ ਕਾਫੀ ਗੁਫਤਗੂ ਹੋਈ ਹੈ ਤੇ ਏਹ ਕੁਛ ਕਿਹਾ ਹੈ। ਫਿਰ ਮੈਨੂੰ ਅਭੈਕਰ ਕਹਿਣ ਲਗਾ, ਕੱਲ ਨੂੰ, ਤੂੰ ਏਥੇ ਇਕ ਮਾਰਵਾੜੀ ਜੱਜ ਹੈ। ਉਸ ਪਾਸ ਵੀ ਜਾਹ ਤੇ ਮੈਂ ਦੂਜੇ ਦਿਨ ਮਾਰਾਵਾੜੀ ਜੱਜ ਦੀ ਕੋਠੀ ਗਿਆ। ਇਹ ਮਾਰਵਾੜੀ ਜੱਜ, ਬਾਹਰ ਹੀ ਮਾਮੂਲੀ ਕਪੜਿਆਂ ਵਿਚ ਬਗੀਚੇ



www.AKJ.Org

ਵਿਚ ਖੜਾ ਸੀ। ਜਾ ਕੇ ਮੈਂ ਪੁੱਛਿਆ ਜੱਜ ਸਾਹਿਬ ਕਹਾਂ ਹੈਂ ? ਮੈਨੂੰ ਕਹਿਣ ਲਗਾ ਹਮ ਹੀ ਹੈਂ। ਭਾਈ ਆਈਏ ਬੈਠੀਏ। ਅਸੀਂ ਦੋਨੋਂ ਜਣੇ ਬਾਹਰ ਕੁਰਸੀਆਂ 'ਤੇ ਬੈਠ ਗਏ। ਏਹ ਜੱਜ ਕੰਨਾਂ ਤੋਂ ਬੋਲਾ ਸੀ। ਬਹੁਤ ਹੀ ਭਲਾ ਪੁਰਸ਼ ਸੀ, ਮੇਰੇ ਨਾਲ ਕਾਫੀ ਪ੍ਰੇਮ ਨਾਲ ਪੇਸ਼ ਆਇਆ। ਮੈਨੂੰ ਕਹਿਣ ਲਗਾ, ਮੈਂ ਅਗੇ ਜੇਲ੍ਹ ਜਾ ਕੇ ਸਾਰੀ ਗੱਲ ਬਾਤ ਕਰ ਆਇਆ ਹਾਂ। ਆਪ ਕੇ ਭਾਈ ਸਾਹਿਬ ਜੀ ਤਾਂ ਦੇਸ਼ ਭਗਤ ਹੈਂ ਅਰ ਹੁਣੇ ਹੀ ਫੇਰ ਜਾਤਾ ਹੂੰ। ਆਪ ਤਸੱਲੀ ਰਖਣਾ, ਉਨ ਕੀ ਸਾਰੀਆਂ ਤਕਲੀਫਾਂ ਦੂਰ ਕੀਆਂ ਜਾਣਗੀਆਂ। ਮੈਂ ਪੂਰੀ ਕੋਸ਼ਿਸ਼ ਕਰਾਂਗਾ। ਮੈਂ ਉਥੋਂ ਤੁਰ ਕੇ ਅਭੈਕਰ ਦੀ ਕੋਠੀ ਸਾਰੀ ਗੱਲ ਆ ਕੇ ਦੱਸੀ। ਮੈਂ ਕਰਮ ਸਿੰਘ ਠੇਕੇਦਾਰ ਦੇ ਘਰ ਰਾਤ ਨੂੰ ਪਹੁੰਚ ਜਾਂਦਾ ਸੀ। ਭਾਈ ਮੁਨਸ਼ਾ ਸਿੰਘ ਜ਼ਿਲ੍ਹੇ ਅੰਮ੍ਰਿਤਸਰ ਦੇ ਕਿਸੇ ਪਿੰਡ ਦੇ ਰਹਿਣ ਵਾਲੇ ਸਨ। ਏਥੇ ਨਾਗਪੁਰ ਵਰਕਸ਼ਾਪ ਵਿਚ ਕੰਮ ਕਰਦੇ ਸਨ, ਬਹੁਤ ਹੀ ਪਰਉਪਕਾਰੀ ਪੁਰਸ਼ ਸਨ। ਕੁਛ ਦਿਨ ਤੋਂ ਬਾਦ, ਏਥੇ ਨਾਗਪੁਰ ਵਿਚ ਕਿਸੇ ਦੇ ਘਰ ਟੀ-ਪਾਰਟੀ ਹੋਈ ਸੀ। ਉਥੇ ਅਭੈਕਰ ਨੇ ਤੇ ਜੇਲ੍ਹ ਦੇ ਸੁਪਰਡੰਟ ਜਟਾਰ ਨੇ ਭੀ ਸ਼ਾਮਲ ਹੋਣਾ ਸੀ ਤੇ ਬਹੁਤ ਸਾਰੇ ਹੋਰ ਭੀ ਅਫ਼ਸਰ ਆਏ ਹੋਏ ਸਨ। ਏਥੇ ਅਭੈਕਰ ਨੇ ਜਟਾਰ ਨਾਲ ਭਾਈ ਸਾਇਬ ਬਾਰੇ ਗਲਬਾਤ ਕਰਨੀ ਸ਼ੁਰੂ ਕਰ ਦਿਤੀ। ਸਾਰੀ ਗਲ-ਬਾਤ ਹੋਈ। ਮੈਨੂੰ ਸਾਰੀ ਕਹਾਣੀ ਅਭੈਕਰ ਨੇ ਉਥੋਂ ਆ ਕੇ ਦਸੀ। ਆਖ਼ਰ ਜਟਾਰ ਨੇ ਮੰਨ ਲਿਆ ਕਿ ਜਿਨ੍ਹਾਂ ਗੱਲਾਂ ਦੀ ਭਾਈ ਸਾਹਿਬ ਰਣਧੀਰ ਸਿੰਘ ਨੂੰ ਤਕਲੀਫ਼ ਹੈ, ਠੀਕ ਕਰ ਦਿਤੀਆਂ ਜਾਣਗੀਆਂ। ਜੋ ਪੁਰਸ਼ ਪੰਜਾਬ ਸੇ ਇਸਕਾ ਰਿਸ਼ਤੇਦਾਰ ਆਇਆ ਬੈਠਾ ਹੈ, ਮੇਰੇ ਖਿਲਾਫ ਉਸਨੇ ਬਹੁਤ ਹੀ ਪ੍ਰਾਪੇਗੰਡਾ ਕੀਆ ਹੈ। ਉਸ ਕੋ ਯਹਾਂ ਸੇ ਭੇਜ ਦੇਵੋ। ਅਭੈਕਰ ਨੈ ਕਿਹਾ ਕਿ ਆਪ ਇਨ ਕੇ ਭਾਈ ਸਾਹਿਬ ਕੀ ਮੁਲਾਕਾਤ ਕਰਵਾ ਦੇਵੋ। ਫਿਰ ਵੋਹ ਚਲੇ ਜਾਏਂਗੇ। ਜਟਾਰ ਨੇ ਮੰਨ ਲਿਆ। ਦੂਜੇ ਜਾਂ ਤੀਜੇ ਦਿਨ ਮੈਂ ਜੇਲ੍ਹ ਜਾ ਕੇ ਦਰਖਾਸਤ ਕੀਤੀ ਕਿ ਮੇਰੀ ਮੁਲਾਕਾਤ ਭਾਈ ਸਾਹਿਬ ਜੀ ਕੇ ਸਾਥ ਕਰਵਾ ਦੇਵੋ। ਜਦ ਨੂੰ ਲੰਗੜਾ ਜਟਾਰ ਵੀ ਆ ਗਿਆ। ਮੈਨੂੰ ਕਹਿਣ ਲਗਾ, ਕਿਆ ਚਾਹਤੇ ਹੋ ? ਮੈਂ ਕਿਹਾ ਮੁਲਾਕਾਤ ਕਰਵਾ ਦੇਵੋ। ਮੈਨੂੰ ਕਹਿਣ ਲਗਾ, ਮੁਲਾਕਾਤ ਤਾਂ ਹੋਵੇਗੀ, ਜੇ ਕੋਈ ਜੇਲ੍ਹ ਦੀ ਗਲਬਾਤ ਨਾ ਹੋਵੇ। ਮੈਂ ਕਿਹਾ, ਮੁਲਾਕਾਤ ਇਸ ਵਾਸਤੇ ਕਰੀ ਜਾਂਦੀ ਹੈ ਕਿ ਆਪ ਕੇ ਜੇਲ੍ਹ ਖਾਨੇ ਮੇਂ ਖਾਨੇ ਕੇ ਵਾਸਤੇ ਕਿਆ ਮਿਲਤਾ ਹੈ। ਕੀ ਕੰਮ ਕਰਦੇ ਹੋ ਤੇ ਮੈਨੂੰ ਜਟਾਰ ਕਹਿਣ ਲਗਾ ਕਿ ਮੈਂ ਕੋਈ ਬਾਤ ਸੁਣਨੇ ਕੇ ਲੀਏ ਤਿਆਰ ਨਹੀਂ ਹੂੰ।

***

## ਕਿਸ਼ਤ ਨੰ. 13 — ਸੂਰਾ ਮਾਸਿਕ ਪੱਤਰ, ਅਪ੍ਰੈਲ-1967

ਜਟਾਰ ਕਹਿਣ ਲਗਾ, ਜੋ ਮੈਂ ਨੇ ਕਹਾ ਹੈ, ਸੋ ਠੀਕ ਹੈ। ਇਸ ਸ਼ਰਤ ਪਰ ਮੁਲਾਕਾਤ ਕਰਨੀ ਹੈ, ਤੋ ਕਰ ਲਵੋ, ਵਰਨਾ ਨਹੀਂ ਹੋ ਸਕਤੀ। ਮੈਂ ਕਿਹਾ, ਚੰਗਾ ਮੁਲਾਕਾਤ ਕਰਵਾ ਦੇਵੋ। ਥੋੜ੍ਹੇ ਹੀ ਚਿਰ ਮਗਰੋਂ ਭਾਈ ਸਾਹਿਬ ਜੀ ਆ ਗਏ। ਪਰਸਪਰ ਅਸੀਂ ਫਤਿਹ ਬੁਲਾਈ। ਭਾਈ ਸਾਹਿਬ ਜੀ ਫਾਟਕ ਦੇ ਅੰਦਰ ਸਨ, ਮੈਂ ਫਾਟਕ ਦੇ ਬਾਹਰ ਖੜਾ ਸੀ। ਸਾਨੂੰ ਦੋਹਾਂ ਨੂੰ ਆਪਸ ਵਿਚ ਨੇੜੇ ਨਹੀਂ ਹੋਣ ਦਿੱਤਾ। ਅੰਦਰ ਜੇਲ੍ਹਖਾਨੇ ਦੇ



www.AKJ.Org

ਹਾਲ ਤਾਂ ਮੈਂ ਚਿੱਠੀਆਂ ਦੁਆਰਾ ਲੈ ਹੀ ਚੁੱਕਾ ਸੀ। ਹੁਣ ਤਾਂ ਸਿਰਫ਼ ਦਰਸ਼ਨ ਹੀ ਕਰਨੇ ਸੀ। ਭਾਈ ਸਾਹਿਬ ਜੀ ਕਹਿਣ ਲੱਗੇ, ਤੈਂ ਬੜੀ ਖੇਚਲ ਕੀਤੀ, ਜਿਹੜਾ ਬੜ੍ਹੀ ਦੂਰੋਂ ਧਾਵਣੀ ਧਾ ਕੇ ਆਇਆ ਹੈਂ। ਆਪ ਜੀ ਦਾ ਬਹੁਤ ਹੀ ਧੰਨਵਾਦੀ ਹਾਂ। ਮੈਂ ਬੇਨਤੀ ਕੀਤੀ, ਮੈਨੂੰ ਕੋਈ ਖੇਚਲ ਨਹੀਂ ਹੋਈ। ਮੈਂ ਆਪਣੇ ਧੰਨ ਭਾਗ ਸਮਝਦਾ ਹਾਂ। ਮੈਨੂੰ ਨਿਕੰਮੇ ਜਿਹੇ ਪੁਰਸ਼ ਨੂੰ ਆਪ ਜੀ ਦੀ ਸੇਵਾ ਦਾ ਸਮਾਂ ਪ੍ਰਾਪਤ ਹੋਇਆ ਹੈ। ਗੁਰੂ ਪੰਥ ਦੀਆਂ ਕੁਛ ਵਿਚਾਰਾਂ ਹੋਈਆਂ। ਘਰ ਦਾ ਹਾਲ ਪੁੱਛਦੇ ਰਹੇ। ਮੈਨੂੰ ਕਹਿਣ ਲੱਗੇ ਕਾਕੇ ਬਲਬੀਰ ਸਿੰਘ ਨੂੰ ਅੜਾ ਉੜਦੂ ਨਾ ਪੜ੍ਹਾਨਾ। ਧਾਰਮਿਕ ਵਿਦਿਆ ਪੜ੍ਹਾਉਣੀ, ਗੁਰਸਿਖੀ ਵਿਚ ਤਤਪਰ ਰਹੇ। ਮੈਂ ਕਿਹਾ, ਮੈਂ ਭੈਣ ਜੀ ਨੂੰ ਬੇਨਤੀ ਕਰ ਦੇਵਾਂਗਾ। ਅਗੇ ਉਹ ਜੋ ਚਾਹੁਣ, ਸੋ ਕਰਨ। ਜਦ ਸਾਡੀ ਮੁਲਾਕਾਤ ਦਾ ਸਮਾਂ ਸਮਾਪਤ ਹੋ ਗਿਆ ਤਾਂ ਭਾਈ ਸਾਹਿਬ ਜੀ ਨੂੰ ਅੰਦਰ ਲੈ ਗਏ ਤੇ ਮੈਂ ਫ਼ਤਿਹ ਬੁਲਾ ਕੇ ਆਪਣੇ ਰਸਤੇ ਪੈ ਗਿਆ। ਮੈਂ ਅਜੇ ਥੋੜ੍ਹੀ ਹੀ ਦੂਰ ਗਿਆ ਸੀ ਕਿ ਮੈਨੂੰ ਇਕ ਜੇਲ੍ਹ ਦਾ ਮੁਲਾਜ਼ਮ ਮਿਲ ਪਿਆ। ਮੈਨੂੰ ਉਹ ਕਹਿਣ ਲਗਾ ਕਿ ਜੇ ਮੈਂ ਗੁਪਤੀ ਤੌਰ 'ਤੇ ਆਪ ਜੀ ਦੇ ਭਾਈ ਸਾਹਿਬ ਜੀ ਨੂੰ ਬਾਹਰ ਕਢ ਦੇਵਾਂ ਤਾਂ ਮੈਨੂੰ ਆਪ ਜੀ ਕਿਆ ਇਨਾਮ ਦੇਵੋਗੇ। ਮੈਂ ਕਿਹਾ, ਮੈਨੂੰ ਸੋਚ ਲੈਣ ਦੇ। ਆਪ ਜੀ ਮੈਨੂੰ ਸ਼ਾਮ ਨੂੰ ਏਸੇ ਜਗ੍ਹਾ ਮਿਲਣਾ। ਮੈਂ ਰਸਤੇ ਵਿਚ ਸੋਚਦਾ ਗਿਆ। ਕਈ ਵਿਉਂਤਾ ਬਣਾਈਆਂ। ਜੇ ਭਾਈ ਸਾਹਿਬ ਬਾਹਰ ਆ ਗਏ ਤਾਂ ਕਿਥੇ ਲੁਕਾਵਾਂਗੇ ? ਬਾਹਰ ਜੰਗਲ ਵਿਚ ਇਕ ਸਾਧੂ ਬੈਠਾ ਸੀ। ਮੈਂ ਜਾ ਕੇ ਉਸ ਸਾਧੂ ਨੂੰ ਪੁੱਛਿਆ ਕਿ ਨਾਗਪੁਰ ਜੇਲ੍ਹ ਮੇਂ ਕਿਸੀ ਧਾਰਮਿਕ ਮਾਮਲੇ ਮੇਂ ਇਕ ਸਾਧੂ ਜੀ ਕੈਦ ਹੋ ਕਰ ਪੰਜਾਬ ਸੇ ਆਇਆ ਹੈ? ਕਿਸੇ ਜੇਲ੍ਹ ਦੇ ਵਾਰਡਰ ਨੇ ਮੈਨੂੰ ਕਿਹਾ ਹੈ ਕਿ ਮੈਂ ਆਪ ਕੇ ਭਾਈ ਸਾਹਿਬ ਜੀ ਕੋ ਜੇਲ੍ਹ ਸੇ ਬਾਹਰ ਨਿਕਾਲ ਦੇਤਾ ਹੂੰ, ਮੁਝੇ ਕੁਛ ਇਨਾਮ ਦੇਵੋ। ਜੇ ਭਾਈ ਸਾਹਿਬ ਜੀ ਬਾਹਰ ਆ ਗਏ ਤਾਂ ਉਨ ਕੇ ਛੁਪਾਨੇ ਕੇ ਲੀਏ ਕੋਈ ਜਗ੍ਹਾ ਚਾਹੀਏ। ਇਸ ਬਾਹਰ ਬੈਠੇ ਸਾਧੂ ਨੇ ਮੈਨੂੰ ਕਿਹਾ ਜੇ ਤੁਹਾਡੇ ਭਾਈ ਸਾਹਿਬ ਜੀ ਬਾਹਰ ਆ ਗਏ ਤਾਂ ਮੈਂ ਆਪਣੀ ਕੁਟੀਆ ਵਿਚ ਉਨ੍ਹਾਂ ਨੂੰ ਪਨਾਹ ਦੇ ਦੇਵਾਂਗਾ। ਤੁਸੀਂ ਉਨ੍ਹਾਂ ਨੂੰ ਇਥੇ ਲੈ ਆਉਣਾ। ਮੈਂ ਫਿਰ ਜਾ ਕੇ ਉਸ ਮੁਲਾਜ਼ਮ ਨੂੰ ਮਿਲਿਆ। ਉਹ ਉਧਰੋਂ ਆ ਗਿਆ। ਮੈਂ ਕਿਹਾ, ਦਸ ਕਿਤਨੇ ਰੁਪਏ ਲਏਂਗਾ, ਭਾਈ ਸਾਹਿਬ ਜੀ ਨੂੰ ਬਾਹਰ ਕੱਢਣ ਦੇ ? ਉਸ ਨੇ ਕਿਹਾ 100 ਰੁਪਿਆ ਲਵਾਂਗਾ। ਮੈਂ ਕਿਹਾ, ਮੇਰੇ ਪਾਸ ਤਾਂ ਐਨੇ ਰੁਪਏ ਨਹੀਂ ਹਨ, ਤੂੰ ਪੰਜਾਹ ਰੁਪਏ ਲੈ ਲਵੀਂ। ਉਸ ਮੁਲਾਜ਼ਮ ਨੇ ਮੰਨ ਲਿਆ। ਮੈਂ ਤਾਰ ਘਰ ਜਾ ਕੇ ਇਕ ਤਾਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਸੈਕਟਰੀ ਨੂੰ ਦੇ ਦਿਤੀ ਕਿ ਮੈਨੂੰ ਤੁਸੀਂ ਤਾਰ ਦੇ ਰਾਹੀਂ ਪੰਜਾਹ ਰੁਪਏ ਭੇਜ ਦੇਵੋ। ਮੈਨੂੰ ਬਹੁਤ ਜ਼ਰੂਰਤ ਪੈ ਗਈ ਹੈ। ਦੂਜੇ ਦਿਨ ਹੀ ਤਾਰ ਰਾਹੀਂ ਮਨੀਆਰਡਰ ਆ ਗਿਆ। ਮੈਂ ਇਹ ਰੁਪਏ ਲੈ ਕੇ ਉਸ ਵਾਰਡਰ ਵੱਲ ਆ ਗਿਆ। ਉਹ ਵਾਰਡਰ ਮੈਨੂੰ ਮਿਲ ਪਿਆ। ਗੱਲ ਬਾਤ ਕੀਤੀ, ਪਰ ਉਹ ਸੇਵਾ ਕਰਨ ਤੋਂ ਮੁੱਕਰ ਗਿਆ। ਫੇਰ ਮੈਂ ਆਪਣੇ ਅਸਥਾਨ 'ਤੇ ਆ ਗਿਆ। ਮੈਨੂੰ ਭਾਈ ਸਾਹਿਬ ਜੀ ਵਲੋਂ ਇਕ ਖੱਤ ਲਿਖਿਆ ਹੋਇਆ ਆਇਆ ਸੀ ਕਿ ਤੇਰਾ ਨਾਗਪੁਰ ਵਿਚ ਆਉਣਾ, ਮੇਰੇ ਲਈ ਬਹੁਤ ਚੰਗਾ ਹੋ ਗਿਆ ਹੈ। ਤੇਰਾ ਅਖਬਾਰਾਂ ਰਾਹੀਂ ਰੌਲਾ ਪਾਉਣਾ ਸਫਲਾ ਹੋ ਗਿਆ ਹੈ। ਮੇਰੀਆਂ ਜਟਾਰ ਨੇ ਸਾਰੀਆਂ ਮੰਗਾਂ ਮੰਨ ਲਈਆਂ ਹਨ। ਹੁਣ ਤੂੰ ਪੰਜਾਬ ਨੂੰ ਜਾ ਸਕਦਾ ਹੈ ਪਰ ਖੱਤ ਵਿਚ ਬਹੁਤ ਕੁਛ ਲਿਖਿਆ ਹੋਇਆ



www.AKJ.Org

ਸੀ। ਮੇਰਾ ਜ਼ਿਆਦਾ ਤੋਂ ਜ਼ਿਆਦਾ ਧੰਨਵਾਦ ਕੀਤਾ ਹੋਇਆ ਸੀ ਜਿਸ ਦੇ ਮੈਂ ਲਾਇਕ ਨਹੀਂ ਹਾਂ। ਇਹ ਤਾਂ ਮੇਰਾ ਫਰਜ਼ ਹੀ ਸੀ ਕਿ ਆਪ ਜੀ ਦੀ ਸੇਵਾ ਕਰਾਂ। ਮੇਰਾ ਇਸ ਵਿਚ ਭਲਾ ਹੀ ਭਲਾ ਹੈ। ਜਿਹੜੀਆਂ ਗੱਲਾਂ ਖੱਤ ਵਿਚ ਭਾਈ ਸਾਹਿਬ ਜੀ ਨੇ ਲਿਖੀਆਂ ਹੋਈਆਂ ਸਨ, ਮੈਂ ਇਥੇ ਲਿਖਣੀਆਂ ਨਹੀਂ ਚਾਹੁੰਦਾ, ਮੈਂ ਇਸ ਲਾਇਕ ਨਹੀਂ ਹਾਂ। ਮੈਂ ਆਪਣੇ ਧੰਨ ਭਾਗ ਸਮਝਦਾ ਹਾਂ ਕਿ ਮੈਨੂੰ ਸ੍ਰੀ ਮਾਨ ਭਾਈ ਸਾਹਿਬ ਜੀ ਦੀ ਸੇਵਾ ਦਾ ਸਮਾਂ ਮਿਲਿਆ ਹੈ। ਮੈਂ ਦੂਜੇ ਦਿਨ ਹੀ ਨਾਗਪੁਰ ਤੋਂ ਚਲ ਕੇ ਅਕੋਲਾ ਚਲਾ ਗਿਆ। ਇਥੇ ਦੋ ਸਿੰਘ ਕੈਦ ਸਨ—ਇਕ ਭਾਈ ਸਜਣ ਸਿੰਘ, ਦੂਜਾ ਪਾਲਾ ਸਿੰਘ ਜੀ ਸਨ। ਮੈਂ ਇਨ੍ਹਾਂ ਨੂੰ ਜੇਲ੍ਹ ਵਿਚ ਮਿਲ ਕੇ ਹਜ਼ੂਰ ਸਾਹਿਬ ਜੀ ਨੂੰ ਚਲਾ ਗਿਆ। ਉਥੇ ਕੁਛ ਅਰਸਾ ਠਹਿਰ ਕੇ ਮੈਂ ਸਿਧਾ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਪਹੁੰਚ ਗਿਆ। ਜਾ ਕੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਇਸ਼ਨਾਨ ਕੀਤਾ। ਫੇਰ ਸ੍ਰੀ ਮਾਨ ਅਮਰ ਸਿੰਘ ਵਾਸੂ ਨੂੰ ਮਿਲਿਆ। ਇਨ੍ਹਾਂ ਨੂੰ ਮੈਂ ਭਾਈ ਸਾਹਿਬ ਜੀ ਵਾਲੀਆਂ ਸਾਰੀਆਂ ਚਿੱਠੀਆਂ ਪੜ੍ਹਾਈਆਂ, ਨਾਲੇ ਜਿਹੜੇ ਰੁਪਏ ਮੈਂ ਤਾਰ ਰਾਹੀਂ ਮੰਗਾਏ ਸਨ, ਉਹ ਵੀ ਵਾਪਸ ਕਰ ਦਿੱਤੇ। ਫੇਰ ਮੈਂ ਗਿਆਨੀ ਨਾਹਰ ਸਿੰਘ ਨੂੰ ਮਿਲਿਆ, ਇਹ ਸ੍ਰੀ ਅੰਮ੍ਰਿਤਸਰ ਹੀ ਰਹਿੰਦੇ ਸਨ। ਇਨ੍ਹਾਂ ਨੂੰ ਨਾਲੇ ਸਾਰੇ ਖੱਤ ਪੜ੍ਹਾਏ, ਨਾਲੇ ਸਾਰਾ ਹਾਲ ਜ਼ੁਬਾਨੀ ਦਸਿਆ ਅਤੇ ਫਿਰ ਪਿੰਡ ਗੁਜਰਵਾਲ ਆ ਗਿਆ। ਫਿਰ ਕੁਛ ਅਰਸੇ ਤੋਂ ਬਾਅਦ ਭਾਈ ਸਾਹਿਬ ਜੀ ਦਾ ਚਲਾਨ ਨਾਗਪੁਰ ਤੋਂ ਲਾਹੌਰ ਦਾ ਹੋ ਗਿਆ ਤੇ ਰਸਤੇ ਵਿਚ ਰੇਲ ਵਿਚ ਹੀ ਅਕਾਲੀ ਕੌਰ ਸਿੰਘ ਮਿਲ ਪਿਆ।

ਉਨ੍ਹਾਂ ਦੇ ਰਾਹੀਂ ਇਕ ਤਾਰ ਦਿਤੀ, ਜਿਹੜੀ ਕਿ ਭੈਣ ਕਰਤਾਰ ਕੌਰ ਦੇ ਨਾਂ ਨਾਰੰਗਵਾਲ ਆਈ। ਜਿਸ ਵਿਚ ਲਿਖਿਆ ਹੋਇਆ ਸੀ ਕਿ ਮੈਂ ਨਾਗਪੁਰ ਤੋਂ ਲਾਹੌਰ ਨੂੰ ਆ ਰਿਹਾ ਹਾਂ। ਮੈਨੂੰ ਤੁਸੀਂ ਲੁਧਿਆਣੇ ਮਿਲੋ। ਇਹ ਤਾਰ ਮਿਲਣ ਤੇ ਭੈਣ ਜੀ ਮੇਰੇ ਪਾਸ ਆ ਕੇ ਕਹਿਣ ਲੱਗੇ, ਤੂੰ ਛੇਤੀ ਤਿਆਰ ਹੋ ਜਾ, ਤੁਹਾਡੇ ਭਾਈ ਸਾਹਿਬ ਜੀ ਅੱਜ ਸ਼ਾਮ ਦੀ ਗੱਡੀ ਨਾਗਪੁਰ ਤੋਂ ਲਾਹੌਰ ਨੂੰ ਆ ਰਹੇ ਹਨ। ਮੈਂ ਉਸੇ ਵਕਤ ਤਿਆਰ ਹੋ ਕੇ, ਭੈਣ ਜੀ ਨਾਲ ਲੁਧਿਆਣੇ ਨੂੰ ਆ ਗਿਆ। ਅਗੋਂ ਜਦੋਂ ਸਟੇਸ਼ਨ ’ਤੇ ਪਹੁੰਚੇ ਤਾਂ ਪਤਾ ਲੱਗਾ ਕਿ ਭਾਈ ਸਾਹਿਬ ਜੀ ਤਾਂ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਨਿਕਲ ਗਏ ਸਨ। ਮੈਂ ਭੈਣ ਨੂੰ ਕਿਹਾ, ਤੂੰ ਤਾ ਘਰ ਨੂੰ ਮੁੜ ਜਾ, ਮੈਂ ਲਾਹੌਰ ਨੂੰ ਜਾਂਦਾ ਹਾਂ। ਮੈਂ ਕਿਸੇ ਗੱਡੀ ਵਿਚ ਬੈਠ ਕੇ ਲਾਹੌਰ ਪਹੁੰਚ ਗਿਆ। ਉਥੋਂ ਮੈਂ ਭਗਤ ਜਸਵੰਤ ਸਿੰਘ ਜੀ ਨੂੰ ਨਾਲ ਲਿਆ ਤੇ ਸਿਧੇ ਜੇਲ੍ਹ ਪਹੁੰਚ ਗਏ। ਜਦੋਂ ਅਸੀਂ ਜੇਲ੍ਹ ਦੇ ਦਰਵਾਜ਼ੇ ਮੂਹਰੇ ਗਏ ਤਾਂ ਅਗੋਂ ਡਾਕਟਰ ਆਲਮ ਹੱਥਕੜੀ ਲੱਗੀ ਹੋਈ ਖੜਾ ਸੀ। ਇਹ ਪੁਰਸ਼ ਸਾਡਾ ਵਕੀਲ ਸੀ ਜਿਸ ਨੇ ਸੰਨ 1915 ਵਿਚ ਸਾਡਾ ਮੁਕੱਦਮਾ ਲੜਿਆ ਸੀ। ਮੈਂ ਭਗਤ ਜੀ ਨੂੰ ਕਿਹਾ ਜਿਸ ਪੁਰਸ਼ ਨੂੰ ਹੱਥਕੜੀ ਲਗੀ ਹੋਈ ਹੈ ਇਹ ਸਾਡਾ ਵਕੀਲ ਸੀ। ਭਗਤ ਜੀ ਨੇ ਡਾਕਟਰ ਆਲਮ ਨੂੰ ਅੰਗਰੇਜ਼ੀ ਵਿਚ ਪੁੱਛਿਆ, ਤੁਸੀਂ ਸੰਨ 1915 ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ, ਭਾਈ ਸੁਰਜਨ ਸਿੰਘ ਜੀ ਤੇ ਹੋਰ ਵੀ ਕਈ ਸਿੰਘਾਂ ਦਾ ਮੁਕੱਦਮਾ ਲੜਿਆ ਸੀ ਤਾਂ ਉਸ ਨੇ ਕਿਹਾ, ਹਾਂ ਮੈਂ ਉਨ੍ਹਾਂ ਦਿਨਾਂ ਵਿਚ ਇਨ੍ਹਾਂ ਦਾ ਮੁਕੱਦਮਾ ਲੜਿਆ ਸੀ। ਮੇਰੇ ਵਲ ਬਾਂਹ ਕਰਕੇ ਭਗਤ ਜਸਵੰਤ ਸਿੰਘ ਜੀ ਕਹਿਣ ਲੱਗੇ ਕਿ ਇਹ ਜੋ ਮੇਰੇ ਨਾਲ ਖੜੇ ਹੈਂ, ਆਪ



www.AKJ.Org

ਇਨ ਕੋ ਜਾਨਤੇ ਹੈਂ ? ਉਸ ਨੇ ਕਿਹਾ ਹਾਂ, ਮੈਂ ਇਨ ਕਾ ਨਾਮ ਤੋ ਭੂਲ ਗਿਆ ਹੂੰ, ਪਰ ਵੈਸੇ ਪਛਾਨਤਾ ਹੂੰ। ਭਗਤ ਜੀ ਨੇ ਕਿਹਾ, "ਇਹ ਭਾਈ ਸੁਰਜਨ ਸਿੰਘ ਜੀ ਹਨ। ਇਹ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਮਿਲਣ ਆਏ ਹਨ।" ਡਾਕਟਰ ਆਲਮ ਉਠ ਕੇ ਖੜੋ ਗਿਆ। ਮੈਨੂੰ ਬਹੁਤ ਹੀ ਪ੍ਰੇਮ ਨਾਲ ਮਿਲਿਆ। ਡਾਕਟਰ ਆਲਮ ਨੂੰ ਜੇਲ੍ਹ ਵਿਚੋਂ ਕੱਢ ਕੇ ਕਿਸੇ ਮੁਕੱਦਮੇ ਵਾਸਤੇ ਅਦਾਲਤ ਵਿਚ ਲਿਜਾ ਰਹੇ ਸਨ। ਡਾਕਟਰ, ਪੁਲਸ ਵਾਲਿਆਂ ਨੂੰ ਕਹਿਣ ਲੱਗਾ, ਥੋੜ੍ਹੀ ਦੇਰ ਠਹਿਰੋ, ਮੈਂ ਵੀ ਭਾਈ ਸਾਹਿਬ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਪੁਲਿਸ ਵਾਲੇ ਕਹਿਣ ਲੱਗੇ, ਤੈਨੂੰ ਅਸੀਂ ਨਹੀਂ ਮਿਲਣ ਦਿੰਦੇ। ਇਹ ਝਗੜਾ ਹੋ ਹੀ ਰਿਹਾ ਸੀ ਕਿ ਜਦ ਨੂੰ ਭਾਈ ਸਾਹਿਬ ਜੀ, ਮੇਰੇ ਮਿਲਣ ਵਾਸਤੇ, ਬਾਹਰ ਡਿਊਢੀ ਵਿਚ ਆ ਗਏ। ਡਾਕਟਰ ਆਲਮ, ਭਾਈ ਸਾਹਿਬ ਜੀ ਦੇ ਚਰਨਾਂ 'ਤੇ ਡਿਗ ਪਏ ਤੇ ਅੱਖਾਂ ਵਿਚ ਆਂਸੂ ਆ ਗਏ ਤੇ ਨਾਲੇ ਕਹੀ ਜਾਵੇ, ਹਮ ਨੇ ਆਪ ਕੋ ਬਹੁਤ ਲੂਟਾ ਥਾ। ਮੈਂ ਭਾਈ ਸਾਹਿਬ ਜੀ ਨੂੰ ਕਿਹਾ, ਇਹ ਡਾਕਟਰ ਆਲਮ ਹੈ, ਜਿਸ ਵਕੀਲ ਨੇ ਸਾਡਾ ਮੁੱਕਦਮਾਂ ਲੜਿਆ ਸੀ। ਭਾਈ ਸਾਹਿਬ ਜੀ ਨੇ ਡਾਕਟਰ ਆਲਮ ਨੂੰ ਬਾਂਹ ਤੋਂ ਫੜ ਕੇ ਗਲੇ ਲਾ ਲਿਆ, ਨਾਲੇ ਕਿਹਾ, ਡਾ. ਆਲਮ ਤੇਰੇ ਜਿਹੇ ਗੁਲਾਮ ਭੀ ਜੇਲ੍ਹਾਂ ਵਿਚ ਕੈਦ ਹੋ ਕੇ ਆਉਣ ਲੱਗੇ ਹਨ ਤਾਂ ਮੁਲਕ ਹੁਣ ਕਿਉਂ ਨਾ ਆਜ਼ਾਦ ਹੋ ਜਾਵੇਗਾ ? ਜਦ ਨੂੰ ਪੁਲਸ ਵਾਲਿਆਂ ਨੇ ਡਾਕਟਰ ਆਲਮ ਨੂੰ ਬੱਸ ਵਿਚ ਬਿਠਾ ਲਿਆ ਤੇ ਅਦਾਲਤ ਨੂੰ ਲੈ ਗਏ। ਫਿਰ ਮੁਲਾਕਾਤ ਦੀ, ਮੇਰੀ ਤੇ ਭਗਤ ਜਸਵੰਤ ਸਿੰਘ ਦੀ ਵਾਰੀ ਆਈ। ਭਾਈ ਸਾਹਿਬ ਜੀ ਨੇ ਕਿਹਾ, ਸਾਨੂੰ ਹੁਣ ਨਾਗਪੁਰ ਤੋਂ ਲਾਹੌਰ ਇਸ ਵਾਸਤੇ ਲਿਆਏ ਹਨ ਕਿ ਕੁਛ ਦਿਨਾਂ ਤਕ ਛੱਡ ਦੇਣਗੇ। ਮੈਂ ਕਿਹਾ ਕਿਸ ਦਿਨ ਛਡਣਗੇ ? ਮੈਂ ਉਨ੍ਹੇ ਦਿਨ ਇੱਥੇ ਹੀ ਰਹਿੰਦਾ ਹਾਂ। ਭਾਈ ਸਾਹਿਬ ਜੀ ਨੇ ਕਿਹਾ, ਇਹ ਕੁਛ ਪਤਾ ਨਹੀਂ ਕਿਸ ਦਿਨ ਛਡਣਗੇ ? ਫਿਰ ਕੁਛ ਗੱਲਾਂ ਘਰ ਦੀਆਂ ਤੇ ਗੁਰੂ ਪੰਥ ਦੀਆਂ ਕਰਦੇ ਰਹੇ। ਜਦ ਨੂੰ ਟਾਈਮ ਹੋ ਗਿਆ। ਅਸੀਂ ਭਗਤ ਜਸਵੰਤ ਸਿੰਘ ਜੀ ਦੇ ਘਰ ਆ ਗਏ। ਮੈਂ ਦੂਜੇ ਦਿਨ ਭਗਤ ਜੀ ਦੇ ਘਰੋਂ ਸਟੇਸ਼ਨ ਵੱਲ ਨੂੰ ਆ ਗਿਆ ਤੇ ਗੱਡੀ ਬੈਠ ਕੇ ਨਾਰੰਗਵਾਲ ਪਹੁੰਚ ਗਿਆ। ਘਰ ਪਹੁੰਚ ਕੇ ਭੈਣ ਕਰਤਾਰ ਕੌਰ ਨੂੰ ਸਾਰਾ ਸਮਾਚਾਰ ਦਸਿਆ ਕਿ ਭਾਈ ਸਾਹਿਬ ਕੁਛ ਦਿਨਾਂ ਤਕ ਛੁਟ ਜਾਣਗੇ। ਇਹ ਸੁਣ ਕੇ ਭੈਣ ਕਰਤਾਰ ਕੌਰ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਹੁਣ ਲੇਖ ਸਮਾਪਤ ਹੋ ਗਿਆ ਹੈ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਜੇਲ੍ਹ ਤੋਂ ਆ ਕੇ ਮੈਨੂੰ ਬਹੁਤ ਵਾਰੀ ਕਿਹਾ ਸੀ ਕਿ ਤੇਰੇ ਬਹੁਤ ਕੁਛ ਯਾਦ ਹੈ ਕਿ ਜਿਹੜੇ ਸਮਾਗਮ ਆਪਣੇ ਜਥੇ ਦੇ ਜੇਲ੍ਹ ਜਾਣ ਤੋਂ ਪਹਿਲਾਂ ਹੋਏ ਹਨ, ਤੂੰ ਮੈਨੂੰ ਲਿਖਵਾ ਦੇ, ਪਰ ਘੌਲ ਦੇ ਕਾਰਣ ਲਿਖਾਏ ਨਹੀਂ ਸੀ ਗਏ। ਸ੍ਰੀ ਮਾਨ ਭਾਈ ਸਾਹਿਬ ਜੀ ਸਚਖੰਡ ਪਿਆਨੇ ਕਰ ਗਏ। ਹੁਣ ਪਟਿਆਲਾ ਨਿਵਾਸੀ ਸੰਗਤ ਨੇ ਦਾਸ ਨੂੰ ਪ੍ਰੇਰ ਕੇ ਇਹ ਲੇਖ ਲਿਖਵਾਏ ਹਨ। ਮੈਂ ਕੋਈ ਏਨਾ ਵਿਦਵਾਨ ਨਹੀਂ ਹਾਂ, ਕੋਈ ਗਲਤੀ ਹੋਈ ਹੋਵੇ ਤਾਂ ਮਾਫ ਕਰਨੀ। ਮੇਰਾ ਸਰੀਰ ਭੀ ਕਾਫੀ ਬਿਰਧ ਹੋ ਗਿਆ ਹੈ। ਮੇਰੀ ਉਮਰ ਵੀ ਅਠੱਤਰ ਸਾਲ ਦੀ ਹੋ ਗਈ ਹੈ। ਅੱਖਾਂ ਵੀ ਕਮਜ਼ੋਰ ਹਨ, ਦਿਮਾਗ ਇਤਨਾ ਕੰਮ ਨਹੀਂ ਕਰਦਾ ਹੈ। ਮੇਰੇ ਪਾਸੋਂ ਲੇਖ ਲਿਖਣ ਵਿਚ ਬਹੁਤ ਗ਼ਲਤੀਆਂ ਹੋ ਗਈਆਂ ਹੋਣਗੀਆਂ। ਮੈਂ ਸਰਬ ਸੰਗਤ ਪਾਸੋਂ ਮਾਫੀ ਮੰਗਦਾ ਹਾਂ।

***



www.AKJ.Org

# ਅੱਖੀਂ ਡਿੱਠੇ ਭਾਈ ਸਾਹਿਬ

**ਭਾਈ ਸਾਹਿਬ ਧਰਮਾਨੰਤ ਸਿੰਘ ਜੀ**

ਜਿਸ ਸਮੇਂ ਦੀ ਸਾਖੀ ਮੈਂ ਭੇਟਾ ਕਰਨ ਲੱਗਾ ਹਾਂ ਉਸ ਨੂੰ ਬੀਤਿਆਂ ਅੱਜ (ਸੰਨ 1964 ਵਿਚ) ਠੀਕ 57-58 ਸਾਲ ਬੀਤੇ ਚੁੱਕੇ ਹਨ। ਮੈਂ ਦਸੰਬਰ 1904 ਤੋਂ ਜੂਨ 1907 ਤਕ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ, ਦਾ ਵਿਦਿਆਰਥੀ ਸਾਂ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 1907 ਈ. ਵਿੱਚ ਖ਼ਾਲਸਾ ਕਾਲਜੀਏਟ ਸਕੂਲ ਦੇ ਬੋਰਡਿੰਗ ਹਾਊਸ ਦੇ ਮੁਖ ਸੁਪ੍ਰਿੰਟੈਂਡੈਂਟ ਸਨ। ਮੈਨੂੰ ਇਹ ਦੱਸਣ ਵਿਚ ਬੜਾ ਮਾਣ ਹੈ ਕਿ ਮੈਂ ਉਹਨਾਂ ਦੀ ਵਿਸ਼ੇਸ਼ ਕਿਰਪਾ ਤੇ ਵਿਸ਼ੇਸ਼ ਧਿਆਨ ਦਾ ਕੇਂਦਰ ਸਾਂ। ਕਾਰਨ ਇਹ ਸੀ ਕਿ ਮੈਨੂੰ ਜਾਪ ਸਾਹਿਬ ਅਤੇ 33 ਸਵੈਯੇ ਕੰਠ ਸਨ ਮੈਂ ਬਿਨਾਂ-ਨਾਗਾ ਏਨ੍ਹਾਂ ਪਾਵਨ ਬਾਣੀਆਂ ਦਾ ਅੰਮ੍ਰਿਤ ਵੇਲੇ ਬੁਲੰਦ ਸੂਰ ਨਾਲ, ਹੇਠਾਂ ਆਪਣੇ ਕਮਰੇ ਵਿਚ ਪਾਠ ਕਰਿਆ ਕਰਦਾ ਸਾਂ। ਭਾਈ ਸਾਹਿਬ ਕੋਠੇ ਪਰ ਆਪਣੀ ਰਿਹਾਇਸ਼-ਗਾਹ ਵਿਚ, ਸੁਣ-ਸੁਣ ਕੇ ਪ੍ਰਸੰਨ ਹੋਇਆ ਕਰਦੇ ਸਨ। ਇਸ ਸੰਬੰਧੀ ਦਿਨ ਵਿਚ ਉਹ ਮੈਨੂੰ ਕਦੇ-ਕਦੇ ਬੜੇ ਪ੍ਰੇਮ ਨਾਲ, ਆਪਣੇ ਸ਼ਲਾਘਾ ਪੂਰਿਤ ਬਚਨ ਵੀ ਸੁਣਾ ਦੇਣ ਵਿਚ ਸੰਕੋਚ ਨਹੀਂ ਕਰਦੇ ਸਨ।

ਇੱਕੁਰ ਸੰਨ 1906-07 ਦੀ ਸਰਦ ਰੁਤ ਬੀਤੀ ਤੇ ਗ੍ਰੀਸ਼ਮ ਆ ਗਈ। ਇੱਕ ਦੋ ਦਿਨ ਝੜ ਰਿਹਾ, ਫਿਰ ਬਰਖਾ ਪੈ ਗਈ। ਵਿਚਕਾਰਲੇ ਲੰਗਰ ਦੇ ਵਿਦਿਆਰਥੀਆਂ ਨੇ ਭਾਈ ਸਾਹਿਬ ਪ੍ਰਤੀ ਯਾਚਨਾ ਕੀਤੀ ਕਿ ਖੀਰ ਖਾਣ ਨੂੰ ਜੀਅ ਲੋਚਦਾ ਹੈ। ਸੋ ਤੁਰੰਤ, ਦੋ ਲਾਂਗਰੀ ਲਾਗੇ ਦੇ ਪਿੰਡਾਂ ਨੂੰ ਦੁੱਧ ਲਈ ਘੱਲ ਦਿੱਤੇ ਗਏ। ਦੁੱਧ ਆ ਗਿਆ। ਖੀਰ ਤਿਆਰ ਹੋ ਗਈ। ਪਰ ਸਤਿਗੁਰਾਂ ਨੇ ਹੁਣ ਇਕ ਨਿੱਕਾ ਜਿਹਾ ਕੌਤਕ ਕਰਨਾ ਸੀ ਤੇ ਆਪਣੇ ਸਤੋਗਣੀ ਸਿੱਖ ਦੀ ਨਿਕਟ-ਵਰਤੀਆਂ ਦੀ ਦ੍ਰਿਸ਼ਟੀ ਵਿਚ ਸ਼ੋਭਾ ਦਾ ਚਮਤਕਾਰ ਵਿਖਾਣਾ ਸੀ।

ਭਾਣਾ ਇਉਂ ਵਰਤਿਆ ਕਿ ਜਿਨ੍ਹਾਂ-ਜਿਨ੍ਹਾਂ ਨੇ ਉਸ ਖੀਰ ਨੂੰ ਖਾਧਾ, ਅੱਧੇ ਕੁ ਘੰਟੇ ਤੋਂ ਬਾਅਦ ਉਹਨਾਂ ਦਾ ਜੀਅ ਮੱਚਲਾਣ ਲੱਗ ਪਿਆ ਤੇ ਜਿਉਂ-ਜਿਉਂ ਉਹ ਲੰਮੇ ਪੈਂਦੇ ਗਏ, ਉਨ੍ਹਾਂ ਨੂੰ ਦਸਤਾਂ ਤੇ ਕੈਆਂ ਦੁਆਰਾ ਸ਼ੀਘਰ ਹੀ ਰਸਾਤਲ ਪਹੁੰਚਣ ਦਾ ਭਿਆਨਕ ਸੁਨੇਹਾ ਮਿਲਦਾ ਗਿਆ। ਕੁਝ ਘੰਟਿਆਂ ਦੇ ਅਰਸੇ ਵਿੱਚ ਹੀ ਦੋ ਸੌ ਦੇ ਕਰੀਬ ਮੁੰਡਿਆਂ ਦੀ ਇਹ ਲਾਚਾਰ ਵਿਵਸਥਾ ਹੋ ਗਈ। ਮੈਂ ਉਸ ਐਤਤਾਰ, ਉਸ ਖਾਸ ਮੌਕੇ, ਸ੍ਰੀ ਦਰਬਾਰ ਸਾਹਿਬ ਗਿਆ ਹੋਇਆ ਸਾਂ, ਪਰ ਮੈਨੂੰ ਪਤਾ ਸੀ ਕਿ ਲੰਗਰ ਵਿਚ ਖੀਰ ਬਣਨੀ ਹੈ। ਸੋ ਮੈਂ ਜਿੰਨੀ ਛੇਤੀ ਹੋ ਸਕੀ, ਅਜੇ ਚਾਨਣਾ ਹੀ ਸੀ ਕਿ, ਕਾਲਜ ਪਹੁੰਚ ਗਿਆ। ਨਾਭਾ ਹੋਸਟਲ ਦੇ ਸਾਹਮਣੇ ਹੁੰਦਿਆ ਹੀ, ਜੋ ਦ੍ਰਿਸ਼ ਵੇਖਿਆ, ਉਹ ਇਹ ਸੀ। ਉਥੇ ਮਾਸਟਰਾਂ ਤੇ ਵਿਦਿਆਰਥੀਆਂ ਦੀ, ਲਾਂਗਰੀਆਂ ਤੇ ਚਪੜਾਸੀਆਂ ਦੀ, ਚੌਂਕੀਦਾਰਾਂ ਤੇ ਜਮਾਂਦਾਰਾਂ ਦੀ ਭਾਰੀ ਭੀੜ ਲੱਗੀ ਖੜੀ ਸੀ। ਪਰ ਰੌਲੇ-ਰੱਪੇ ਦਾ ਨਾਂ



www.AKJ.Org

ਨਿਸ਼ਾਨ ਵੀ ਨਹੀਂ ਸੀ। ਸਭ ਹੈਰਾਨੀ ਤੇ ਪਰੇਸ਼ਾਨੀ ਦੇ ਬੁਤ ਹੀ ਬੁਤ ਨਜ਼ਰ ਆਉਂਦੇ ਸਨ। ਮੈਂ ਭੀੜ ਤੋਂ ਅੱਗੇ ਲੰਘਣ ਦਾ ਹੌਸਲਾ ਕੀਤਾ ਤਾਂ ਵੇਖਿਆ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਾਹਮਣੇ ਵੱਡੇ ਕਮਰੇ ਦੇ ਬਾਹਰ, ਖੱਬੇ ਪਾਸੇ ਕੁਰਸੀ ’ਤੇ ਬੈਠੇ ਹਨ। ਉਹਨਾਂ ਦੇ ਸਾਹਮਣੇ ਇੱਕ ਕੁਰਸੀ ਵੀ ਪਈ ਹੈ, ਤੇ ਦੋਹਾਂ ਕੁਰਸੀਆਂ ਦੇ ਵਿਚਕਾਰ ਮੇਜ਼ ਹੈ, ਅਰ ਦੋ ਵਿਸ਼ੇਸ਼ ਲਾਂਗਰੀ ਉਹਨਾਂ ਦੇ ਸੱਜੇ ਪਾਸੇ, ਸਿਰ ਨੀਵਾਂ ਕਰਕੇ, ਹੱਥ ਜੋੜੀ ਖੜੇ ਹਨ। ਮੈਂ ਭਾਈ ਸਾਹਿਬ ਦੇ ਸਨਮੁੱਖ ਹੁੰਦਿਆਂ ਹੀ ‘ਫਤਹਿ’ ਗਜਾਈ, ਜਿਸ ਦਾ ਉੱਤਰ, ਉਹਨਾਂ ਨੇ ਆਪਣੀ ਸਦੀਵੀਂ ਮੁਸਕਰਾਹਟ ਨਾਲ ਦਿੱਤਾ। ਤੇ ਮੈਨੂੰ ਕੁਰਸੀ ’ਤੇ ਬੈਠਣ ਲਈ ਇਸ਼ਾਰਾ ਕੀਤਾ। ਮੈਂ ਬਹਿ ਗਿਆ। ਭਾਈ ਸਾਹਿਬ ਦੇ ਸੱਜੇ ਹੱਥ ਵਿਚ ਰੂਲ (ਡੰਡਾ) ਸੀ। ਉਹ ਮੇਰੇ ਨਾਲ ਮਾਮੂਲੀ ਜਿਹੀ ਗੱਲ-ਬਾਤ ਵੀ ਕਰ ਰਹੇ ਸਨ ਤੇ ਲਗਾਤਾਰ ਮੁਸਕਰਾ ਵੀ ਰਹੇ ਸਨ। ਮੱਥੇ ਪਰ ਕਿਸੇ ਪ੍ਰਕਾਰ ਦੀ ਤਿਊੜੀ ਯਾ ਵੱਟ ਨਹੀਂ ਨਜ਼ਰ ਆਉਂਦਾ ਸੀ, ਤੇ ਛਿਨ ਪਲ ਮਗਰੋਂ, ਉਹਨਾਂ ਦੇ ਪਵਿੱਤਰ-ਮੁਖ ਤੋਂ ਬਾਣੀ ਦੇ ਕਿਸੇ ਵਾਕ ਦੀ ਅਵਾਜ਼ ਵੀ ਸਾਫ ਸੁਣੀਂਦੀ ਸੀ। ਗੱਲ ਕੀ, ਉਹ ਪੂਰਨ ਸਤੋਗੁਣ ਦਾ ਐਸਾ ਰੂਪ ਧਾਰੀ ਬੈਠੇ ਸਨ ਜਿਸ ਤਰ੍ਹਾਂ ਕਿ ਵਸ਼ਿਸ਼ਟ ਜੀ ਨੇ ਸਤਿਜੁਗ ਜਾਂ ਤ੍ਰੇਤਾ ਵਿਚ ਓਦੋਂ ਧਾਰਿਆ ਹੋਣਾ ਹੈ, ਜਦੋਂ ਵਿਸ਼੍ਵਾਮਿਤ੍ਰ, ਉਹਨਾਂ ਦੇ ਸੌ ਪੁਤਰ ਕਤਲ ਕਰਨ ਵਿਚ ਰੁੱਝਾ ਹੋਇਆ ਸੀ।

ਭਾਈ ਸਾਹਿਬ ਨੇ ਕ੍ਰੋਧ ਤੋਂ ਬਿਨਾਂ, ਪਰ ਬੜੀ ਸੰਜੀਦਗੀ ਨਾਲ, ਤਿੰਨ ਵੇਰ ਲਾਂਗਰੀਆਂ ਨੂੰ ਸੰਬੋਧਨ ਕਰ ਕੇ ਪੁੱਛਿਆ, “ਦਸੋ। ਦੁੱਧ ਵਿਚ ਕੀ ਰਲਾ ਕੇ ਲਿਆਏ ਹੋ ? ਉਹਨਾਂ ਦੋਹਾਂ ਨੇ ਤਿੰਨ ਵੇਰ ਉੱਤਰ ਦਿੱਤਾ, ਜੀ ਅਸਾਂ ਕੁਝ ਨਹੀਂ ਰਲਾਇਆ ਸਾਨੂੰ ਕੁਝ ਪਤਾ ਨਹੀਂ - ਅਸੀਂ ਨਿਰਦੋਸ਼ ਹਾਂ।” ਤਿੰਨ ਵੇਰ ਏਦਾਂ ਪੁੱਛਣ ਮਗਰੋਂ ਭਾਈ ਸਾਹਿਬ ਨੇ ਅਤਿ ਤੇਜੱਸ੍ਵੀ ਗੰਭੀਰਤਾ ਨਾਲ ਰੂਲ ਨੂੰ ਇਧਰ-ਉਧਰ ਘੁਮਾਇਆ ਤੇ ਫਿਰ ਗਰਜ ਕੇ ਕਿਹਾ, “ਸਿੰਘੋ, ਸੱਚ-ਸੱਚ ਦੱਸੋ। ਦੁੱਧ ਵਿਚ ਕੀ ਰਲਾਇਆ ਜੇ ? ਤੁਸਾਂ ਗੁਰੂ ਕੇ ਸਿੰਘ ਹੋ ਕੇ ਘੋਰ ਪਾਪ ਕੀਤਾ ਹੈ, ਬੜਾ ਕਹਿਰ ਵਰਤਾਇਆ ਹੈ, ਵਾਹਿਗੁਰੂ, ਹੱਥ ਅੱਗੇ ਕਰੋ।”

ਬਸ, ਫਿਰ ਕੀ ਸੀ। ਲਾਂਗਰੀ ਹੱਥ ਅਗੇ ਕਰਦੇ ਗਏ ਤੇ ਭਾਈ ਸਾਹਿਬ ਉੱਚੀ-ਉੱਚੀ ਅਵਾਜ਼ ਵਿੱਚ ਵਾਹਿਗੁਰੂ, ਵਾਹਿਗੁਰੂ ਕਹਿੰਦੇ ਹੋਏ, ਵੱਧ ਤੋਂ ਵੱਧ ਜ਼ੋਰ ਨਾਲ ਉਹਨਾਂ ਦੋਹਾਂ ਦਿਆਂ ਹੱਥਾਂ ਤੇ ਵਾਰੋ-ਵਾਰੀ ਰੂਲ ਮਾਰਦੇ ਗਏ। ਜਦ ਦੋਹਾਂ ਨੂੰ ਸੱਤ-ਸੱਤ ਰੂਲ ਪੈ ਚੁੱਕੇ ਅਤੇ ਦੋਹਾਂ ਦਿਆਂ ਕੰਨਾਂ ਵਿਚ ਸੱਤ-ਸੱਤ ਵੇਰ, ਇੱਕ ਮਹਾਂ ਪੁਰਖ ਦੇ ਮੂੰਹ ਤੋਂ ‘ਵਾਹਿਗੁਰੂ’ ਸ਼ਬਦ ਦੀ ਧੁਨੀ ਪੈ ਚੁੱਕੀ, ਤਾਂ ਉਹ ਵੀ ਅਚਨਚੇਤ ਉੱਚੀ-ਉੱਚੀ ‘ਵਾਹਿਗੁਰੂ, ਵਾਹਿਗੁਰੂ’ ਕਹਿਣ ਲੱਗ ਪਏ।

ਇਉਂ ਉਹਨਾਂ ਦੇ ਵਾਹਿਗੁਰੂ ਵਾਹਿਗੁਰੂ ਕਹਿਣ ਦੀ ਦੇਰ ਸੀ ਕਿ ਭਾਈ ਸਾਹਿਬ ਨੇ ਝਟ ਰੂਲ ਨੂੰ ਮੇਜ਼ ਤੇ ਰੱਖ ਦਿੱਤਾ ਅਤੇ ਹੱਥ ਜੋੜ ਕੇ ਲਾਂਗਰੀਆਂ ਦੇ ਸਾਹਮਣੇ ਖੜੇ ਹੋ ਗਏ, ਅਤੇ ਬੜੀ ਉੱਚੀ ਅਵਾਜ਼ ਵਿੱਚ ਕਿਹਾ, “ਸਿੰਘੋ, ਬਿਲਕੁਲ ਸੱਚ ਸੱਚ ਦਸ ਦਿਓ ! ਹੁਣੇ, ਇਸ ਪਲ ਛਿਨ ਵਿੱਚ ਸਤਿਗੁਰੂ, ਤੁਹਾਡਾ ਗੁਨਾਹ ਬਖਸ਼ਣ ਲਈ ਹਾਜ਼ਰ ਹਜ਼ੂਰ ਹਨ” ਭਾਈ ਸਾਹਿਬ, ਇਹ ਸ਼ਬਦ ਕਹਿ ਹੀ ਰਹੇ ਸਨ ਕਿ ਲਾਂਗਰੀ ਭੁੱਬਾਂ ਮਾਰ ਕੇ ਰੋ ਪਏ ਅਤੇ ਮਹਾਂਪੁਰਖ ਦੇ ਚਰਨਾਂ ਤੇ ਡਿਗ ਪਏ ਤੇ ਕਹਿਣ ਲੱਗੇ “ਮਹਾਰਾਜ, ਸਾਨੂੰ ਬਖ਼ਸ਼ੋ, ਸਾਨੂੰ



www.AKJ.Org

ਬਖ਼ਸ਼ੋ, ਅਸੀਂ ਬੜੇ ਨੀਚ ਹਾਂ, ਮਹਾਂ ਨੀਚ ਹਾਂ। ਅਸਾਂ ਦੁੱਧ ਵਿਚ ਟੋਭਿਆਂ ਤੇ ਛਪੜਾਂ ਦਾ ਪਾਣੀ ਰਲਾਇਆ ਸੀ। ਸਾਨੂੰ ਬਖਸ਼ੋ, ਮਹਾਰਾਜ, ਸਾਨੂੰ ਬਖ਼ਸ਼ੋ।" ਉਹ ਇਹ ਕਹਿ ਹੀ ਰਹੇ ਸਨ ਕਿ ਭਾਈ ਰਣਧੀਰ ਸਿੰਘ ਜੀ ਨੇ, ਜੋ ਪਹਿਲਾਂ ਹੀ ਹੱਥ ਜੋੜੀ ਖੜੇ ਸਨ, ਪੈਰਾਂ ਤੋਂ ਜੋੜੇ ਲਾਹ ਦਿੱਤੇ ਤੇ ਬੜੀ ਸੁਰੀਲੀ ਅਵਾਜ਼ ਨਾਲ ਇਸ ਸਾਰਸੇ ਸ਼ਬਦ ਦਾ, ਪਾਠ ਕੀਤਾ। ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧॥ ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰ ਹੈ ਮੇਰੇ ਮਾਣਾ॥ ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭ ਤੇਰਾ ਖੇਲੁ ਅਖਾੜਾ ਜੀਉ॥੨॥ ਜੀਅ ਜੰਤੁ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥ ਸਭੁ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ॥੩॥ ਨਾਮੁ ਧਿਆਇ ਮਹਾ ਸੁਖ ਪਾਇਆ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥ ਗੁਰਿ ਪੂਰੈ ਵਜੀ ਵਾਧਾਈ, ਨਾਨਕ ਜਿਤਾ ਬਿਖਾੜਾ ਜੀਉ॥੪॥ (ਮਾਝ ਮ: ੫, ਪੰ. ੧੦੩)

ਇਸ ਦੀ ਸਮਾਪਤੀ ਤੇ ਆਪ ਨੇ ਦਸਾਂ ਪਾਤਿਸ਼ਾਹੀਆਂ ਦਾ ਅਰਦਾਸਾ ਸੋਧਿਆ, ਅਤੇ ਅੰਤ ਵਿਚ ਕਿਹਾ, 'ਕ੍ਰਿਪਾ ਨਿਧਾਨ, ਆਪ ਦੇ ਸੇਵਾਦਾਰਾਂ ਤੋਂ ਬੜੀ ਉਗਰ ਖ਼ਤਾ ਹੋਈ ਹੈ ਏਹਨਾਂ ਨੂੰ ਬਖ਼ਸ਼ੋ। ਹੇ ਭਲਿਆਂ ਤੇ ਬੁਰਿਆਂ ਦੋਹਾਂ ਦੀ ਪੀੜ ਜਾਨਣ ਵਾਲੇ ਸਤਿਗੁਰੂ, ਜਿਹੜੇ ਬੱਚੇ ਐਸ ਵੇਲੇ ਅਤਿ ਖ਼ਤਰਨਾਕ ਹਾਲਤ ਵਿੱਚ ਮੰਜੀਆਂ ਤੇ ਪਏ ਹਨ, ਉਹਨਾਂ ਨੂੰ ਪੂਰਨ ਸਾਵਧਾਨ ਕਰੋ ਤੇ, ਹੇ ਸਭ ਦੀ ਲਾਜ ਰੱਖਣ ਵਾਲੇ ਸਤਿਗੁਰੂ, ਮੇਰੀ ਲਾਜ ਰੱਖੋ, ਮੇਰੇ ਸਿਰ ਬੜੀ ਜ਼ਿੰਮੇਵਾਰੀ ਹੈ। ਇਸ ਜੰਗਲ ਵਿਚ, ਇਸ ਵੇਲੇ ਨਾ ਕੋਈ ਡਾਕਟਰ ਹੈ, ਨਾ ਕੋਈ ਹਕੀਮ ਹੈ, ਨਾ ਕੋਈ ਵੈਦ ਹੈ, ਨਾ ਕੋਈ ਸਿਆਣਾ ਹੈ।"

ਇਸ ਤੋਂ ਉਪਰੰਤ, ਉਹ ਆਪ ਹੀ ਨੰਗੇ ਪੈਰੀ ਦੌੜੇ ਗਏ ਤੇ ਛੇਤੀ ਛੇਤੀ ਇਕ ਪਾਤ੍ਰ ਵਿੱਚ ਖੂਹ ਤੋਂ ਜਲ ਲਿਆਏ। ਇਸ ਨੂੰ ਮੇਜ਼ ਤੇ ਰੱਖ ਕੇ ਉਨ੍ਹਾਂ ਨੇ ਪੰਜ ਵੇਰ ਮੂਲਮੰਤਰ ਦਾ ਪਾਠ ਕੀਤਾ, ਫਿਰ ਜਪੁਜੀ ਦੀਆਂ ਪੰਜ ਪਹਿਲੀਆਂ ਤੇ ਪੰਜ ਪਿਛਲੀਆਂ ਦਾ, ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ, ਜਾਪ ਸਾਹਿਬ ਦੇ ਆਰੰਭਿਕ ਤੇ ਅੰਤਿਮ ਛੰਦਾਂ ਦਾ, ਅਰ ਅੰਤ ਵਿਚ ਸੁਧਾ ਸਵੈਯਾਂ ਦਾ ਪਾਠ ਕਰਕੇ, ਫਿਰ ਕੇਵਲ ਵਾਹਿਗੁਰੂ ਵਾਹਿਗੁਰੂ ਕਰਦੇ ਹੋਏ ਜਿੱਥੇ ਜਿੱਥੇ ਲੜਕੇ ਬਿਮਾਰ ਪਏ ਸਨ ਓਧਰ ਤੁਰ ਪਏ। ਸਾਰੀ ਬਹੁ-ਰੰਗੀ ਭੀੜ ਵੀ ਪਿਛੇ ਸੀ ਤੇ ਮੈਂ ਅੱਗੇ ਅੱਗੇ ਉਹਨਾਂ ਦੇ ਨਾਲ ਸਾਂ। ਸਾਰੇ ਇੱਕ-ਮਨ ਇੱਕ-ਚਿਤ, ਵਾਹਿਗੁਰੂ ਵਾਹਿਗੁਰੂ ਦਾ ਉਚਾਰਨ ਕਰ ਰਹੇ ਸਨ। ਜਿਉਂ ਹੀ ਪਹਿਲਾਂ ਬਿਮਾਰ ਦ੍ਰਿਸ਼ਟੀ ਪਿਆ, ਉਹਨਾਂ ਨੂੰ ਉਹਦੇ ਨਾਲ ਅੱਖਾਂ ਮਿਲਾ ਕੇ, ਉਸ ਤੋਂ ਵਾਹਿਗੁਰੂ ਅਖਵਾਇਆ ਅਤੇ ਆਪਣੇ ਕਰ ਕਮਲਾਂ ਨਾਲ ਉਸ ਦੇ ਮੂੰਹ ਵਿਚ ਜਲ ਪਾਇਆ ਤੇ ਕਿਹਾ "ਸਿੰਘ ਜੀ, ਸਾਵਧਾਨ ਹੋ ਜਾਓ, ਉੱਠ ਬੈਠੋ। ਉਹ ਤਤਕਾਲ ਉੱਠ ਬੈਠਾ ਤੇ ਖੜਾ ਹੋ ਗਿਆ। ਇਕੁਰ ਹੀ ਸਾਰਿਆਂ ਨੂੰ ਸਾਵਧਾਨ ਕੀਤਾ।

ਬੋਲੋ ਜੀ, ਵਾਹਿਗੁਰੂ ! ਮੈਂ ਇਸ ਕੌਤਕ ਦਾ ਆਪ ਸਾਖੀ ਹਾਂ, ਤੇ ਸੋਲ੍ਹਾਂ ਆਨੇ ਇਸ ਦੀ ਸੱਚਾਈ ਦੀ ਸਾਖ ਭਰਦਾ ਹਾਂ। ਇਹ ਹੈ ਪੂਰਨ ਸਤੋਗੁਣ ਦਾ ਈਸ਼ੂਰੀ ਪ੍ਰਭਾਵ।

*(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਿਮਰਤੀ ਗ੍ਰੰਥ ਵਿਚੋਂ, ਧੰਨਵਾਦ ਸਹਿਤ)*

***



www.AKJ.Org

# ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ

**ਸ. ਆਤਮਾ ਸਿੰਘ ਮੋਗਾ 'ਪ੍ਰੀਤਵਾਨ'***

**ਨੋਟ:** ਸ. ਆਤਮਾ ਸਿੰਘ ਜੀ 1907 ਤੋਂ ਭਾਈ ਸਾਹਿਬ ਦੇ ਪ੍ਰੇਮੀ ਸਨ ਜਦੋਂ ਭਾਈ ਸਾਹਿਬ ਜੀ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿੱਚ, ਹੋਸਟਲ ਸੁਪਰਟੈਂਡੈਂਟ ਵਜੋਂ ਨੌਕਰੀ ਕਰਦੇ ਸਨ, ਜਦ ਕਿ ਆਪ ਉਸੇ ਕਾਲਜ ਬੀ.ਏ. ਵਿਚ ਪੜ੍ਹਿਆ ਕਰਦੇ ਸਨ। ਆਪ ਨੇ ਆਪਣਾ ਨਾਮ ਜ਼ਾਹਰ ਕਰਨ ਦੀ ਆਗਿਆ ਨਹੀਂ ਦਿਤੀ ਸੀ, ਪਰ ਅਸੀਂ ਆਪਣੇ ਪੁਰਾਣੇ ਪ੍ਰੇਮ ਦੇ ਸਦਕੇ, ਉਹਨਾਂ ਦਾ ਨਾਮ ਪ੍ਰਗਟ ਕਰਨ ਦੀ, ਆਪ ਹੀ ਖੁਲ੍ਹ ਲੈ ਲਈ ਹੈ, ਆਸ ਹੈ ਕਿ ਆਪ ਖਿਮਾਂ ਕਰਨਗੇ। ਆਪ ਦਾ ਲੇਖ ਪੜ੍ਹ ਕੇ ਸਾਨੂੰ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ ਜਿਨ੍ਹਾਂ ਦਾ ਜ਼ਿਕਰ ਅਸੰਭਵ ਹੈ। ਆਪ ਭਾਈ ਸਾਹਿਬ ਦੇ ਨਿਸ਼ਕਾਮ ਪ੍ਰੇਮੀ ਸਨ। 1915-16 ਵਿਚ ਆਪ ਨੇ ਮੁਕਦਮੇ ਸਮੇਂ, ਆਪਣੇ ਮਾਮਾ ਜੀ ਸ. ਜੋਗਿੰਦਰ ਜੀ ਸੁਪ੍ਰਿੰਟਡੈਂਟ ਮਹਿਕਮਾ ਅਕਾਉਂਟੈਂਸ ਪਟਿਆਲਾ ਸਮੇਤ ਖਾਸ ਸੇਵਾ ਤੇ ਸਹਾਇਤਾ ਕੀਤੀ ਸੀ। ਆਪ ਲੁਧਿਆਣੇ ਭੁਜੰਗੀ ਸਭਾ ਦੇ ਹਫਤੇਵਾਰ ਦੀਵਾਨਾਂ ਵਿਚ, ਮਾਲਵਾ ਖ਼ਾਲਸਾ ਸਕੂਲ ਦੀ ਬਿਲਡਿੰਗ ਵਿਚ, ਹਰ ਹਫ਼ਤੇ ਪਟਿਆਲੇ ਤੋਂ ਆ ਕੇ ਸ਼ਾਮਲ ਹੋਇਆ ਕਰਦੇ ਸਨ। ਏਨ੍ਹਾਂ ਸਮਾਗਮਾਂ ਵਿਚ, ਭਾਈ ਸਾਹਿਬ ਰਣਧੀਰ ਸਿੰਘ ਜੀ ਖ਼ਾਸ ਪ੍ਰੇਮ ਨਾਲ ਕੀਰਤਨ ਕਰਿਆ ਕਰਦੇ ਸਨ। ਏਹ ਸਿਲਸਿਲਾ 1909 ਤੋਂ 1914 ਤਕ ਜਾਰੀ ਰਿਹਾ।

ਸ. ਆਤਮਾ ਸਿੰਘ ਜੀ ਦਾ ਲੇਖ ਭਾਈ ਸਾਹਿਬ ਦੀ ਗੁਰਬਾਣੀ ਤੇ ਨਾਮ ਦੀ ਗੂੜ੍ਹ ਵਾਕਫੀ ਦਾ ਜ਼ਾਤੀ ਤਜ਼ਰਬੇ ਵਾਲਾ ਸਬੂਤ ਹੈ। **-ਐਡੀਟਰ ਗਿ. ਨਾਹਰ ਸਿੰਘ ਜੀ**

ਲਗਭਗ 1911-12 ਦੀ ਗੱਲ ਹੈ ਜਦੋਂ ਇਹ ਪ੍ਰੀਤਵਾਨ ਮਹਿੰਦਰ ਕਾਲਜ ਪਟਿਆਲਾ ਵਿਚ ਦਾਖ਼ਲ ਹੋਇਆ। ਉਸ ਸਮੇਂ ਕੀਰਤਨ ਅਤੇ ਨਾਮ ਅਭਿਆਸ ਦੇ ਪ੍ਰੇਮੀ, ਸੰਤ ਸਰੂਪ ਭਾਈ ਰਣਧੀਰ ਸਿੰਘ ਜੀ ਭੀ ਪਟਿਆਲੇ ਦਰਸਨ ਦਿਆ ਕਰਦੇ ਸਨ। ਇਕ ਦਿਨ, ਉਹ ਪਟਿਆਲੇ ਯਤੀਮਖ਼ਾਨੇ, ਖੁਲ੍ਹੀ ਹਵਾ ਵਿਚ, ਧੁੱਪ ਸਮੇਂ ਇਕ ਰੁੱਖ ਹੇਠ ਬੈਠੇ ਸਨ। ਉਸ ਸਮੇਂ ਇਕ ਪ੍ਰੇਮੀ ਨੇ ਉਹਨਾਂ ਪਾਸ ਗੁਰਬਾਣੀ ਅਤੇ ਨਾਮ ਦੇ ਭਿੰਨ ਭੇਦ ਸਬੰਧੀ ਵਿਚਾਰ ਅਰੰਭ ਕੀਤੀ। ਪ੍ਰੀਤਵਾਨ (ਲੇਖਕ) ਭੀ ਪਾਸ ਹੀ ਬੈਠਾ ਸੀ। ਪ੍ਰੇਮੀ ਦਾ ਵਿਚਾਰ ਸੀ ਕਿ ਗੁਰਬਾਣੀ ਹੀ ਨਾਮ ਹੈ ਅਤੇ ਇਹੋ ਹੀ ਕਲਿਆਨ ਰੂਪ ਹੈ। ਭਾਈ ਸਾਹਿਬ ਨੇ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਦੀ ਪਹਿਲੀ ਤੁਕ 'ਸਿਮਰਉ ਸਿਮਰਿ ਸਿਮਰਿ ਸੁਖ ਪਾਵਉ' ਦਾ ਦ੍ਰਿਸ਼ਟਾਂਤ ਦਿੰਦੇ ਹੋਏ ਵਿਆਖਿਆ ਕੀਤੀ ਕਿ ਗੁਰਬਾਣੀ ਸਿਮਰਨ ਦਾ ਉਪਦੇਸ਼ ਕਰਦੀ ਹੈ ਉਹ ਆਪ ਨਾਮ ਨਹੀਂ ਹੋ ਸਕਦੀ। ਫੇਰ ਜੇ ਗੁਰਬਾਣੀ ਹੀ ਨਾਮ ਹੈ ਤਾਂ 'ਬਹਿੰਦਿਆ ਉਠਦਿਆ ਹਰਿਨਾਮੁ ਧਿਆਵੈ' ਦੀ ਅਵਸਥਾ ਕਿਸ ਤਰ੍ਹਾਂ ਪੁੱਜ ਸਕਦੀ ਹੈ। ਇਸ ਦਾ ਉਹ ਪ੍ਰੇਮੀ ਕੋਈ ਉਤਰ ਨਾ ਦੇ ਸਕਿਆ ਅਤੇ ਬੇਨਤੀ ਕੀਤੀ ਕਿ ਆਪ ਹੀ ਇਸ



www.AKJ.Org

ਭਿੰਨ ਭੇਦ ਦੀ ਵਿਆਖਿਆ ਕਰਕੇ ਠੀਕ ਮਾਰਗ ਤੇ ਪਾਵੋ। ਭਾਈ ਸਾਹਿਬ ਨੇ ਦਸਿਆ ਕਿ ਨਿਰਸੰਦੇਹ '**ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤੁ ਸਾਰੇ**' ਅਟੱਲ ਹੁਕਮ ਹੈ ਅਤੇ ਗੁਰਬਾਣੀ ਹੀ ਨਾਮ ਦਾ ਆਧਾਰ ਹੈ ਜਿਸ ਦੇ ਆਸਰੇ ਲੱਗੇ ਰਹਿਣ ਨਾਲ ਹੀ ਗੁਰੂ ਰੂਪ ਬਾਣੀ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ। ਇਹ ਗੁਰਬਾਣੀ ਹੀ ਹੈ ਜੋ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਦੇ ਮਹਾਂ ਵਾਕ ਅਨੁਸਾਰ ਅਗਿਆਨ ਦਾ ਨਾਸ ਕਰਕੇ ਅਸਲੀ ਗਿਆਨ ਪ੍ਰਾਪਤ ਕਰਨ ਦਾ ਸਾਧਨ ਬਣਦੀ ਹੈ। ਇਹ ਗੁਰਬਾਣੀ ਹੀ ਹੈ ਜੋ '**ਮਾਰਗੁ ਪੰਥੁ ਨ ਜਾਣਉ ਵਿਖੜਾ**' ਤੋਂ ਸੇਵਾ, ਭਜਨ, ਨਾਮ ਦਾਨ ਇਸ਼ਨਾਨ ਦੁਆਰਾ ਬਿਖੜੇ ਪੰਥ ਤੋਂ ਨਿਕਲਣ ਦਾ ਰਸਤਾ ਦੱਸਦੀ ਹੈ। ਇਸ ਗੁਰਬਾਣੀ ਦੀ ਖੋਜ ਕਰਨ ਅਤੇ ਸੇਵਾ ਭਾਵ ਤੇ ਨਾਮ ਦੀ ਪ੍ਰਾਪਤੀ ਹੁੰਦੀ ਹੈ। ਦੂਜੇ ਸ਼ਬਦ ਵਿਚ ਨਾਮ ਗੁਰਬਾਣੀ ਤੋਂ ਵਖਰਾ ਮੰਤਰ ਹੈ। ਭਾਈ ਗੁਰਦਾਸ ਜੀ ਨੇ '**ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ**' ਦੇ ਸ਼ਬਦ ਵਿਚ ਸਪੱਸ਼ਟ ਢੰਗ ਨਾਲ ਗੁਰ ਮੰਤਰ ਦੱਸ ਦਿੱਤਾ ਹੈ ਜਿਸ ਦੀ ਵਿਆਖਿਆ '**ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ**' ਗੁਰਵਾਕ ਅਤੇ ਭੱਟਾਂ ਦੇ ਸਵਯੀਆਂ ਤੋਂ ਭੀ ਹੁੰਦੀ ਹੈ। ਨਿਰਸੰਦੇਹ, ਭਾਵੇਂ ਆਰੰਭ ਵਿਚ ਵਖਰੇ-ਵਖਰੇ ਪ੍ਰਤੀਤ ਹੁੰਦੇ ਹਨ, ਪਰ ਅੰਤ ਵਿਚ ਨਾਮ ਅਤੇ ਨਾਮੀ ਦੀ ਅਭੇਦਤਾ ਹੋ ਕੇ '**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ**' ਦੀ ਅਵਸਥਾ ਪੁੱਜ ਜਾਂਦੀ ਹੈ। ਜੋ ਮਨੁੱਖ ਜਨਮ ਵਿਚ ਗੋਬਿੰਦ ਮਿਲਨ ਦੀ ਅੰਤਲੀ ਅਵਸਥਾ ਹੁੰਦੀ ਹੈ, ਜਿਸ ਅਵਸਥਾ ਮਗਰੋਂ, ਅਜਿਹੇ ਮਹਾਤਮਾ ਨੂੰ ਗੁਰਮੁਖਿ 'ਰੋਮਿ ਰੋਮਿ ਹਰਿ ਧਿਆਵੈ' ਹੀ ਅਨੁਭਵ ਹੁੰਦਾ ਹੈ।

ਇਹ ਗਲਬਾਤ ਸੁਣ ਕੇ ਉਸ ਪ੍ਰੇਮੀ ਨੂੰ ਨਾਮ ਦੀ ਸੂਝ ਪੈ ਗਈ ਅਤੇ ਉਸ ਨੇ ਆਪਣਾ ਮਨ ਉਸ ਪਾਸੇ ਲਾਉਣਾ ਆਰੰਭ ਕਰ ਦਿੱਤਾ। ਸੱਚ ਹੈ ਕਿ ਏਹੋ ਜੇਹੇ ਪੁਰਸ਼ਾਂ ਉੱਪਰ ਹੀ '**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥**'' ਦਾ ਗੁਰਵਾਕ ਇੰਨ-ਬਿੰਨ ਢੁੱਕਦਾ ਹੈ। ਇਹੋ ਜੇਹੇ ਮਹਾਂ ਪੁਰਖਾਂ ਵਿਚੋਂ ਹੀ ਇਕ ਸੰਤ ਸਰੂਪ ਭਾਈ ਰਣਧੀਰ ਸਿੰਘ ਜੀ ਸਨ, ਜਿਨ੍ਹਾਂ ਨੇ ਬਹੁਤ ਸਾਰੇ ਸੱਜਣਾਂ ਉਤੇ ਆਪਣੇ ਕੀਰਤਨ ਅਤੇ ਅਭਿਆਸ ਦੁਆਰਾ ਪ੍ਰਭਾਵ ਪਾ ਕੇ ਉਹਨਾਂ ਨੂੰ ਸੱਚੇ ਮਾਰਗ ਲਾਇਆ।

*(ਪੰਜਾਬ ਰਤਨ ਲੁਧਿਆਣਾ, ਅੰਕ ਅਗਸਤ ੧੯੬੧ ਵਿਚੋਂ ਧੰਨਵਾਦ ਸਹਿਤ)*

***



www.AKJ.Org

# ਭਾਈ ਰਣਧੀਰ ਸਿੰਘ ਜੀ ਨਾਰੰਗਵਾਲ

## (ਮੇਰੀ ਪਹਿਲੀ ਮੁਲਾਕਾਤ)

**ਮੁਨਸ਼ਾ ਸਿੰਘ 'ਦੁਖੀ'**

ਪਹਿਲੀ ਜਨਵਰੀ 1915 ਨੂੰ ਮੈਨੂੰ ਬਗਾਵਤ ਦੇ ਜੁਰਮ ਵਿਚ ਪਿੰਡੋਂ ਜੰਡਿਆਲਾ ਮੰਜਕੀ (ਜ਼ਿਲ੍ਹਾ ਜਲੰਧਰ) ਤੋਂ ਗ੍ਰਿਫ਼ਤਾਰ ਕਰਕੇ ਜੇਲ੍ਹ ਬੰਦ ਕੀਤਾ ਗਿਆ। 1916 ਦੇ ਅੱਧ ਵਿਚ ਲਾਹੌਰ ਦੂਜਾ ਸਪਲੀਮੈਂਟਰੀ ਕਾਨਸਪੀਰੇਸੀ ਕੇਸ ਵਿਚ ਮੈਨੂੰ ਜੀਵਨ ਭਰ ਉਮਰ ਕੈਦ ਦੀ ਸਜ਼ਾ ਹੋਈ। ਇਸ ਵਿਚ ਅਸੀਂ ਕੇਵਲ ਚਾਰ ਆਦਮੀ ਹੀ ਸਾਂ ਜਿਨ੍ਹਾਂ ਨੂੰ ਇਹ ਸਜ਼ਾਵਾਂ ਹੋਈਆਂ, ਦਲੀਪ ਸਿੰਘ ਸੁਰ ਸਿੰਘੀਆ, ਬਤਨ ਸਿੰਘ ਕਾਹਰੀ ਹੁਸ਼ਿਆਰਪੁਰ, ਕੇਹਰ ਸਿੰਘ ਸਾਹਨੇਵਾਲ ਲੁਧਿਆਣਾ ਤੇ ਮੈਂ। ਵਾਹਿਗੁਰੂ ਸ਼ਾਂਤੀ ਬਖਸ਼ੇ ਉਪਰੋਕਤ ਤਿੰਨੇ ਸਾਥੀ ਤਾਂ ਬੈਕੁੰਠ ਵਾਸ ਕਰ ਚੁੱਕੇ ਹਨ। ਸ. ਦਲੀਪ ਸਿੰਘ ਪਿੰਡ ਵਿੱਚ ਹੀ ਚੜ੍ਹਾਈ ਕਰ ਗਏ, ਭਾਈ ਬਤਨ ਸਿੰਘ ਨੂੰ ਹਲਕੇ ਹੋਏ ਕੁਤੇ ਨੇ ਕੱਟਿਆ ਤੇ ਉਹ ਹਲਕ ਕੇ ਗੁਜਰੇ। ਭਾਈ ਕੇਹਰ ਸਿੰਘ ਮੇਰੇ ਹੱਥਾਂ ਵਿਚ ਹੀ ਹਜ਼ਾਰੀ ਬਾਗ ਸੈਂਟਰਲ ਜੇਲ੍ਹ ਵਿਚ ਹਜੀਰਾਂ ਦੀ ਬਿਮਾਰੀ ਨਾਲ ਚਲਾਣਾ ਕਰ ਗਏ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਮੇਰੀ ਮੁਲਾਕਾਤ ਪਹਿਲੋਂ ਪਹਿਲ ਹਜਾਰੀ ਬਾਗ ਸੈਂਟਰਲ ਜੇਲ੍ਹ ਵਿਚ ਹੀ ਹੋਈ।

ਖ਼ਤਰਨਾਕ ਕੈਦੀ ਸਮਝ ਕੇ, ਮੇਰੇ ਉਤੇ ਸਪੈਸ਼ਲ ਕੈਦੀ ਸਿਪਾਹੀ ਲੱਗਾ ਰਹਿੰਦਾ ਸੀ ਤਾਂ ਕਿ ਮੈਂ ਓਸ ਨਾਲ ਗਲਬਾਤ ਭੀ ਨਾ ਕਰ ਸਕਾਂ। ਇਕ ਦਿਨ ਅਚਨਚੇਤ, ਜਦ ਜੇਲ੍ਹ ਦੇ ਸਾਰੇ ਕੈਦੀ ਬੰਦ ਹੋ ਰਹੇ ਸਨ, ਜੇਲ੍ਹ ਦੇ ਚੀਫ਼ ਵਾਰਡਰ ਨੇ ਮੈਨੂੰ ਕੋਠੜੀ ਵਿਚੋਂ ਚੁਪ ਚਾਪ ਕੱਢਿਆ ਤੇ ਮਲਕੜੇ ਜੇਹੇ ਇਕ ਸਾਇਡ ਵਲ ਨੂੰ ਲੈ ਤੁਰਿਆ। ਰਸਤੇ ਵਿਚ ਮੈਨੂੰ ਦੱਸਿਆ ਕਿ "ਸਾਧੂ ਬਾਵਾ ਜੀ (ਭਾਈ ਰਣਧੀਰ ਸਿੰਘ ਜੀ ਨੂੰ ਏਨ੍ਹਾਂ ਜੇਲ੍ਹਾ ਵਿਚ ਸਾਧੂ ਬਾਵਾ ਆਖਦੇ ਸਨ) ਤੁਹਾਨੂੰ ਕਈ ਦਿਨਾਂ ਤੋਂ ਯਾਦ ਕਰ ਰਹੇ ਹਨ। ਉਨ੍ਹਾਂ ਦਾ ਹੁਕਮ ਮੰਨ ਕੇ ਹੀ ਤੁਹਾਨੂੰ ਉਨ੍ਹਾਂ ਨਾਲ ਮਿਲੌਣ ਲਈ ਲੈ ਜਾ ਰਿਹਾ ਹਾਂ।

ਸ਼ਾਮ ਦਾ ਵੇਲਾ ਸੀ, ਭਾਈ ਸਾਹਿਬ ਇਕ ਕੋਠੀ ਵਿਚ ਦਰਵਾਜ਼ੇ ਦੇ ਜੰਗਲੇ ਦੀਆਂ ਸੀਖਾਂ ਨੂੰ ਫੜੀ, ਮੇਰੀ ਉਡੀਕ ਵਿਚ ਮਸਤਾਨੇ ਖੜੇ ਝੂਮ ਰਹੇ ਸਨ। ਮੈਂ ਜਦ ਫਤਿਹ ਗਜਾਈ, ਤਦ ਆਪ ਜੀ ਨੇ ਅੱਖਾਂ ਪੱਟੀਆਂ। ਜੰਗਲਿਆਂ ਵਿਚ ਹੀ ਜੱਫੀ ਪਾ ਲਈ ਤੇ ਮਾਨੋ ਮਸਤੀ ਵਿਚ ਬੁੜਬੁੜਾਉਂਦੇ ਹੋਏ ਬੋਲਣ ਲੱਗ ਪਏ–" ਹੁਣ ਆਏ ਹੋ! ਕਈ ਵਰ੍ਹੇ ਲੰਘ ਗਏ, ਇਕਰਾਰ ਹੀ ਕਰੀ ਗਏ, 'ਹੁਣ ਮਿਲਦੇ ਹਾਂ ਹੁਣ ਮਿਲਦੇ ਹਾਂ' ਪਰ ਆਏ ਨਾ। ਐਨਾ ਚਿਰ ? ਐਨਾ ਚਿਰ ਕਿਉਂ ਲਾਇਆ ? ਸਾਥੀ ਨੂੰ ਇਉਂ ਭੁਲਾ ਛਡੀਦਾ ਹੈ ? ਆਓ ! ਆਓ ! ਜੀਉ



www.AKJ.Org

ਆਇਆਂ ! ਧੰਨ ਭਾਗ ਤੁਸੀਂ ਆਏ। ਡਾਢੀ ਉਡੀਕ ਸੀ ਆਓ ! ਆਓ ਮੇਰੇ ਸਜਣ ਜੀ ਆਓ ! ਧੰਨ ਭਾਗ ! ਜੀਉ ਆਇਆਂ !" ਆਦਿਕ।

ਮੁਸ਼ਕਲ ਨਾਲ ਪੰਜ ਚਾਰ ਮਿੰਟ ਹੀ ਮੁਲਾਕਾਤ ਹੋਈ, ਭਾਈ ਸਾਹਿਬ ਜੀ ਨੇ ਮੈਨੂੰ ਜੱਫੀ ਹੀ ਪਾਈ ਰੱਖੀ, ਮਸਤੀ ਵਿਚ ਅੱਖਾਂ ਮੀਟੀ ਹੀ ਰਖੀਆਂ, 'ਗੁਣ ਗੁਣ ਕਰਕੇ ਆਪਣੇ ਆਪ ਨਾਲ ਬੋਲੀ ਹੀ ਗਏ। ਅੰਤ ਸਜਲ ਅੱਖਾਂ ਪੱਟੀਆਂ। ਵਹਿੰਦੀਆਂ ਅੱਖੀਆਂ ਵਿਚ ਹੀ ਜੁਦਾ ਹੋਏ।

## ਹੁਲੀਆ

ਆਪ ਇਕ ਮਧਰੇ ਜੇਹੇ ਦਰਮਿਆਨੇ ਕੱਦ ਦੇ ਗੁਰਮੁਖ ਸਿੰਘ ਸਨ। ਦੋਹਰੀ ਦਸਤਾਰ ਰਖਦੇ ਸਨ (ਜੇਲ੍ਹ ਵਿਚ ਤਾਂ ਸਿਰ ਤੇ ਸਾਫਾ ਹੀ ਹੁੰਦਾ ਸੀ) ਸਿਰ ਕੁਛ ਮਾਮੂਲ ਤੋਂ ਵੱਡਾ ਸੀ। ਅੱਖਾਂ ਨਾਮ ਖੁਮਾਰੀ ਵਿਚ ਉਪਰ ਨੂੰ ਚੜ੍ਹੀਆਂ ਹੋਈਆਂ। ਆਪ ਅਠੋ ਪਹਿਰ ਹਰ ਵੇਲੇ ਨਾਮ ਵਿਚ ਲਿਵਲੀਨ ਹੀ ਰਹਿੰਦੇ ਸਨ। ਆਪ ਹਠੀ ਤੇ ਜੋਸ਼ੀਲੇ ਭੀ ਬਹੁਤ ਸਨ। ਬੀਰ ਰਸ ਆਪ ਦੀ ਤਬੀਅਤ ਵਿਚ ਬਹੁਤ ਹੀ ਸੀ। ਫਿਨੈਟਿਕ ਐਨੇ ਕਿ ਸਿੱਖਾਂ ਤੋਂ ਬਿਨਾਂ ਕਿਸੇ ਨੂੰ ਪਸੰਦ ਹੀ ਨਹੀਂ ਸਨ ਕਰਦੇ। ਮੂੰਹ ਫੱਟ ਐਨੇ ਕਿ ਝਟ 'ਸਿਰ ਘਸਾ, ਸਿਰ ਗੁੰਮ, ਮਲੇਛ, ਪੰਮਾਂ' ਆਦਿਕ ਆਦਿਕ ਆਖ ਦੇਂਦੇ। ਇਹ ਗੱਲ, ਹੋਰ ਭੀ ਕਈ, ਨਾਮ ਰਸੀਆਂ ਵਿਚ ਦੇਖੀ ਗਈ ਹੈ।

ਕਾਲੇ ਪਾਣੀ (ਅੰਡੇਮਾਨ) ਉਨ੍ਹੀਂ ਦਿਨੀਂ ਦੇਸ਼ ਭਗਤਾਂ ਬਾਗੀਆਂ ਦੀ ਬਹੁਤਾਤ ਨਾਲ ਭਰ ਚੁੱਕਾ ਸੀ। ਇਸ ਲਈ ਸਾਨੂੰ 'ਹਜ਼ਾਰੀ ਬਾਗ ਸੈਂਟ੍ਰਲ ਜੇਲ੍ਹ' ਬਿਹਾਰ ਵਿਚ ਇਕੱਠੇ ਕੀਤਾ ਗਿਆ। ਇਹ ਬੜੀ ਭਿਆਨਕ ਜੇਲ੍ਹ ਹੈ। ਇਸਦੇ ਉਦਾਲੇ ਪੱਕੀ ਕੰਧ ਹੈ ਜਿਸ ਨੂੰ 'ਕੋਟ' ਆਖਦੇ ਹਨ ਤੇ ਜੇਲ ਦੇ ਉਦਾਲੇ ਮੀਲਾਂ ਬੱਧਾ ਭਿਅੰਕਰ ਜੰਗਲ ਹੈ ਜਿਸ ਵਿਚ ਸੂਰ, ਰਿੱਛ, ਸ਼ੇਰ ਤਕ ਭੀ, ਜੰਗਲੀ ਜਾਨਵਰ ਸਾਧਾਰਨ ਮਿਲਦੇ ਹਨ। ਇਸ ਜੇਲ ਵਿਚ ਕੋਈ ਸਾਢੇ ਤਿੰਨ ਸੌ ਤੋਂ ਉਪਰ, ਇਕੱਲੀਆਂ ਇਕੱਲੀਆਂ ਕੋਠੜੀਆਂ ਹੀ ਹਨ। ਤਿੰਨ-ਚਾਰ ਸਾਲ ਤਕ, ਅਸੀਂ ਏਥੇ ਕੋਠੜੀਆਂ ਵਿਚ ਨੇੜੇ ਨੇੜੇ ਇਕੱਠੇ ਰਹੇ। ਗੱਲਾਂ ਬਾਤਾਂ ਹੁੰਦੀਆਂ ਰਹੀਆਂ ਤੇ ਸੁਹਣਾ ਮੇਲ ਮਿਲਾਪ ਰਿਹਾ।

26 ਮਾਰਚ 1920 ਈ. ਨੂੰ ਅਸੀਂ 14 ਆਦਮੀ ਰਾਇਲ ਕਲੀਮੈਂਸੀ (ਸ਼ਾਹੀ ਐਲਾਨ) ਵਿਚ ਹਜ਼ਾਰੀ ਬਾਗ ਸੈਂਟ੍ਰਲ ਜੇਲ੍ਹ ਵਿਚੋਂ ਰਿਹਾ ਹੋਏ ਤਦੋਂ ਮੈਂ ਲਿਖਿਆ—

ਛੱਬੀ ਮਾਰਚ (1920) ਤਕਾਲਾਂ ਦੇ ਪੰਜ ਬਜੇ,
ਫੌਜਾਂ ਪਰਤ, ਪੰਜਾਬ ਨੂੰ ਚੱਲੀਆਂ ਨੇ।
ਰਿਹਾ ਤ੍ਰੈ ਬਰਸ ਜੇਲ੍ਹ ਵਿਚ, ਜੰਗ ਛਿੜਿਆ,
ਹੋਈਆਂ ਖੂਬ ਉਥੱਲ ਪਥੱਲੀਆਂ ਨੇ।
ਨਹੀਂ ਹਾਕਮਾਂ ਜ਼ੁਲਮ ਦੀ ਕਸਰ ਛੱਡੀ,
ਝਾਲਾਂ ਸੇਵਕਾਂ ਭੀ, ਖੂਬ ਝੱਲੀਆਂ ਨੇ।
ਦੋਹਾਂ ਧਿਰਾਂ ਨੂੰ ਇਹ ਸਮਾਂ ਯਾਦ ਰਹਿਸੀ,
ਅਗੇ ਦੇਖੀਏ ਕੀ ਖਿਲਨ ਕਲੀਆਂ ਨੇ। *(ਜੁਬਲੀ ਦੀ ਗੱਪ ਸ਼ੱਪ)*



www.AKJ.Org

## ਜੇਲ ਵਾਰਤਾ

ਭਾਈ ਸਾਹਿਬ ਜੀ ਨੂੰ ਕਵਿਤਾ ਸੁਣਨ ਦਾ ਭੀ ਬੜਾ ਸ਼ੌਕ ਸੀ, ਪਰ ਕਵਿਤਾ ਹੋਵੇ ਵੈਰਾਗਮਈ, ਨਾਮਰਸ ਭਰੀ ਜਾਂ ਪ੍ਰੇਮਾ ਭਗਤੀ ਵਾਲੀ। ਉਨ੍ਹਾਂ ਦੀ ਸੰਗਤ ਨਾਲ ਹੀ ਮੈਂ ਗੁਰਬਾਣੀ ਦਾ ਅਨੰਤ ਰਸ ਮਾਣਿਆ। ਸਮੇਂ ਸਮੇਂ ਆਪ ਦੀ ਸੰਗਤ ਨਾਲ, ਜੋ ਫੁਰਨੇ ਫੁਰਦੇ ਰਹੇ, ਤੁਕਾਂ ਨਿਕਲਦੀਆਂ ਰਹੀਆਂ, ਉਨ੍ਹਾਂ ਵਿਚੋਂ ਮੈਂ ਕੁਛ ਕੁ ਪਾਠਕਾਂ ਦੀ ਭੇਟ ਕਰਦਾ ਹਾਂ।

ਹਜ਼ਾਰੀ ਬਾਗ ਸੈਂਟਰਲ ਜੇਲ੍ਹ ਵਿਚ ਸ੍ਰੀ ਮਾਨ, ਪਰਮ ਸਨੇਹੀ, ਮੇਰੇ ਅਤੀ ਪ੍ਰੀਤਵਾਨ ਭਾਈ ਰਣਧੀਰ ਸਿੰਘ ਜੀ ਨਾਲ ਗਿਆਨ ਚਰਚਾ ਹੋਣ ਪਰ ਸ੍ਰੀਮਾਨ ਜੀ ਦੇ ਮੂੰਹੋਂ 'ਅਸਾਂ ਕੀ ਖਟਣਾ ?' ਦੇ ਪਵਿਤਰ ਵਾਕ ਨਿਕਲਣ ਨਾਲ ਜੋ ਸੁਰਤਿ ਨੇ ਉਛਾਲਾ ਖਾਧਾ ਤੇ ਹੇਠ ਲਿਖੀਆਂ ਤੁਕਾਂ ਲਿਖੀਆਂ:–

ਉੱਲੂ ਚੁਗਲ ਚੜਿੱਕ, ਕੀ ਜਾਨਣ ਨੱਚਣਾ ?
ਕੁਲਟਾ ਬਿਧਵਾ ਸਾਰ, ਕੀ ਪੀ ਰੰਗ ਰੱਚਣਾ ?
ਕਸਤੂਰੀ ਦਾ ਭਾਉ, ਕੀ ਜਾਨਣ ਜੱਟਣਾ ?
ਬਾਬਾ ! ਮੈਂ ਕੀ ਜਾਣਾ ਸਾਰ, ਅਸਾਂ ਕੀ ਖੱਟਣਾ ?

ਬਾਲ ਬਧੂ ਕੀ, ਸੁਹਾਗ–ਹਾਰ ਗਲ ਘੱਤਣਾ ?
ਮੂੜ੍ਹ ਕਿ ਜਾਣੇ, ਸਾਰ ਪੱਟ ਕਿਵ ਕੱਤਣਾ ?
ਪਥਰ ਪਾਨੀ ਵਿਚ, ਸੁਭਾਵ ਕਿ ਬੱਟਣਾ ?
ਬਾਬਾ ! ਮੈਂ ਕੀ ਜਾਣਾ ਸਾਰ, ਅਸਾਂ ਕੀ ਖੱਟਣਾ

ਮ੍ਰਿਤੂ ਪ੍ਰੇਰੇ ਮ੍ਰਿਗ ਸਾਰ, ਕਿ ਜਾਲੋਂ ਬੱਚਣਾ ?
ਕਾਇਰ ਕੂਰ, ਕਿ ਸਾਰ ਬੀਰ–ਰਸ ਰੱਚਣਾ ?
ਸਿੰਘ ਕਿ, ਜਾਣੇ ਜੰਗ ਮਾਹਿਂ ਪਗ ਹੱਟਣਾ ?
ਬਾਬਾ ! ਮੈਂ ਕੀ ਜਾਣਾ ਸਾਰ, ਅਸਾਂ ਕੀ ਖੱਟਣਾ ?

ਭੂੰਡ ਕਿ ਜਾਣੇ, ਕਿਵੇਂ ਕੰਵਲ–ਰਸ ਫੱਸਣਾ ?
ਲੋਭੀ ਕ੍ਰੋਧੀ ਕੁਟਲ, ਕਿ ਹਰ–ਰਸ ਰੱਸਣਾ ?
ਧੋਬਣ ਸਾਰ ਕਿ, ਖੇਲ ਜੋ ਖੇਲਣ ਨੱਟਣਾ ?
ਬਾਬਾ ! ਮੈਂ ਕੀ ਜਾਣਾ ਸਾਰਾ, ਅਸਾਂ ਕੀ ਖੱਟਣਾ ?

ਜੱਟ ਕਿ ਜਾਣੇ, ਕਿਵੇਂ ਸਰੰਦਾ ਕੱਸਣਾ ?
ਅਨੀ ਅਨੀ ਅਰਿ ਪੇਖਿ, ਸੂਰਿ ਕੀ ਨੱਸਣਾ ?
ਗਰਧਪ ਸਾਰ, ਕਿ ਕਿਹਾ ਕਪੂਰੀ ਵੱਟਣਾ?
ਬਾਬਾ ! ਮੈਂ ਕੀ ਜਾਣਾ ਸਾਰ, ਅਸਾਂ ਕੀ ਖੱਟਣਾ ?



www.AKJ.Org

ਕਹੋ ਕੁਮ੍ਹਾਰ, ਕਿ ਜਾਣੇ ਲਾਲ ਪਰੱਖਣਾ ?
ਗੁਰਮੁਖ ਸਿੰਘ, ਕਿ ਸਾਰ ਸੱਜਣੋ ! ਦਖਣਾ ?
ਸਾਰ ਕਰਾੜ, ਕਿ ਕਿਵੇਂ ਸ਼ੱਤ੍ਰ ਮੁਖ ਡੱਟਣਾ ?
ਬਾਬਾ ! ਮੈਂ ਕੀ ਜਾਣਾ ਸਾਰ, ਅਸਾਂ ਕੀ ਖੱਟਣਾ ?

ਹਜ਼ਾਰੀ ਬਾਗ ਸੈਂਟਰਲ ਜੇਲ੍ਹ ਵਿਚ ਦੇਸ਼ ਧਰਮ ਖਾਤਰ ਲੜ ਰਹੇ ਵੀਰਾਂ ਦਾ ਨਜ਼ਾਰਾ ਭੀ ਦੇਖਣਯੋਗ ਹੀ ਸੀ। ਭਾਈ ਰਣਧੀਰ ਸਿੰਘ ਜੀ ਬੁਖਾਰ ਨਾਲ ਬੀਮਾਰ ਸਨ, ਸਾਰੇ ਸਾਥੀ ਆਪੋ ਆਪਣੀ ਕੋਠੀਆਂ ਵਿਚ ਬੈਠੇ ਵਾਹਿਗੁਰੂ ਅਗੇ ਆਪ ਦੀ ਤੰਦਰੁਸਤੀ ਲਈ ਅਰਦਾਸੇ ਕਰ ਰਹੇ ਸਨ। ਭਾਈ ਜੀ ਲਈ ਪ੍ਰੇਮ ਦੀਆਂ ਲਹਿਰਾਂ ਹਰ ਇਕ ਮਨ ਵਿਚ ਉਛਾਲੇ ਮਾਰ ਰਹੀਆਂ ਸਨ। ਐਤਵਾਰ ਦਾ ਦਿਨ ਹੋਣ ਕਰਕੇ ਕੁਛ ਸਮੇਂ ਲਈ ਕਪੜੇ ਧੋਣ ਦੀ ਛੁੱਟੀ ਸੀ। ਮੇਰੇ ਦਿਲ ਵਿਚ ਭੀ ਉਮੰਗ ਉੱਠੀ ਕਿ ਸ੍ਰੀ ਮਾਨ ਜੀ ਦੇ ਬਸਤਰਾਂ ਵਿਚੋਂ ਕੁਛ ਧੋ ਕੇ (ਕਿਉਂਕਿ ਉਹ ਬੀਮਾਰ ਹੋਣ ਕਰਕੇ ਧੋ ਨਹੀਂ ਸਨ ਸਕਦੇ) ਸੇਵਾ ਦਾ ਲਾਹਾ ਲਈਏ ਤੇ ਹੱਥਾਂ ਨੂੰ ਪਵਿੱਤਰ ਕਰੀਏ। ਪਰ ਮੰਗੀਏ ਕਿਕੂੰ ? ਭਾਈ ਸਾਹਿਬ ਜੀ ਤਾਂ ਸੇਵਾ ਕਰਵੌਂਦੇ ਹੀ ਬਹੁਤ ਘੱਟ ਸਨ। ਤਦ ਇਹ ਕਬਿਤ ਲਿਖਿਆ ਤੇ ਕਛਹਿਰਾ ਧੋਣ ਦੀ ਸੇਵਾ ਲਈ ਬੇਨਤੀ ਦਿਲ ਹੀ ਦਿਲ ਵਿਚ ਕੀਤੀ–

ਜੀਉ– ਕ੍ਰਿਪਾਲੂ ਦਯਾਲੂ, ਪਰ ਹਿਤ ਦੁਖ ਝਾਲੂ,
ਦੀਨਨ ਕੋ ਪਾਲੂ, ਸੀਸ ਦੁੱਜਨ ਦੁਪਹਿਰਾ ਜੀ।
ਮਾਨਤਾ ਤਜੱਯਾ, ਗੁਰ–ਪਦ ਬਲ ਜੱਯਾ,
ਪ੍ਰੇਮ੍ਰ–ਗੀਤਨ ਗਵੱਯਾ, ਦੱਯਾ ਸਾਥਨ ਕੋ ਲਹਿਰਾ ਜੀ।
ਗੁਰਮਤਿ ਧਾਰੀ, ਸਭ ਜਨ ਹਿਤਕਾਰੀ ਸਾਰੀ,
ਸੁੰਦਰ ਦੀਦਾਰੀ ਵਾਰੀ ! ਹਰਿ ਰੰਗੀਂ ਗਹਿਰਾ ਜੀ।
ਲਾਲਸਾ ਪੁਰੀਜੈ, ਮੇਰੀ ਢੀਠਤਾਈ ਖਿਮਾ ਕੀਜੈ,
ਉਚਿਤ ਹ੍ਵੈ ਯੌਂ ਤੈ ਦੀਜੈ, ਧੋਣ ਨੂੰ ਕਛਹਿਰਾ ਜੀ।

ਸ੍ਰੀ ਮਾਨ ਸੁਰਗਵਾਸੀ ਭਾਈ ਬਤਨ ਸਿੰਘ ਜੀ ਕਾਹਰੀ ਵਾਲੇ ਬੜੇ ਹੀ ਗੁਰਮੁਖ ਤੇ ਨਿਰਮਾਨ ਸੇਵਕ ਸਨ। ਵਾਹ ਲਗਦੀ, ਆਪ ਕਦੇ ਭੀ ਕੋਈ ਸੇਵਾ ਦਾ ਸਮਾਂ ਹਥੋਂ ਜਾਣ ਨਹੀਂ ਸਨ ਦਿੰਦੇ। ਉਕਤ ਦਿਹਾਂੜੇ ਜਦ ਕਿ ਭਾਈ ਰਣਧੀਰ ਸਿੰਘ ਜੀ ਬੀਮਾਰ ਸਨ, ਤਦ ਦਾਸ ਵਾਂਗੂੰ ਭਾਈ ਬਤਨ ਸਿੰਘ ਜੀ ਨੇ ਭੀ ਭਾਈ ਜੀ ਪਾਸੋਂ ਕੁੜਤਾ ਤੇ ਕਛਹਿਰਾ ਧੋਣ ਲਈ ਮੰਗਿਆ ਸੀ। ਉਨ੍ਹਾਂ ਨੇ ਮੇਰੇ ਤੋਂ ਪਹਿਲਾਂ ਬੇਨਤੀ ਕੀਤੀ, ਜੋ ਭਾਈ ਸਾਹਿਬ ਜੀ ਨੇ ਪ੍ਰੇਮ–ਯਾਚਨਾ ਸਮਝ ਕੇ ਮਨਜ਼ੂਰ ਕਰ ਲਈ ਸੀ। ਹੁਣ ਜਦ ਮੈਂ ਉਪਰ ਲਿਖਿਆ ਕਬਿਤ ਵਿਖਾਇਆ ਤਾਂ ਸ੍ਰੀ ਮਾਨ ਜੀ ਨੇ ਇਸ਼ਾਰੇ ਨਾਲ ਹੀ ਸਮਝਾਇਆ ਕਿ 'ਕਪੜੇ ਧੋਣ ਲਈ ਤਾਂ ਭਾਈ ਬਤਨ ਸਿੰਘ ਜੀ ਹੁਰਾਂ ਨਾਲ ਇਕਰਾਰ ਹੋ ਚੁੱਕਾ ਹੈ।"

ਜਿਸ ਲਹਿਜੇ, ਜਿਸ ਤਰਜ਼ ਤੇ ਜਿਨ੍ਹਾਂ ਲਫਜ਼ਾਂ ਵਿਚ ਕਿਹਾ ਗਿਆ ਸੀ, ਉਹ ਸ੍ਰੀ ਮਾਨ ਜੀ ਦੇ ਹੀ ਹਿੱਸੇ ਵਿਚ ਕਹਿਣੇ ਆਏ ਹਨ। ਜਿਨ੍ਹਾਂ ਦਾ ਘਾਉ ਮੇਰੇ ਹਿਰਦੇ ਪਰ ਹੋ ਗਿਆ, ਪ੍ਰੇਮ ਦੀ ਨਦੀ ਉਛਲੀ। ਭਾਈ ਬਤਨ ਸਿੰਘ ਜੀ ਦੀ ਸੇਵਾ, ਭਾਈ ਰਣਧੀਰ



www.AKJ.Org

ਸਿੰਘ ਜੀ ਦਾ ਇਕਰਾਰ ਤੇ ਪ੍ਰੇਮ ਅੱਖਾਂ ਅਗੇ ਆ ਖੜੋਤਾ। ਮੂੰਹੋਂ 'ਧੰਨ ਸਿਖ ਤੇ ਧੰਨ ਸਿਖੀ' ਕਈ ਬਾਰ ਨਿਕਲਿਆ ਤੇ ਇਸ਼ਾਰੇ ਨਾਲ ਹੀ ਹੇਠ ਲਿਖੀ ਪ੍ਰੇਮ-ਪਾਤੀ ਮੁਆਫੀਨਾਮਾ ਲਿਖਿਆ। ਅਜੇ ਲਿਖ ਹੀ ਰਿਹਾ ਸਾਂ ਕਿ ਦਸ ਬਜੇ ਦੇ ਕਰੀਬ ਕੋਠੀ ਦਾ ਦਰਵਾਜ਼ਾ ਖੋਲ੍ਹਣ ਵਾਲਾ ਸੰਤਰੀ ਆ ਗਿਆ, ਜਿਸਦਾ ਜ਼ਿਕਰ ਵਿਚ ਭੀ ਹੈ ਤੇ ਨਾਲ ਹੀ ਕਿਹਾ ਕਿ 'ਬਸ ਕਰਾਂ, ਫਿਰ ਸਹੀ, ਕੱਲ ਲਿਖੀ' ਤੇ ਅਧੀ ਨਜ਼ਮ ਲਿਖ ਕੇ ਬੰਦ ਕਰ ਦਿਤੀ। ਕਿਉਂਕਿ ਪ੍ਰੇਮ ਦੀ ਖੇਲ ਗੁਰੂ ਦੇ ਹੱਥ ਹੈ। ਮੁੜ ਕੇ ਕਈ ਦਿਨ ਲੰਘ ਗਏ ਤੇ ਕਈਆਂ ਦਿਨਾਂ ਪਿਛੋਂ ਫਿਰ ਪੁਰਾਣੀ ਉਮੰਗ ਉਠੀ, ਜੋ ਲੜੀ ਜੋੜਨ ਲਈ ਓਵੇਂ ਕਿਵੇਂ ਹੀ ਮੁਆਫੀ ਮੰਗ ਕੇ ਨਾਲ ਹੀ ਦਰਜ ਕਰ ਦਿਤੀ। ਇਸ ਵਿਚ ਇਸਤ੍ਰੀ ਲਿੰਗ ਵਿਚ, ਸਖੀ ਵਲੋਂ ਸਖੀ ਨੂੰ ਲਿਖੀ ਹੈ। ਜਿਸ ਵਿਚ 'ਉਸ ਪ੍ਰੇਮ ਪ੍ਰਬੇਧੇ ਚਿਤ ਤਈਂ' ਭਾਈ ਬਤਨ ਸਿੰਘ ਜੀ ਵੱਲ ਇਸ਼ਾਰਾ ਹੈ, ਅਤੇ 'ਤੂੰ ਮਾਲਣ ਮੇਰੇ ਮਾਲੀ ਦੀ' ਤੇ 'ਮੇਰੀ ਭੀ ਕਹੁ ਉਸ ਦਯਾਲੂ ਨੂੰ' ਕਲਗੀਧਰ ਦਸ਼ਮੇਸ਼ ਪਿਤਾ ਵਲ ਇਸ਼ਾਰਾ ਹੈ ਤੇ 'ਕਿਉਂ ਮੁਰਦਾ ਹੋਇਆਂ ਉਠ ਮਨਾ' ਭਾਣੈ ਅੰਦਰ ਤੇ ਉਤਸ਼ਾਹ ਮਯ ਵਾਕ ਆਪਣੇ ਮਨ ਵੱਲ ਤੇ ਸਿਖੀ ਸਿਖਿਆ ਵਲ ਇਸ਼ਾਰੇ ਹਨ।

## ਪ੍ਰੇਮ ਮਾਹੀ

ਮੈਂ ਬੁਝ ਲਈ ਮੈਂ ਬੁਝ ਲਈ, ਮੈਂ ਬੁੱਝੀ ਸਾਰੀ ਗੱਲ ਸਖੀ।
ਪਰ ਬੁੱਝੀ ਕਾਹਦੀ ਖੁੱਭ ਗਈ, ਮਨ ਗਈ ਕਲੇਜਾ ਸੱਲ ਸਖੀ।
ਮੈਂ ਪਾਪਣ ਹਾਂ, ਮੈਂ ਘਾਤਣ ਹਾਂ, ਮੈਂ ਬੇਸਬਰੀ ਕਮਜਾਤਣ ਹਾ,
ਮੈਂ ਭੁਲਣਹਾਰੀ, ਡੁਲਣਹਾਰੀ, ਝੁੱਲ ਰਹੀ ਪਲ ਪਲ ਸਖੀ।
ਮੈਂ ਭੁਲ ਕਰੀ ਤੂੰ ਬਖਸ਼ ਲਈਂ, ਮੈਂ ਛੁੱਟੜ ਹਾਂ ਤੂੰ ਰੱਖ ਲਈਂ,
ਮੈਂ ਧ੍ਰੋਹਨਿ ਮੋਹਨਿ, ਲੋਭਨਿ ਕਪਟਨਿ, ਕੂਰ ਭਰੀ ਬਹੁ ਛੱਲਿ ਸਖੀ।
ਉਸ ਪ੍ਰੇਮ ਪ੍ਰਬੇਧੇ ਚਿੱਤ ਤਈਂ, ਉਸ ਸਧਰਾਂ ਵਾਲੀ ਖਿਚ ਤਈਂ,
ਉਸ ਰੰਗ ਰੰਗੀਲੇ ਮਿੱਤ ਤਈਂ, ਉਸ ਸਧਰਾਂ ਵਾਲੀ ਖਿਚ ਤਈਂ,
ਉਸ ਰੰਗ ਰੰਗੀਲੇ ਮਿੱਤ ਤਈਂ, ਮੈਂ ਪਾਪਨਿ ਚਾਹੀ ਠੱਲ ਸਖੀ।
ਉਸ ਸੱਜਣ ਪ੍ਰੀਤਮ ਪਯਾਰੇ ਨੂੰ, ਪ੍ਰੀਤਮ ਹਿਤ ਤਾਂਘਣ ਹਾਰੇ ਨੂੰ,
ਸਤਿਗੁਰ ਦੇ ਲਾਲ ਦੁਲਾਰੇ ਨੂੰ, ਹਾ! ਭਈ ਪਾਵਣਹਾਰੀ ਸੱਲ ਸਖੀ।
ਉਸ ਪ੍ਰੀਤਮ ਰੰਗ ਰੰਗੀਜੇ ਨੂੰ, ਹਰਿ ਰੰਗ ਚਲੂਲੇ ਭੀਜੇ ਨੂੰ,
ਉਸ ਸਾਬਰ ਪ੍ਰੇਮ ਪ੍ਰਸੀਜੇ ਹੈ, ਹਾ! ਕਹੀ ਕੁਵੱਲੀ ਗੱਲ ਸਖੀ।
ਸਜਨੀ! ਇਹ ਮੇਰੇ ਚਿੱਤ ਨ ਸੀ, ਬਦ ਸੋਚੀ ਗੁਰਮੁਖ ਹਿੱਤ ਨ ਸੀ,
ਹੋ ਗਈ, ਪਰ ਕਿਸੇ ਨਮਿਤ ਨ ਸੀ, ਮੈਂ ਲੋਭਣ ਊਠੇ ਝੱਲ ਸਖੀ।
ਕਰੁ ਖਿਮਾਂ ਮੇਰੀਆਂ ਭੁੱਲਾਂ ਨੂੰ, ਭਰ ਉਸ ਪਯਾਰੇ ਦੀਆਂ ਹੁੱਲਾਂ ਨੂੰ,
ਜਲ ਸਿੰਚ ਗੁਲਾਬੀ ਫੁੱਲਾਂ ਨੂੰ, ਟਹਕਣ ਕੁਮਲਾਣੇ ਦੱਲ ਸਖੀ।
ਉਹ ਜੁਗ ਜੁਗ ਜੀਵੇ ਮਾਲੀ ਜੀ, ਕਰਦਾ ਸਭ ਦੀ ਪ੍ਰਤਿਪਾਲੀ ਜੀ,
ਮੈਂ ਮੂਰਖ ਅਵਜ਼ ਖਿਆਲਨਿ ਜੀ, ਬਕਬਾਦਨਿ ਝਲ ਵਲਲਿ ਸਖੀ।
ਤੂੰ ਮਾਲਣ ਮੇਰੇ ਮਾਲੀ ਦੀ, ਪਯਾਰੀ ਹੈਂ ਪ੍ਰੀਤਮ ਖਯਾਲੀ ਦੀ,



www.AKJ.Org

ਨਾ ਮੋੜ ਅਰਜ਼ ਉਸ ਸ੍ਵਾਲੀ ਦੀ, ਹਉਂ ਬੋਲਣ ਦਾ ਨਾ ਵੱਲ ਸਖੀ।
ਮੇਰੀ ਭੀ ਕਹੁ ਉਸ ਦਯਾਲੂ ਨੂੰ, ਪ੍ਰਿਯ ਕ੍ਰਿਪਾ-ਸਿੰਧ ਦੁਖ ਟਾਲੂ ਨੂੰ,
ਜਲ ਸਰਣਾਗਤਿ ਪ੍ਰਤਿਪਾਲੂ ਹੈ, ਜੁਗ ਕਰ, ਜੁਗ ਕਰ ਇਹ ਗੱਲ ਸਖੀ।
'ਪਾਪਣ ਦੁਖੀਆਂ ਤੇ ਢਰੇ ਰਹੋ, ਕਰ ਮਿਹਰ ਸਦਾ ਸਿਰਿ ਧਰੇ ਰਹੋ।
ਉਰ ਵਰੇ ਰਹੋ ਜਾਂ ਪਰੇ ਰਹੋ, ਪਰ ਹਿਰਦੇ ਰਹੋ ਅਟੱਲ ਸਖੀ।
ਹਉਂ ਭਾਣੇ ਅੰਦਰ ਰਖ ਸਦਾ, ਨਿਮਖ ਭਰ ਹੋਹੁ ਨ ਵੱਖ ਕਦਾ,
ਦੁਖੀਆ ਚਰਨਾਂ ਵਿਚ ਰੱਖ ਸਦਾ, ਕਰ ਨਜ਼ਰ ਗਰੀਬਾਂ ਵੱਲ ਸਖੀ।
ਹੁਣ ਕਾਂਗ ਕਹਰ ਦੀ ਉਠੀ ਜੇ, ਮਨਿ ਪ੍ਰੀਤ ਸਜਣ ਦੀ ਵੁੱਠੀ ਜੇ,
ਉਹ ਸ਼ਕਤ ਇਲਾਹੀ ਤੁੱਠੀ ਜੇ, ਮਚ ਰਹੀ ਅਜਬ ਹਲਚੱਲ ਸਖੀ।
ਗਲ ਫੁਰਦੀ ਸੁੰਦਰ ਭਲੋ ਭਲੀ, ਲਗ ਰਹੀ ਅਲੌਕਿਕ ਹਲੋ ਹਲੀ,
ਲੇਖਣਿ ਨੂੰ ਪੈ ਗਈ ਚਲੋ ਚਲੀ, ਵਾਹੋ ਦਾਹੀ ਰਹੀ ਚਲ ਸਖੀ।
ਪਰ ਸਮਾਂ ਨਹੀ ਹੁਣ ਬੋਲਣ ਨੂੰ, ਆ ਗਿਆ ਸਿਪਾਹੀ ਖੋਲਣ ਨੂੰ,
ਝੁਕਿ ਨਮਸਕਾਰ ਕਰਿ ਢੋਲਣ ਨੂੰ, ਬਸ ਕਰਾਂ ਫਿਰ ਸਹੀ ਕੱਲ ਸਖੀ।

(ਕਈ ਦਿਨਾਂ ਪਿਛੋਂ ਫੇਰ)

ਵਤ 'ਕੱਲ' ਨ ਆਯਾ ਅੰਮਾਲੀ, ਮੁੜਿ ਝੱਲੁ ਨ ਆਯਾ ਅੰਮਾਲੀ,
ਹਉਂ ਵੱਲੁ ਨ ਆਯਾ ਅੰਮਾਲੀ, ਦਿਲ-ਸਿੰਧ ਨ ਉਠੀ ਛੱਲ ਸਖੀ,
ਮੁੜਿ ਸਮਾਂ ਸੁਹਾਵਾ ਆਯਾ ਨਾ; ਆਯਾ ਤਾਂ ਪਾਪਣਿ ਪਾਯਾ ਨਾ,
ਪਾਯਾ ਤਾਂ ਠੀਕ ਸਜਾਯਾ ਨਾ, ਗਲ ਗਈ ਸੁ ਟਲਦੀ ਟੱਲ ਸਖੀ।
ਹਉਂ ਦੂਰ ਨ ਕਰਿਆ ਕਰੁ ਸਜਨੀ, ਚਿਰੁ ਭੂਰ ਨ ਕਰਿਆ ਕਰੁ ਸਜਨੀ,
ਆਯਾ ਜਾਯਾ ਕਰੁ ਵਰ ਸਜਨੀ, ਪਾਯਾ ਨਾ ਕਰੁ ਬਹੁ ਸੱਲ ਸਖੀ ।
ਹਉ ਦਸੁ ਕੁਚੱਜੀ ਚੱਜੁ ਸਖੀ, ਦੈ ਪ੍ਰੇਮ-ਪਟੋਲਾ ਕੱਜੁ ਸਖੀ,
ਬਹੁ ਗਹਿਰਾ ਗੱਫਾ ਅਜੁ ਸਖੀ, ਦਿਲ ਹੀ ਦਿਲ ਵਿਚਦੀ ਘੱਲੁ ਸਖੀ ।
ਅੜੀਏ ! ਹੁਣ ਤੇਰੀਆਂ ਤਾਘਾਂ ਨੇ, ਹਿਰਦੇ ਉਠ ਰਹੀਆਂ ਕਾਂਗਾਂ ਨੇ,
ਇਹ ਪ੍ਰੇਮ-ਬ੍ਰਿਹਾਂ ਦੀਆਂ ਸਾਂਗਾਂ ਨੇ, ਦਿਨ ਰਾਤੀਂ ਪੈਣ ਕੁੜੱਲ ਸਖੀ ।
ਹੁਣ ਫੇਰ ਸਿਪਾਹੀ ਔਂਦਾ ਏ, ਹਾ ! ਇਹ ਡਰੁ ਸਦਾ ਡਰੌਂਦਾ ਏ,
ਸਤਿਗੁਰ ਨੂੰ ਇਉਂ ਹੀ ਭੌਂਦਾ ਏ, ਪ੍ਰੀਤਮ ਜੋ ਕਰਦਾ ਭੱਲ ਸਖੀ।

ਕਿਉਂ ਮੁਰਦਾ ਹੋਯਾਂ ਉਠ ਮਨਾ, ਝੁਕ ਕੇ ਤੁਰ ਮਾਰ ਨ ਢੁੱਠ ਮਨਾ।
ਨਾ ਸ਼ੁਕਰੇ ! ਸ਼ੁਕਰ, ਨ ਰੁੱਠ ਮਨਾ, ਉਹ ਪ੍ਰੀਤਮ ਪੈਸੀ ਤੁੱਠ ਮਨਾ।

## ਸ੍ਰੀ ਮਾਨ ਭਾਈ ਰਣਧੀਰ ਸਿੰਘ ਜੀ ਦੀ ਗੁਰਮੁਖਤਾ ਤੇ ਨਿਰਮਾਲਤਾ ਪਰ ਲਿਖੀ ਪ੍ਰੇਮ ਜੋਦੜੀ



www.AKJ.Org

(ਪਹਿਲੀ ਅੱਧੀ ਤੁਕ ਗੁੰਮ ਹੈ)

... .... .... .... ..... .... ਉੱਠਾ, ਚਿਤਿ ਉਮਾਹ ਬਰਕਤ ਆਪਦੀ ।
ਧੰਨ ਧੰਨ ਹੋ ਧੰਨ, ਮੈਂਡੇ ਸਾਜਣੇ, ਧੰਨ ਤੁਸਾਂ ਦੇ ਰੰਗ, ਰੰਗ ਰੰਗੀਜਿਓ।
ਧੰਨ ਤੁਸਾਂ ਦਾ ਨਿਉਣ, ਉੱਚਾ ਹੋਇ ਕੇ, ਧੰਨ ਤੁਸਾਂ ਦਾ ਮਾਨੁ, ਮਾਨੁ ਨਿਵਾਰਿਆ।
ਧੰਨ ਕਰੈਂ ਉਪਕਾਰ, ਆਪ ਲੁਕਾਇਕੇ, ਧੰਨ ਧੰਨ ਬਲਿਹਾਰ, ਜਾਵਾਂ ਵੀਰ ਜੀ।
ਧੰਨ ਨ ਆਪੁ ਜਣਾਇੰ, ਜਾਣੂ ਹੋਇ ਕੇ, ਧੰਨ ਬਣਜੋਂ ਅਨਜਾਣ, ਆਪਾ ਜਾਣ ਕੇ।
ਕੂਕੇਂ 'ਪੀਆ ਪੀਜ', ਪੀਆ ਪਾਇ ਕੇ, ਜਾਣੈ ਅਪਣਾ ਆਪ ਸਿੰਧ ਡੁਬਾਇ ਕੇ।
ਬਲਿਹਾਰੀ ਬਲਿਹਾਰ, ਪ੍ਰੀਤਮ ਪ੍ਰੀਤਮਾ, ਮੈਨੂੰ ਭੀ ਲੜਿ ਲਾਉ, ਤੁੱਠ ਗਰੀਬ ਤੇ।
ਧੰਨ ਧੰਨ ਤੂੰ ਧੰਨ, ਧੰਨ ਸੁ ਧੰਨ ਹੈਂ, ਧਨਤਾ ਹੋਵੇ ਧੰਨ, ਤੈਂਡੇ ਪੈਰ ਛੂ।
ਮੈਨੂੰ ਭੀ ਇਕ ਦੇਹ, ਕਿਣਕਾ ਸਾਜਣਾ, ਪ੍ਰੀਤਮ ਦਰਸ ਦਿਖਾਲ ਜੀਆ ਲੋਚਦਾ।
ਰੋਗੀ ਸ਼ਫਾ ਕਰਾਉ, ਓਸ ਤਬੀਬ ਤੋਂ, ਵੀਰਾ ਮੇਲ ਮਿਲਾਉ, ਮੇਲਣਹਾਰ ਤੂੰ।
ਪਾਪ ਮੇਰੇ ਬਖਸ਼ਾਉ, ਬਖਸ਼ਣਹਾਰ ਤੇ, ਤੁੱਠ ਗੁਰੂ ਤੁੱਠਾਉ, ਤੁੱਠੇ ਰੱਬ ਭੀ।

ਭਾਈ ਰਣਧੀਰ ਸਿੰਘ ਜੀ ਵਲ ਲਿਖਿਆ ਗਿਆ ਇਕ ਵਾਰ ਪ੍ਰੇਮ ਬਿਨੈ-ਪੱਤਰ

(ਤ੍ਰਿਭੰਗੀ ਛੰਦ)

ਓ ਪੰਥ ਸਤਾਰੇ, ਧਰਮ ਪਿਆਰੇ, ਗੁਰੂ ਦੁਲਾਰੇ ਬਾਬਾਂ ਜੀ!
ਖਾਲਸ ਬੁਧ ਸਾਰੀ, ਸਭ ਹਿਤਕਾਰੀ, ਸਾਰ ਵਿਚਾਰੀ ਬਾਬਾ ਜੀ।
ਸਤਿਗੁਰ-ਪਦ ਭੌਰੇ, ਹਰਿ ਰੰਗ ਬੌਰੇ, ਗੁਰਮਤਿ ਗੌਰੇ ਕਿਰਪਾਲੂ।
ਓ ਪ੍ਰੇਮ ਪ੍ਰਸੀਜੇ, ਅਨੰਦ ਭੀਜੇ, ਹਉਂ ਕਨਿ ਦੀਜੇ ਹੇ ਦਯਾਲੂ।

(ਪਾਧੜੀ ਛੰਦ)

ਓ ਬੀਰ ਬਹਾਦਰ ਧੀਰ ਵੀਰ। ਨਿਰਮਲ ਚਿਤ ਗਹਿਰ ਗੰਭੀਰ ਵੀਰ।
ਦੁਖੀਅਨ ਕਉ ਦਾਮਨਗੀਰ ਵੀਰ। ਦਿਲਗੀਰਹਿਂ ਦਾਇਕ ਧੀਰ ਵੀਰ।
ਓ ਗੁਰਮਤਿ-ਸਰ ਕੇ ਮੱਛ ਵੀਰ। ਓ ਪ੍ਰੇਮ-ਉਧਦਿ ਕੇ ਕੱਛ ਵੀਰ।
ਓ ਹੰਸਨ ਮੇਂ ਵਰ ਸੂਛ ਵੀਰ! ਕਰ ਦ੍ਰਿਸ਼ਟਿ 'ਦੁਖੀ' ਵਲ ਦਛ ਵੀਰ।
ਓ ਪ੍ਰੇਮ-ਸ਼ਹਿਰ ਦੇ ਵਸਨ ਹਾਰ। ਓ ਅਹਿਨਿਸਿ ਹਰਿ ਰੰਗ ਹਸਨਹਾਰ।
ਓ ਪੱਥਰ ਹਿਰਦੀਂ ਧਸਨ ਹਾਰ। ਹਉਂ ਸਦਕੇ ਘੋਲੀ। ਲਸਨ ਹਾਰ।

ਓ ਰੰਗ ਰੰਗੀਜੇ ਹਉਂ ਭਿ ਦੇਹੁ, ਹਉ ਕਿਉਂਕਰ ਜੁੱਲਾਂ ਯੁਕਤਿ ਦਸੁ?
ਬਰ ਗੰਧ ਗੰਧੀਜੇ ਹਉਂ ਭਿ ਦੇਹੁ, ਜਿਉਂ ਵਤ ਨ ਘੁੱਥਾਂ ਉਕਤਿ ਦਸ?
ਓ ਪ੍ਰੇਮ ਪ੍ਰਸੀਜੇ ਹਉਂ ਭਿ ਦੇਹੁ, ਓ ਜਾਨਣ ਹਾਰੇ ਢੰਗੁ ਦਸੁ?
ਹਰਿ ਰੰਗਹਿ ਭੀਜੇ ਹਉ ਭਿ ਦੇਹੁ। ਜੀ! ਮਾਨਣਹਾਰੇ ਰੰਗ ਦਸ?

ਉਹ ਅਕਥ ਮੁਦਾਮੀ ਰੰਗ ਦੇਹੁ। ਹਉ ਪ੍ਰੇਮ-ਨਗਰ ਦਾ ਰਾਹੁ ਦਸੁ।
ਇਕ ਤਾਰ ਬਜੰਤੀ ਚੰਗ ਦੇਹੁ। ਕਿਵ ਪਾਵਾਂ ਪ੍ਰੀਤਮ ਨਾਹ, ਦਸੁ?



www.AKJ.Org

ਉਹ ਗੁਪਤ ਅਲੌਕਿਕ ਢੰਗ ਦੇਹੁ। ਉਹ ਅਮਰਾਪੁਰ ਦੀ ਗਲ ਵੀਰ!
ਨਹਿਂ ਖੁੱਟ, ਅਖੁਟ ਸੁ ਮੰਗ ਦੇਹੁ। ਬਲਿਹਾਰੇ! ਦਸੀਂ ਛੈਲ ਵੀਰ!

ਹਉਂ ਦੂਰ ਨ ਕਰਿਆ ਕਰੁ ਕਦਾਪਿ। ਚਿਰੁ ਝੂਰ ਨ ਕਰਿਆ ਕਰੁ ਕਦਾਪਿ।
ਕਰ ਰੰਜ-ਮੰਜ ਸਿਰਿ ਧਰੁ ਹਮੇਸ਼। ਖਲ ਨੰਗ 'ਦੁਖੀ' ਪਰ ਢਰ ਹਮੇਸ਼।

ਇਕ ਵਾਰ ਫੇਰ ਪ੍ਰੇਮ-ਬ੍ਰਿਹਾ (ਗੀਆ ਛੰਦ)

ਨਾ ਛੱਡ ਜਾਵੀਂ ਪਜਾਰਿਆ ਨਾ ਛੱਡ ਜਾਵੀਂ ਦਾਸ ਨੂੰ।
ਨਾ ਤੋੜ ਦੇਵੀਂ ਸਾਜਣਾ! ਮੈਂਡੀ ਨਿਤਾਣੀ ਆਸ ਨੂੰ।
ਨਾ ਛੱਡ ਦੇਵੀਂ ਵੀਰ ਜੀ! ਫੜ ਬਾਂਹ ਮੇਰੀ ਸਾਜਣਾ!
ਨਹਿ ਬਾਂਹ ਮੇਰੀ ਸਾਜਣਾ, ਫੜੁ ਬਾਂਹ ਮੇਰੀ ਸਾਜਣਾ!

ਮਦਦ ਕਰਨਹਾਰਾ ਭੀ ਤੂੰ, ਦਿਲਦਾਰ ਭੀ ਮੇਰਾ ਤੁਹੀਂ।
ਦਰਦੀ ਭੀ ਤੂੰ ਪਜਾਰਾ ਭੀ ਤੂੰ, ਗ਼ਮਖ਼ਾਰ ਭੀ ਮੇਰਾ ਤੁਹੀਂ।
ਹੈਂ ਵੀਰ ਭੀ ਤੂੰਹੀ ਮਿਰਾ, ਸਾਜਨ ਭੀ ਤੂੰ, ਤੂੰ ਹੀ ਸਖਾ।
ਮੁਸ਼ਫਿਕ ਭਿ ਤੂੰ ਮੇਲੀ ਭਿ ਤੂੰ, ਤੁਝ ਕੋ ਹੀ ਮੈਂ ਬੰਧਪ ਲਖਾ।

ਲਾ ਕੇ ਸੁ ਪ੍ਰੇਮ ਪਿਰੰਮ ਦਾ, ਨਾ ਪਜਾਰਿਆ ਵਿਸਰਾ ਦਈਂ।
ਪਾ ਕੇ ਸੁ ਸੰਗਲ ਮੋਹ ਗਲਿ, ਦੇਖੀ! ਨ ਝਟਕਾ ਲਾ ਦਈਂ।
ਛਡੀਂ ਨ ਵਿਚ ਵਿਚਾਲੜੇ, ਸਾਜਣ ਜੀ! ਬੰਨੇ ਲਾ ਦਈਂ,
ਦਿਲਦਾਰ ਦੇ ਦੀਦਾਰ ਦੀ ਮੁਹਿ ਲਲਕ ਝਲਕ ਦਿਖਾ ਦਈਂ।

ਇਕ ਸਮੇਂ ਭਾਈ ਰਣਧੀਰ ਸਿੰਘ ਜੀ ਕੁਛ ਗੁੱਸੇ ਹੋ ਗਏ ਸਲ, ਉਸ ਸਮੇਂ ਬਿਨੈ ਪੱਤਰ ਆਪ ਜੀ ਦੀ ਸੇਵਾ ਵਿਚ ਲਿਖੀ ਸੀ:-

(ਨਿਸ਼ਾਨੀ ਛੰਦ)

ਗੁੱਸੇ ਮੁਝੇ ਗਰੀਬ ਤੇ, ਹੋਣਾ ਨਾ ਸੱਜਣ।
ਮੈਂ ਤਾਂ ਦੁਖੀ ਹਾ, ਕੁਹਣਾ ਨਾ ਸੱਜਣ।
ਛੱਡ ਨ ਜਾਵੀਂ ਪਜਾਰਿਆ, ਮੈਂ ਚੇਟਕ ਲਾ ਕੇ।
ਭੱਜ ਨਾ ਜਾਵੀਂ ਸਾਜਣਾ, ਮਮ ਲੜ ਛੁਟਕਾ ਕੇ।

ਸੁਣ ਕੇ ਵੈਣ ਸੁਦੈਣ ਦੇ, ਨਹਿਂ ਭੈਣ ਭਜੇਂਦੀ।
ਭਾਈ ਦਾ ਦੁਖ ਦੇਖ ਕੇ, ਨਹਿਂ ਤਰਕ ਕਰੇਂਦੀ।
ਰਣੋਂ ਨ ਭੱਜੇ ਸੂਰਮਾ, ਸਹੇ ਫੱਟ ਕਰਾਰੇ।
ਦੁਖ ਦੀਨਨ ਕੇ ਦਹੇ ਸ਼ਭ, ਸਭ ਜ਼ੁਲਮ ਬਿਡਾਰੇ।



www.AKJ.Org

ਪੀੜਾ ਦੇ ਵਿਚ ਤੜਫਦਾ, ਰੋਗੀ ਬਿਲਲਾਵੇ।
ਲੱਤਾਂ ਮਾਰੇ ਸਾਜਣਾਂ, ਦੁਰਬਚਨ ਅਲਾਵੇ।
ਆਵੇ ਵੈਦ ਇਲਾਜ ਹੈ, ਤਿਸ ਮੂਲ ਨ ਭਾਵੇ,
ਦੇਵੇ ਔਸ਼ਧਿ ਸਾਰ ਜੋ, ਤਿਸ ਡੋਲ੍ਹ ਗਵਾਵੇ।

ਪਰ ਉਹ ਸਭੋ ਜਾਣਦੇ, ਇਹ ਰੋਗ ਗਰਸਿਆ।
ਦਿਲੋਂ ਅਸਾਡਾ ਸਖਾ ਹੈ, ਹੁਣ ਦੁੱਖੀ ਫਸਿਆ।
ਜੋ ਕੁਛ ਬੋਲ ਕੁਬੋਲ ਕਹੇ, ਸਭ ਮੂੜ ਪੁਣੇ ਵਿਚ,
ਲੱਤਾਂ ਬਾਹਾਂ ਮਾਰਦਾ, ਸਭ ਹੂੜ ਪੁਣੇ ਵਿਚ।

ਤਿਉਂ ਹੇ ਸਜਣ ਤਜੀਂ ਨਾ, ਮੈਂ 'ਦੁਖੀ' ਨਮਾਣਾ।
ਛੱਡ ਨ ਜਾਵੀਂ ਸਾਜਣਾ, ਮੈਂ ਤਾਣ ਨਤਾਣਾ।
ਤਰਨ ਨ ਜਾਣਾ ਪਜਾਰਿਆ, ਮਮ ਬਾਂਹ ਨ ਛੱਡੀਂ।
ਤੁਰਨ ਨ ਜਾਣਾ ਸਾਥੀਆ! ਮਮ ਬਾਂਹ ਨ ਛੱਡੀਂ।

ਪਿਆਰੇ ਭਾਈ ਰਣਧੀਰ ਸਿੰਘ ਜੀ ਨਾਲ ਮੈਂ ਚਾਰ ਸਾਲ ਤੋਂ ਉਪਰ ਜੇਲ੍ਹ ਯਾਤਰਾ ਦਾ ਸਮਾਂ ਬਿਤਾਇਆ। ਭਗਤੀ, ਪ੍ਰੇਮ ਤੇ ਹਰਿ ਰੰਗ ਦੀਆਂ ਉਹ ਪੀਂਘਾ ਝੂਟੀਆਂ ਜੋ ਮੇਰੀ ਰੂਹ ਕਦੇ ਭੀ ਭੁੱਲ ਨਹੀਂ ਸਕਦੀ। ਪਰ ਅੱਜ ਸਮਾਂ ਬਦਲ ਚੁੱਕਾ ਹੈ, ਖਿਆਲ ਬਦਲ ਚੁੱਕੇ ਹਨ, ਵਿਚਾਰ ਬਦਲ ਚੁੱਕੇ ਹਨ ਤੇ ਉਕੀ ਹੀ ਸਮੇਂ ਦੀ ਹਵਾ ਬਦਲ ਚੁੱਕੀ ਹੈ। ਦੂਜੇ ਬੰਨੇ ਸੰਤ, ਮਹੰਤ, ਸਾਧ ਤੇ ਸੰਨਿਆਸੀ ਗੁਰਮੁਖ ਭੀ ਕੋਈ ਟਾਂਵਾਂ ਟਾਂਵਾਂ ਹੋਵੇ ਤਾਂ ਹੋਵੇ, ਨਹੀਂ ਤਾਂ ਜਿੰਨੇ ਭੀ ਹਨ ਸਾਰੇ ਹੀ ਭੇਖਧਾਰੀ, ਲੋਭੀ, ਲਾਲਚੀ ਪਖੰਡੀ ਤੇ ਫਿਰਕਾ ਪ੍ਰਸਤ ਹੀ ਹਨ। ਪਤਾ ਨਹੀਂ ਮੇਰੀਆਂ ਇਹ ਸਤਰਾਂ ਕਿਸੇ ਨੂੰ ਭਾਉਣਗੀਆਂ ਭੀ ਕਿ ਨਹੀਂ, ਪਰ ਮੇਰੀ ਹਾਲਤ ਤਾਂ ਇਹ ਹੈ:-

ਪ੍ਰੀਤਮ ਦੇ ਪ੍ਰੇਮ ਦਾ ਜਾਂ ਵਜਦਾ ਹੁਲਾਰਾ ਜ਼ਰਾ,
ਭੁਲ ਜਾਣ ਕਾਰਾਂ ਤੇ ਵਿਚਾਰਾਂ ਨਾ ਰਹਾਨੀਆਂ।
ਸੁਧਿ ਬੁਧਿ ਅਕਲ ਦੀ ਸ਼ਕਲ ਬਿਕਲ ਹੋਇ,
ਮਾਨ ਤੇ ਮਹੱਤੁ ਮੱਤਿ ਛੱਪ ਛੁਪ ਜਾਨੀਆਂ।
ਝੱਲੀਆਂ ਨਾ ਜਾਣ ਜਿਨ੍ਹੀ ਝੱਲੀਆਂ ਸੁ ਝੱਲਦੇ ਨਾ,
ਝੱਲੀਆਂ ਵਲੱਲੀਆਂ ਚੜ੍ਹੀਆਂ ਪ੍ਰੇਮ ਕਾਨੀਆਂ।
ਜਾਨੀਆਂ ਨੂੰ ਜਾਨਣੇ ਨੂੰ ਜਾਨੀਆਂ ਨ ਜਾਣ ਜਿਵੇਂ,
ਥੱਮੀਆਂ ਨ ਜਾਣ, ਅੱਖੀਂ ਜਾਨੀਆਂ ਨੂੰ ਜਾਨੀਆਂ।

ਭਾਈ ਸਾਹਿਬ ਜੀ ਦੀਆਂ ਮੇਰੇ ਨਾਲ ਹੱਡ-ਬੀਤੀਆਂ ਕਥਾਵਾਂ ਜੇ ਕੋਈ ਸੁਣ ਕੇ ਲਿਖਣਾ ਚਾਹੇ ਤਾਂ ਭਾਵੇਂ ਇਕ ਵਡਾ ਗ੍ਰੰਥ ਲਿਖ ਸਕਦਾ ਹੈ। ਪਰ ਕੌਣ ਸੁਣੇ ਤੇ ਕੌਣ



www.AKJ.Org

ਲਿਖੇ ? ਤੇ ਕਿਸੇ ਨੂੰ ਕੀ ਗਰਜ਼ ਹੈ ? ਇਸ਼ਕ ਮਜ਼ਾਜੀ ਵਿਚ ਰੁੜੇ ਜਾ ਰਿਹਾਂ ਨੂੰ, ਵਿਸ਼ੇ ਵਿਕਾਰਾਂ ਵਿਚ ਬਹੇ ਜਾ ਰਿਹਾਂ ਨੂੰ ਵਾਹਿਗੁਰੂ-ਪ੍ਰੇਮ-ਰੰਗ ਦੀ ਕੀ ਸਾਰ ? ਤੇ ਕੀ ਚਾਹ ? ਇਹ ਤਾਂ ਭਾਈ—

ਝੱਲਿਆਂ ਨੂੰ ਝੱਲੀਆਂ ਹੀ ਔਂਦੀਆਂ ਸੁ ਭੌਂਦੀਆਂ ਨੇ,
ਝਲੜੇ ਹੀ ਝਲਦੇ ਨੇ ਝਲਿਆ ਦੇ ਝੱਲ ਨੂੰ।
ਰੋਂਦੇ ਕਦੇ ਹੱਸਦੇ ਨੇ, ਬੈਠ ਕਦੇ ਟੱਪਦੇ ਨੇ,
ਗੌਂਦੇ ਕਦੇ ਨੱਚਦੇ ਬਜੌਂਦੇ ਕਦੇ ਗੱਲ੍ਹ ਨੂੰ।
ਝੂਮਦੇ ਨੇ ਘੂਮਦੇ ਨੇ ਬੋਕਦੇ ਨੇ ਹੋਕਦੇ ਨੇ,
ਸੂਕਦੇ ਨੇ ਕੂਕਦੇ ਜਗੌਣ ਸੁੱਤੇ ਦਲ ਨੂੰ।
'ਝੱਲਾ ਭਾਈ ! ਝੱਲਾ !' ਆਖਿ ਲੋਕ ਗੱਲਾਂ ਮਾਰਦੇ ਨੇ,
ਸੱਲਿਆ ਹੀ ਜਾਣੇ ਕੋਈ ਸੱਲਿਆਂ ਦੇ ਸੱਲ ਨੂੰ।

*(ਪੰਜਾਬੀ ਰਤਨ ਲੁਧਿਆਣਾ ਦੇ ਵਿਸ਼ੇਸ਼ ਅੰਕ,*
*੨੪ ਅਗਸਤ ੧੯੬੧ ਵਿਚੋਂ, ਧੰਨਵਾਦ ਸਹਿਤ)*

***



www.AKJ.Org



ਨਾਰੰਗਵਾਲ ਵਿਖੇ
ਭਾਈ ਸਾਹਿਬ ਜੀ ਦੀ ਰਿਹਾਇਸ਼ ਗਾਹ (ਹਵੇਲੀ)



ਜੇਲ੍ਹ ਯਾਤਰਾ ਤੋਂ ਬਾਅਦ
ਭਾਈ ਸਾਹਿਬ ਜੀ ਆਪਣੇ ਜੀਵਨ ਸਾਥੀ ਬੇਬੇ ਕਰਤਾਰ ਕੌਰ ਜੀ ਨਾਲ


www.AKJ.Org






ਭਾਈ ਸਾਹਿਬ ਜੀ ਨੇ ਸੰਨ 1906-07 ਵਿੱਚ
ਖਾਲਸਾ ਕਾਲਜ ਹੋਸਟਲ ਅੰਮ੍ਰਿਤਸਰ ਦੇ
ਬੋਰਡਿੰਗ ਹਾਊਸ ਦੇ ਸੁਪਰਟੈਂਡਟ ਦਾ ਕਾਰਜ ਕੀਤਾ।

www.AKJ.Org


ਮਲੇਆਣੇ ਦੀ ਢਾਬ ਪਿੰਡ ਨਾਰੰਗਵਾਲ-ਗੁੱਜਰਵਾਲ
ਜਿੱਥੇ ਭਾਈ ਸਾਹਿਬ ਜੀ ਨੇ ਅਤੁੱਟ ਨਾਮ ਅਭਿਆਸ ਕਮਾਈਆਂ ਕੀਤੀਆਂ
ਅਤੇ 1961 ਵਿੱਚ ਆਪ ਜੀ ਦਾ ਇੱਥੇ ਅੰਤਿਮ ਸੰਸਕਾਰ ਕੀਤਾ ਗਿਆ
www.AKJ.Org



ਮੁਲਤਾਨ ਜੇਲ੍ਹ ਅੰਦਰ ਭਾਈ ਸਾਹਿਬ ਜੀ ਨੂੰ
ਹੱਥ ਕੜੀਆਂ ਅਤੇ ਖੜੀਆਂ ਡੰਡ ਬੇੜੀਆਂ ਨਾਲ ਜਕੜਿਆ ਹੋਇਆ




ਹਜ਼ਾਰੀ ਬਾਗ
ਜੇਲ੍ਹ ਦਾ ਦ੍ਰਿਸ਼

www.AKJ.Org



ਕੁਮਾਰ ਹੱਟੀ ਵਿਖੇ ਭਾਈ ਸਾਹਿਬ ਜੀ
ਨਾਮ ਰੰਗਾਂ ਵਿੱਚ ਮਸਤੁਲ-ਮਸਤ



ਰਾਜਮੁੰਦਰੀ ਜੇਲ੍ਹ ਦੀ ਕਾਲ ਕੋਠੜੀ ਦਾ ਦ੍ਰਿਸ਼ (1921-22)
ਜਿੱਥੇ ਭਾਈ ਸਾਹਿਬ ਜੀ ਨੇ ਪਰਿਵਾਰ ਅਤੇ ਸੰਗੀਆਂ ਨਾਲ ਚਿੱਠੀ ਪੱਤਰ ਸ਼ੁਰੂ ਕੀਤਾ

www.AKJ.Org

੧ ੴ ਵਾਹਿਗੁਰੂ ਜੀ ਕੀ ਫਤਹਿ ॥

# ਤਖਤ ਸ੍ਰੀ ਕੇਸਗੜ੍ਹ ਸਾਹਿਬ

ਅੰਮ੍ਰਿਤਦਾਤਾ ਸਤਿਗੁਰੂ ਗੁਰੂ ਗੋਬਿੰਦਸਿੰਘ ਸਾਹਿਬ ਕਲਗੀਧਰ ਪਿਤਾ ਜੀ ਦੇ ਲਾਡਲੇ ਸਪੁਤ੍ਰ, ਗੁਰੂਪੰਥਦੇ ਨਿਸ਼ਕਾਮ ਸੇਵਕ, ਗੁਰਦੁਆਰਾ ਪ੍ਰਬੰਧ ਸੁਧਾਰ ਦੇ ਅਰੰਭਕ, ਸਿੰਘ ਸਾਹਿਬ ਭਾਈ ਰਣਧੀਰਸਿੰਘ ਜੀ ਨਾਰੰਗਵਾਲ ਸ੍ਰੀਗੁਰਦੁਆਰਾ ਰਕਾਬਗੰਜ ਸਾਹਿਬ ਦਿਲੀ ਦੀ ਬੇਅਦਬੀ ਰੋਕਣ ਬਦਲੇ ਸੋਲਾਂ ਸਾਲ ਜੇਹਲ (ਗੁਫਾ) ਨਿਵਾਸ ਪਿਛੋਂ, ਜਿਥੇ ਕਿ ਆਪਜੀਨੇ ਖਾਲਸਾ ਰਹਿਤ ਬਹਿਤ ਅਤੇ ਹੋਰ ਧਾਰਮਕ ਅਸੂਲਾਂ ਬਦਲੇ ਅਕਹਿ ਤੇ ਅਸਹਿ ਕਸ਼ਟ ਪੁਰਾਤਨ ਖਾਲਸਾ ਜੀ ਦੀ ਤਰਾਂ ਅਡੋਲਤਾ ਸਹਿਤ ਸਹਾਰੇ, ਪਹਿਲੀ ਦਫਾ ਸ੍ਰੀਅਨੰਦਪੁਰ ਸਾਹਿਬ ਦੀ ਯਾਤ੍ਰਾ ਲਈ ਆਇਆਂ ਤਖਤ ਸ੍ਰੀਕੇਸਗੜ੍ਹ ਸਾਹਿਬ ਹਾਜ਼ਰ ਹੋਏ ਅਤੇ ਤਖਤ ਸਾਹਿਬ ਦੀ ਹਜ਼ੂਰੀ ਵਿਚ ਅਖੰਡ ਕੀਰਤਨ ਕਰਨ ਪਸਚਾਤ ਹੁਕਮ ਹੋਇਆ ਕਿ "ਆਪ ਜੀ ਦੀ ਘਾਲ ਯਾਤ੍ਰਾ ਪ੍ਰਵਾਨ ਹੈ" ਗੁਰੂ ਕਲਗੀਧਰ ਪਿਤਾ ਆਪ ਦਾ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਉਣ ਤੇ ਸਦਾ ਚੜ੍ਹਦੀਆਂ ਕਲਾਂ ਵਿਚ ਰਖਣ। ਇਸ ਸਮੇ ਆਪ ਜੀ ਨੂੰ ਹੁਕਮਨਾਮਾ ਤੇ ਸਿਰੋਪਾਓ ਬਖਸ਼ੀਸ਼ ਹੋਇਆ।

੧੨ ਚੇਤ੍ਰ ੪੭੧ ਗੁ: ਨਾ:
(੧੯੯੬ ਬਿ:)
੨੫ ਮਾਰਚ ੧੯੪੦ ਈ:

ਜਥੇਦਾਰ
ਤਖਤ ਸ੍ਰੀਕੇਸਗੜ੍ਹ ਸਾਹਿਬ।

---

ਸਤਿ ਸ੍ਰੀ ਅਕਾਲ

੧ ੴ ਵਾਹਿਗੁਰੂ ਜੀ ਕੀ ਫਤਹ ॥

ਸਤਿ ਸ੍ਰੀ ਅਕਾਲ


# ਸ੍ਰੀ ਅਕਾਲ ਜੀ ਸਹਾਇ

ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੋਗ ਉਨ੍ਹਾਂ ਦੀ ਅਡੋਲ ਦ੍ਰਿੜ੍ਹਤਾ, ਨਿਸ਼ਕਾਮ ਕੁਰਬਾਨੀ ਅਤੇ ਗੁਰੂ ਪੰਥ ਦੀ ਉੱਘੀ ਸੇਵਾ ਲਈ ਪੰਥ ਵਲੋਂ ਪ੍ਰਸੰਸਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸ੍ਰੀ ਸਾਹਿਬ ਤੇ ਸਿਰੋਪਾ ਦੀ ਬਖਸ਼ਿਸ਼ ਕੀਤੀ ਜਾਂਦੀ ਹੈ। ਹੁਕਮ ਹੋਇਆ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਉਤੇ ਗੁਰੂ ਦੀਆਂ ਖੁਸ਼ੀਆਂ ਹੋਣ ਅਤੇ ਉਨ੍ਹਾਂ ਦੀ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇ ॥


ਗੁਰਮੁਖ ਸਿੰਘ ਜਥੇਦਾਰ
ਸ੍ਰੀ ਅਕਾਲ ਤਖਤ ਸਾਹਿਬ

੩੦ ਭਾਦੋਂ ਸੰਮਤ ਨਾਨਕ ਸ਼ਾਹੀ ੪੬੨
" " " ਬਿਕ੍ਰਮੀ ੧੯੮੮
੧੫ ਸਤੰਬਰ ਸੰਨ ਈਸਵੀ ੧੯੩੧

www.AKJ.Org



ਨਾਰੰਗਵਾਲ ਵਿਖੇ ਭਾਈ ਸਾਹਿਬ ਜੀ ਨਗਰ ਕੀਰਤਨ ਦੌਰਾਨ ਹਾਜ਼ਰੀ ਭਰਦੇ ਹੋਏ ।



ਭਾਈ ਸਾਹਿਬ ਜੀ ਵਿੱਚ ਸੰਗੀ ਸਾਥੀਆਂ ਅਤੇ ਸੰਗਤਾਂ ਸਮੇਤ ।



ਮਿਤੀ 16-04-1961 ਨੂੰ ਗੁਰ ਪੁਰੀ ਸਿਧਾਰਨ ਤੋਂ ਬਾਅਦ
ਭਾਈ ਸਾਹਿਬ ਜੀ ਦਾ ਪੰਜ ਭੂਤਕ ਸਰੀਰ

www.AKJ.Org

# ਪੂਰਬ ਕਰਮ ਅੰਕੁਰ ਜਬ ਪ੍ਰਗਟੇ

**ਡਾਕਟਰ ਗੁਰਬਚਨ ਸਿੰਘ ਜੀ ਜਲੰਧਰ**

1936 ਦੀ ਵਾਰਤਾ ਹੈ। ਡਗਸ਼ਈ (ਸ਼ਿਮਲਾ ਹਿਲਜ਼) ਵਿਖੇ ਰੁੱਤ ਗਰਮੀਆਂ ਦੀ ਅਤੇ ਪਹਾੜ ਦਾ ਸੁਹਾਵਣਾ ਦ੍ਰਿਸ਼ਯ (ਦਾਸ ਦੀ ਰਿਹਾਇਸ਼ ਸਰਕਾਰੀ ਨੌਕਰੀ ਦੇ ਸਬੰਧ ਵਿਚ ਉਥੇ ਹੀ ਸੀ)

ਗੁਰਪੁਰਵਾਸੀ ਸ੍ਰੀਮਾਨ ਭਾਈ ਰਣਧੀਰ ਸਿੰਘ ਜੀ ਭੀ ਜੱਥੇ ਦੇ ਕੁਝ ਸਿੰਘਾਂ ਸਮੇਤ, ਉੱਥੇ ਹੀ ਇਕ ਗੁਫਾ (ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਦੀ ਕੋਠੀ) ਵਿਚ ਬਿਰਾਜਿਆ ਕਰਦੇ ਸਨ। ਹਰ ਐਤਵਾਰ ਅੰਮ੍ਰਿਤ ਵੇਲੇ ਅਤੇ ਬਾਕੀ ਦਿਨੀਂ ਸ਼ਾਮੀਂ ਰਹਿਰਾਸ ਅਤੇ ਉਸ ਤੋਂ ਪਿਛੋਂ ਸਮਾਪਤੀ ਤੱਕ, ਸੰਗਤਾਂ ਨੂੰ ਅੰਮ੍ਰਿਤ ਕੀਰਤਨ ਦੁਆਰਾ ਨਿਹਾਲ ਕੀਤਾ ਕਰਦੇ ਸਨ। ਦਾਸਰਾ ਭੀ ਕਦੇ ਕਦਾਈਂ, ਉਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਿਆ ਕਰਦਾ ਸੀ।

ਕਦੇ ਕਦਾਈ ਡਗਸ਼ਈ ਦੀ ਸੰਗਤ ਚੋਂ ਇੱਕੇ-ਦੁੱਕੇ ਸੱਜਣ ਸ੍ਰੀ ਭਾਈ ਸਾਹਿਬ ਜੀ ਦੇ ਦਰਸ਼ਨਾਂ ਵਾਸਤੇ, ਉਨ੍ਹਾਂ ਦੀ ਰਿਹਾਇਸ਼ੀ ਗੁਫਾ ਵੱਲ ਚਲਿਆ ਜਾਇਆ ਕਰਦੇ ਸਨ। ਇਕ ਸ਼ਨੀਵਾਰ ਲੌਢੇ ਵੇਲੇ, ਦਾਸ ਭੀ ਕੁਝ ਸਾਥੀਆਂ ਸਮੇਤ ਉਧਰ ਜਾ ਨਿਕਲਿਆ। ਸਾਧਾਰਨ ਤੌਰ ਤੇ ਬਚਨ ਬਿਲਾਸ ਹੁੰਦੇ ਰਹੇ। ਵਾਪਸ ਮੁੜਨ ਸਮੇਂ ਸਤਿਕਾਰਯੋਗ ਭਾਈ ਸਾਹਿਬ ਜੀ ਨੇ ਇਉਂ ਫੁਰਮਾਇਆ:- "ਗੁਰਮੁੱਖੋ ਅੰਮ੍ਰਿਤ ਵੇਲੇ ਉਠਿਆ ਕਰੋ ਅਤੇ ਵਾਹਿਗੁਰੂ ਦਾ ਸਿਮਰਨ ਕਰਿਆ ਕਰੋ।" ਅਚਾਨਕ ਹੀ ਦਾਸ ਦੇ ਮੂੰਹੋਂ ਨਿਕਲਿਆ, "ਬਜ਼ੁਰਗੋ, ਜੇਕਰ ਪਤਾ ਹੀ ਨਾ ਲੱਗੇ, ਅੰਮ੍ਰਿਤ ਵੇਲਾ ਕੱਦ ਹੋਇਆ ਹੈ? ਇੱਥੇ ਤੇ ਨਿੰਦ੍ਰਾ ਇਤਨੀ ਗਹਿਰੀ ਹੁੰਦੀ ਹੈ ਕਿ ਸੂਰਜ ਚੜ੍ਹੇ ਦਾ ਭੀ ਨਹੀਂ ਪਤਾ ਲੱਗਦਾ।" ਜਵਾਬ ਵਜੋਂ ਸ੍ਰੀ ਭਾਈ ਸਾਹਿਬ ਜੀ ਕੇਵਲ ਮੁਸਕਰਾਏ। ਇਸ ਦਾਸਰੇ ਨੂੰ ਕੀ ਪਤਾ ਸੀ ਕਿ ਇਸ ਮੁਸਕ੍ਰਾਹਟ ਵਿਚ ਕੀ ਰਾਜ਼ ਹੈ ? ਸੈਰ ਕਰਦੇ ਹੋਏ ਆਪਣੇ ਆਪਣੇ ਘਰੀਂ ਪੁੱਜ ਗਏ।

ਅਗਲੀ ਸਵੇਰ ਐਤਵਾਰ, ਹਮੇਸਾਂ ਵਾਂਗ ਅੰਮ੍ਰਿਤ ਵੇਲੇ, ਗੁਰਦੁਆਰਾ ਸਾਹਿਬ ਵਿਖੇ ਕੀਰਤਨ ਸਮਾਗਮ ਸੀ। ਗੁਰਦੁਆਰਾ ਦਾਸ ਦੇ ਬੁੰਗੇ ਤੋਂ ਕੋਈ 300 ਗਜ਼ ਦੇ ਫਾਸਲੇ 'ਤੇ ਸੀ। ਉਹੀ ਗੂੜੀ ਨਿੰਦ੍ਰਾ। ਅਚਾਨਕ ਹੀ ਕਿਸੇ ਆਵਾਜ਼ ਨੇ ਹਲੂਣ ਦਿੱਤਾ। ਇਕ ਦਮ ਕੰਨਾਂ ਵਿਚ ਇੰਝ ਆਵਾਜ਼ ਪਈ, ਬੜੀ ਜੋਸ਼ੀਲੀ "ਹਰਿ ਅੰਮ੍ਰਿਤ ਭਗਤਿ ਭੰਡਾਰ ਹੈ" ਸਾਡੇ ਘਰ ਦੀ ਦੀਵਾਰ ਦੀ ਖਿੜਕੀ ਦੇ ਪਿਛਲੇ ਪਾਸੇ ਉਪਰੋਕਤ ਸ਼ਬਦ ਉਚਾਰਨ, ਸ੍ਰੀ ਭਾਈ ਸਾਹਿਬ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਹੋਏ ਸੁਣੇ ਅਤੇ ਨਾਲ ਹੀ ਉਨ੍ਹਾਂ ਦੇ ਕੜਿਆਂ ਦੀ ਛਣਕਾਰ। ਤੁਕ ਦੇ ਅਗਲੇ ਬੋਲ "ਗੁਰ ਸਤਿਗੁਰ ਪਾਸੇ ਰਾਮ ਰਾਜੇ" ਅਤੇ ਪੂਰੇ ਛੱਕੇ ਦਾ ਕੀਰਤਨ ਗੁਰਦੁਆਰਾ ਸਾਹਿਬ ਤੋਂ ਸੁਣਾਈ ਦੇਣ ਲੱਗਾ। ਦਾਸ ਦੀ



www.AKJ.Org

ਹੈਰਾਨਗੀ ਹਾਲਾਂ ਉਸੇ ਤਰ੍ਹਾਂ ਹੀ ਸੀ ਚਾਰਪਾਈ ਤੇ ਪਏ ਹੋਏ ਦੀ, ਕਿ ਨਾਲ ਵਾਲੀ ਚਾਰਪਾਈ ਤੇ, ਜਿਥੇ ਮੇਰੇ ਬ੍ਰਿਧ ਮਾਤਾ ਜੀ ਵਿਸ਼ਰਾਮ ਕਰ ਰਹੇ ਸਨ, ਇਕ ਦਮ ਬੋਲ ਉੱਠੇ, "ਗੁਰਬਚਨ ਸਿੰਘ, ਕੀ ਇਥੇ ਸ੍ਰੀ ਭਾਈ ਸਾਹਿਬ ਜੀ ਆਏ ਸਨ ? ਕਿਉਂ? ਮੈਂ ਕਿਹਾ। ਹੁਣੇ ਹੀ ਉਨ੍ਹਾਂ ਦੇ ਕੜਿਆਂ ਦਾ ਖੜਾਕ ਖਿੜਕੀ ਪਿਛੋਂ ਸੁਣਾਈ ਦਿੱਤਾ ਹੈ, ਮਾਤਾ ਜੀ ਨੇ ਕਿਹਾ।

ਇਹ ਸਭ ਕੁਝ ਮਾਨੋ, ਅੱਖਾਂ ਦੇ ਫੋਰ ਵਿਚ ਹੀ ਬੀਤਿਆ ਸੀ। ਸਾਵਧਾਨ ਹੋਏ। ਇਸ਼ਨਾਨ ਪਾਣੀ ਤੋਂ ਫਾਰਗ ਹੋ, ਦਾਸ, ਮਾਤਾ ਜੀ ਅਤੇ ਸਿੰਘਣੀ ਗੁਰਦੁਆਰਾ ਸਾਹਿਬ ਪਹੁੰਚੇ। ਹਾਜ਼ਰਾ ਹਜ਼ੂਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਜਾ ਮੱਥਾ ਟੇਕਿਆ। ਸੱਜੇ ਪਾਸੇ ਸ੍ਰੀ ਭਾਈ ਸਾਹਿਬ ਜੀ ਜਥੇ ਸਮੇਤ ਕੀਰਤਨ ਕਰ ਰਹੇ ਸਨ। ਮੱਥਾ ਟੇਕਦੇ ਸਾਰ, ਸੱਜੇ ਪਾਸੇ, ਦਾਸ ਦੀਆਂ ਅੱਖਾਂ ਸ੍ਰੀ ਭਾਈ ਸਾਹਿਬ ਜੀ ਦੇ ਚੁੰਭਕ ਨੈਣਾਂ ਨਾਲ ਮਿਲੀਆਂ। ਇਕ ਅਲੌਕਿਕ ਖੁਸ਼ੀ ਵਿਚ ਰੰਗ ਰੱਤੜੇ ਨੈਣ ਅਤੇ ਚਿਹਰੇ ਦਾ ਜ਼ਲਾਲ ! ਕੁਝ ਪੁੱਛ ਰਹੇ ਜਾਪਦੇ ਸਨ, 'ਕੀ ਭਾਈ ਜਾਗ ਖੁੱਲ ਗਈ?' ਦਾਸ ਨੇ ਅੰਤਰ-ਆਤਮੇ ਨਮਸਕਾਰ ਕੀਤੀ ਅਤੇ ਹੱਥ ਜੁੜ ਗਏ। ਸੰਗਤ ਵਿਚ ਜਾ ਬਿਰਾਜਿਆ। ਸ੍ਰਵਣਾਂ ਰਾਹੀਂ ਆਤਮਾ ਲੱਗੀ, ਰੱਬੀ ਕੀਰਤਨ ਦਾ ਅਨੰਦ ਮਾਣਨ ਅਤੇ ਇਹ ਵੇਗ 12-1 ਵਜੇ ਦੀਵਾਨ ਦੀ ਸਮਾਪਤੀ ਦੇ ਸਮੇਂ ਤੱਕ ਚਲਦਾ ਰਿਹਾ। ਸਮਾਪਤੀ ਉਪਰੰਤ ਸਮੂਹ ਸੰਗਤ ਮਾਈ-ਭਾਈ ਆਪੋ ਆਪਣੇ ਘਰੀਂ ਟੁਰ ਪਏ।

ਦਾਸ ਉਸੇ ਤਰ੍ਹਾਂ ਹੀ ਬੈਠਾ, ਭਾਈ ਸਾਹਿਬ ਜੀ ਦੇ ਨੂਰੀ ਚਿਹਰੇ ਵੱਲ ਤੱਕੀ ਜਾ ਰਿਹਾ ਸੀ। ਉਪਰੰਤ ਬੜੇ ਜਲਾਲੀ ਲਹਿਜੇ ਵਿਚ ਸ੍ਰੀ ਭਾਈ ਸਾਹਿਬ ਜੀ ਜਥੇ ਦੇ ਸਿੰਘਾਂ ਵਲ ਤੱਕਦੇ ਹੋਏ ਫੁਰਮਾਣ ਲੱਗੇ, 'ਗੁਰਮੁਖੋ ! ਕਰੋ ਬਾਟੇ ਦਾ ਇੰਤਜ਼ਾਮ, ਇਸ ਗੁਰਮੁਖ ਨੂੰ ਚੜ੍ਹਾਓ ਜਹਾਜ਼ੇ।" ਖੁਸ਼ੀਆਂ ਹੋ ਆਈਆਂ।

ਅਗਲੇ ਸ਼ਨੀਵਾਰ ਦੀ ਸ਼ਾਮ, ਕਈ ਹੋਰ ਸਿੰਘ ਪਰਿਵਾਰ ਅਤੇ ਨਾਲ ਹੀ ਦਾਸ, ਸਿੰਘਣੀ ਅਤੇ ਮੇਰੇ ਬ੍ਰਿਧ ਮਾਤਾ ਜੀ ਤੇ ਮਿਹਰ ਹੋਣ ਲੱਗੀ। ਅੰਮ੍ਰਿਤ ਸਮਾਗਮ ਰਾਤ ਦੇ ਢਾਈ ਵਜੇ ਤੱਕ ਚਲਦਾ ਰਿਹਾ। ਦਾਸ ਤੇ ਬੇਸੁਧ ਸੀ, ਖੰਡਾ ਖੜਕ ਰਿਹਾ ਸੀ। ਸ੍ਰੀ ਭਾਈ ਸਾਹਿਬ ਜੀ ਭੀ ਪਹੁੰਚ ਚੁੱਕੇ ਸਨ। ਪਹਿਲਾ ਸ਼ਬਦ ਹੀ ਇਕ ਜਲਾਲੀ ਰਹੱਸਯ ਵਿਚ ਰਾਹੀਂ ਆਰੰਭ ਹੋਇਆ, ਭਾਈ ਸਾਹਿਬ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ:-

**ਗੁਰਿ ਪੂਰੈ ਮੇਰੀ ਰਾਖਿ ਲਈ ॥**

**ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥**

*(ਅੰਗ ੬੨੩)*

ਇਕ ਅਲੌਕਿਕ ਦ੍ਰਿਸ਼ ਸੀ। ਦਾਸ ਤੇ ਸੰਗਤਾਂ ਵਿਚੋਂ ਕਈ ਇਕ ਦੇ ਵੈਰਾਗਮਈ ਕੜ ਪਾਟ ਰਹੇ ਸਨ:-

**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥**

*(ਅੰਗ ੧੩੭੦)*

ਧੰਨ ਗੁਰਸਿਖ, ਧੰਨ ਗੁਰਸਿਖੀ।

ਵਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥



www.AKJ.Org

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

**ਇਕ ਗੁਰਮਤਿ ਪ੍ਰੇਮੀ**

24 ਜੁਲਾਈ 1967 ਦੀ ਰਾਤ ਨੂੰ ਇਕ ਸਿੰਘ ਕੋਲ ਰਹਿਣ ਦਾ ਸੁਭਾਗ ਸਮਾਂ ਦਾਸ ਨੂੰ ਮਿਲਿਆ। ਭਾਵੇਂ ਇਸ ਸਿੰਘ ਦਾ ਮੈਂ ਪਹਿਲਾਂ ਵਾਕਫ ਨਹੀਂ ਸੀ, ਪਰ ਰੈਣ-ਸਬਾਈ ਪ੍ਰੇਮ ਅਖਾੜੇ ਦੀ ਸਾਂਝ ਕਰਕੇ ਕੁਝ ਵਾਕਫ ਹੀ ਜਾਤਿਆ। ਗੱਲ ਬਾਤ ਕਰਨ ਪਿਛੋਂ ਇਹ ਪਤਾ ਲੱਗਾ ਕਿ ਇਹ ਸਿੰਘ, ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ 1941 ਤੋਂ ਰਹੇ ਹਨ। ਉਨ੍ਹਾਂ ਦੇ ਦਰਸਨ ਦੀਦਾਰੇ ਅਤੇ ਕੀਰਤਨ ਦੀ ਸੰਗਤ ਨਾਲ ਹੀ ਇਸ ਸਿੰਘ ਨੂੰ ਗੁਰਮਤਿ ਦਾ ਪ੍ਰੇਮ ਲੱਗਾ।

ਪ੍ਰਸ਼ਾਦਾ ਛਕਣ ਪਿਛੋਂ ਮੈਂ ਸਾਧਾਰਨ ਹੀ ਪੁੱਛਿਆ ਕਿ ਭਾਈ ਰਣਧੀਰ ਸਿੰਘ ਜੀ ਸਾਧਾਰਨ ਵਿਚਾਰ-ਵਟਾਂਦਰੇ ਕਰਨ ਵਿਚ ਕੁਝ ਰੁੱਖੇ ਨਹੀਂ ਜਾਪਦੇ ਸਨ ? ਉਨ੍ਹਾਂ ਉੱਤਰ ਦਿੱਤਾ, ਕਿ ਨਹੀਂ। ਉਹ ਸੇਵਾ ਤੇ ਪ੍ਰੇਮ ਦੇ ਪੁੰਜ ਸਨ। ਨਿਮਰਤਾ, ਉਨ੍ਹਾਂ ਵਿਚ ਕੁਟ ਕੁਟ ਕੇ ਭਰੀ ਹੋਈ ਸੀ। ਉਹ ਹਾਜ਼ਰ ਜੁਆਬ ਬਹੁਤ ਸਨ। ਉਹ ਸਭ ਤਰ੍ਹਾਂ ਦੇ ਸੰਸਕਾਰ ਮਾਣ ਛੱਡ ਕੇ ਗੁਰਸਿਖਾਂ ਦੀ ਸੇਵਾ ਕਰਦੇ ਸਨ। ਸਿੰਘ ਜੀ ਨੇ ਦਸਿਆ ਕਿ ਇਕ ਵਾਰੀ ਕੀਰਤਨ ਸਮਾਗਮ ਉਤੇ ਅਸੀਂ ਕੁਮਾਰਹਟੀ ਗਏ ਹੋਏ ਸਾਂ। ਰਾਤ ਦੇ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਸਿੰਘ ਆਏ। ਭਾਈ ਸਾਹਿਬ ਜੀ ਨੇ ਅੱਗੋਂ ਸਾਰਿਆਂ ਨੂੰ, ਜੀ ਆਇਆਂ ਆਖਿਆ ਅਤੇ ਘੁੱਟ ਘੁੱਟ ਕੇ ਪ੍ਰੇਮ ਗਲਵਕੜੀਆਂ ਪਾਈਆਂ। ਅਸਥਾਨ ਤੇ ਪੁੱਜ ਕੇ ਭਾਈ ਸਾਹਿਬ ਜੀ ਨੇ ਪੁੱਛਿਆ, ਪ੍ਰਸ਼ਾਦਾ ਛਕੋਗੇ। ਇਕ ਸਿੰਘ ਨੇ ਕਿਹਾ ਕਿ ਨਹੀਂ, ਅਸੀਂ ਪ੍ਰਸ਼ਾਦਾ ਨਹੀਂ ਛੱਕਣਾ।' ਭਾਈ ਸਾਹਿਬ ਜੀ ਨੇ ਕਿਹਾ, 'ਸਮੁੰਦਰ ਛਕੋਗੇ।' ਸਿੰਘ ਨੇ ਕਿਹਾ, 'ਨਹੀਂ, ਸਮੁੰਦਰ ਵੀ ਨਹੀਂ ਛੱਕਣਾ।' ਫਿਰ ਭਾਈ ਸਾਹਿਬ ਜੀ ਨੇ ਝੱਟ ਕਿਹਾ ਕਿ ਅੱਛਾ ਤੁਹਾਨੂੰ ਰੁੱਗ ਛਕਾਂਵਾਂਗੇ। ਜਦੋਂ ਸਿੰਘ ਕੁਝ ਆਰਾਮ ਕਰਲ ਲਈ ਲੇਟ ਗਏ ਤਾਂ ਭਾਈ ਸਾਹਿਬ ਉਨ੍ਹਾਂ ਸਿੰਘਾਂ ਦੀਆਂ ਲੱਤਾਂ ਘੁੱਟ ਕੇ ਮੁੱਠੀ-ਚਾਪੀ ਕਰਨ ਲੱਗੇ। ਸਿੰਘ ਬਥੇਰਾ ਨਾਂਹ ਨਾਂਹ ਕਰਨ। ਪਰ ਭਾਈ ਸਾਹਿਬ ਨੇ ਕਿਹਾ ਕਿ ਅਸੀਂ ਤੁਹਾਨੂੰ ਰੁੱਗ ਛਕਾਉਣ ਦਾ ਬਚਨ ਕੀਤਾ ਹੋਇਆ ਹੈ। ਹੁਣ ਰੁੱਗ ਛਕਾ ਕੇ ਹੀ ਹਟਾਂਗੇ। ਕਿੰਨਾ ਚਿਰ ਭਾਈ ਸਾਹਿਬ ਉਨ੍ਹਾਂ ਸਿੰਘਾਂ ਦੀ ਮੁੱਠੀ ਚਾਪੀ ਕਰਦੇ ਰਹੇ। ਗੁਰਸਿੱਖਾਂ ਲਈ ਭਾਈ ਸਾਹਿਬ ਦਾ ਪ੍ਰੇਮ ਡੁਲ੍ਹ ਡੁਲ ਪੈਂਦਾ ਸੀ।

ਉਸ ਸਿੰਘ ਨੇ ਫਿਰ ਦਸਿਆ—ਕੀਰਤਨ ਸਮਾਪਤੀ ਪਿਛੋਂ ਅਸੀਂ ਭਾਈ ਸਾਹਿਬ ਨੂੰ ਵਿਦਾ ਕਰਨ ਲਈ ਅੱਡੇ ਤਕ ਗਏ। ਅਸੀਂ ਪੰਜ ਸਿੰਘ ਸਾਂ। ਟਿਕਟ ਲੈ ਕੇ ਇਕ ਹੋਰ ਸਿੰਘ ਸਣੇ ਭਾਈ ਸਾਹਿਬ ਜੀ ਬੱਸ ਵਿਚ ਬੈਠ ਗਏ। ਬੱਸ ਚੱਲਣ ਦੀ ਉਡੀਕ ਵਿਚ, ਅਸੀਂ ਪੰਜੇ ਸਿੰਘ ਹੇਠਾਂ ਖੜੇ ਰਹੇ। ਅਜੇ ਤਿੰਨ ਚਾਰ ਮਿੰਟ ਹੀ ਲੰਘੇ ਸਨ ਕਿ ਭਾਈ ਸਾਹਿਬ ਜੀ, ਝੱਟ



www.AKJ.Org

ਹੇਠਾਂ ਉਤਰ ਆਏ। ਸਿੰਘਾਂ ਨੇ ਹੇਠਾਂ ਉਤਰਨ ਦਾ ਕਾਰਣ ਪੁੱਛਿਆ ਤਾਂ ਭਾਈ ਸਾਹਿਬ ਜੀ ਨੇ ਝੱਟ ਕਿਹਾ ਕਿ ਜਦ ਗੁਰੂ ਰੂਪ ਪੰਜ ਸਿੰਘ ਹੇਠਾਂ ਖੜੇ ਹਨ, ਅਸੀਂ ਦੋ ਸਿੰਘ ਕਿਵੇਂ ਬੱਸ ਵਿਚ ਬੈਠ ਸਕਦੇ ਹਾਂ ? ਅਸੀਂ ਕੋਈ ਸੰਤ-ਮਹੰਤ ਤਾਂ ਹੈ ਈ ਨਹੀਂ, ਕਿ ਉਤੇ ਬੈਠੇ ਰਹੀਏ। ਜਦੋਂ ਡਰਾਈਵਰ ਨੇ ਹਾਰਨ ਦਿੱਤਾ, ਤਦ ਭਾਈ ਸਾਹਿਬ ਫ਼ਤਹਿ ਬੁਲਾ ਕੇ ਬੱਸ ਵਿਚ ਬੈਠ ਗਏ। ਬਸ ਤੁਰਨ ਤੇ ਅਸਾਂ ਸਾਰਿਆਂ ਨੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ। ਸਿੰਘ ਨੇ ਦਸਿਆ ਕਿ ਅਸਲੀਅਤ ਇਹ ਹੈ ਕਿ ਸਿਖੀ ਬਹੁਤ ਬਰੀਕ ਹੈ। ਭਾਈ ਸਾਹਿਬ ਜੀ ਦੇ ਸਮੂਹ ਜੀਵਨ ਵਿਚੋਂ ਗੁਰਮਤਿ ਅਸੂਲਾਂ ਲਈ, ਪ੍ਰੇਮ ਡੁਲ੍ਹ ਡੁਲ੍ਹ ਪੈਂਦਾ ਸੀ। ਭਾਈ ਸਾਹਿਬ ਦੇ ਹਰ ਅਮਲ ਵਿਚੋਂ ਹਰ ਕਰਮ ਵਿਚੋਂ 'ਜਿਨ ਪ੍ਰੇਮ ਕੀਓ, ਤਿਨ ਹੀ ਪ੍ਰਭ ਪਾਇਓ' ਦੀ ਖੁਸ਼ਬੋ ਆਉਂਦੀ ਰਹੀ ਹੈ।

*(ਸੂਰਾ ਮਾਸਿਕ ਪੱਤਰ ਅਪ੍ਰੈਲ ੧੯੬੮ ਦੇ ਅੰਕ ਵਿਚੋਂ ਧੰਨਵਾਦ ਸਹਿਤ)*

***



www.AKJ.Org

# ਪਹਿਲਾ ਦਰਸ ਮਿਲਾਪ

**ਭਗਤ ਅਮਰ ਸਿੰਘ ਜੀ ਰੁੜਕਾਂ ਕਲਾਂ**
ਜ਼ਿਲ੍ਹਾ ਜਲੰਧਰ

29 ਅਕਤੂਬਰ 1937 ਦਿਨ ਸ਼ੁਕਰਵਾਰ ਮੁਤਾਬਿਕ 13 ਕੱਤਕ ਸੰਮਤ 1994 ਬਿ: ਦਾ ਸ਼ੁਭ ਦਿਹਾੜਾ ਸੀ, ਜਿਸ ਦਿਨ ਕਿ ਗੁਰਮੁਖ ਪਿਆਰੇ ਸ੍ਰੀ ਮਾਨ ਪੰਥ ਰਤਨ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਗੁਰਾਇਆ ਸਟੇਸ਼ਨ ਪਰ, ਦਾਸ ਨੂੰ ਪਹਿਲੇ ਦਰਸ ਮਿਲਾਪ ਦਾ ਸੁਭਾਗ ਪ੍ਰਾਪਤ ਹੋਇਆ। ਜਿਸਦਾ ਵੇਰਵਾ ਇਉਂ ਹੈ ਕਿ ਭਾਈ ਸਾਹਿਬ ਜਥੇ ਸਮੇਤ ਸ੍ਰੀ ਅੰਮ੍ਰਿਤਸਰ ਵਿਚ ਦੀ ਤਰਨ ਤਾਰਨ ਨੂੰ ਜਾ ਰਹੇ ਸਨ। ਏਸ ਤਾਰੀਖ ਤੋਂ ਕੁਝ ਦਿਨ ਪਹਿਲਾਂ, ਦਾਸ ਨੂੰ, ਸਾਡੇ ਪ੍ਰੇਮ-ਮਿੱਤਰ ਗਿਆਨੀ ਨਾਹਰ ਸਿੰਘ ਨੇ ਖੱਤ ਲਿਖਿਆ ਕਿ ਆਪ ਨੇ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਦਰਸ-ਮਿਲਾਪ ਕਰਨਾ ਹੈ ਤਾਂ 29 ਅਕਤੂਬਰ 1937 ਨੂੰ ਗੁਰਾਏ ਸਟੇਸ਼ਨ ਪਰ ਪਹੁੰਚ ਜਾਓ। ਮੈਂ ਓਨ੍ਹੀਂ ਦਿਨੀਂ ਆਪਣੇ ਘਰ ਹੀ ਪਿੰਡ ਰੁੜਕੇ ਠਹਿਰਿਆ ਹੋਇਆ ਸੀ। ਮੈਂ ਸਵੇਰੇ ਘਰੋਂ ਪ੍ਰਸ਼ਾਦ ਛਕ ਕੇ, ਆਪਣੇ ਗਵਾਂਢੀ ਸੱਜਣ ਭਾਈ ਰਾਮ ਸਿੰਘ ਸਮੇਤ ਗੁਰਾਏ ਨੂੰ ਚਲ ਪਿਆ ਤੇ ਸਟੇਸ਼ਨ ਪਰ ਜਾ ਪਹੁੰਚਿਆ। ਰੇਲ ਗੱਡੀ ਆਪਣੇ ਵਕਤ ਪਰ, ਦਸ ਵਜੇ ਆ ਪਹੁੰਚੀ। ਭਾਈ ਸਾਹਿਬ ਜਥੇ ਸਮੇਤ ਜਿਸ ਡੱਬੇ ਵਿਚ ਸਵਾਰ ਸਨ। ਮੈਂ ਭੀ ਉਹਨਾਂ ਨੂੰ ਦੇਖ ਕੇ, ਉਸੇ ਡੱਬੇ ਵਿਚ ਚੜ੍ਹ ਕੇ, ਦੋਵੇਂ ਹਥ ਜੋੜ ਗੁਰ ਫ਼ਤਹਿ ਬੁਲਾਈ। ਭਾਈ ਸਾਹਿਬ ਜਾਣੀ ਜਾਣ ਤਾਂ ਸਨ, ਪਰ ਉਹਨਾਂ ਪੁੱਛਿਆ, 'ਸਿੰਘ ਸਾਹਿਬ ਕਿਥੋਂ ਆਏ ਹੋ ? ਦਾਸ- 'ਆਪ ਭਲੀ ਪ੍ਰਕਾਰ ਸਭ ਕੁਝ ਜਾਣਦੇ ਹੀ ਹੋ। ਮੇਰਾ ਜਨਮ ਨਗਰ ਰੁੜਕਾ ਕਲਾਂ ਹੈ।" ਭਾਈ ਸਾਹਿਬ ਨੇ ਉਠ ਕੇ ਦਾਸ ਨੂੰ ਛਾਤੀ ਨਾਲ ਲਾਇਆ ਤੇ ਕਿਹਾ—

"ਬਹੁਤ ਦਿਨਾਂ ਤੋਂ ਦਰਸ਼ਨਾਂ ਨੂੰ ਲੋਚਦੇ ਸੀ। ਬੜਾ ਚੰਗਾ ਕੀਤਾ, ਜੋ ਤੁਸੀਂ ਆ ਗਏ, ਪਿਛਲੇ ਜਨਮਾਂ ਦੇ ਮੇਲੀ ਹੋ।" ਫਿਰ ਆਪ ਨੇ ਜਥੇ ਦੇ ਸਜਣਾਂ ਨੂੰ ਕਿਹਾ ਕਿ 'ਜੋੜੀ ਬਾਜਾ ਲਿਆਓ' ਆਪ ਨੇ ਬਾਜਾ ਲੈ ਕੇ ਕੀਰਤਨ ਅਰੰਭ ਕਰ ਦਿੱਤਾ। ਪਹਿਲਾ ਸ਼ਬਦ ਏਹ ਪੜ੍ਹਿਆ—

**ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥**

*(ਅੰਗ ੬੧੪)*

ਕੀਰਤਨ ਹੁੰਦਾ ਗਿਆ ਤੇ ਗੱਡੀ ਚਲਦੀ ਗਈ।

ਜਲੰਧਰ ਸਟੇਸ਼ਨ ਪਰ ਜਦ ਪਹੁੰਚੇ, ਤਦ ਭਾਈ ਸਾਹਿਬ ਨੇ ਜਲ ਛੱਕਣਾ ਸੀ। ਭਾਈ ਨਰਾਇਣ ਸਿੰਘ ਕਿਲਾ ਰਾਏਪੁਰ ਵਾਲੇ ਗੜਵਾ ਲੈ ਕੇ ਜਲ ਲੈਣ ਲਈ ਖੂਹ ਵਲ ਨੂੰ ਤੁਰ ਪਏ। ਦਾਸ ਭੀ ਨਾਲ ਹੀ ਤੁਰ ਪਿਆ। ਖੂਹ ਸਟੇਸ਼ਨ ਤੋਂ ਬਾਹਰ ਸੀ। ਦਾਸ ਨੇ ਭਾਈ



www.AKJ.Org

ਨਰਾਇਣ ਸਿੰਘ ਜੀ ਨੂੰ ਖ਼ੂਹ ਦਸਿਆ। ਪਰ ਜਦੋਂ ਗੜਵਾ ਖ਼ੂਹ ਵਿਚ ਫ਼ਰਾਹਿਆ ਤਾਂ ਲੱਜ ਛੋਟੀ ਹੋਣ ਕਰਕੇ ਪਾਣੀ ਤਕ ਨਾ ਪਹੁੰਚੀ। ਦਾਸ ਨੇ ਸਿਰ ਤੋਂ ਦਸਤਾਰ ਉਤਾਰ ਕੇ ਲੱਜ ਨਾਲ ਬੰਨ੍ਹੀ, ਓਧਰੋਂ ਗੱਡੀ ਨੇ ਸੀਟੀ ਮਾਰ ਦਿਤੀ। ਭਾਈ ਨਰਾਇਣ ਸਿੰਘ ਹੋਰੀ ਘਬਰਾ ਕੇ, ਅੱਧ ਵਿਚਾਲੇ ਹੀ ਗੜਵਾ ਛੱਡ ਕੇ, ਮੈਨੂੰ ਲੱਜ ਫੜਾ ਕੇ, ਗੱਡੀ ਵਲ ਨੂੰ ਭੱਜੇ, ਮੈਂ ਪਿਛੋਂ ਆਵਾਜ਼ਾਂ ਦਿੱਤੀਆਂ 'ਕਿ ਗੱਡੀ ਨਹੀਂ ਜਾਂਦੀ, ਕਿਉਂ ਘਬਰਾਉਂਦੇ ਹੋ ?' ਮੈਂ ਖ਼ੂਹ ਵਿਚੋਂ ਜਲ ਦਾ ਗੜਵਾ ਭਰ ਕੇ ਲਿਜਾ ਕੇ ਗੱਡੀ ਵਿਚ, ਭਾਈ ਨਰਾਇਣ ਸਿੰਘ ਹੋਰਾਂ ਨੂੰ ਫੜਾ ਦਿੱਤਾ। ਭਾਈ ਸਾਹਿਬ ਨੇ ਜਲ ਛੱਕਿਆ ਤੇ ਕਿਹਾ—'ਅਸੀਂ ਭਗਤਾਂ ਤੋਂ ਜਲ ਛੱਕਣਾ ਸੀ, ਗੱਡੀ ਭਾਣੇ ਅੰਦਰ ਹੀ ਲੇਟ ਹੋਈ ਹੈ।' ਗੱਡੀ ਉਸ ਵੇਲੇ 7 ਮਿੰਟ ਲੇਟ ਹੋ ਗਈ ਸੀ।

ਇਸੇ ਤਰ੍ਹਾਂ ਪ੍ਰੇਮ ਰੰਗਾਂ ਤੇ ਤਰੰਗਾਂ ਵਿਚ ਕੀਰਤਨ ਦੇ ਲਹਿਰੇ ਤੇ ਅਨੰਦ ਲੈਂਦੇ ਭਾਈ ਸਾਹਿਬ ਜਥੇ ਸਮੇਤ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਦਾਸ ਭੀ ਨਾਲ ਹੀ ਸੀ। ਅਗੇ ਸਟੇਸ਼ਨ ਪਰ ਸ. ਗੁਰਪਾਲ ਸਿੰਘ ਜੀ ਲੰਡਨ ਵਾਲੇ, ਗਿਆਨੀ ਨਾਹਰ ਸਿੰਘ ਜੀ ਤੇ ਗਿਆਨੀ ਹਰਭਜਨ ਸਿੰਘ ਜੀ ਤੇ ਹੋਰ ਬਹੁਤ ਸਾਰੇ ਪ੍ਰੇਮੀ ਭਾਈ ਸਾਹਿਬ ਨੂੰ ਮਿਲਣ ਲਈ ਆ ਪਹੁੰਚੇ ਹੋਏ ਸਨ। ਬਾਕੀ ਸੱਜਣਾਂ ਦੇ ਨਾਵਾਂ ਤੋਂ ਦਾਸ ਜਾਣੂ ਨਹੀਂ ਸੀ। ਦਾਸ ਨਾਲ ਭਾਈ ਸਾਹਿਬ ਦਾ ਏਹ ਦਰਸ-ਮਿਲਾਪ ਕੀ ਸੀ ਇਕ ਪੂਰਬ ਕਰਮੀ ਆਤਮ ਜਾਗ ਸੀ। ਭਾਈ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ—

'ਅੱਜ ਦਾ ਕੀਰਤਨ ਸ੍ਰੀ ਭਗਤ ਜੀ ਨਮਿੱਤ ਹੈ ਤੇ ਅਰਦਾਸ ਕੀਤੀ, ਗੁਰੂ ਏਹਨਾਂ ਨੂੰ ਚੜ੍ਹਦੀਆਂ ਕਲਾਂ ਵਿਚ ਰੱਖੇ, ਨਾਮ ਦਾਨ ਬਖ਼ਸ਼ੇ ਤੇ ਸਾਡੇ ਨਾਲ ਏਹਨਾਂ ਦਾ ਮੇਲ-ਜੋਲ ਬਣਿਆ ਰਹੇ।'

ਦਾਸ ਨੇ ਆਪ ਤੋਂ ਆਗਿਆ ਮੰਗੀ। ਪਰ ਦਾਸ ਦਾ ਦਿਲ ਇਤਨਾ ਖਿੱਚਿਆ ਹੋਇਆ ਸੀ ਕਿ ਅੱਡ ਹੋਣ ਨੂੰ ਜੀਅ ਨਹੀਂ ਸੀ ਕਰਦਾ। ਭਾਈ ਸਾਹਿਬ ਤਾਂ ਅੰਮ੍ਰਿਤਸਰ ਸਟੇਸ਼ਨ ਤੋਂ ਤਿੰਨ ਵਜ ਕੇ 27 ਮਿੰਟ ਦੀ ਗੱਡੀ ਤਰਨ ਤਾਰਨ ਨੂੰ ਚਲੇ ਗਏ ਤੇ ਅਸੀਂ ਬਾਕੀ ਸਭ ਸੱਜਣ, ਸ਼ਹਿਰ ਨੂੰ ਵਾਪਸ ਆ ਗਏ। ਮੈਂ ਸ. ਗੁਰਪਾਲ ਸਿੰਘ ਜੀ ਪਾਸ ਜਾ ਠਹਿਰਿਆ। ਓਨ੍ਹੀਂ ਦਿਨੀਂ ਸਰਦਾਰ ਸਾਹਿਬ ਆਹਲੂਵਾਲਿਆਂ ਦੇ ਕਟੜੇ ਸੋਢ ਬੰਸ ਕੰਪਨੀ ਵਿਚ ਆਡਿਟ ਦਾ ਕੰਮ ਕਰਦੇ ਸਨ ਤੇ ਓਸੇ ਕਟੜੇ ਵਿਚ ਇਕ ਚੁਬਾਰੇ ਵਿਚ ਰਿਹਾ ਕਰਦੇ ਸਨ। ਸ. ਗੁਰਪਾਲ ਸਿੰਘ ਜੀ ਦਾ ਭਾਈ ਸਾਹਿਬ ਨਾਲ ਬਹੁਤ ਪ੍ਰੇਮ ਹੋ ਗਿਆ ਸੀ, ਏਹਨਾਂ ਦੇ ਪ੍ਰੇਮ ਵੱਸ ਹੋ ਕੇ ਹੀ ਭਾਈ ਸਾਹਿਬ ਦੋ ਵਾਰ ਏਨ੍ਹਾਂ ਦੇ ਏਸ ਚੁਬਾਰੇ ਵਿਚ ਪਧਾਰੇ ਸਨ ਤੇ ਇਕ ਵਾਰ ਏਥੇ ਏਹਨਾਂ ਦਾ ਫੋਟੋ ਭੀ ਲਿਆ ਗਿਆ ਸੀ।

ਸ. ਗੁਰਪਾਲ ਸਿੰਘ ਜੀ ਦਾ ਭਾਈ ਸਾਹਿਬ ਦੀਆਂ ਪੁਸਤਕਾਂ ਦੀ ਰਚਨਾ ਸਬੰਧੀ ਖਾਸ ਸਬੰਧ ਹੈ। ਸਰਦਾਰ ਸਾਹਿਬ, ਭਾਈ ਸਾਹਿਬ ਨਾਲ ਏਨ੍ਹਾਂ ਪੁਸਤਕਾਂ ਬਾਰੇ ਪ੍ਰਸ਼ਨ ਉੱਤਰ ਤੇ ਵਿਚਾਰ ਚਰਚਾ ਭੀ ਕਰਦੇ ਰਹਿੰਦੇ ਸਨ ਤੇ ਏਨ੍ਹਾਂ ਗੁਰਮਤਿ ਲੇਖ ਵਿਚ 'ਪੁਸਤਕ ਪ੍ਰਯੋਜਨ' ਦੇ ਸਿਰ ਲੇਖ ਹੇਠ ਆਪਣੇ ਵੀਚਾਰ ਭੀ ਪ੍ਰਗਟ ਕੀਤੇ ਹਨ।

ਭਾਈ ਸਾਹਿਬ ਆਤਮ ਪ੍ਰਮਾਤਮ ਰੰਗਾਂ ਵਿਚ ਮਉਲੇ ਵਿਗਸੇ ਰੰਗਲੇ ਸੱਜਣ ਸਨ। ਏਨ੍ਹਾਂ ਨੂੰ ਕੀਰਤਨ ਦੀ ਦਾਤ ਗੁਰੂ ਘਰ ਦੀ ਬਖਸ਼ਿਸ ਸੀ। ਜਿਸ ਕਰਕੇ ਏਨ੍ਹਾਂ ਦੇ ਕੀਰਤਨ ਵਿਚ ਖਾਸ ਰਸ ਤੇ ਖਿੱਚ ਸੀ। ਗੁਰੂ ਕੀ ਖਾਸ ਕਲਾ ਵਰਤਦੀ ਸੀ। ਜੇਹੜੇ ਨਿਸ਼ਕਾਮ,



www.AKJ.Org

ਗੁਰਸਿਖੀ ਦੇ ਪ੍ਰੇਮੀ, ਗੁਰੂ ਕੇ ਆਸਰੇ ਪਰਨੇ ਹੋ ਕੇ ਰਹਿੰਦੇ ਸਨ, ਅਜਿਹੇ ਸੱਜਣਾਂ ਦੀ ਕੀਰਤਨ ਵਿਚ ਬੈਠਿਆਂ ਹੀ ਸਮਾਧੀ ਲੱਗ ਜਾਦੀ ਸੀ ਤੇ ਦਸਮ ਦੁਆਰ ਦੇ ਰੰਗ ਮਾਣਦੀ ਸੀ। ਅਸੀਂ ਆਪ ਦੇ ਕੀਰਤਨ ਦੇ ਅਚਰਜ ਕੌਤਕੀ ਕਲਾ ਕ੍ਰਿਸ਼ਮੀ ਨਜ਼ਾਰੇ ਪ੍ਰਤੱਖ ਵਰਤਦੇ ਦੇਖੇ ਹਨ।

ਇਸ ਤਰ੍ਹਾਂ ਦੀ ਦਾਤ ਗੁਰੂ ਅਕਾਲ ਦੀ ਮਿਹਰ ਤੇ ਕਰਮਾਂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ। ਭਾਈ ਸਾਹਿਬ ਦੇ ਕੀਰਤਨ ਦਾ ਜਿਨ੍ਹਾਂ ਪ੍ਰੇਮੀ ਤੇ ਗੁਰੂ ਘਰ ਦੇ ਨਿਸ਼ਕਾਮ ਸੇਵਕਾਂ ਨੇ ਰੰਗ ਮਾਣਿਆਂ, ਉਹ ਭਾਈ ਸਾਹਿਬ ਦੇ ਹੀ ਹੋ ਰਹੇ। ਸੈਂਕੜੇ ਸਿੰਘਾਂ ਨੇ ਕੀਰਤਨ ਦਾ ਰਸ ਲਿਆ ਤੇ ਜਥੇ ਤੋਂ ਅੰਮ੍ਰਿਤ ਛਕਿਆ। ਅਨੇਕਾਂ ਨੂੰ ਪ੍ਰਮਾਰਥ ਦੇ ਭਾਗ ਲੱਗੇ ਤੇ ਅਨੇਕਾਂ ਪਰ ਕਲਾ ਵਰਤੀ। ਏਸ ਸਮੇਂ ਵਿਚ ਭਾਈ ਸਾਹਿਬ ਇਕ ਅਲੌਕਿਕ ਹਸਤੀ ਹੋਏ ਹਨ। ਜੋ ਆਪਣੀ ਮਿਸਾਲ ਆਪ ਹੀ ਸਨ, ਹਿੰਦੁਸਤਾਨ ਦੇ ਪਹਾੜਾਂ ਵਿਚ ਅਨੇਕਾਂ ਤਪੱਸਵੀ ਭਜਨੀਕ ਹੋਏ ਹਨ ਪਰ ਏਹਨਾਂ ਦੇ ਪਾਏ ਦਾ ਫੀ ਜ਼ਮਾਨਾ ਕੋਈ ਵਿਰਲਾ ਹੀ ਹੋਵੇਗਾ। ਉਹਨਾਂ ਬਾਬਤ ਜਿਤਨਾ ਭੀ ਕਿਹਾ ਜਾਏ, ਉਹ ਭੀ ਥੋੜ੍ਹਾ ਹੀ ਹੈ, ਕਿਉਂਕਿ–

**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥**

*(ਅੰਗ ੧੩੭੦)*

**ਨੋਟ**-ਏਨ੍ਹਾਂ ਅਖਰਾਂ ਦੇ ਲਿਖਾਰੀ ਭਗਤ ਜੀ ਦਾ ਮਿਲਾਪ ਦਾਸ ਨੂੰ ਸ. ਗੁਰਪਾਲ ਸਿੰਘ ਹੋਰਾਂ ਦੀ ਮਾਰਫਤ ਹੋਇਆ ਸੀ ਕਿਉਂਕਿ ਸ. ਗੁਰਪਾਲ ਸਿੰਘ ਜੀ ਦੀ ਸੰਗਰੂਰ ਰਿਸ਼ਤੇਦਾਰੀ ਸੀ ਤੇ ਭਗਤ ਜੀ ਸੰਗਰੂਰ ਵਿਚ ਗਿਆਨੀ ਬਖਸ਼ੀਸ਼ ਸਿੰਘ ਜੀ ਆਦਿ ਨਾਲ ਪੈਟਰੋਲ ਪੰਪ ਦਾ ਕੰਮ ਕਰਿਆ ਕਰਦੇ ਸਨ। ਏਨ੍ਹਾਂ ਦੀ ਸਰਦਾਰ ਸਾਹਿਬ ਦੇ ਸਬੰਧੀਆਂ ਸ. ਹਰਨਰਾਇਣ ਸਿੰਘ ਮਾਨ ਰਈਸ ਸੰਗਰੂਰ ਨਾਲ ਮੇਲ ਮੁਲਾਕਾਤ ਸੀ। ਦਾਸ ਨੇ ਇਕ ਵਾਰ ਭਗਤ ਜੀ ਬਾਰੇ ਨਾਰੰਗਵਾਲ ਭਾਈ ਸਾਹਿਬ ਨਾਲ ਗਲਬਾਤ ਕੀਤੀ ਕਿ ਉਹ ਬੜੇ ਸਾਧਨਾਂ ਵਾਲੇ ਤੇ ਰਿਧੀ ਸਿਧੀ ਦੇ ਚਮਤਕਾਰ ਵਾਲੇ ਹਨ। ਸ. ਗੁਰਪਾਲ ਸਿੰਘ ਹੋਰਾਂ ਉਨ੍ਹਾਂ ਦੀਆਂ ਕਈ ਅਜੀਬ ਗੱਲਾਂ ਦੱਸੀਆਂ ਸਨ। ਤਦ ਭਾਈ ਸਾਹਿਬ ਨੇ ਕਿਹਾ ਕਿ "ਭਗਤ ਜੀ ਅੰਤਰ ਆਤਮੇ ਸਾਨੂੰ ਮਿਲੇ ਹੋਏ ਹਨ। ਉਹ ਪ੍ਰਤੱਖ ਤੌਰ ਪਰ ਵੀ ਮਿਲਣਗੇ।" ਏਹ ਗੱਲਾਂ, ਭਗਤ ਜੀ ਦੇ ਭਾਈ ਸਾਹਿਬ ਜੀ ਦੇ ਆਪੋ ਵਿਚ, ਗੁਰਾਏ ਸਟੇਸ਼ਨ ਪਰ ਮਿਲਣ ਤੋਂ ਪਹਿਲਾਂ ਦੀਆਂ ਹਨ। ਭਾਈ ਸਾਹਿਬ ਜੀ ਦੀਆਂ ਬਹੁਤ ਸਾਰੀਆਂ ਪ੍ਰਮਾਰਥੀ ਰੰਗਾਂ ਵਾਲੀਆਂ ਗੱਲਾਂ ਤੋਂ ਏਹ ਨਿਸ਼ਚਿਤ ਹੋ ਗਿਆ ਸੀ ਕਿ ਨਾਮ ਰੰਗਾਂ ਵਿਚ ਖੇਡਣ ਵਾਲੇ ਸੱਜਣਾਂ ਦੀ ਅਣਦਿਸਦੀ ਦੁਨੀਆਂ ਵਿਚ ਪਹੁੰਚ ਹੈ ਤੇ ਏਨਾਂ ਲੋਕਾਂ ਦੀ ਏਸ ਦੁਨੀਆਂ ਤੋਂ ਵੱਖਰੀ ਦੁਨੀਆਂ ਵੀ ਹੈ।

ਦਰਸ ਮਿਲਾਪ ਤੋਂ ਬਾਦ ਭਗਤ ਜੀ ਅਜ ਤਕ ਭਾਈ ਸਾਹਿਬ ਦੀ ਇੱਛਾ ਅਨੁਸਾਰ ਸਮਾਗਮਾਂ ਵਿਚ ਸੇਵਾ ਕਰਦੇ ਰਹੇ ਤੇ ਸਿੰਘਾਂ ਵਿਚ ਪੁਸਤਕਾਂ ਲਗਵਾਉਣ ਵਿਚ ਬਹੁਤ ਦਿਲਚਸਪੀ ਲੈਂਦੇ ਤੇ ਉਦਮ ਕਰਦੇ ਰਹੇ ਹਨ।

**ਗਿਆਨੀ ਨਾਹਰ ਸਿੰਘ**

ਐਡੀਟਰ ਪੰਜਾਬੀ ਰਤਨ ਲੁਧਿਆਣਾ

*(ਇਹ ਲੇਖ ਵੀ ਪੰਜਾਬੀ ਰਤਨ ਲੁਧਿਆਣੇ ਦੇ ੨੪ ਅਗਸਤ ੧੯੬੧ ਅੰਕ ਵਿਚੋਂ ਧੰਨਵਾਦ ਸਹਿਤ ਲਿਆ ਗਿਆ ਹੈ)*



www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਬਾਰੇ ਜਾਣ-ਪਛਾਣ

**ਸ. ਗੁਰਪਾਲ ਸਿੰਘ ਜੀ,**
ਪਿੰਡ ਗੜ੍ਹਾ, ਜ਼ਿਲ੍ਹਾ ਜਲੰਧਰ (ਹਾਲ ਲੰਡਨ)

'ਪੰਜਾਬੀ ਰਤਨ' ਅਖ਼ਬਾਰ ਲੁਧਿਆਣਾ ਦੇ ਭਾਈ ਸਾਹਿਬ ਰਣਧੀਰ ਸਿੰਘ ਸਬੰਧੀ ਕਢੇ ਜਾ ਰਹੇ ਖ਼ਾਸ ਨੰਬਰ ਵਿਚ ਉਹਨਾਂ ਦੀਆਂ ਪੁਸਤਕਾਂ ਸਬੰਧੀ ਕੁਝ ਲਿਖਣਾ ਜ਼ਰੂਰੀ ਭਾਸਦਾ ਹੈ, ਕਿਉਂਕਿ ਇਹਨਾਂ ਪੁਸਤਕਾਂ ਨੇ ਸਿਖ ਧਰਮ ਦੇ ਸਾਹਿੱਤ ਵਿਚ ਨਾਮ ਸਿਮਰਨ ਦੇ ਵਿਸ਼ੇ ਤੇ ਖਾਸ ਵਾਧਾ ਕੀਤਾ ਹੈ। ਭਾਈ ਸਾਹਿਬ ਜੀ ਦੀਆਂ ਪੁਸਤਕਾਂ ਦਾ ਜਦ ਭੀ ਖਿਆਲ ਆਉਂਦਾ ਹੈ ਜਾਂ ਕਦੇ, ਅਗੋਂ ਜ਼ਿਕਰ ਆਵੇਗਾ ਤਾਂ ਗਿਆਨੀ ਨਾਹਰ ਸਿੰਘ ਜੀ ਦਾ ਨਾਮ ਆਪਣੇ ਆਪ ਸਾਹਮਣੇ ਆ ਜਾਂਦਾ ਹੈ, ਤੇ ਅਗੋਂ ਲਈ ਆਉਂਦਾ ਰਹੇਗਾ। ਭਾਈ ਸਾਹਿਬ ਜੀ ਦੇ ਨਿਕਟ ਵਰਤੀਆਂ ਵਿਚ ਗਿਆਨੀ ਜੀ ਤੋਂ ਬਿਨਾਂ, ਕੋਈ ਭੀ ਅਜਿਹਾ ਸੱਜਣ ਨਹੀਂ, ਜੋ ਸਿਖ ਧਰਮ ਸਬੰਧੀ ਖੋਜ ਕਰਨ ਅਰ ਲਿਖਣ ਪੜ੍ਹਨ ਦਾ ਸ਼ੌਕ ਰਖਦਾ ਹੋਵੇ। ਇਹ ਸਭ, ਗਿਆਨੀ ਜੀ ਦੀਆਂ ਪ੍ਰੇਰਨਾ ਦਾ ਨਤੀਜਾ ਹੈ ਕਿ ਭਾਈ ਸਾਹਿਬ ਜੀ ਦੀਆਂ ਐਨੀਆਂ ਪੁਸਤਕਾਂ ਛਪੀਆਂ ਮਿਲਦੀਆਂ ਹਨ। ਮੈਨੂੰ ਪੱਕਾ ਨਿਸਚਾ ਹੈ ਕਿ ਏਸ ਪ੍ਰੇਰਨਾ ਤੋਂ ਬਿਨਾਂ ਇਕ ਪੁਸਤਕ ਭੀ ਬਾਜ਼ਾਰ ਵਿਚ ਨਹੀਂ ਆਉਣੀ ਸੀ।

ਗਿਆਨੀ ਜੀ ਨੇ 1919 ਵਿਚ ਜੇਲ੍ਹ ਤੋਂ ਰਿਹਾ ਹੋ ਕੇ ਪਹਿਲਾ ਕੰਮ ਇਹ ਕੀਤਾ ਕਿ ਲਾਹੌਰ ਦੇ ਖ਼ਾਲਸਾ ਅਖ਼ਬਾਰ ਵਿਚ ਭਾਈ ਸਾਹਿਬ ਸਬੰਧੀ ਉਰਦੂ ਵਿਚ ਲੇਖ ਦੇਣੇ ਸ਼ੁਰੂ ਕੀਤੇ। ਖ਼ਾਲਸਾ ਅਖ਼ਬਾਰ ਉਰਦੂ ਵਿਚ ਹਫਤਾਵਾਰ ਸੀ। ਸ. ਹਰਚੰਦ ਸਿੰਘ ਜੀ ਰਈਸ ਲਾਇਲਪੁਰ ਨੇ ਗੁਰਦੁਆਰਾ ਰਕਾਬ ਗੰਜ ਦੇ ਸਵਾਲ ਸਬੰਧੀ 1914 ਵਿਚ ਇਹ ਅਖਬਾਰ ਜਾਰੀ ਕੀਤਾ ਸੀ। ਜਿਸ ਦੇ ਐਡੀਟਰ ਗਿਆਨੀ ਸਰਦਾਰਾ ਸਿੰਘ ਜੀ ਪਿੰਡ ਨਾਗਰਾ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਸਨ। ਉਹਨਾਂ ਨੇ ਏਹਨਾਂ ਲੇਖਾਂ ਦਾ ਸਿਰਲੇਖ 'ਖ਼ਾਲਸਾ ਪੰਥ ਕੀ ਸੋਨੇ ਕੀ ਚਿੜੀਆ' ਰੱਖਿਆ ਸੀ।

1920 ਵਿਚ ਜਦੋਂ ਅਕਾਲੀ ਅਖ਼ਬਾਰ ਰੋਜ਼ਾਨਾ ਜਾਰੀ ਹੋਇਆ, ਤਦ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਨੇ ਏਹ ਲੇਖ ਖ਼ਾਲਸਾ ਅਖ਼ਬਾਰ ਤੋਂ ਲੈ ਕੇ, ਪੰਜਾਬੀ ਵਿਚ ਉਲੱਥਾ ਕਰਕੇ ਛੇ ਨੰਬਰਾਂ ਵਿਚ ਛਾਪੇ। ਪਹਿਲੇ ਦੋ 1920 ਵਿਚ ਤੇ ਬਾਕੀ 1921 ਵਿਚ ਛਪੇ। ਏਹ ਪਬਲਿਕ ਵਿਚ ਬਹੁਤ ਪਸੰਦ ਕੀਤੇ ਗਏ। ਮੈਂ ਓਨ੍ਹੀਂ ਦਿਨੀਂ ਸਕੂਲ ਵਿਚ ਪੜ੍ਹਦਾ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦ ਮੈਂ ਪਿਛਲੇ ਚਾਰ ਨੰਬਰ ਪੜ੍ਹੇ, ਤਦ ਪਹਿਲੇ ਦੋ ਨੰਬਰਾਂ ਦੀ ਤਲਾਸ਼ ਸ਼ੁਰੂ ਕੀਤੀ। ਪਰ ਲਾਇਲਪੁਰ ਕਿਸੇ ਪਾਸੋਂ ਨ ਮਿਲੇ।



www.AKJ.Org

ਅਕਾਲੀ ਅਖ਼ਬਾਰ ਦੇ ਐਡੀਟਰ ਨੂੰ ਮਿਲਿਆ ਕਿ ਏਹਨਾਂ ਲੇਖਾਂ ਨੂੰ ਪੁਸਤਕ ਦੀ ਸ਼ਕਲ ਵਿਚ ਛਾਪ ਦਿਉ। ਉਹਨਾਂ ਵਾਇਦਾ ਭੀ ਕੀਤਾ ਪਰ ਪੂਰਾ ਨਾ ਕੀਤਾ। ਉਹ ਲੋਕ, ਜੋ ਅਗੇ ਭਾਈ ਸਾਹਿਬ ਜੀ ਨੂੰ ਨਹੀਂ ਜਾਣਦੇ ਸਨ ਏਨ੍ਹਾਂ ਲੇਖਾਂ ਰਾਹੀਂ ਉਹਨਾਂ ਦੇ ਜਾਣੂ ਹੋ ਗਏ।

1932 ਵਿਚ ਜਦ ਮੈਂ ਸ੍ਰੀ ਅੰਮ੍ਰਿਤਸਰ ਰਹਿਣ ਲੱਗਾ ਤਾਂ ਦੈਵ ਨੇਤ ਨਾਲ ਗਿਆਨੀ ਜੀ ਨਾਲ ਮੁਲਾਕਾਤ ਹੋਈ, ਜੋ ਓਸ ਵੇਲੇ 'ਸਿੱਖ ਸੇਵਕ' ਰੋਜ਼ਾਨਾ ਅਖਬਾਰ ਦੇ ਐਡੀਟਰ ਸਨ। ਉਹਨਾਂ ਦੀ ਮਾਰਫਤ, ਭਾਈ ਸਾਹਿਬ ਨਾਲ ਭੀ ਮੇਲ ਜੋਲ ਹੋ ਗਿਆ, ਜੋ ਅਖੀਰ ਤਕ ਬਣਿਆ ਰਿਹਾ। ਗਿਆਨੀ ਜੀ ਨਾਲ ਭੀ ਸਬੰਧ ਡੂੰਘੇ ਹੁੰਦੇ ਚਲੇ ਗਏ।

ਗਿਆਨੀ ਜੀ ਨੇ ਜੇਲ੍ਹੋਂ ਬਾਹਰ ਆ ਕੇ ਦੂਜਾ ਕੰਮ ਏਹ ਕੀਤਾ ਕਿ ਭਾਈ ਸਾਹਿਬ ਨਾਲ ਚਿੱਠੀ-ਪੱਤਰ ਦਾ ਸਿਲਸਿਲਾ ਜਾਰੀ ਕੀਤਾ। ਉਨ੍ਹੀ ਦਿਨੀਂ, ਭਾਈ ਸਾਹਿਬ ਜੀ ਹਜ਼ਾਰੀ ਬਾਗ ਜੇਲ੍ਹ ਵਿਚ ਸਨ। ਫੇਰ ਰਾਜ ਮੰਦਰੀ ਜੇਲ੍ਹ ਵਿਚ ਬਦਲ ਦਿਤੇ ਗਏ। ਆਪ ਨੇ ਭਾਈ ਸਾਹਿਬ ਜੀ ਨੂੰ ਪ੍ਰੇਰਨਾ ਕੀਤੀ ਕਿ ਉਹ ਆਪਣੇ ਜੀਵਨ ਸਮਾਚਾਰ ਲਿਖ ਕੇ ਭੇਜਦੇ ਰਹਿਣ। ਜੇਲ੍ਹ ਵਿਚ ਏਹ ਕੰਮ ਹੋਣਾ ਵੀ ਔਖਾ ਸੀ ਤੇ ਭਾਈ ਸਾਹਿਬ ਜੀ ਆਪਣੀ ਪਬਲਿਸਿਟੀ ਵੀ ਨਹੀਂ ਚਾਹੁੰਦੇ ਸਨ। ਛੇ ਮਹੀਨੇ ਦੀ ਚਿੱਠੀ-ਪੱਤਰ ਮਗਰੋਂ, ਭਾਈ ਸਾਹਿਬ ਨੇ ਆਪਣੇ ਜੀਵਨ ਸਮਾਚਾਰ ਲਿਖ ਕੇ ਭੇਜਣੇ ਪ੍ਰਵਾਨ ਕਰ ਲਏ। ਇਹ ਸਿਲਸਿਲਾ 1922 ਦੀ ਮਾਰਚ ਵਿਚ ਸ਼ੁਰੂ ਹੋਇਆ, ਜੋ 1930 ਦੇ ਮੁਢਲੇ ਮਹੀਨਿਆਂ ਤਕ ਚਲਦਾ ਰਿਹਾ। ਭਾਈ ਸਾਹਿਬ, ਜੈਸਾ ਕਾਗਜ਼ ਵੀ ਮਿਲਦਾ ਰਿਹਾ, ਉਸ ਪਰ ਪੈਨਸਲ ਨਾਲ ਲਿਖਕੇ ਭੇਜਦੇ ਰਹੇ। ਏਹ ਚਿੱਠੀਆਂ, ਪ੍ਰਾਈਵੇਟ ਢੰਗ ਨਾਲ ਹੀ, ਜੇਲ੍ਹੋਂ ਬਾਹਰ ਡਾਕ ਵਿਚ ਪੁਆ ਕੇ, ਗਿਆਨੀ ਜੀ ਪਾਸ ਪਹੁੰਚਾਉਂਦੇ ਰਹੇ। ਏਹ ਸਭ ਮਸਾਲਾ ਗਿਆਨੀ ਜੀ ਨੇ ਬਹੁਤ ਸੰਭਾਲ ਕੇ ਆਪਣੀ ਹਿੱਕ ਨਾਲ ਲਾ ਕੇ ਰਖਿਆ ਤੇ ਪੁਲਿਸ ਦੇ ਹੱਥ ਨਹੀਂ ਲੱਗਣ ਦਿੱਤਾ। ਗਿਆਨੀ ਜੀ ਨੂੰ ਇਕ ਚਲਦਾ ਫਿਰਦਾ ਡਾਕਖਾਨਾ ਵੀ ਕਿਹਾ ਜਾਂਦਾ ਸੀ। ਭਾਈ ਸਾਹਿਬ ਦੀ ਪੈਨਸਲ ਵਾਲੀ ਲਿਖਤ ਨੂੰ ਗਿਆਨੀ ਜੀ ਨੇ ਸਿਆਹੀ ਦੀ ਲਿਖਤ ਵਿਚ ਨਾਲ ਦੀ ਨਾਲ ਹੀ ਉਤਾਰਿਆ। ਏਹ ਸਭ ਕੁਝ ਅਜੇ ਵੀ ਗਿਆਨੀ ਜੀ ਪਾਸ ਹੈ।

ਗਿਆਨੀ ਜੀ ਨੇ ਏਹ ਮਸਾਲਾ ਸ੍ਰੀ ਅੰਮ੍ਰਿਤਸਰ ਮੈਨੂੰ ਪੜ੍ਹਨ ਲਈ ਦਿੱਤਾ, ਜੋ ਮੈਨੂੰ ਬਹੁਤ ਪਸੰਦ ਆਇਆ। ਮੇਰੇ ਪ੍ਰੇਰਨਾ ਕਰਨ, ਪਰ ਗਿਆਨੀ ਜੀ ਏਸ ਨੂੰ ਛਾਪਣ ਲਈ ਤਿਆਰ ਹੋ ਗਏ। ਅਸੀਂ ਦੋਹਾਂ ਨੇ ਵਿਚਾਰ ਕਰਕੇ, ਏਸ ਦਾ ਨਾਮ 'ਜੇਲ੍ਹ-ਚਿੱਠੀਆਂ' ਰਖਿਆ। ਸਾਰੀ ਪੁਸਤਕ ਵੱਡੀ ਬਣਦੀ ਸੀ। ਏਸ ਲਈ ਪਹਿਲਾਂ ਐਬਟਾਬਾਦ ਦਾ ਪ੍ਰਸੰਗ ਤੇ ਸਿਖੀ ਦਾ ਪ੍ਰੇਮ ਕਿਵੇਂ ਲਗਾ? ਏਹ ਪ੍ਰਸੰਗ ਹੀ ਛਾਪਣ ਦਾ ਫੈਸਲਾ ਹੋਇਆ। ਏਹ ਜੇਲ੍ਹ ਚਿੱਠੀਆਂ ਦਾ ਪਹਿਲਾ ਹਿੱਸਾ 1936 ਵਿਚ ਬਖਸ਼ੀ ਪ੍ਰਹਿਲਾਦ ਸਿੰਘ ਜੀ ਐਗਜ਼ੈਕਟਿਵ ਅਫ਼ਸਰ ਡਗਸ਼ਈ ਨੇ 125 ਦਮੜੇ ਦੇ ਕੇ ਛਪਵਾਇਆ। ਇਸ ਦੀ ਭੂਮਿਕਾ ਸਰ ਜੋਗਿੰਦਰ ਸਿੰਘ ਜੀ ਵਜ਼ੀਰ ਤੇ ਭਾਈ ਸਾਹਿਬ ਵੀਰ ਸਿੰਘ ਜੀ ਤੋਂ ਲਿਖਵਾਈ ਗਈ। ਏਹ 125 ਸਫੇ ਦਾ ਟ੍ਰੈਕਟ ਸੀ ਜੋ ਇਕ ਹਜ਼ਾਰ ਦੀ ਗਿਣਤੀ ਵਿਚ ਛਪਿਆ ਤੇ ਮੁਫਤ ਵੰਡਿਆ ਗਿਆ।

ਬਾਕੀ ਰਹਿੰਦੇ ਮਸਾਲੇ ਛਾਪਣ ਵਾਸਤੇ, ਮੁੜ ਦੂਜੀ ਨਕਲ ਤਿਆਰ ਕਰਨ ਵਾਸਤੇ ਤੇ ਖੁਸ਼ਖੱਤ ਲਿਖਣ ਵਾਸਤੇ, ਇਕ ਸੱਜਣ ਦੋ ਮਹੀਨੇ ਲਈ ਤਨਖ਼ਾਹ ਪਰ ਰੱਖੇ ਗਏ।



www.AKJ.Org

ਉਹਨਾਂ ਦੀ ਤਨਖ਼ਾਹ ਦੀ ਸੇਵਾ ਮੇਰੇ ਜ਼ੁੰਮੇ ਲਾਈ ਗਈ। ਫੇਰ ਸ. ਸਜਣ ਸਿੰਘ ਜੀ ਮਿੰਟਗੁਮਰੀ ਵਾਲਿਆਂ (ਪਿੰਡ ਇਕੱਠਾ ਨਾਰੰਗ ਵਾਲ, ਭਤੀਜ ਭਾਈ ਸਾਹਿਬ ਰਣਧੀਰ ਸਿੰਘ ਜੀ) ਨੇ ਆਪਣੇ ਨਗਰ ਦੇ ਸ. ਅਰਜਨ ਸਿੰਘ ਨਾਰੰਗਵਾਲ (ਆਰਫ ਵਾਲਿਆਂ) ਨੂੰ ਪ੍ਰੇਰਨਾ ਕਰਕੇ, ਸਾਰਾ ਮਸਾਲਾ ਛਾਪਣ ਲਈ, ਮਾਇਆ ਲਿਆ ਕੇ ਪੁਸਤਕ ਫੰਡ ਕਾਇਮ ਕੀਤਾ। ਉਸ ਫੰਡ ਵਿਚੋਂ 1937 ਵਿਚ ਜੇਲ੍ਹ ਚਿੱਠੀਆਂ ਦਾ ਪਹਿਲਾ ਤੇ ਦੂਜਾ ਹਿੱਸਾ ਇਕੱਠਾ ਛਾਪਿਆ ਗਿਆ। ਇਸ ਪੁਸਤਕ ਦੇ ਨਾਲ ਲਗਦੇ ਸਮੇਂ ਵਿਚ ਹੀ ਗੁਰਮਤਿ ਨਾਮ ਅਭਿਆਸ ਕਮਾਈ ਛਪੀ। ਏਸ ਪੁਸਤਕ ਦੀਆਂ ਚਾਰ ਐਡੀਸ਼ਨਾਂ ਛਪ ਚੁੱਕੀਆਂ ਹਨ। ਏਸ ਪੁਸਤਕ ਦੇ ਪਹਿਲੀ ਵਾਰ ਛਪਣ ਪਰ ਦਾਸ ਨੇ ਕੁਝ ਪ੍ਰਸ਼ਨ ਕੀਤੇ, ਜਿਨ੍ਹਾਂ ਨੂੰ ਭਾਈ ਸਾਹਿਬ ਨੇ ਸਪੱਸ਼ਟ ਕਰ ਦਿੱਤਾ ਤੇ ਦੂਜੀ ਐਡੀਸ਼ਨ ਪਹਿਲੀ ਨਾਲੋਂ ਦੁਗਣੀ ਹੋ ਗਈ।

ਉਪਰੰਤ ਗੁਰਮਤਿ ਲੇਖ ਨਾਮੇ ਪੁਸਤਕ ਦੀ ਛਪਾਈ ਦਾ ਸਿਲਸਿਲਾ ਬਣਿਆ। ਏਸ ਪੁਸਤਕ ਵਿਚ ਭਾਈ ਸਾਹਿਬ ਨੇ 'ਉਧਾਰੇ ਨਿਸਤਾਰੇ ਦਾ ਨਿਰਣਾ' ਨਾਮੇ ਖਾਸ ਲੇਖ ਦਾਸ ਦੀ ਪ੍ਰੇਰਨਾ ਨਾਲ ਲਿਖਿਆ। ਏਸ ਪੁਸਤਕ ਦੀ ਕਾਗਜ਼ ਦੀ ਸੇਵਾ ਦਾਸ ਨੇ ਕੀਤੀ ਤੇ ਛਪਾਈ ਗਿਆਨੀ ਪ੍ਰੈਸ ਨੇ ਮੁਫਤ ਕਰ ਦਿੱਤੀ। ਏਸ ਪੁਸਤਕ ਦੀਆਂ ਤਿੰਨ ਐਡੀਸ਼ਨਾਂ ਛਪ ਚੁੱਕੀਆਂ ਹਨ। ਜਿਸ ਵਿਚ 33 ਲੇਖਾਂ ਦਾ ਸੰਗ੍ਰਹ ਹੈ। ਫੇਰ 'ਪਤਿਤ ਨੂੰ ਅੰਮ੍ਰਿਤ ਦੀ ਲੋੜ' ਟ੍ਰੈਕਟ ਛਪਿਆ। ਜਿਸ ਦਾ ਨਾਮ ਹੁਣ ਅੰਮ੍ਰਿਤ ਕਲਾ ਹੈ। ਇਸ ਦੀਆਂ ਵੀ ਤਿੰਨ ਐਡੀਸ਼ਨਾਂ ਛਪ ਚੁੱਕੀਆਂ ਹਨ। ਫੇਰ ਵਾਰੋ ਵਾਰੀ ਹੋਰ ਪੁਸਤਕਾਂ ਛਪਦੀਆਂ ਗਈਆਂ ਜੋ ਸਿਲਸਿਲਾ ਹੁਣ ਤਕ ਜਾਰੀ ਹੈ। ਏਸ ਸਾਰੇ ਕੰਮ ਵਿਚ ਗਿਆਨੀ ਜੀ ਨੇ ਜਾਂ ਗਿਆਨੀ ਪ੍ਰੈਸ ਨੇ ਕੋਈ ਨਿੱਜੀ ਲਾਭ ਨਹੀਂ ਉਠਾਇਆ।

'ਗੁਰਮਤਿ ਨਾਮ ਅਭਿਆਸ ਕਮਾਈ', 'ਚਰਨ ਕਮਲ ਕੀ ਮਉਜ' ਗੁਰਮਤਿ ਅਧਿਆਤਮਕ ਕਰਮ ਫਿਲਾਸਫੀ ਤੇ ਅਨਹਦ ਸ਼ਬਦ ਦਸਮ ਦੁਆਰ ਏਹ ਚਾਰ ਪੁਸਤਕਾਂ ਜਿਨ੍ਹਾਂ ਨੇ ਵਿਚਾਰ ਨਾਲ ਪੜ੍ਹੀਆਂ ਹਨ, ਉਹਨਾਂ ਨੂੰ ਮੰਨਣਾ ਪਵੇਗਾ ਕਿ ਸਿਖ ਧਰਮ ਦੇ ਲਿਟਰੇਚਰ ਵਿਚ ਭਾਈ ਸਾਹਿਬ ਨੇ ਕਿਤਨਾ ਵਾਧਾ ਕੀਤਾ ਹੈ। 'ਨਾਮ ਸਿਮਰਨ' ਦੇ ਵਿਸ਼ੇ ਦਾ ਕੋਈ ਪਹਿਲੂ ਨਹੀਂ, ਜਿਸ ਪਰ ਚੰਗੀ ਤਰ੍ਹਾਂ ਰੌਸ਼ਨੀ ਨਾ ਪਾਈ ਗਈ ਹੋਵੇ ਤੇ ਗੁਰਬਾਣੀ ਦੇ ਪ੍ਰਮਾਣ ਦੇ ਕੇ ਪੁਸ਼ਟੀ ਨਾ ਕੀਤੀ ਹੋਵੇ। ਅੱਜ ਤਕ, ਜੋ ਵੀ ਸ਼ੰਕੇ ਸਿਖ ਵਿਦਵਾਨਾਂ ਵਿਚ ਸਨ, ਸਭ ਦਾ ਉੱਤਰ ਦਿੱਤਾ ਗਿਆ ਹੈ। ਉਹ ਸੱਜਣ, ਜੋ ਗੁਰਬਾਣੀ ਦੀ ਗਹਿਰਾਈ ਤਕ ਜਾਣਾ ਚਾਹੁੰਦੇ ਹਨ, ਉਹਨਾਂ ਨੂੰ ਏਹ ਚਾਰ ਪੁਸਤਕਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਇਕ ਵਾਰ ਨਹੀਂ, ਸਗੋਂ ਬਾਰ-ਬਾਰ ਪੜ੍ਹਨੀਆਂ ਚਾਹੀਦੀਆਂ ਹਨ। ਗੁਰਬਾਣੀ ਵਿਆਕਰਣ ਪਰ ਭੀ ਉਹਨਾਂ "ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲਖਣਤਾ" ਨਾਮੇ ਪੁਸਤਕ ਬੜੀ ਮਿਹਨਤ ਕਰਕੇ ਲਿਖੀ। ਜਿਸ ਦੀ ਸਹਾਇਤਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਵਿਚ ਬੜੀ ਸੁਖੈਨਤਾ ਹੋ ਜਾਂਦੀ ਹੈ। ਏਸ ਪੁਸਤਕ ਦਾ ਗੁਰਬਾਣੀ ਦੇ ਖੋਜੀਆਂ ਲਈ ਪੜ੍ਹਨਾ ਜ਼ਰੂਰੀ ਹੈ। ਪੁਸਤਕ ਦੇ ਆਕਾਰ ਦੇ ਮੁਤਾਬਕ ਕੀਮਤ ਮਾਮੂਲੀ ਹੈ। ਭਾਈ ਸਾਹਿਬ ਰਚਿਤ ਪੁਸਤਕਾਂ ਕਈ ਅਜਿਹੀਆਂ ਭੀ ਹਨ ਜਿਨ੍ਹਾਂ ਨਾਲ ਵਿਦਵਾਨਾਂ ਦਾ ਸੰਮਤੀ ਭੇਦ ਹੈ। ਜੈਸਾ ਕਿ ਗੁਰਮਤਿ ਬਿਬੇਕ, ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ



www.AKJ.Org

ਪ੍ਰਸਤੀ ਹੈ ? ਏਸ ਪੁਸਤਕ ਬਾਰੇ ਦਾਸ ਨੇ ਪ੍ਰਸ਼ਨ ਤੇ ਸ਼ੰਕੇ ਕੀਤੇ ਸਨ, ਜਿਨ੍ਹਾਂ ਦੇ ਉਤਰ ਵਿਚ ਪੁਸਤਕ ਦੇ ਅਖੀਰ ਵਿਚ, ਭਾਈ ਸਾਹਿਬ ਨੇ ਨਵਾਂ ਲੇਖ 'ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਅਕਾਲ ਪੁਰਖ ਦੇ ਗੁਣ ਕਿਵੇਂ ਹਨ, ਸ਼ਾਮਲ ਕਰਾ ਦਿੱਤਾ। ਸਚਖੰਡ ਦਰਸ਼ਨ, ਸਿੰਘਾਂ ਦਾ ਪੰਥ ਨਿਰਾਲਾ, ਕਥਾ ਕੀਰਤਨ, ਝਟਕਾ ਮਾਸ ਪ੍ਰਥਾਇ ਨਿਰਣਾ, ਰੰਗਲੇ ਸੱਜਣ, ਅਣਡਿੱਠੀ ਦੁਨੀਆਂ, ਸੰਤ ਪਦ ਨਿਰਣੈ, ਗੁਰਮਤਿ ਗੌਰਵਤਾ, ਗੁਰਮਤਿ ਵੀਚਾਰ, ਗੁਰਮਤਿ ਪ੍ਰਕਾਸ਼, ਨਾਮ ਅਤੇ ਨਾਮ ਦਾ ਸਤਿਗੁਰੂ, ਚਰਨ ਕਮਲ ਕੀ ਮਉਜ, ਜੋਤਿ ਵਿਗਾਸ (ਮਹਾਂ ਕਾਵਿ) ਦਰਸ਼ਨ ਝਲਕਾਂ ਕਾਵਿ ਉਡਾਰੀਆਂ, ਅੰਮ੍ਰਿਤ ਕੀ ਹੈ ? ਆਦਿ ਵੱਡੀਆਂ ਪੁਸਤਕਾਂ ਉਨ੍ਹਾਂ ਦੀਆਂ ਰਚਨਾਵਾਂ ਹਨ ਜੋ ਕਿ ਪੰਥ ਲਈ ਇਕ ਅਮੋਲ ਖਜ਼ਾਨਾ ਹੈ। ਉਹ ਬੇਬਾਕ, ਨਿਧੜਕ ਅਤੇ ਨਿਡਰ ਸੁਭਾਅ ਵਾਲੇ ਸਨ, ਕਿਸੇ ਦੀ ਕਨੌਂਡ ਜਾਂ ਦਬਾਅ ਹੇਠ ਕੰਮ ਕਰਨ ਵਾਲੇ ਨਹੀਂ ਸਨ। ਉਨ੍ਹਾਂ ਨੇ ਆਪਣੇ ਵੀਚਾਰਾਂ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਅਕੱਟ ਦਲੀਲਾਂ ਤੇ ਗੁਰਬਾਣੀ ਵਿਚੋਂ ਹਵਾਲੇ ਦੇ ਕੇ ਗੁਰਮਤਿ ਦੇ ਅਨੁਸਾਰੀ ਹੋਣਾ ਸਿੱਧ ਕੀਤਾ ਹੈ। ਪਰ ਪ੍ਰਚਾਰ ਦੇ ਮੈਦਾਨ ਵਿਚ ਹਰ ਇਕ ਨੂੰ ਆਪਣੇ ਖਿਆਲਾਂ ਦੇ ਪ੍ਰਚਾਰਨ ਦੀ ਖੁਲ੍ਹ ਹੈ। ਭਾਈ ਸਾਹਿਬ ਦੀਆਂ ਸਾਰੀਆਂ ਪੁਸਤਕਾਂ ਵਿਚ ਵਿਰੋਧੀ ਖਿਆਲਾਂ ਵਾਲਿਆਂ ਦਾ ਜ਼ਿਕਰ ਸਖ਼ਤ ਸ਼ਬਦਾਂ ਵਿਚ ਕੀਤਾ ਗਿਆ ਹੈ। ਪਰ ਉਹਨਾਂ ਦਾ ਕਿਸੇ ਨਾਲ ਭੀ ਜ਼ਾਤੀ ਵੈਰ ਭਾਵ ਨਹੀਂ ਸੀ। ਇਸ ਦਾ ਮੁਖ ਕਾਰਣ, ਭਾਈ ਸਾਹਿਬ ਜੀ ਵੱਲੋਂ ਨਿਰੋਲ ਗੁਰਬਾਣੀ ਦੀ ਭਾਸ਼ਾ ਵਰਤਣ ਦਾ ਹੈ। ਭਾਈ ਸਾਹਿਬ ਤਾਅ ਜ਼ਿੰਦਗੀ ਖਾਲਸਈ ਗੁਰਮੁਖੀ ਬਾਣੇ ਵਿਚ ਵਿਚਰਦੇ ਰਹੇ ਹਨ ਤੇ ਸਰਬ ਲੋਹ ਦੇ ਬਰਤਨਾਂ ਵਿਚ ਤਿਆਰ ਕੀਤਾ ਪ੍ਰਸ਼ਾਦਾ, ਤਿਆਰ-ਬਰ-ਤਿਆਰ ਸਿੰਘ ਦੇ ਹੱਥੋਂ ਹੀ ਛਕਦੇ ਸਨ। ਉਹ ਸਰਬ ਲੋਹ ਦੇ ਬਰਤਣਾਂ ਵਿਚ ਤਿਆਰ ਕੀਤਾ ਪ੍ਰਸ਼ਾਦਾ ਤਿਆਰ-ਬਰ-ਤਿਆਰ ਸਿੰਘ ਦੇ ਹਥੋਂ ਹੀ ਛਕਦੇ ਸਨ। ਜੋ ਉਹਨਾਂ ਨੂੰ ਨੇੜਿਓਂ ਜਾਣਦੇ ਸਨ ਉਨ੍ਹਾਂ ਨੂੰ ਪਤਾ ਸੀ ਕਿ ਬੋਲ-ਚਾਲ ਵਿਚ ਤੇ ਦੇਖਣ ਵਿਚ ਵੀ ਭਾਈ ਸਾਹਿਬ ਖਰਵੇ ਹਨ ਪਰ ਅਸਲ ਵਿਚ ਬਹੁਤ ਨਰਮ ਸੁਭਾਉ, ਪਿਆਰ ਮੁਹੱਬਤ ਵਾਲੇ, ਸੱਜਣ ਸਨ। ਉਹਨਾਂ ਦਾ ਸੁਭਾਵ ਬਹੁਤ ਸੂਧਾ ਤੇ ਨਿਸ਼ਕਪਟ ਤੇ ਬੱਚਿਆਂ ਵਾਂਗ ਭੋਲੇ ਭਾਵ ਵਾਲਾ ਸੀ।

ਚਾਲਾਕ ਤੇ ਖੁਦਗਰਜ਼ ਲੋਕ, ਰਹਿਤ ਮਰਯਾਦਾ ਦੀ ਕਰੜੀ ਧਾਰਨਾ ਦੀ ਸ਼ਕਲ ਵਿਚ, ਉਹਨਾਂ ਪਰ, ਅਸਰ ਭੀ ਪਾ ਲੈਂਦੇ ਸਨ। ਆਮ ਤੌਰ ਪਰ, ਦੇਖਿਆ ਗਿਆ ਹੈ ਕਿ ਖੁਦਾ ਪ੍ਰਸਤ, ਨਿਰਛਲ ਤੇ ਪ੍ਰੇਮੀ ਹੁੰਦੇ ਹਨ। ਉਹ ਦੂਜਿਆਂ ਨੂੰ ਭੀ ਆਪਣੇ ਵਰਗਾ ਹੀ ਸਮਝਦੇ ਹਨ। ਜਿਸ ਕਰਕੇ ਚਾਲਾਕ ਲੋਕਾਂ ਦਾ ਦਾਉ ਲੱਗ ਜਾਂਦਾ ਹੈ।

ਉਹਨਾਂ ਨੇ ਪੁਸਤਕਾਂ ਲਿਖ ਕੇ ਕੇਵਲ ਜ਼ਬਾਨੀ ਜਮ੍ਹਾਂ ਖਰਚ ਹੀ ਨਹੀਂ ਕੀਤਾ। ਸਗੋਂ ਨਾਮ ਜਪਣ ਦੀ ਅਤੁਟ ਤੇ ਅਥਾਹ ਕਮਾਈ ਕੀਤੀ। ਆਪਣਾ ਘਰ ਘਾਟ ਉਜਾੜ ਕੇ ਆਪ ਨਾਮ ਬਾਣੀ ਦਾ ਅਭਿਆਸ ਕੀਤਾ। ਸਾਰੀ ਉਮਰ, ਗੁਰਸਿਖੀ, ਨਾਮ ਬਾਣੀ ਦਾ ਪ੍ਰਚਾਰ ਕੀਤਾ। ਗੁਰਬਾਣੀ ਦਾ ਕੀਰਤਨ ਉਨ੍ਹਾਂ ਦਾ ਜੀਵਨ ਆਧਾਰ ਸੀ। ਇਸੇ ਕਰਕੇ ਕੀਰਤਨ ਕਰਦੇ ਕਦੇ ਅੱਕਦੇ ਤੇ ਥੱਕਦੇ ਨਹੀਂ ਸਨ। ਪਰਉਪਕਾਰ ਨਮਿਤ ਜੇਲ੍ਹ ਗਏ। ਖ਼ਾਲਸੇ ਦੀ ਰਹਿਤ ਬੇਹੱਦ ਕਸ਼ਟ ਸਹਿੰਦੇ ਹੋਏ ਜੇਲ੍ਹਾਂ ਵਿਚ ਵੀ ਨਿਭਾਈ। ਗਰੀਬੀ ਵਿਚ ਜੀਵਨ ਗੁਜ਼ਾਰਿਆ, ਕੋਈ ਜਾਇਦਾਦ ਨਹੀਂ ਬਣਾਈ। ਸਗੋਂ ਪਹਿਲੀ ਭੀ ਜ਼ਬਤ



www.AKJ.Org

ਕਰਵਾਈ। ਉਚੇ ਆਚਰਨ ਵਿਚ ਜੀਵਨ ਗੁਜ਼ਾਰਿਆ। ਗੱਲ ਕੀ, ਗੁਰਸਿਖੀ ਦਾ ਆਦਰਸ਼ਕ ਜੀਵਨ ਬਿਤੀਤ ਕੀਤਾ। ਏਨ੍ਹਾਂ ਗੱਲਾਂ ਨੂੰ ਮੁਖ ਰਖਦਿਆਂ ਹੋਇਆਂ, ਸਾਨੂੰ ਉਹਨਾਂ ਦੇ ਨਿਜੀ ਤਜਰਬੇ, ਜੋ ਉਨ੍ਹਾਂ ਨੇ ਆਪਣੀਆਂ ਪੁਸਤਕਾਂ ਵਿਚ ਵਰਨਣ ਕੀਤੇ ਹਨ, ਸਹੀ ਮੰਨਣੇ ਪੈਣਗੇ। ਏਨ੍ਹਾਂ ਤੋਂ ਹੋਰ ਗੁਰਸਿਖਾਂ ਨੂੰ ਭੀ ਉਤਸ਼ਾਹ ਮਿਲੇਗਾ। ਜਦ ਤਕ ਅਜਿਹੇ ਗੁਰਸਿਖ ਪੈਦਾ ਹੁੰਦੇ ਰਹਿਣਗੇ। ਸਿਖੀ ਵਧਦੀ ਫੁਲਦੀ ਰਹੇਗੀ।

**ਨੋਟ**:-ਖ਼ਾਲਸਾ ਪੰਥ ਦੀ ਸੋਨੇ ਦੀ ਚਿੜੀ ਵਾਲੇ ਲੇਖ, ਜੇਲ੍ਹ ਚਿਠੀਆਂ ਵਿਚ ਛਪ ਚੁੱਕੇ ਹਨ। ਦੇਖੋ ਸਫ਼ਾ 232 ਤੋਂ 250 ਤਕ ਤੀਜੀ ਐਡੀਸ਼ਨ। ਭਾਈ ਸਾਹਿਬ ਦੀਆਂ ਪੁਸਤਕਾਂ ਸਾਢੇ ਤਿੰਨ ਦਰਜਨ ਦੇ ਲਗਭਗ ਹਨ ਜਿਹੜੀਆਂ ਕਿ ਹੁਣ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ ਵਲੋਂ ਛਾਪ ਕੇ ਲਾਗਤ ਕੀਮਤ 'ਤੇ ਵੰਡੀਆਂ ਜਾਦੀਆਂ ਹਨ। ਭਾਈ ਸਾਹਿਬ ਜੀ ਦੀਆਂ ਰਚਿੱਤ ਪੁਸਤਕਾਂ ਦੀ ਸੂਚੀ ਪੁਸਤਕ ਦੇ ਅਖੀਰਲੇ ਪੰਨੇ 'ਤੇ ਦਿੱਤੀ ਗਈ ਹੈ।

**-ਐਡੀਟਰ**
ਪੰਜਾਬੀ ਰਤਨ ਲੁਧਿਆਣਾ

*(ਹਫਤੇਵਾਰ ਪੰਜਾਬੀ ਰਤਨ ਦੇ*
*ਵਿਸ਼ੇਸ਼ ਅੰਕ ੨੪ ਅਗਸਤ ੧੯੬੧ ਵਿੱਚੋਂ, ਧੰਨਵਾਦ ਸਹਿਤ)*

***



www.AKJ.Org

# ਭਾਈ ਸਾਹਿਬ ਵਲੋਂ ਗੁਰਬਾਣੀ ਦਾ ਅਦਬ ਸਤਿਕਾਰ

**ਸੰਤ ਵਿਸਾਖਾ ਸਿੰਘ ਜੀ**
ਕਿਸ਼ਨ ਪੁਰਾ, ਜ਼ਿਲ੍ਹਾ ਫ਼ਿਰੋਜ਼ਪੁਰ

ਭਾਈ ਸਾਹਿਬ ਰਣਧੀਰ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਮਲੀ ਤੌਰ ਪਰ ਪ੍ਰਤੱਖ ਗੁਰਾਂ ਦੀ ਦੇਹ ਮੰਨਦੇ ਸਨ ਜਿਹਾ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਨਾਮ ਪ੍ਰਾਪਤ ਹੋਣ ਦੇ ਐਬਟਾਬਾਦ ਦੇ ਪ੍ਰਸੰਗ ਵਿਚ ਸਿੱਧ ਕੀਤਾ ਹੈ। ਦੂਸਰੀ ਇਸ ਗੱਲ ਦੀ ਮਿਸਾਲ ਉਨ੍ਹਾਂ ਦੀ ਲਿਖਤੀ ਪੁਸਤਕ 'ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ' ਵਿਚੋਂ ਮਿਲਦੀ ਹੈ।

ਆਪ ਗੁਰੂ ਦਸਮੇਸ਼ ਜੀ ਦੇ ਕਾਇਮ ਕੀਤੇ ਅਸੂਲਾਂ ਦੇ ਧਾਰਨੀ ਸਨ ਤੇ ਕਿਸੇ ਇਕ ਸ਼ਖ਼ਸ ਨੂੰ ਪ੍ਰਧਾਨ ਬਣਾਉਣ ਦੀ ਥਾਂ ਪੰਜਾਂ ਪਿਆਰਿਆਂ ਨੂੰ ਹੀ ਪ੍ਰਧਾਨ ਥਾਪਣਾ ਗੁਰਮਤਿ ਅਸੂਲ ਮੰਨਦੇ ਸਨ। ਜਿਹਾ ਕਿ 1941 ਵਿਚ ਜਦੋਂ ਕੂਕਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੱਤ੍ਰਾ ਪਾਠ ਕਰਨ ਦੀ ਬੇਅਦਬੀ ਵਾਲੀ ਮਨਮਤ ਕੀਤੀ ਸੀ, ਉਸ ਵੇਲੇ ਪੰਥ ਵਿਚ ਕੂਕਾ ਕੁਫਰ ਤੋੜ ਐਜੀਟੇਸ਼ਨ ਚਲੀ ਸੀ ਤੇ ਕਈ ਥਾਵੀਂ ਕੂਕਾ ਕੁਫਰ ਤੋੜ ਕਾਨਫ਼੍ਰੰਸਾਂ ਹੋਈਆਂ ਸਨ। ਆਪ ਏਨ੍ਹਾਂ ਕਾਨਫ਼੍ਰੰਸਾਂ ਵਿਚ ਸ਼ਾਮਲ ਹੁੰਦੇ ਰਹੇ। 21, 22 ਫ਼ਰਵਰੀ 1942 ਨੂੰ ਮੁੱਲਾਂਪੁਰ ਜ਼ਿਲ੍ਹਾਂ ਲੁਧਿਆਣੇ ਵਿਚ ਪਹਿਲੀ ਕਾਨਫ਼੍ਰੰਸ ਹੋਈ। ਜਿਸ ਵਿਚ ਆਪ ਪੰਜਾਂ ਪਿਆਰਿਆਂ ਵਿਚ ਸ਼ਾਮਲ ਸਨ। ਦੂਜੇ ਚਾਰ ਸਿੰਘ ਏਹ ਸਨ :

ਬਾਬਾ ਖੜਕ ਸਿੰਘ ਜੀ, ਅਕਾਲੀ ਕੌਰ ਸਿੰਘ ਜੀ, ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲੇ, ਦਾਸ ਵਸਾਖਾ ਸਿੰਘ ਸੰਤ ਸਿਪਾਹੀ ਕਿਸ਼ਨਪੁਰਾ (ਫ਼ਿਰੋਜ਼ਪੁਰ)।

ਦੂਜੀ ਕਾਨਫ਼੍ਰੰਸ ਫੱਗਣ 1943 ਈ. ਵਿਚ ਧਾਂਦਰਾ ਜ਼ਿਲ੍ਹਾ ਲੁਧਿਆਣਾ ਵਿਚ ਹੋਈ। ਉਸ ਵਿਚ ਵੀ ਆਪ ਪੰਜਾਂ ਪਿਆਰਿਆਂ ਵਿਚ ਸ਼ਾਮਲ ਸਨ। ਬਾਕੀ ਦੇ ਚਾਰ ਸਿੰਘ ਏਹ ਸਨ : ਬਾਬਾ ਖੜਕ ਸਿੰਘ ਜੀ, ਅਕਾਲੀ ਕੌਰ ਸਿੰਘ ਜੀ, ਨਿਹੰਗ ਟਹਿਲ ਸਿੰਘ ਜੀ ਤੇ ਸ. ਉੱਤਮ ਸਿੰਘ ਦਹੇੜੂ।

ਆਪ ਪੰਥ ਦੇ ਫ਼ੈਸਲੇ ਤੇ ਤਖ਼ਤ ਸਾਹਿਬਾਨ ਦੇ ਹੁਕਮਨਾਮਿਆਂ ਨੂੰ ਸਿਰ ਮੱਥੇ ਪਰ ਮੰਨਦੇ ਸਨ। ਜਦ ਆਪ ਅਕਤੂਬਰ 1930 ਵਿਚ ਰਿਹਾ ਹੋ ਕੇ ਆਏ, ਤਦ ਬਾਬੂ ਤੇਜਾ ਸਿੰਘ ਜੀ ਪੰਚ ਖੰਡ ਭਸੌੜ ਵਾਲੇ, ਆਪ ਨੂੰ ਮਿਲਣ ਆਏ, ਪਰ ਆਪ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ। ਕਿਉਂਕਿ ਬਾਬੂ ਜੀ ਨੂੰ ਗੁਰਬਾਣੀ ਦੀ ਭੰਨ ਤੋੜ ਬਾਰੇ ਪੰਥ ਨੇ ਸਿਖੀ ਤੋਂ ਖਾਰਜ ਕਰ ਦਿੱਤਾ ਸੀ ਤੇ ਏਸ ਸਬੰਧ ਵਿਚ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਵੀ ਜਾਰੀ ਹੋ ਚੁੱਕਾ ਸੀ।

ਆਪ ਗੁਰਬਾਣੀ ਨੂੰ ਪਾਰਸ ਸਮਝਦੇ ਸਨ ਤੇ ਇਸ ਦੇ ਪਾਠ ਤੇ ਕੀਰਤਨ ਨੂੰ ਸਭ ਤੋਂ ਮੁਖ ਤੇ ਕਲਿਆਣਕਾਰੀ ਸਮਝਦੇ ਸਨ। ਇਸੇ ਲਈ ਉਹ ਗੁਰਬਾਣੀ ਦੀ ਕਥਾ ਕਰਨ



www.AKJ.Org

ਨੂੰ ਠੀਕ ਨਹੀਂ ਸਮਝਦੇ ਸਨ। ਉਨ੍ਹਾਂ ਨੇ ਗੁਰਬਾਣੀ ਨੂੰ ਜਪਿਆ, ਇਸ ਦੇ ਕੀਰਤਨ ਦਾ ਅਨੰਦ ਮਾਣਿਆ। ਨਾਮ ਤੇ ਬਾਣੀ ਉਨ੍ਹਾਂ ਦਾ ਜੀਵਨ ਆਧਾਰ ਸੀ, ਉਨ੍ਹਾਂ ਦੇ ਜੀਵਨ ਪਰ ਏਹ ਤੁਕ ਘਟਦੀ ਹੈ :-

**ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥**

*(ਅੰਗ ੭੫੮)*

*(ਪੰਜਾਬੀ ਰਤਨ ਲੁਧਿਆਣਾ ਦੇ*
*੨੪ ਅਗਸਤ ੧੯੬੧ ਦੇ ਅੰਕ ਵਿਚੋਂ, ਧੰਨਵਾਦ ਸਹਿਤ)*

***



www.AKJ.Org

# ਬੀਤੀਆਂ ਯਾਦਾਂ

**ਬੀਬੀ ਸਤਵੰਤ ਕੌਰ, ਯੂ.ਕੇ.**

(**ਨੋਟ**: ਭਾਈ ਸਾਹਿਬ ਜੀ ਤੋਂ ਛੋਟੀ ਆਯੂ ਵਾਲੇ ਸਿੰਘ ਤੇ ਬੀਬੀਆਂ, ਆਪ ਜੀ ਨੂੰ ਬਾਪੂ ਜੀ ਕਹਿ ਕੇ ਸੰਬੋਧਨ ਕਰਦੇ ਹੁੰਦੇ ਸਨ।)

ਬਾਪੂ ਜੀ ਦੀ ਸੰਗਤ ਵਿਚ ਕੁਝ ਅਰਸਾ ਰਹਿਣ ਕਰਕੇ, ਮੇਰੀ ਯਾਦ-ਪਟ ਉਤੇ ਕਈ ਅੱਖੀਂ ਡਿਠੇ ਅਤੇ ਹੱਡੀਂ-ਵਾਪਰੇ ਕੌਤਕ ਉੱਕਰੇ ਪਏ ਹਨ। ਉਨ੍ਹਾਂ ਨੂੰ ਕਲਮ-ਬੰਦ ਕਰਨ ਦਾ ਹੀਆ ਨਹੀਂ ਸੀ ਪੈਂਦਾ। ਧਿਆਨ ਕਮਜ਼ੋਰ ਸੀ, ਬਿਆਨ ਢਿੱਲਾ ਸੀ, ਸ਼ਬਦ ਨਹੀਂ ਸਨ ਔੜ੍ਹਦੇ। ਸੂਰੇ ਮਾਸਿਕ ਪੱਤਰ ਨੇ ਖਿੱਚ ਪਾਈ ਕਿ ਕੁਝ ਵਿਥਿਆ ਟੁੱਟੇ-ਫੁੱਟੇ ਅੱਖਰਾਂ ਵਿਚ ਆਖ ਹੀ ਦਿਆਂ। ਐਸਾ ਨਾ ਹੋਵੇ, ਸਮਾਂ ਬੀਤਣ ਨਾਲ ਯਾਦ-ਪਟ ਉਤੇ ਉਲੀਕੇ ਅੱਖਰ, ਮੱਧਮ ਪੈ ਜਾਣ ਜਾਂ ਇਸ ਯਾਦ-ਪਟ ਦੇ, ਵਲ੍ਹੇਟੇ ਜਾਣ ਦੀ ਨੌਬਤ ਆ ਜਾਵੇ।

ਇਹ 1944 ਦੀ ਗੱਲ ਹੈ। ਸਰਦਾਰ ਜੀ ਦੀ ਸਰਵਿਸ ਦਾ ਸਿਲਸਿਲਾ ਦਿਲੀ ਵਿਚ ਬਣ ਗਿਆ। ਮੈਂ ਵੀ ਤਿੰਨ ਮਹੀਨੇ ਪਿਛੋਂ ਇਥੇ ਆ ਗਈ। ਦਾਤੇ ਦੀ ਕਿਰਪਾ ਨਾਲ ਸਤਸੰਗੀਆਂ ਦੀ ਸੰਗਤ ਨਸੀਬ ਹੋਈ। ਇਸ ਸੰਗਤ ਦਾ ਸਦਕਾ ਪਿਆਰੇ ਬਾਪੂ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਹਰ ਸਮਾਗਮ ਵਿਚ ਹਾਜ਼ਰੀ ਭਰਨ ਦੀ ਤੀਬਰ ਇੱਛਾ ਬਣੀ ਰਹਿਣੀ, ਤੇ ਅਕਸਰ ਅਕਾਲ ਪੁਰਖ ਦੀ ਕਿਰਪਾ ਨਾਲ ਅਵਸਰ ਮਿਲਦੇ ਰਹਿਣੇ, ਇਸ ਇੱਛਾ-ਪੂਰਤੀ ਦੇ।

ਦਾਤੇ ਦੀ ਅਪਾਰ ਕਿਰਪਾ ਨਾਲ ਇਕ ਵਾਰੀ ਪਾਉਂਟਾ ਸਾਹਿਬ ਜਾਣ ਦਾ ਮੌਕਾ ਮਿਲਿਆ। ਤਰੀਕ ਤਾਂ ਯਾਦ ਨਹੀਂ, ਪਰ ਹੋਲੇ-ਮਹੱਲੇ ਦਾ ਸਮਾਗਮ (ਸੰਨ 1948 ਤੇ 1949 ਵਿੱਚ) ਦੋ ਸਾਲ ਹੋਇਆ ਸੀ। ਦੂਰੋਂ ਨੇੜਿਓਂ ਅਖੰਡ ਕੀਰਤਨੀ ਜੱਥੇ ਉਥੇ ਪੁੱਜੇ ਹੋਏ ਸਨ। ਬਾਪੂ ਜੀ ਵੀ ਪਧਾਰੇ ਸਨ। ਅਸੀਂ ਵੀ ਦਿੱਲੀ ਦੀ ਸੰਗਤ ਦੇ ਸੰਗ-ਸਾਥ ਪਹੁੰਚ ਪਏ। ਰਸਤੇ ਵਿਚ ਸ਼ਬਦ-ਕੀਰਤਨ ਦੀਆਂ ਧੁਨੀਆਂ ਦੀਆਂ ਗੂੰਜਾਰਾਂ ਦਾ ਨਜ਼ਾਰਾ ਬੜਾ ਪਿਆਰਾ ਸੀ। ਸਾਡੇ ਸਾਥ ਵਿਚ ਕੁਝ ਐਸੀਆਂ ਬੀਬੀਆਂ ਵੀ ਸਨ, ਜਿਨ੍ਹਾਂ ਨੇ ਮੇਰੇ ਵਾਂਗ ਗੁੱਤਾਂ ਕੀਤੀਆਂ ਸਨ। ਰਾਹ ਵਿਚ ਹੀ ਉਨ੍ਹਾਂ ਗੁੱਤਾਂ ਲਾਹ ਕੇ, ਸੋਹਣੇ ਜੂੜੇ ਕਰ ਦਸਤਾਰਾਂ (ਕੇਸਕੀਆਂ) ਸਜਾ ਲਈਆਂ। ਮੈਨੂੰ ਉਨ੍ਹਾਂ ਵਲ ਵੇਖ ਕੇ ਖਿੱਚ ਪਈ ਅਤੇ ਮੈਂ ਵੀ ਉਵੇਂ ਕਿਵੇਂ ਦਸਤਾਰ ਸਜਾ ਲਈ। ਪਾਉਂਟੇ ਸਾਹਿਬ ਦੇ ਪਾਵਨ ਚੌਗਿਰਦੇ ਅੰਦਰ ਜੋ ਕੀਰਤਨ ਸੁਣਿਆ, ਉਸ ਨਾਲ ਮਨ ਦੀ ਅਵੱਸਥਾ ਹੋਰ ਦੀ ਹੋਰ ਹੋ ਗਈ। ਅਕਹਿ ਰਸ ਦੀ ਪ੍ਰਤੀਤੀ ਹੋਈ। ਕੀਰਤਨ ਸੁਣਦਿਆਂ, ਭਾਣਾ ਇਹ ਵਰਤਿਆ ਕਿ ਛੋਟੇ ਬੱਚੇ ਦੇ ਰੋਣ ਕਰਕੇ, ਲੰਗਰ ਵਿਚ ਦੁੱਧ ਗਰਮ ਕਰਨ ਲਈ ਜਾਣਾ ਪਿਆ। ਇਸ ਗੱਲ ਦੀ ਸੂਝ ਨਹੀਂ ਸੀ ਕਿ ਸਰਬ-ਲੋਹੀ ਲੰਗਰ ਵੱਖਰਾ ਹੈ ਤੇ ਆਮ ਵੱਖਰਾ ਹੈ। ਸਰਬ-ਲੋਹ ਦੀ ਦੇਗ ਵਿਚ, ਦਾਲ ਸੜਦੀ



www.AKJ.Org

ਵੇਖ ਕੇ, ਪਿੱਤਲ ਦੀ ਕੜਛੀ ਚੁੱਕ ਕੇ ਦਾਲ ਹਿਲਾਉਣ ਲੱਗੀ। ਇੰਨੇ ਨੂੰ ਇਕ ਸੇਵਾਦਾਰ ਬੀਬੀ ਆ ਗਈ। ਉਸ ਕਿਹਾ, "ਬੀਬੀ! ਤੂੰ ਇਹ ਕੀ ਕਰ ਦਿੱਤਾ ? ਪਿੱਤਲ ਦੀ ਕੜਛੀ ਦਾਲ ਵਿਚ ਫੇਰ ਦਿੱਤੀ ਹੈ।" ਮੈਂ ਕੁਝ ਹੈਰਾਨ ਪਰੇਸ਼ਾਨ ਜਹੀ ਹੋ ਰਹੀ ਸਾਂ ਕਿ ਉਸ ਨੇ ਮੇਰੇ ਦਿਲ ਤੇ ਇਕ ਹੋਰ ਚੋਟ ਲਗਾਈ, ਜੋ ਮੈਨੂੰ ਅਲ੍ਹੜ, ਅਣਜਾਣ ਨੂੰ ਵਾਹਵਾ ਰਾਸ ਆਈ। ਬੀਬੀ ਜੀ ਨੇ ਕਿਹਾ, "ਕੀ ਤੂੰ ਪੱਕੀ ਕੇਸਕੀ ਬੰਨ੍ਹੀ ਹੈ ਜਾਂ ਕੱਚੀ ?" ਮੈਨੂੰ ਤਾਂ ਸੁਆਲ ਦੀ ਸਮਝ ਨ ਪਈ, ਜੁਆਬ ਕੀ ਦਿੰਦੀ ? ਬੇਨਤੀ ਕੀਤੀ, "ਭੈਣ ਜੀ, ਮੈਂ ਮੂਰਖ ਨੂੰ ਸਮਝਾ ਦਿਉ ਕਿ ਮੈਂ ਕਿਵੇਂ ਪੱਕੀ ਕੇਸਕੀ ਬੰਨ੍ਹ ਸਕਦੀ ਹਾਂ।" ਕਹਿਣ ਲੱਗੇ, "ਤੁਸਾਂ ਅੰਮ੍ਰਿਤ ਛਕਿਆ ਹੈ ਜਾਂ ਨਹੀਂ? ਅੰਮ੍ਰਿਤ ਛੱਕ ਕੇ, ਸਦਾ ਲਈ ਕੇਸਕੀ ਸਜਾਉਣ ਦਾ ਪ੍ਰਣ ਲੈਣ ਨਾਲ, ਤੁਸੀਂ ਪੱਕੀ ਕੇਸਕੀ ਦੇ ਧਾਰਨੀ ਹੋ ਜਾਉਗੇ।" ਦਿਲ ਤਾਂ ਮੇਰਾ ਕਰੇ, ਐਸੀ ਧਾਰਨਾ ਧਾਰਨ ਕਰਨ ਵਿਚ ਦੇਰ ਨਾ ਲਾਵਾਂ, ਪਰ ਮੈਂ ਇਸ ਅਮੋਲਕ ਦਾਤ ਲਈ ਆਪਣੇ ਆਪ ਨੂੰ ਯੋਗ ਨਹੀਂ ਸੀ ਸਮਝਦੀ। ਮੈਂ ਹਿੰਦੂ ਘਰਾਣੇ ਵਿਚ ਪੈਦਾ ਹੋਈ ਸਾਂ। ਮੇਰੇ ਉਤਮ ਭਾਗਾਂ ਨੂੰ ਪਤੀ ਦੇਵ ਬੜੇ ਗੁਰਮੁਖ ਮਿਲੇ, ਜਿਨ੍ਹਾਂ ਦੀਆਂ ਭਲੀਆਂ ਰੁੱਚੀਆਂ ਕਰਕੇ, ਮੈਨੂੰ ਗੁਰਮੁਖਾਂ ਦੀ ਸੰਗਤ ਨਸੀਬ ਹੋ ਰਹੀ ਸੀ। ਅਸੀਂ ਇਸ਼ ਕੋਸ਼ਿਸ ਵਿਚ ਸਾਂ ਕਿ ਸਾਨੂੰ ਰਹਿਤ-ਬਹਿਤ ਅਤੇ ਗੁਰਬਾਣੀ ਹੋਰ ਪਿਆਰੀ ਲੱਗੇ ਅਤੇ ਅਸੀਂ ਅੰਮ੍ਰਿਤ ਛਕ ਲਈਏ। ਮੈਂ ਅਜਿਹੀ ਕਿਸਮ ਦੇ ਭਾਵ, ਉਸ ਬੀਬੀ ਸਾਹਵੇਂ ਵੀ ਪ੍ਰਗਟਾਏ। ਇਸ ਬੀਬੀ ਨੇ, ਮੈਂ ਤਕਿਆ, ਉਹ ਦਾਲ ਵਾਲੀ ਦੇਗ, ਦੂਜੇ ਪਾਸੇ ਰੱਖ ਦਿੱਤੀ ਅਤੇ ਉਸ ਦੀ ਥਾਂ ਹੋਰ ਦਾਲ ਧਰ ਦਿੱਤੀ। ਮੈਂ ਝੂਰਨ ਲੱਗੀ ਕਿ ਮੈਂ ਨਿਕਰਮਣ ਕਿਉਂ ਦਾਲ ਹਿਲਾ ਬੈਠੀ ? ਮੈਂ ਸ਼ਰਮਿੰਦਗੀ ਭਰੇ ਲਹਿਜੇ ਵਿਚ ਮੁਆਫੀ ਮੰਗੀ। ਇਸ ਘਟਨਾ ਨਾਲ ਮੇਰੇ ਮਨ ਨੇ ਇਕ-ਦਮ ਇਕ ਪਲਟਾ ਖਾਧਾ, ਮਹਿਸੂਸ ਕੀਤਾ।

ਉਸੇ ਹੀ ਸ਼ਾਮ ਨੂੰ ਸੋਦਰ ਰਹਿਰਾਸ ਦਾ ਸਮਾਗਮ, ਨਦੀ ਦੇ ਵਿਚ, ਬਰੇਤੇ 'ਤੇ ਕੀਤਾ ਗਿਆ। ਸੰਗਤਾਂ ਥੋੜ੍ਹਾ ਥੋੜ੍ਹਾ ਪਾਣੀ ਲੰਘ ਕੇ ਬਰੇਤੇ ਤੇ ਪੁੱਜ ਗਈਆਂ। ਇਸ ਬਰੇਤੇ ਦੀ ਕਾਫੀ ਸਾਰੀ ਸੁੱਕੀ ਜਗ੍ਹਾ ਤੋਂ ਅੱਗੇ ਬੜੀ ਜ਼ੋਰ ਦੀ ਨਦੀ ਵੱਗ ਰਹੀ ਸੀ। ਡੁਬਦੇ ਸੂਰਜ ਦਾ ਸਮਾਂ, ਠਾਠਾਂ ਮਾਰਦੀ ਨਦੀ ਦੀ ਸ਼ਾਂ-ਸ਼ਾਂ, ਗੁਰਮੁਖ ਪਿਆਰਿਆਂ ਬੱਚਿਆਂ ਦੀ ਰਸਨਾ ਤੋਂ ਰਹਿਰਾਸ ਦਾ ਪੜ੍ਹਨਾ— ਸਚਮੁਚ ਇਕ ਸੁਰਗੀ ਅਨੰਦਮਈ ਝੂਟਾ ਸੀ। ਪਾਠ ਦੀ ਸਮਾਪਤੀ ਉਪਰੰਤ, ਉਸੇ ਸ਼ਾਂਤਮਈ ਅਨੰਦ ਵਿਚ ਕੀਰਤਨ ਅਰੰਭ ਹੋ ਗਿਆ। ਭਾਣਾ ਕਰਤਾਰ ਦਾ, ਲਹਿਰਾਂ ਨਦੀ ਦੀਆਂ ਐਸੀਆਂ ਆਈਆਂ ਕਿ ਸੁੱਕੇ ਬਰੇਤੇ ਵਿਚ ਪਾਣੀ ਗੱਲ ਤਾਈਂ ਪਹੁੰਚਣ ਲੱਗਾ। ਪਹਿਲਾਂ ਤਾਂ ਸੰਗਤ ਵਧੇਰੇ ਵੈਰਾਗ ਵਿਚ ਆ ਕੇ ਕੀਰਤਨ, ਹੋਰ ਚੜ੍ਹਦੀ ਕਲਾ ਵਿਚ ਕਰਨ ਲੱਗੀ, ਪਰ ਜਦ ਆਲੇ-ਦੁਆਲੇ ਸਾਰੇ ਪਾਣੀ ਹੀ ਪਾਣੀ ਫਿਰ ਗਿਆ ਤਾਂ ਬੱਚੇ ਰੋਣ ਲੱਗੇ। ਹੁਣ ਸੁੱਕੀ ਥਾਂ ਕੋਈ ਨਹੀਂ ਸੀ ਰਹੀ। ਬੱਚਿਆਂ ਦੇ ਰੋਣ-ਕੁਰਲਾਣ ਦੀ ਆਵਾਜ਼ ਨੇ ਸਾਰਿਆਂ ਦੀ ਬਿਰਤੀ ਉਖੇੜ ਦਿੱਤੀ। ਸਮਾਪਤੀ ਦਾ ਅਰਦਾਸਾ ਹੋਇਆ। ਵੀਰਾਂ ਨੇ ਹਿੰਮਤ ਕੀਤੀ, ਬੱਚਿਆਂ ਨੂੰ ਮੋਢਿਆਂ ਨਾਲ ਲਾਇਆ, ਬੀਬੀਆਂ ਦੀਆਂ ਬਾਹਾਂ ਫੜੀਆਂ ਤੇ ਗੁਰੂ ਗੁਰੂ ਕਰਦੇ ਪਰਤ ਪਏ। ਉਸ ਰੋੜ੍ਹ ਵਾਲੇ ਤੇਜ਼ ਪਾਣੀ ਨੇ, ਪਰਤੀਤ ਹੋਇਆ, ਕਮਲ ਦੇ ਫੁੱਲ ਵਾਂਗ ਉਪਰ ਚੁੱਕ ਕੇ ਨਦੀ ਦੇ ਕਿਨਾਰੇ ਲਿਆ ਖੜ੍ਹਾ ਕੀਤਾ। ਕਿਸੇ ਦਾ ਵਾਲ ਵਿੰਗਾ ਨਹੀਂ ਹੋਇਆ। **'ਵਿਚਿ ਕਰਤਾ ਪੁਰਖੁ**



www.AKJ.Org

**ਖਲੋਇਆ ॥ ਵਾਲੁ ਨਾ ਵਿੰਗਾ ਹੋਆ ॥**" ਵਾਲੀ ਕਲਾ ਪੂਰਨ ਤੌਰ ਤੇ ਕਈ ਨਿਮਾਣੀਆਂ ਰੂਹਾਂ ਨੂੰ ਹਲੂਣਾ ਦੇ ਗਈ। ਇਹ ਸੀ ਗੁਰਮੁਖਾਂ ਦੀ ਸੰਗਤ ਦਾ ਪ੍ਰਤਾਪ।

ਤਿੰਨ ਦਿਨ ਸਮਾਗਮ ਦਾ ਅਨੰਦ ਮਾਣ ਕੇ ਸੰਗਤ ਨੇ ਘਰੋਂ ਘਰੀਂ ਚਾਲੇ ਪਾਏ। ਵਾਰੋ ਵਾਰੀ ਬਾਪੂ ਜੀ ਕੋਲੋਂ ਵਿਦਾ ਹੋਏ। ਵਾਪਸੀ 'ਤੇ ਵੀ ਕੀਰਤਨ ਕਰਦੇ ਆਏ। ਦਿਲੀ ਦੇ ਨੇੜੇ ਆਏ ਤਾਂ ਸਭ ਭੈਣਾਂ ਨੇ ਕੇਸਕੀਆਂ ਲਾਹ, ਗੁੱਤਾਂ ਕਰ ਲਈਆਂ। ਪਰ ਲੰਗਰ ਵਾਲੀ ਘਟਨਾ ਕਰਕੇ, ਮੈਂ ਨਿਮਾਣੀ ਦੇ ਦਿਲ 'ਤੇ ਐਸੀ ਚੋਟ ਵੱਜੀ ਸੀ ਕਿ ਕੇਸਕੀ ਉਤਾਰਨ ਦਾ ਹੀਆ ਨਾ ਪਿਆ। ਦਿਲੀ ਆ ਕੇ ਕਈ ਲੋਕਾਂ ਤੇ ਰਿਸ਼ਤੇਦਾਰਾਂ ਦੀਆਂ ਗੱਲਾਂ ਸੁਣੀਆਂ, ਪਰ ਮਨ ਦ੍ਰਿੜ੍ਹ ਰਿਹਾ। ਵੀਰ ਮਿਹਰ ਸਿੰਘ ਦੇ ਵੱਡੇ ਭਰਾ ਸ. ਦਿਆਲ ਸਿੰਘ ਦੇ ਗ੍ਰਹਿ ਕਰੋਲ ਬਾਗ਼ ਦਿੱਲੀ ਵਿਚ ਜਦ ਅੰਮ੍ਰਿਤ-ਸੰਚਾਰ ਹੋਇਆ, ਉਸ ਮੌਕੇ ਸਾਡੇ ਵੀ ਭਾਗ ਜਾਗ ਪਏ, ਅਸੀਂ ਦੋਵੇਂ, ਚਾਰ ਬੱਚਿਆਂ ਸਮੇਤ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਜਨਮ ਸਫਲ ਕਰਨ ਦੇ ਅਧਿਕਾਰੀ ਹੋ ਗਏ। ਬਾਪੂ ਜੀ ਨੇ ਆਪਣੇ ਹੱਥੀਂ, ਇਸ ਨਿਮਾਣੀ ਜੋੜੀ ਦੇ ਗੱਲ ਵਿਚ ਸ੍ਰੀ ਸਾਹਿਬ ਪਾਈ, ਇਕ ਫੁਟੀ ਸ੍ਰੀ ਸਾਹਿਬ ਸਰਦਾਰ ਜੀ ਦੇ ਗਲ੍ਹ ਵਿੱਚ ਤੇ ਉਸ ਤੋਂ ਕੁਝ ਛੋਟੇ ਸਾਈਜ਼ ਦੀ ਮੇਰੇ ਗੱਲ ਵਿਚ। ਦਾਸੀ ਦੇ ਸੀਸ ਤੇ ਸੁਸ਼ੋਭਿਤ ਹੋਈ ਕੇਸਕੀ ਨੂੰ ਬਾਪੂ ਜੀ ਨੇ ਖ਼ਾਸ ਸਤਿਕਾਰ ਦਿੱਤਾ, ਪਿਆਰ ਦਿੱਤਾ। ਦਾਤੇ ਦੀ ਅਪਾਰ ਕਿਰਪਾ ਹੈ ਕਿ ਪ੍ਰਦੇਸ ਦੀ ਹਵਾ ਤੋਂ ਵੀ ਕੇਸਕੀ ਨੂੰ ਝੋਲਾ ਨਹੀਂ ਆਇਆ। ਆਸ ਹੈ ਕਿ ਕੇਸਾ-ਸੁਆਸਾਂ ਸੰਗ ਨਿਭੇਗੀ।

ਸਰਦਾਰ ਜੀ, 1950 ਵਿਚ ਚੜ੍ਹਾਈ ਕਰ ਗਏ। ਉਨ੍ਹਾਂ ਨੂੰ ਜੱਥੇ ਦੇ ਪੁਰਾਤਨ ਸਿੰਘ ਸਾਰੇ ਜਾਣਦੇ ਹਨ। ਉਨ੍ਹਾਂ ਦਾ ਨਾਂ ਕਰਤਾਰ ਸਿੰਘ ਸੀ। ਬਚਪਨ ਤੋਂ ਹੀ ਸਰਲ ਤੇ ਸਾਦਾ ਜੀਵਨ ਵਲ ਰੁਚੀ ਰਖਦੇ ਸਨ। ਐਮ.ਏ. ਤਕ ਵਿਦਿਆ ਹਾਸਲ ਕੀਤੀ ਪਰ ਕਾਲਜ ਜਾਂ ਦੁਨੀਆ ਵਾਲੀ ਕੋਈ ਹਵਾ ਨਾ ਲੱਗੀ। ਗੁਰਮੁਖਾਂ ਗੁਰਸਿਖਾਂ ਨਾਲ ਹੀ ਬੋਲ-ਚਾਲ, ਉਠਕ-ਬੈਠਕ, ਰਿਸ਼ਤਾ-ਨਾਤਾ ਰਖ ਕੇ ਪ੍ਰਸੰਨ ਹੁੰਦੇ ਸਨ। ਉਨ੍ਹਾਂ ਦੀ ਕਹਾਣੀ ਵੀ ਬੜੀ ਲੰਬੀ ਹੈ। ਇਕ ਵੇਰਾਂ ਸਰਦਾਰ ਜੀ ਤੇ ਮੈਂ ਹੋਲੇ-ਮਹੱਲੇ ਦੇ ਸਮਾਗਮ ਸਮੇਂ ਸ੍ਰੀ ਅਨੰਦਪੁਰ ਸਾਹਿਬ ਲਈ ਤਿਆਰ ਹੋਏ। ਇਹ 1946-47 ਦੀ ਗੱਲ ਹੈ। ਐਨ ਜਾਣ ਵੇਲੇ ਸਰਦਾਰ ਜੀ ਨੂੰ ਕਾਫ਼ੀ ਬੁਖ਼ਾਰ ਹੋ ਗਿਆ। ਅਸੀਂ ਜਾ ਨਾ ਸਕੇ। ਐਸੇ ਬੀਮਾਰ ਹੋਏ ਕਿ ਹਸਪਤਾਲ ਦਾਖ਼ਲ ਹੋਣਾ ਪਿਆ। ਢੇਰ ਚਿਰ ਦੀ ਬੀਮਾਰੀ ਨੇ ਕਰੜੀ ਪ੍ਰੀਖਿਆ ਲਈ। ਡੇਢ ਸਾਲ ਮੰਜੀ ਤੇ ਪਏ ਰਹੇ। ਦਿਲ ਦੀ ਤਕਲੀਫ ਦਾ ਕਾਰਗਰ ਇਲਾਜ ਨਾ ਹੋ ਸਕਿਆ। ਹਵਾ-ਬਦਲੀ ਲਈ ਅਤੇ ਇਲਾਜ ਦੀ ਖ਼ਾਤਰ ਸੋਲਨ ਗਏ। ਛੇ ਮਹੀਨੇ ਉਥੇ ਰਹੇ। ਉਥੇ ਬਾਪੂ ਜੀ ਕੁਮਾਰ-ਹੱਟੀ, ਗਰਮੀਆਂ ਵਿਚ ਆਏ ਹੋਏ ਸੀ। ਜਦ ਉਨ੍ਹਾਂ ਦੇ ਮਨ ਵਿਚ ਪਿਆਰ ਉਠਣਾ, ਸਾਡੀ ਸਿੱਕ ਪੂਰੀ ਕਰਨ ਲਈ, ਕਿਸੇ ਗੁਰਮੁਖ ਪਿਆਰੇ ਨੂੰ ਨਾਲ ਲੈ, (ਵਧੇਰੇ ਜਾਨ ਸੁਖਾਲਾ ਜੀ ਨਾਲ) ਪੈਦਲ ਚਾਰ ਮੀਲ ਦੂਰ, ਸਾਡੇ ਕੋਲ ਆ ਜਾਣਾ, ਅਸੀਂ ਖੁਸ਼ੀ ਤੇ ਕ੍ਰਿਤੱਗਤਾ ਨਾਲ ਆਪੇ ਤੋਂ ਬਾਹਰ ਹੋ ਜਾਣਾ। ਮਹਿਸੂਸ ਕਰਨਾ, ਸਾਡੀ ਮਜਬੂਰੀ ਜਾਣ ਕੇ ਅਤੇ ਸਾਡੇ ਮਨ ਦੀ ਵਿਥਿਆ ਪਛਾਣ ਕੇ ਆਣ ਦਰਸ਼ਨ ਦਿੰਦੇ ਹਨ। ਬੜੇ ਪਿਆਰ ਵਿਚ, ਜਦ ਉਨ੍ਹਾਂ ਸਾਨੂੰ ਪਿਛਲੇ ਕਰਮਾਂ ਦੇ ਫਲ, ਇਥੇ ਹੀ ਭੁਗਤਣ ਲਈ ਹੌਸਲਾ ਦੇਣਾ ਤਾਂ ਮਨ ਵਿਚ ਦੁਖ ਨੂੰ ਸੁਖ ਕਰ ਕੇ ਮੰਨਣ ਵਾਲੀ ਸ਼ਕਤੀ ਆਪੇ ਹੀ ਆ



www.AKJ.Org

ਜਾਣੀ ਤੇ ਡੋਲਦਾ ਮਨ ਫਿਰ ਟਿਕਾਅ ਵਿਚ ਆ ਜਾਣਾ, ਸਗੋਂ ਮਜਬੂਤ ਹੋ ਜਾਣਾ। ਇਸ ਤਰ੍ਹਾਂ ਅਸੀਂ ਛੇ ਮਹੀਨੇ ਉਥੇ ਰਹੇ। ਸਰਦੀ ਉਤਰ ਆਉਣ ਤੇ ਦਿੱਲੀ ਵਾਪਸ ਆ ਗਏ। ਤਕਲੀਫ਼ ਵੱਧਣ ਲੱਗੀ। ਮਾਘੀ ਦੇ ਸਮੇਂ ਦਾ ਸਮਾਗਮ ਦਿੱਲੀ ਰਖਿਆ ਗਿਆ। ਬਾਪੂ ਜੀ ਦੀ ਇੱਛਾ ਅਨੁਸਾਰ ਸੰਗਤ ਨੇ ਮਿਲ ਕੇ, ਮੇਰੇ ਪਤੀ ਜੀ ਦੀ ਦੇਹ ਅਰੋਗਤਾ ਨਮਿਤ, ਕਰੋਲ ਬਾਗ਼ ਦਿੱਲੀ ਵਿਖੇ, ਦਰਸ਼ਨ ਸਿੰਘ ਵੀਰ ਦੇ ਘਰ ਅਖੰਡ ਪਾਠ ਰੱਖ ਦਿੱਤਾ। ਜਿਸ ਦਿਨ ਪਾਠ ਦਾ ਭੋਗ ਪੈਣਾ ਸੀ, ਉਸ ਤੋਂ ਪਿਛਲੀ ਰਾਤ, ਜੋ ਕੌਤਕ ਮੇਰੇ ਨਾਲ ਬੀਤਿਆ, ਉਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਲਗਪਗ ਦਸ ਵਜੇ ਰਾਤ ਦਾ ਸਮਾਂ ਸੀ। ਘਰ ਵਿਚ ਸਾਰੇ ਸੌਂ ਗਏ। ਮੈਂ ਦਵਾਈ ਦੇਣ ਲਗੀ ਤਾਂ ਕੀ ਵੇਖਦੀ ਹਾਂ ਕਿ ਸਰਦਾਰ ਜੀ ਬਿਲਕੁਲ ਨੌਂ-ਬਰ-ਨੌਂ। ਪੂਰਨ ਅਰੋਗਤਾ ਵਿਚ, ਦਗ ਦਗ ਕਰਦਾ ਲਾਲ ਚਿਹਰਾ ਤੇ ਉਠ ਕੇ ਮੰਜੇ ਤੇ ਚੌਂਕੜਾ ਮਾਰ ਕੇ ਬੈਠ ਗਏ। ਮੂੰਹੋਂ ਵਾਹਿਗੁਰੂ ਦੀ ਧੁਨ ਨਿਕਲ ਰਹੀ ਸੀ, ਮੈਨੂੰ ਵੀ ਪੁਕਾਰ ਕੇ ਕਹਿਣ ਲੱਗੇ, "ਜਾਪ ਕਰੋ, ਪਾਠ ਸੁਣੋ, ਚੌਂਕੜਾ ਮਾਰ ਕੇ ਤੁਸੀਂ ਵੀ ਬੈਠ ਜਾਵੋ।' ਪਹਿਲੇ ਤਾਂ ਮੈਂ ਕੁਝ ਘਬਰਾ ਗਈ। ਨਿਰੰਕਾਰ ਦਾ ਇਹ ਕੀ ਕੌਤਕ ਵਰਤਿਆ ਹੈ ਜਾਂ ਵਰਤ ਰਿਹਾ ਹੈ। ਕੀ ਸਰਦਾਰ ਜੀ ਦਾ ਆਖ਼ਰੀ ਵਕਤ ਤਾਂ ਨਹੀਂ ਆ ਗਿਆ, ਜੋ ਦੁਖ ਯਕ-ਦਮ ਦੌੜ ਗਿਆ ਹੈ ? ਜਾਂ ਸਚਮੁਚ ਇਨ੍ਹਾਂ ਦਾ ਰੋਗ ਕਟਿਆ ਗਿਆ ਹੈ।" ਮੈਂ ਮੂਰਖ ਨੂੰ ਸਮਝ ਨਾ ਆਈ ਕਿ ਕਿੱਥੇ ਉਨ੍ਹਾਂ ਦੀ ਲਿਵ ਲੱਗ ਰਹੀ ਹੈ। ਘੰਟੇ ਦੇ ਕਰੀਬ ਇਸ ਲਿਵ-ਜੁੜੀ ਦੀ ਹਾਲਤ ਵਿਚ ਲੰਘ ਗਿਆ। ਦਾਸੀ ਦਾ ਗਲਾ ਭਰ ਆਇਆ, ਕਿਹਾ, "ਤੁਸੀਂ ਲੇਟ ਜਾਉ।" ਉਤਰ ਮਿਲਿਆ "ਬਿਰਤੀ ਲਾ ਕੇ ਸੁਣੋ। ਪੂਰਨ ਵੀਰ ਜੀ ਫ਼ਲਾਣੇ ਸਫ਼ੇ ਤੋਂ (ਪੰਨੇ ਦਾ ਨੰਬਰ ਬੋਲ ਕੇ) ਇਹ ਸ਼ਬਦ ਪੜ੍ਹ ਰਹੇ ਹਨ। ਕਿੰਨੀ ਮਿੱਠੀ ਆਵਾਜ਼ ਹੈ ?" ਮੈਂ ਉਠ ਕੇ ਪੈੱਨ ਫੜਿਆ, ਸਮਾਂ, ਸਫ਼ਾ ਤੇ ਸ਼ਬਦ ਨੋਟ ਕਰ ਲਿਆ। ਫੇਰ ਕਹਿਣ ਲੱਗੇ, "ਚਲੋ ਕਰੋਲ ਬਾਗ਼ ਚਲੀਏ।" ਮੈਂ ਬਥੇਰਾ ਕਿਹਾ ਕਿ ਇਸ ਵੇਲੇ ਰਾਤ ਦੇ ਬਾਰਾਂ ਵੱਜ ਚੁਕੇ ਹਨ। ਕੋਈ ਟਾਂਗਾ ਨਹੀਂ, ਰਿਕਸ਼ਾ ਨਹੀਂ। ਹੁਣ ਆਰਾਮ ਕਰ ਲਉ, ਸਵੇਰੇ ਭੋਗ ਵੇਲੇ ਤੋਂ ਪਹਿਲੇ ਉਥੇ ਪੁੱਜ ਜਾਵਾਂਗੇ।' ਪਰ ਉਠ ਕੇ ਖੜੇ ਨਾ ਹੋ ਗਏ। ਕਹਿਣ ਲੱਗੇ, 'ਅਸੀਂ ਤੁਰ ਕੇ ਜਾਵਾਂਗੇ। ਪਹਾੜ ਗੰਜ ਤੋਂ ਕਰੋਲ ਬਾਗ ਦੋ ਢਾਈ ਮੀਲ ਤਾਂ ਹੈ ਸਾਰਾ।' ਮੇਰੇ ਬਾਰ ਬਾਰ ਕਹਿਣ 'ਤੇ ਅਤੇ ਸਰੀਰ ਦੀ ਨਿਰਬਲਤਾ ਹੁੰਦੀ ਵੇਖ ਕੇ ਫੇਰ ਲੇਟ ਗਏ, ਪਰ ਲਿਵ ਉਵੇਂ ਕਿਵੇਂ ਜੁੜੀ ਰਹੀ। ਮੈਂ ਇਹ ਕੌਤਕ ਵੇਖ-ਵੇਖ ਹੈਰਾਨ ਹੋ ਰਹੀ ਸਾਂ ਅਤੇ ਕੁਰਬਾਨ ਹੋ ਰਹੀ ਸਾਂ, ਗੁਰੂ ਘਰ ਦੀ ਸਾਧਸੰਗਤ ਦੇ ਪ੍ਰਤਾਪ ਤੋਂ। ਸਵਾ ਸਾਲ ਦੀ ਬੀਮਾਰੀ ਦੇ ਦੌਰਾਨ, ਇਕ ਦਿਨ ਵੀ ਉੱਠ ਕੇ ਨਹੀਂ ਸਨ ਬੈਠੇ। ਸਿਰਫ਼ ਤਕੀਏ ਦੇ ਆਸਰੇ ਸਿਰ ਉੱਚਾ ਕਰਦੇ ਸਨ ਤਾਂ ਇਸ ਨਾਲ ਵੀ ਦਿਲ ਦੀ ਧੜਕਣ ਤੇਜ਼ ਹੋਣ ਨਾਲ ਦੌਰਾ ਪੈ ਜਾਂਦਾ ਸੀ। ਖ਼ੈਰ ਸਰਦਾਰ ਜੀ ਟਿਕ ਗਏ, ਮੈਂ ਵੀ ਦੋ ਕੁ ਘੰਟੇ ਆਰਾਮ ਕਰ ਕੇ, ਉੱਠ ਕੇ ਇਸ਼ਨਾਨ ਤੇ ਨਿਤਨੇਮ ਕਰਨ ਉਪਰੰਤ, ਛੋਟੇ ਭਰਾ ਨਾਲ ਭੋਗ ਸਮੇਂ ਸੰਗਤ ਵਿਚ ਜਾ ਪਹੁੰਚੀ। ਸੰਗਤ ਦੇ ਚਰਨਾਂ ਵਿਚ, ਉਹ ਰਾਤ ਵਾਲਾ ਪੇਪਰ ਰਖ ਦਿੱਤਾ। ਨੋਟ ਕੀਤੇ ਸਮੇਂ ਤੇ ਇਨ-ਬਿਨ ਉਹੋ ਸ਼ਬਦ ਪੂਰਨ ਜੀ ਵਲੋਂ ਪੜ੍ਹਿਆ ਜਾ ਰਿਹਾ ਸੀ। ਸੰਗਤ ਗਦ ਗਦ ਹੋਈ, ਵਧੇਰੇ ਵੈਰਾਗ ਵਿਚ, ਕੀਰਤਨ ਵਿਚ ਜੁੜ ਗਈ। ਪਿਆਰ ਭਰੀ ਅਰਦਾਸ ਕੀਤੀ ਗਈ। ਇਤਨੇ ਨੂੰ ਮੈਨੂੰ ਸੰਦੇਸ਼



www.AKJ.Org

ਮਿਲਿਆ ਕਿ ਜਲਦੀ ਘਰ ਆਉ, ਸਰਦਾਰ ਜੀ ਦੀ ਹਾਲਤ ਗੰਭੀਰ ਹੈ। ਸੋ ਦਾਸੀ ਤਾਂ ਪ੍ਰਸ਼ਾਦ ਲੈ ਕੇ ਛੇਤੀ ਮੁੜ ਗਈ। ਬਾਕੀ ਸੰਗਤ ਬਾਅਦ ਵਿਚ, ਉਨ੍ਹਾਂ ਨੂੰ ਦੇਖਣ ਆਈ। ਜਦ ਦਸ ਬਾਰ੍ਹਾਂ ਵੀਰ, ਨੀਲਿਆਂ ਦਸਤਾਰਿਆਂ ਵਾਲੇ ਉਨ੍ਹਾਂ ਦੇ ਸਾਮ੍ਹਣੇ ਆਏ, ਬੇਸੁਰਤੀ ਜਹੀ ਵਿਚ ਗਿਣਤੀ ਕਰਨ ਲੱਗ ਪਏ। ਡਾਕਟਰ ਨੇ ਸਭ ਨੂੰ ਬਾਹਰ ਭੇਜ ਕੇ ਬੇਹੋਸ਼ੀ ਦਾ ਟੀਕਾ ਲਗਾ ਦਿੱਤਾ। ਉਸ ਤੋਂ ਬਾਅਦ ਐਂਬੂਲੈਂਸ ਕਾਰ ਵਿਚ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਸਪੈਸ਼ਲ ਕਮਰੇ ਵਿਚ ਉਨ੍ਹਾਂ ਨੂੰ ਰਖਿਆ ਗਿਆ। ਬਾਕੀ ਸੁਆਸ ਉਨ੍ਹਾਂ ਨੇ ਉਥੇ ਹੀ ਪੂਰੇ ਕੀਤੇ। ਡੇਢ ਕੁ ਮਹੀਨਾ ਉਥੇ ਹਸਪਤਾਲ ਵਿਚ ਰਹੇ। ਡੇਢ ਸਾਲ ਦੀ ਲੰਬੀ ਬੀਮਾਰੀ ਵਿਚ, ਉਨ੍ਹਾਂ ਨੂੰ ਕਦੇ ਵੀ ਕਿਸੇ ਨਰਸ ਦੇ ਹੱਥੋਂ ਦਵਾਈ ਲੈਣ ਦਾ ਮੌਕਾ ਨਾ ਆਇਆ। ਦਾਸੀ ਹਮੇਸ਼ਾ ਹੀ ਸੇਵਾ ਵਿਚ ਨਾਲ ਹੀ ਰਹੀ। 27-2-1950 ਨੂੰ ਇਹ ਸੇਵਾ ਸਮਾਪਤ ਹੋ ਗਈ, ਤਦ ਉਹ ਪਵਿਤਰ ਆਤਮਾ ਸੰਸਾਰ-ਯਾਤਰਾ ਪੂਰੀ ਕਰਦੀ ਹੋਈ ਪਰਲੋਕ ਪਿਆਨਾ ਕਰ ਗਈ। ਇਹ ਪੂਰੀ ਹਕੀਕਤ, ਸੱਚਾਈ ਹੈ ਜੋ ਉਪਰੋਕਤ ਸਤਰਾਂ ਪੜ੍ਹ ਕੇ, ਇਹ ਅਖੀਂ ਡਿੱਠਾ ਤੇ ਕੰਨੀ ਸੁਣਿਆ ਸਮਾਂ ਯਾਦ ਆ ਜਾਵੇ।

ਉਨ੍ਹਾਂ ਦੇ ਚਲਾਣੇ ਤੋਂ ਦਸਵੇਂ ਦਿਨ ਭੋਗ ਪਿਆ। ਗੁਰਮੁਖਾਂ-ਪਿਆਰਿਆਂ ਨੇ ਕੀਰਤਨ ਰਾਹੀਂ ਉਨ੍ਹਾਂ ਦੀ ਆਤਮਿਕ ਸਹਾਇਤਾ ਵਾਸਤੇ ਸਚਖੰਡੀ ਅਸੀਸਾਂ ਭੇਜੀਆਂ।

ਫਿਰ ਕੁਝ ਸਮੇਂ ਪਿਛੋਂ ਦੁਸਹਿਰਾ ਸਮਾਗਮ ਸਮੇਂ, ਬਾਪੂ ਜੀ ਖ਼ੁਦ ਜਦ ਦਿੱਲੀ ਆਏ ਅਤੇ ਸਾਰੀ ਸੰਗਤ ਇਕੱਠੀ ਹੋਈ। ਕੀਰਤਨ ਦਾ ਰਸ ਮਾਣ ਰਹੀ ਸੀ। ਬਾਂਪੂ ਜੀ ਨੇ ਉਸੇ ਮੌਕੇ ਦਾ, ਕਿਸੇ ਪ੍ਰੇਮ ਵਿਚ ਆ ਕੇ ਚੜ੍ਹਦੀਆਂ ਕਲਾ ਵਿਚ ਸ਼ਬਦ ਲਾ ਕੇ ਧੁੰਮ ਪਾ ਦਿੱਤੀ। ਸ਼ਬਦ ਦੇ ਨਾਲ-ਨਾਲ ਬੜੇ ਸੋਹਣੇ-ਸੋਹਣੇ ਪ੍ਰਮਾਣ ਦੇ ਕੇ ਸੰਗਤ ਨੂੰ ਕਿਸੇ ਡੂੰਘੀ ਖੋਜ ਵਿਚ ਪਾ ਦਿੱਤਾ। ਆਪਣੇ ਚੰਗੇ ਸਾਥੀ ਦੀ ਯਾਦ ਵਿਚ, ਮੇਰੇ ਅਥਰੂ ਆਪ-ਮੁਹਾਰੇ ਵੱਗ ਤੁਰੇ। ਬਾਪੂ ਜੀ, ਮੈਨੂੰ ਪਿੱਛੈ ਬੈਠੀ ਨੂੰ ਪੁਕਾਰ ਕੇ ਕਹਿਣ ਲੱਗੇ, 'ਮਤ ਰੋਵੋ, **'ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥ ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟੈ ਬਿਕਾਇ॥'** ਬੀਬੀ! ਉਸ ਪਵਿਤਰ ਆਤਮਾ ਦੇ ਦਰਸ਼ਨ ਕਰੋ। ਉਹ ਸੰਗਤ ਤੋਂ ਬਾਹਰ ਨਹੀਂ। ਉਸ ਦੀ ਆਤਮਾ ਇਸ ਵੇਲੇ ਸਾਡੇ ਨਾਲ ਕੀਰਤਨ ਵਿਚ ਹਾਜ਼ਰ ਹੈ ਅਤੇ ਕੀਰਤਨ ਸੁਣ ਸੁਣ ਕੇ ਵਿਸਮਾਦ ਹੋ ਰਹੀ ਹੈ। ਇਹ ਸੀ ਦਿੱਬ ਦ੍ਰਿਸ਼ਟੀ ਵਾਲੀਆਂ ਅੱਖਾਂ ਦੀ ਸ਼ਹਾਦਤ।

ਉਪਰ ਲਿਖੀ ਹੱਡੀਂ ਵਾਪਰੀ ਵਾਰਤਾ ਵਿਚੋਂ ਕਿਸੇ ਪ੍ਰੇਮੀ ਨੂੰ ਕੋਈ ਟੁੰਬ, ਉਤਸ਼ਾਹ, ਖਿੱਚ ਜਾਂ ਲਗਨ ਦੀ ਕਣੀ ਪ੍ਰਾਪਤ ਹੋ ਜਾਵੇ ਤਾਂ ਅਹੋ ਭਾਗ!

ਸਾਰੇ ਵੀਰਾਂ ਨੂੰ ਪ੍ਰਦੇਸਣ ਭੈਣ ਵਲੋਂ ਫ਼ਤਿਹ ਬੁਲਾਈ ਪ੍ਰਵਾਨ ਹੋਵੇ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

***



www.AKJ.Org

# ਗੁਰਸਿੱਖੀ ਦੀਆਂ ਝਲਕਾਂ

## (ਨਾਰੰਗਵਾਲ ਵਿਚ ਦਸ਼ਮੇਸ਼ ਪਿਤਾ ਜੀ ਦੇ ਪ੍ਰਕਾਸ਼ ਉਤਸਵ ਤੇ ਪੁਰਬ ਉੱਤੇ ਅਖੀਂ ਡਿੱਠੇ ਗੁਰਮਤਿ ਸਮਾਗਮਾਂ ਦਾ ਅਦਭੁੱਤ ਦ੍ਰਿਸ਼ ਤੇ ਉਸਦਾ ਪ੍ਰਤੀਕਰਮ)

**ਗਿਆਨੀ ਹਰਬੰਸ ਸਿੰਘ ਜੀ, 'ਕਰਤਾ ਜਪੁ ਨਿਰਣਯ'**

**ਜਹ ਝਿਲਿ ਮਿਲਿ ਕਾਰੁ ਦਿਸੰਤਾ ॥ ਤਹ ਅਨਹਦ ਸਬਦ ਬਜੰਤਾ ॥**

*(ਅੰਗ ੬੫੬)*

'ਸੰਤ ਗਾਥਾ' ਪੜ੍ਹ ਕੇ ਅੱਖਾਂ ਸਜਲ ਹੀ ਰਹਿੰਦੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਦੇ ਪਿਆਰ, ਸਤਿਕਾਰ ਅਤੇ ਵੀਚਾਰ ਨੇ ਹਿਰਦੇ ਅੰਦਰ ਨਾਮ ਸਿਮਰਨ ਦੀਆਂ ਰਸ-ਭਿੰਨੀਆਂ ਝਰਨਾਟਾਂ ਛੇੜ ਦਿੱਤੀਆਂ ਸਨ। ਤੀਬਰ ਵੈਰਾਗ ਦਾ ਸਦਕਾ, ਹਿਰਦੇ ਅੰਦਰ ਇਕ ਸਿੱਕ ਤੇ ਲੋਚ ਲਗੀ ਰਹਿੰਦੀ ਸੀ ਕਿ ਕੋਈ ਅਜਿਹਾ ਸੰਤ ਮਿਲੇ ਜਿਹੜਾ ਮੇਰੇ ਪ੍ਰੀਤਮ ਦੇ ਰਸ-ਰਸ ਕੇ ਗੁਣ ਗਾਏ ਤੇ ਸੁਣਾਏ। ਮੈਨੂੰ ਮੇਰੇ ਮਾਹੀ ਦੀ ਦੱਸ ਪਾਵੇ।

**ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥੧॥**

*(ਅੰਗ ੯੪)*

ਅਖਾਉਤੀ ਸੰਤ ਤਾਂ ਕਈ ਵੇਖੇ ਸਨ, ਜਿਹੜੇ ਜਿੰਨਾਂ-ਭੂਤਾਂ ਦੇ ਕਿੱਸੇ, ਕਹਾਣੀਆਂ, ਰਿੱਧੀ-ਸਿੱਧੀ ਦੀ ਚੇਟਕ ਅਤੇ ਹੋਰ ਵਾਧੂ ਗੱਪਾਂ-ਸ਼ੱਪਾਂ ਨਾਲ ਦਿਲ ਪ੍ਰਚਾਵੇ ਦੀਆਂ ਜੁਗਤੀਆਂ ਜਾਣਦੇ ਸਨ, ਪਰ ਉਨ੍ਹਾਂ ਨੂੰ ਆਤਮ-ਰਸ ਬਾਰੇ ਸੋਝੀ ਨਹੀਂ ਸੀ। ਕਈ ਸਾਧੂਆਂ ਨਾਲ ਛੋਟੀ ਉਮਰ ਵਿਚ, ਜਦੋਂ ਪਰਮਾਤਮਾ ਮੇਲ ਦੀ ਵਾਰਤਾਲਾਪ ਛਿੜਦੀ ਸੀ ਤਾਂ ਉਹ ਕਈ ਮੰਤਰਾਂ ਦੀਆਂ ਸ਼ਕਤੀਆਂ ਦੇ ਲਾਰੇ ਲਾ ਕੇ, ਆਪਣੇ ਅਧੀਨ ਕਰਨ ਦੀ ਕੋਸ਼ਿਸ ਕਰਦੇ ਸਨ, ਪਰ ਜਿਸ ਹਿਰਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸ਼ਬਦ ਗੁਰੂ) ਦਾ ਐਨਾ ਸਿਦਕ ਤੇ ਭਰੋਸਾ ਘਰ ਕਰ ਚੁੱਕਾ ਹੋਵੇ, ਉਸ ਨੂੰ ਪਖੰਡ ਜਾਲ ਵਿਚ ਫਸਾਉਣਾ ਸੌਖਾ ਕੰਮ ਨਹੀਂ ਸੀ। ਇਸ ਲਈ ਕਈ ਪ੍ਰਕਾਰ ਦੀਆਂ ਵੀਚਾਰਾਂ ਤੋਂ ਉਪਰੰਤ ਉਨ੍ਹਾਂ ਨੂੰ ਅੱਕ ਕੇ ਇਹੋ ਆਖਣਾ ਪੈਂਦਾ ਸੀ, "ਜਾਓ ਜੀ, ਸਾਡਾ ਖਹਿੜਾ ਛਡੋ, ਆਪਣਾ ਕੰਮ ਕਰੋ।"

1947 ਦੇ ਮਹਾਨ ਘਲੂਘਾਰੇ (ਦੇਸ਼ ਬਟਵਾਰੇ) ਤੋਂ ਕੁਝ ਮਹੀਨੇ ਪਹਿਲਾਂ ਦਾਸ ਸੂਬਾ ਸਰਹੱਦ ਦੇ ਸ਼੍ਰੋਮਣੀ ਇਤਿਹਾਸਕ ਗੁਰਦੁਆਰਾ ਭਾਈ ਜੋਗਾ ਸਿੰਘ ਜੀ (ਪਿਸ਼ਾਵਰ) ਦੇ ਪਵਿੱਤਰ ਅਸਥਾਨ ਤੇ ਮੀਤ ਮੈਨੇਜਰ ਦੀ ਸੇਵਾ ਕਰ ਚੁੱਕਾ ਸੀ। ਉੱਥੇ ਕਈ ਤਰ੍ਹਾਂ ਦੇ ਰਾਗੀ ਸਿੰਘਾਂ ਤੇ ਪ੍ਰਚਾਰਕਾਂ ਨਾਲ ਮੇਲ-ਮਿਲਾਪ ਹੋ ਚੁੱਕਾ ਸੀ। ਉਸ ਤੋਂ ਪਹਿਲਾਂ ਰਾਵਲਪਿੰਡੀ ਤੇ



www.AKJ.Org

ਹਜ਼ਾਰੇ ਦੇ ਪਰਗਣੇ ਵਿਚ ਆਪਣੇ ਕਾਰ-ਵਿਹਾਰ ਦੇ ਸਿਲਸਿਲੇ ਵਿਚ ਵੀ ਕਈ ਵਾਰ ਫੇਰਾ-ਟੋਰਾ ਬਣਿਆ ਹੀ ਰਹਿੰਦਾ ਸੀ। ਇਸ ਲਈ ਬਹੁਤੇ ਗੁਰੂ ਘਰ ਦੇ ਸ਼ਰਧਾਲੂਆਂ ਨਾਲ ਸਾਂਝ ਪੈ ਚੁਕੀ ਸੀ। ਸੋ ਦੇਸ਼ ਦੀ ਵੰਡ ਕਾਰਨ, ਦਾਸ ਨੂੰ ਆਪਣੀ ਪਿਆਰੀ ਜਨਮ-ਭੂਮੀ (ਪਿੰਡ ਹਾਸਲ, ਜ਼ਿਲ੍ਹਾਂ ਜਿਹਲਮ) ਛੱਡਣੀ ਪਈ ਅਤੇ ਪਟਿਆਲਾ ਸ਼ਹਿਰ ਦਾ ਵਾਸੀ ਬਣਨਾ ਪਿਆ। ਇਥੇ ਗੁਰਦੇਵ ਜੀ ਦੀ ਬੜੀ ਕਿਰਪਾ ਹੋਈ, ਪੁਰਾਣੇ ਸੰਜੋਗੀਆਂ ਦੇ ਮੇਲੇ, ਫਿਰ ਆ ਬਣੇ। ਗੁਰਦੁਆਰਾ ਸਤਿਸੰਗ ਸਭਾ, ਮਹੱਲਾ ਗੁਰੂ ਅੰਗਦਪੁਰਾ, ਪਟਿਆਲਾ ਦੀ ਸਥਾਪਨਾ ਤੋਂ ਉਪਰੰਤ ਸਾਰੇ ਸਤਿਗੁਰੂਆਂ ਦੇ ਪਵਿਤਰ ਪੁਰਬ ਬੜੇ ਪਿਆਰ ਤੇ ਉਤਸ਼ਾਹ ਨਾਲ ਮਨਾਏ ਜਾਂਦੇ ਸਨ। ਹਰ ਹਫ਼ਤੇ ਐਤਵਾਰ ਵਾਲੇ ਦਿਨ, ਅੰਮ੍ਰਿਤ ਵੇਲੇ ਠੀਕ ਤਿੰਨ ਵਜੇ ਆਸਾ ਕੀ ਵਾਰ ਦੇ ਰਸ-ਭਿੰਨੜੇ ਕੀਰਤਨ ਅਰੰਭ ਹੋ ਜਾਂਦੇ ਸਨ। 3 ਵਜੇ ਤੋਂ 6 ਵਜੇ ਤੀਕ ਕੀਰਤਨ, ਉਪਰੰਤ 7 ਵਜੇ ਤੀਕ ਗੁਰਬਾਣੀ ਵੀਚਾਰ, ਅਤੇ ਅਰਦਾਸਾ।

ਇਸ ਰਹੁ ਰੀਤੀ ਨਾਲ, ਇਸ ਸਤਿਸੰਗ ਮੰਡਲ ਦੀ ਲੜੀ ਚਲਦੀ ਰਹਿੰਦੀ ਸੀ। ਇਸ ਸਤਿਸੰਗ ਵਿਚ ਪਿਆਰ-ਰੰਗਣ ਵਿਚ ਰੰਗੀਆਂ ਕਈ ਨਾਮ ਸੰਜੋਗੀ ਆਤਮਾਵਾਂ ਦਾ ਮੇਲ ਹੋ ਜਾਂਦਾ ਸੀ। ਇਕ ਵਾਰੀ ਫ਼ੌਜੀ ਵੀਰ ਭਾਈ ਦਲੀਪ ਸਿੰਘ ਜੀ ਨੇ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੀ ਰਸਦਾਇਕ ਜੀਵਨ ਕਥਾਵਾਂ ਸੁਣਾਈਆਂ ਅਤੇ ਨਾਲ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ ਦੇ ਅਖੰਡ ਕੀਰਤਨ ਅਤੇ ਜੇਲ੍ਹ-ਯਾਤਰਾ ਦਾ ਪ੍ਰਸੰਗ ਸੁਣਾਇਆ। ਜਦੋਂ ਉਹ ਭਾਈ ਸਾਹਿਬ ਜੀ ਦੇ ਕੀਰਤਨ-ਹੁਲਾਰਿਆਂ ਅਤੇ ਕਈ ਕਈ ਘੰਟੇ, ਅਖੰਡ ਕੀਰਤਨ ਦੇ ਚੌਕੜਿਆਂ ਨੂੰ ਵਰਨਣ ਕਰਦੇ ਸਨ ਤਾਂ ਉਨ੍ਹਾਂ ਦੇ ਆਪਣੇ ਨੇਤਰ, ਕਿਸੇ ਅਲੌਕਿਕ ਪਿਆਰ ਵਿਚ ਮੁੰਦੇ ਜਾਂਦੇ ਸਨ। ਇਕ ਵਾਰੀ ਭਾਈ ਦਲੀਪ ਸਿੰਘ ਜੀ ਨੇ ਆਪਣੇ ਇਕ ਫ਼ੌਜੀ ਅਫ਼ਸਰ ਦਾ ਹਾਲ ਸੁਣਾਇਆ, ਜਿਸ ਉਤੇ ਭਾਈ ਸਾਹਿਬ ਜੀ ਦੇ ਜੀਵਨ ਦਾ ਐਨਾ ਭਾਰੀ ਪ੍ਰਭਾਵ ਪਿਆ, ਜਿਹੜਾ ਵਿਸ਼ੇਸ਼ ਕਰਕੇ ਵਰਣਨਯੋਗ ਹੈ।

ਇਹ ਫ਼ੌਜੀ ਅਫ਼ਸਰ ਸੰਗਰੂਰ ਦਾ ਰਹਿਣ ਵਾਲਾ ਸੀ। ਉਸ ਦੀ ਸੰਗਤ ਕਈ ਨਾਸਤਕਾਂ ਨਾਲ ਸੀ, ਜਿਸ ਕਰਕੇ ਉਹ ਗੁਰੂ ਘਰ ਵਲੋਂ ਅਸ਼ਰਧਕ ਹੋ ਰਿਹਾ ਸੀ। ਉਹ ਵੀ ਸਭ ਸੰਤਾਂ ਸਾਧੂਆਂ ਨੂੰ ਪਖੰਡੀ ਹੀ ਸਮਝਦਾ ਸੀ। ਉਸ ਨੂੰ ਸੁਭਾਵਕ ਹੀ ਭਾਈ ਦਲੀਪ ਸਿੰਘ ਵਰਗੇ ਫ਼ੌਜੀ ਨੇ ਭਾਈ ਸਾਹਿਬ ਦਾ ਜ਼ਿਕਰ ਕੀਤਾ ਅਤੇ ਉਸ ਸ਼ੁਭ ਪ੍ਰੇਰਨਾ ਦਾ ਸਦਕਾ ਉਹ ਪੋਹ ਸੁਦੀ ਸਤਮੀ ਵਾਲੇ ਗੁਰਪੁਰਬ ਤੇ ਨਾਰੰਗਵਾਲ ਗਿਆ। ਜੋ ਨਜ਼ਾਰਾ ਉਸ ਨੇ ਆਪਣੀ ਅੱਖੀਂ ਡਿਠਾ, ਉਸ ਦੇ ਕਥਨ ਅਨੁਸਾਰ ਜੋ ਨਿਰਾਲੀ ਸ਼ਾਨ ਉਥੇ ਗੁਰਮਤਿ ਦਰਬਾਰ ਦੀ ਵੇਖੀ, ਉਹ ਸ਼ਾਇਦ ਹੀ ਕਿਤੇ ਹੋਵੇ। ਇਉਂ ਪ੍ਰਤੀਤ ਹੁੰਦਾ ਸੀ, ਜਿਵੇਂ ਕਲਗੀਧਰ ਪਾਤਸ਼ਾਹ ਪ੍ਰਤੱਖ ਆਪਣੇ ਸਿੰਘਾਸਣ ਤੇ ਬਿਰਾਜਮਾਨ ਹੋ ਕੇ ਸੁਸ਼ੋਭਿਤ ਹੋ ਰਹੇ ਸਨ। ਭਾਈ ਸਾਹਿਬ ਗੁਰੂ ਸਾਹਿਬ ਅੱਗੇ ਰਸ-ਭਿੰਨੜਾ ਕੀਰਤਨ ਕਰ ਰਹੇ ਸਨ ਤੇ ਬਾਕੀ, ਸਭ ਸੰਗਤਾਂ ਉਸ ਅਨੰਦਮਈ ਰਸ ਵਿਚ ਮਗਨ ਹੋ ਕੇ ਝੂਮ ਰਹੀਆਂ ਸਨ। ਉਸ ਉੱਤੇ ਜੋ ਗੁਰਸਿਖੀ ਦੀਆਂ ਝਲਕਾਂ ਨੇ ਅਸਰ ਕੀਤਾ, ਉਸ ਨਾਲ ਉਸ ਦੇ ਜੀਵਨ ਵਿਚ ਭਾਰੀ ਪਲਟਾ ਆ ਗਿਆ। ਉਸ ਦਾ ਮਨ ਜਿਹੜਾ ਗੁਰਸਿਖੀ ਵਲੋਂ ਦੁਰੇਡੇ ਜਾ ਰਿਹਾ ਸੀ, ਮੁੜ ਗੁਰੂ ਦੀ ਸ਼ਰਨ ਵਿਚ ਆ ਗਿਆ।



www.AKJ.Org

ਇਸ ਤੋਂ ਮਗਰੋਂ ਦਾਸ ਨੇ ਜੇਲ੍ਹ-ਚਿੱਠੀਆਂ ਪੁਸਤਕ ਪੜ੍ਹੀ। ਉਸ ਦੀ ਨਾਵਲ-ਨੁਮਾ ਲੇਖਣੀ ਪਾਠਕਾਂ ਤੇ ਸੁਤੇ ਸਿਧ ਆਪਣਾ ਪ੍ਰਭਾਵ ਪਾ ਜਾਂਦੀ ਹੈ। ਜਿਉਂ ਜਿਉਂ ਪਾਠਕ ਜੇਲ੍ਹ ਦੀਆਂ ਝਾਕੀਆਂ ਤੇ ਭਾਈ ਸਾਹਿਬ ਨਾਲ ਹੱਡ-ਬੀਤੀਆਂ ਦਾ ਜ਼ਿਕਰ ਪੜ੍ਹਦਾ ਹੈ, ਨਾਲ ਨਾਲ ਆਪ ਵੀ ਜੇਲ੍ਹ ਯਾਤਰਾ ਕਰੀ ਫਿਰਦਾ ਹੈ। ਸਚਮੁਚ ਇਹ ਪੁਸਤਕ ਵੈਰਾਗੀ ਰੂਹਾਂ ਉਤੇ ਸੋਨੇ ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। ਏਦਾਂ ਦੇ ਪ੍ਰਭਾਵਸ਼ਾਲੀ ਵਾਤਾਵਰਨ ਵੇਖਣ ਨੂੰ ਹਰੇਕ ਗੁਰਮੁਖ ਜੀਉੜੇ ਦਾ ਚਿੱਤ ਕਰਦਾ ਹੈ। ਭਾਈ ਸਾਹਿਬ ਜੀ ਦੇ ਦਰਸ਼ਨਾਂ ਲਈ ਮਨ ਬੜਾ ਉਤਾਵਲਾ ਹੋ ਰਿਹਾ ਸੀ ਪਰ ਜਦੋਂ ਭਾਗ ਜਾਗਣ ਉਦੋਂ ਹੀ ਅਜਿਹੀਆਂ ਮਹਾਨ ਹਸਤੀਆਂ ਦੇ ਦਰਸ਼ਨ ਮੇਲੇ ਹੁੰਦੇ ਹਨ। ਵੈਰਾਗੀ ਮਨ ਨੇ ਅੰਤ ਵਿਚ ਇਹ ਮਤਾ ਪਕਾਇਆ ਕਿ ਅਜਿਹੀ ਗੁਰਮੁਖ ਰੂਹ ਦੇ ਦਰਸ਼ਨ ਛੇਤੀ ਤੋਂ ਛੇਤੀ ਕਰਨੇ ਚਾਹੀਦੇ ਹਨ ਕਿਉਂਕਿ ਸੁਆਸਾਂ ਦਾ ਕੀ ਪਤਾ ਹੈ, ਸਾਈਆਂ ਜੀਓ, ਕਿਸ ਵੇਲੇ ਆਪਣਾ ਹਕਾਰਾ ਭੇਜ ਦੇਣ।

## ਹਉ ਢਾਢੀ ਵੇਕਾਰੁ ਕਾਰੈ ਲਾਇਆ

ਕਲਗੀਧਰ ਪਿਤਾ ਜੀ ਨੇ ਆਪਣੇ ਦਾਸਰੇ ਨੂੰ ਆਪਣੀ ਸਿਫਤ ਸਲਾਹ ਦੀ ਸਚੀ ਕਾਰ ਤਾਂ ਪਹਿਲਾਂ ਹੀ ਬਖ਼ਸ਼ੀ ਹੋਈ ਸੀ। ਜਿਥੇ ਅਤੇ ਜਿਸ ਵੇਲੇ, ਜਿਧਰ ਜਾਣ ਦਾ ਹੁਕਮ ਮਿਲਣਾ, ਉਧਰ ਹੀ ਤੁਰ ਪੈਣਾ। ਗੁਰਮੁਖਾਂ ਦੇ ਦਰਸਨ ਮੇਲੇ ਹੁੰਦੇ ਰਹਿੰਦੇ ਸਨ ਪਰ ਮਨ ਫਿਰ ਵੀ ਰੱਜਦਾ ਨਹੀਂ ਸੀ। ਵਡੇ ਭਾਗਾਂ ਨਾਲ ਗੁਰਮੁਖ ਵੀਰ ਭਾਈ ਚਤਰ ਸਿੰਘ ਜੀ ਕੋਹਲੀ ਦਾ ਸੰਜੋਗ ਹੋ ਗਿਆ। ਇਨ੍ਹਾਂ ਉਤੇ ਸਾਈਂ ਵਲੋਂ ਕੀਰਤਨ ਦੀ ਬੜੀ ਰਹਿਮਤ ਸੀ। ਇਕ ਗੁਰਬਾਣੀ ਦੀ ਦਾਤ, ਦੂਜਾ ਗਲਾ ਬੜਾ ਮਧੁਰ ਤੇ ਸੁਰੀਲਾ ਸੀ। ਗ੍ਰਿਹਿਸਤੀ ਹੁੰਦੇ ਹੋਇਆਂ ਦਾਨੀ ਬਿਰਤੀ ਰਖਦੇ ਸਨ। ਅੰਮ੍ਰਿਤ ਵੇਲੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਾ, ਫਿਰ ਰਾਤ ਨੂੰ ਸੰਗਤੀ ਕੀਰਤਨ ਦੇ ਖੁਲ੍ਹੇ ਭੰਡਾਰੇ ਵਰਤਾਉਣੇ। ਗੁਰਦੁਆਰਾ ਸਤਿਸੰਗ ਸਭਾ ਪਟਿਆਲਾ ਵਿਚ ਦੋਵੇਂ ਵੇਲੇ ਕੀਰਤਨ ਪ੍ਰੋਗਰਾਮਾਂ ਦੀ ਲੜੀ ਨੂੰ ਨੇਪਰੇ ਚਾੜ੍ਹਨਾ ਇਨ੍ਹਾਂ ਦਾ ਹੀ ਉੱਦਮ ਸੀ। ਇਸ ਗੁਰਮੁਖ ਰੂਹ ਦਾ ਦਾਸਰੇ ਦੇ ਜੀਵਨ ਤੇ ਬੜਾ ਪ੍ਰਭਾਵ ਪਿਆ। ਇਸ ਸਤਿਸੰਗਤ ਦਾ ਸਦਕਾ ਦਾਸ ਨੂੰ ਬਹੁਤ ਬਾਣੀ ਕੰਠਾਗਰ ਹੋਈ। ਹਰ ਰੋਜ਼ ਸੁੰਦਰ ਭਾਵਾਂ ਵਾਲੇ ਸ਼ਬਦ, ਪ੍ਰਮਾਣਾਂ ਸਹਿਤ ਕੰਠ ਕਰਨੇ, ਖ਼ਾਸ ਕਰਕੇ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਯਾਦ ਕਰਨ ਦਾ ਬੜਾ ਉਤਸ਼ਾਹ ਮਿਲਿਆ ਸੀ। ਇਸ ਸਤਿਸੰਗ ਲੜੀ ਦੇ ਦੋ ਹੋਰ ਗੁਰਮੁਖ ਪਿਆਰੇ ਪ੍ਰੋ. ਬਸੰਤ ਸਿੰਘ ਜੀ ਤੇ ਭਾਈ ਬਿਸ਼ਨ ਜੀ 'ਲਾਸਾਨੀ' ਵੀ ਗੁਰੂ ਦੀ ਸੇਵਾ ਵਿਚ ਜੁੱਟੇ ਹੀ ਰਹਿੰਦੇ ਸਨ। ਇਕ ਦਿਨ ਚਾਰੇ ਸਜਣ ਦਫ਼ਤਰੋਂ ਛੁਟੀ ਹੋਣ ਮਗਰੋਂ ਇਕੱਠੇ ਹੋਏ ਅਤੇ ਇਹ ਵੀਚਾਰ ਕੀਤੀ ਕਿ ਐਤਕੀਂ ਦਸ਼ਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸਵ ਨਾਰੰਗਵਾਲ ਮਨਾਈਏ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਕਰੀਏ। ਇਨ੍ਹਾਂ ਦੇ ਦਰਸ਼ਨਾਂ ਦੀ ਖਿੱਚ ਇਸ਼ ਕਰਕੇ ਵਧੇਰੇ ਸੀ ਕਿਉਂਕਿ ਇਹ ਆਪਣੇ ਆਪ ਨੂੰ 'ਸੰਤ' ਨਹੀਂ ਕਹਾਉਂਦੇ, 'ਭਾਈ' ਸਦਾਉਣ ਵਿਚ ਵਡਿਆਈ ਸਮਝਦੇ ਸਨ। ਇਕ ਗੁਰਸਿਖ ਦਾ ਗੁਰਮਤਿ ਵਿਚ ਐਨਾ ਦ੍ਰਿੜ੍ਹ ਹੋਣਾ ਮਨ ਨੂੰ ਟੁੰਬਦਾ ਸੀ। ਇਸ ਲਈ ਪਰਸਪਰ ਵਿਚਾਰ ਮਗਰੋਂ ਨਾਰੰਗਵਾਲ ਜਾਣ ਦਾ ਪ੍ਰੋਗਰਾਮ ਨਜਿੱਠ ਲਿਆ।



www.AKJ.Org

ਦਿਨਾਂ ਦੀ ਉਡੀਕ ਪਿਛੋਂ ਉਹ ਸੁਭਾਗ ਦਿਨ ਨੇੜੇ ਆਉਣ ਲੱਗਾ, ਜਿਸ ਦਿਨ ਸੱਚ ਦੇ ਚੰਦ੍ਰਮੇ, ਮਰਦ ਅਗੰਮੜੇ ਦਾ ਉਸ ਪਟਨੇ ਦੀ ਧਰਤੀ ਹੀ ਨਹੀਂ, ਸਾਰੀ ਤ੍ਰਿਲੋਕੀ ਵਿਚ ਪ੍ਰਕਾਸ਼ ਹੋਇਆ ਸੀ। ਦਾਸਰੇ ਨੇ ਆਪਣੇ ਸਾਥੀਆਂ ਨੂੰ ਮੁੜ ਨਾਰੰਗਵਾਲ ਜਾਣ ਦੀ ਚਿਤਾਵਨੀ ਕਰਾਈ। ਉਨ੍ਹਾਂ ਵੀਰਾਂ ਨੇ ਬੜੇ ਪਿਆਰ ਨਾਲ ਉੱਤਰ ਦਿੱਤਾ, "ਜੀ ਹਾਂ, ਅਸੀਂ ਤਿਆਰ ਹਾਂ ਜ਼ਰੂਰ ਚਲਾਂਗੇ।"

ਦਾਸਰੇ ਨੇ ਆਪਣੇ ਘਰ ਗੁਰੂ ਚਰਨਾਂ ਵਿਚ ਅਰਦਾਸਾ ਸੋਧਿਆ ਤੇ ਨਾਰੰਗਵਾਲ ਲਈ ਚਾਲੇ ਪਾ ਦਿੱਤੇ। ਪ੍ਰੋਫ਼ੈਸਰ ਜੀ ਦਾ ਘਰ ਰਸਤੇ ਵਿਚ ਸੀ। ਉਨ੍ਹਾਂ ਨੂੰ ਜਦੋਂ ਆਵਾਜ਼ ਦਿਤੀ ਤਾਂ ਅਗੋਂ ਉਤਰ ਮਿਲਿਆ, "ਜੀ, ਤੁਹਾਡੇ ਨਾਲ ਜਾਣਾ ਤਾਂ ਜ਼ਰੂਰ ਸੀ, ਪਰ ਸਰੀਰ ਵਿਚ ਕੁਝ ਦਰਦ ਜਹੇ ਹਨ। ਸਰਦੀ ਦਾ ਮੌਸਮ ਹੈ। ਹੁਣ ਤੁਸੀਂ ਆਪ ਹੀ ਸਮਝ ਲਓ ਕਿ ਮੈਂ ਕਿਵੇਂ ਜਾ ਸਕਦਾ ਹੈ ?" ਉਥੋਂ ਸਿੱਧਾ ਹੀ ਲਾਸਾਨੀ ਜੀ ਦੇ ਦਰਵਾਜ਼ੇ ਨੂੰ ਜਾ ਖੜਕਾਇਆ। ਅਗੋਂ ਬੋਲੇ, ਕੀ ਗੱਲ ਹੈ ? ਦਾਸਰੇ ਨੇ ਕਿਹਾ, ਛੇਤੀ ਕਰੋ, ਨਾਰੰਗਵਾਲ ਭਾਈ ਸਾਹਿਬ ਦੇ ਦਰਸ਼ਨਾਂ ਨੂੰ ਜਾਣਾ ਹੈ।" ਲਾਸਾਨੀ ਜੀ ਨੇ ਕਿਹਾ 'ਗਿਆਨੀ ਜੀ, ਮੇਰਾ ਚਿਤ ਤਾਂ ਬੜਾ ਕਰਦਾ ਹੈ ਪਰ ਮੇਰੇ ਸਾਲੇ ਦੇ ਮੁਕੱਦਮੇ ਦੀ ਕੱਲ ਤਾਰੀਖ ਹੈ, ਮੇਰਾ ਉਥੇ ਜਾਣਾ ਜ਼ਰੂਰੀ ਹੈ। ਇਸ ਲਈ ਖਿਮਾ ਮੰਗਦਾ ਹਾ।" ਭਾਈ ਚਤਰ ਸਿੰਘ ਜੀ ਨੇ ਤਾਂ ਪਹਿਲਾਂ ਹੀ ਦਰਸ਼ਨ ਕੀਤੇ ਹੋਏ ਸਨ, ਇਸ ਲਏ ਉਹ ਵੀ ਜਾਣ ਲਈ ਤਿਆਰ ਨਾ ਹੋਏ। ਦਾਸਰੇ ਉਤੇ ਭਾਈ ਸਾਹਿਬ ਦੀਆਂ ਜੀਵਨ-ਘਾਲਾਂ ਸੁਣ ਕੇ ਬੜ੍ਹਾ ਪ੍ਰਭਾਵ ਪੈ ਚੁੱਕਾ ਸੀ। ਗੁਰਮਤਿ ਵਿਚ ਦ੍ਰਿੜ੍ਹ ਹੋਣਾ, ਨਾਮ ਅਭਿਆਸ ਕਮਾਈ ਦਾ ਅਖੰਡ ਖੰਡਾ ਖੜਕਾਉਣਾ ਅੰਗਰੇਜ਼ੀ ਰਾਜ ਵਿਚ ਜੇਲ੍ਹਾਂ ਅੰਦਰ ਰਹਿ ਕੇ ਆਪਣੇ ਨੇਮ ਨੂੰ ਨਿਭਾਉਣਾ, ਇਹ ਆਪ ਦੇ ਜੀਵਨ ਦੇ ਬੜੇ ਉਜਾਗਰ ਪੱਖ ਸਨ। ਦਾਸ ਦਾ ਮਨ ਦਰਸ਼ਨ ਲਈ ਅਡੋਲ ਰਿਹਾ ਕਿਉਂਕਿ 'ਅਰਦਾਸਾ' ਕਰ ਚੁੱਕਾ ਸਾਂ ਅਤੇ ਉਨ੍ਹਾਂ ਦਿਨਾਂ ਵਿਚ 'ਗੁਰ ਮੇਰੈ ਸੰਗਿ ਸਦਾ ਹੈ ਨਾਲੇ' ਦਾ ਅਭਿਆਸ ਪਕਾ ਰਿਹਾ ਸਾਂ। ਭਾਈ ਬਿਸ਼ਨ ਸਿੰਘ ਜੀ ਲਾਸਾਨੀ ਪਹਿਰ ਰਾਤ ਰਹਿੰਦੀ ਉਠਣ ਦੇ ਆਦੀ ਸਨ। ਕਿਉਂਕਿ ਐਤਵਾਰ ਵਾਲੇ ਦਿਨ ਸਤਿਸੰਗੀਆਂ ਨੂੰ ਜਗਾਉਣ ਦੀ ਸੇਵਾ ਉਹੋ ਕਰਦੇ ਸਨ, ਸੋ ਉਹ ਪਟਿਆਲਾ ਰੇਲਵੇ ਸਟੇਸਨ ਤੇ ਦਾਸਰੇ ਨੂੰ ਵਿਦਾ ਕਰ ਗਏ। ਦਾਸਰੇ ਨੂੰ ਓਦੋਂ ਨਾਰੰਗਵਾਲ ਪਿੰਡ ਦਾ ਪਤਾ ਨਹੀਂ ਸੀ ਕਿ ਕਿਥੋਂ ਗੱਡੀ ਬਦਲਣੀ ਹੈ ਤੇ ਪਿੰਡ ਨੂੰ ਕਿਹੜਾ ਰਸਤਾ ਜਾਂਦਾ ਹੈ ? ਪਰ ਦਰਸ਼ਨ-ਪਿਆਸੀ ਸੁਰਤਿ, ਦਿਲ ਨੂੰ ਧੀਰਜ ਦਿੰਦੀ ਰਹੀ। ਸੁਭਾਵਕ ਹੀ ਸਟੇਸ਼ਨ ਤੇ ਬੈਠੇ ਇਕ ਬਿਰਧ ਬਾਬੇ ਨੂੰ, ਜਿਸ ਨੇ ਨੀਲੇ ਰੰਗ ਦਾ ਦਸਤਾਰਾ ਸਜਾਇਆ ਹੋਇਆ ਸੀ, ਨੇੜੇ ਹੋ ਕੇ ਨਾਰੰਗਵਾਲ ਪਿੰਡ ਬਾਰੇ ਪੁੱਛਿਆ। ਉਸ ਨੇ ਸਾਰਾ ਰਸਤਾ ਸਮਝਾ ਦਿੱਤਾ। ਰਾਤ 12 ਵਜੇ ਵਾਲੀ ਗੱਡੀ ਤੇ ਦਾਸਰਾ ਗੁਰੂ ਦੇ ਆਸਰੇ ਤੇ ਟੁਰ ਪਿਆ ਅਤੇ ਭਾਈ ਬਿਸ਼ਨ ਸਿੰਘ ਜੀ ਫ਼ਤਹ ਗਜਾ ਕੇ ਘਰ ਨੂੰ ਮੁੜ ਗਏ।

ਧੂਰੀ ਤੋਂ ਦੂਜੀ ਗੱਡੀ ਤੇ ਬੈਠੇ। ਸਵੇਰ ਨੂੰ ਅਜੇ ਨਿਮ੍ਹਾਂ-ਨਿਮ੍ਹਾਂ ਚਾਨਣਾ ਸੀ ਕਿ ਗੱਡੀ ਕਿਲ੍ਹਾ ਰਾਇਪੁਰ ਦੇ ਸਟੇਸ਼ਨ ਤੇ ਜਾ ਖੜੀ ਹੋਈ। ਹੁਣ ਉਹ ਬਾਬਾ ਜੀ ਤਾਂ ਨਜ਼ਰੀਂ ਨਾ ਪਏ, ਪਰ ਇਕ ਨੌਜਵਾਨ ਸਕੂਲ ਦਾ ਵਿਦਿਆਰਥੀ ਉਸ ਡੱਬੇ ਵਿਚੋਂ ਉਥੇ ਉਤਰਿਆ। ਦਾਸ ਨੂੰ ਪਤਾ ਲੱਗ ਗਿਆ ਕਿ ਇਥੇ ਹੀ ਉੱਤਰਨਾ ਹੈ। ਦਾਸਰਾ, ਇਸ



www.AKJ.Org

ਇਲਾਕੇ ਦਾ ਜਾਣੂ ਨਹੀਂ ਸੀ। ਇਕ ਰਾਹੀਂ ਪਾਸੋਂ ਪੁੱਛਿਆ ਕਿ ਨਾਰੰਗਵਾਲ ਜਾਣ ਲਈ ਇਥੋਂ ਕੋਈ ਰਿਕਸ਼ਾ ਜਾਂ ਬਸ ਮਿਲਦੀ ਹੈ ਕਿ ਨਹੀਂ? ਸਰਦਾਰ ਜੀ! ਇਥੋਂ 4 ਕੁ ਮੀਲ ਦੀ ਵਾਟ ਤੇ ਨਾਰੰਗਵਾਲ ਹੈ, ਗੱਡੇ ਤਾਂ ਜਾਂਦੇ ਹਨ ਪਰ ਟਾਂਗਾ, ਰਿਕਸ਼ਾ ਜਾਂ ਬਸਾਂ ਨਹੀਂ ਜਾਂਦੀਆਂ। ਉਸ ਵੀਰ ਨੇ ਇਹ ਦੱਸਿਆ। ਕੋਲ ਹੀ ਇਕ ਗੱਡੇ ਵਾਲਾ ਖੜਾ ਸੀ। ਦਾਸਰੇ ਨੇ ਉਸ ਤੋਂ ਪੈਸੇ ਪੁਛੇ ਕਿ ਨਾਰੰਗਵਾਲ ਦੇ ਕਿਤਨੇ ਪੈਸੇ ਲਵੋਗੇ ਤਾਂ ਉਸਨੇ ਦੋ ਰੁਪਏ ਮੰਗੇ। ਪਰ ਨੇੜੇ ਖੜੇ ਇਕ ਸੱਜਣ ਨੇ ਆਖਿਆ 'ਸਰਦਾਰ ਜੀ! ਨਾਰੰਗਵਾਲ ਆਹ ਖੜਾ ਹੈ, ਦੋ ਰੁਪਏ ਕਿਉਂ ਖਾਹ ਮੁਖਾਹ ਖਰਚ ਕਰਦੇ ਹੋ, ਤੁਹਾਡੇ ਕੋਲ ਕਿਹੜਾ ਸਮਾਨ ਹੈ ਤੁਸੀਂ ਛੇਤੀ ਹੀ ਪੁੱਜ ਜਾਓਗੇ, ਨੇੜੇ ਦੀ ਤਾਂ ਵਾਟ ਹੈ।" ਦਾਸ ਨੇ ਇਕ ਕੰਬਲ ਤੇ ਇਕ ਥੈਲਾ ਹੱਥ ਵਿਚ ਫੜੇ ਤੇ ਨਾਰੰਗਵਾਲ ਦੀ ਡੰਡੀ ਪਕੜ ਲਈ। ਪਿੰਡੋਂ ਬਾਹਰ ਨਿਕਲਿਆ ਹੀ ਸਾਂ ਕਿ ਚਾਰ ਪੰਜ ਸਿੰਘਾਂ ਦਾ ਇਕ ਜਥਾ ਮਿਲ ਪਿਆ। ਉਹਨਾਂ ਦਾ ਪਹਿਰਾਵਾ ਬੜਾ ਸੁੰਦਰ ਸੀ। ਉਹਨਾਂ ਦੇ ਚੂੜੀਦਾਰ ਪਜਾਮੇ, ਗੱਲਾਂ ਵਿਚ ਗਾਤਰਿਆਂ ਵਾਲੀਆਂ ਕਿਰਪਾਨਾਂ, ਗੋਰੇ ਰੰਗਾਂ ਤੇ ਬੜੀਆਂ ਸੋਹਣੀਆਂ ਫੱਬਦੀਆਂ ਸਨ। ਉਹਨਾਂ ਦੇ ਚਿਹਰਿਆਂ ਤੇ ਗੂੜ੍ਹੀਆਂ ਲਾਲੀਆਂ, ਕਿਸੇ ਅਗੰਮੀ ਪਿਆਰ ਨੂੰ ਪ੍ਰਗਟ ਕਰਦੀਆਂ ਸਨ। ਦਾਸ ਨੇ ਕੁਝ ਚਿਰ ਉਹਨਾਂ ਦੇ ਦਰਸ਼ਨ ਕਰਕੇ ਫ਼ਤਹ ਬੁਲਾਈ ਅਤੇ ਫ਼ਤਹ ਦਾ ਜਵਾਬ ਬੜੇ ਪਿਆਰ ਨਾਲ ਗੁਰਮੁਖ ਵੀਰਾਂ ਵਲੋਂ ਮਿਲਿਆ। ਕੋਈ ਹੋਰ ਗੱਲ ਕੀਤੇ ਬਿਨਾਂ ਦਾਸਰਾ ਅਗੇ ਤੁਰ ਪਿਆ ਅਤੇ ਦੂਸਰਾ ਜਥਾ, ਜਿਸ ਨਾਲ ਪੰਦਰਾਂ-ਵੀਹ ਸਿੰਘ ਤੇ ਦਸ ਬਾਰਾਂ ਸਿੰਘਣੀਆਂ ਸਨ, ਮਿਲਿਆ। ਸਜਣਾਂ ਦਾ ਪਹਿਰਾਵਾ ਤਾਂ ਪਹਿਲਾਂ ਵਰਗਾ ਹੀ ਸੀ, ਪਰ ਸਿੰਘਣੀਆਂ ਨੇ ਸਿਰਾਂ ਤੇ ਦਸਤਾਰੇ ਸਜਾਏ ਹੋਏ ਸਨ ਅਤੇ ਉਪਰ ਸੁਰਮਈ ਰੰਗ ਦੇ ਦੁਪੱਟੇ ਸਨ। ਉਹਨਾਂ ਦੇ ਚਿਹਰਿਆਂ ਤੋਂ ਇਉਂ ਪਤਾ ਲਗਦਾ ਸੀ ਜਿਵੇਂ ਕੋਈ ਬ੍ਰਿਹੋਂ ਕੁਠੀਆਂ ਵੈਰਾਗਣਾਂ ਸਨ। ਸਿੰਘਾਂ ਤੇ ਸਿੰਘਣੀਆਂ ਨੇ ਫ਼ਤਹ ਗਜਾਈ। ਫ਼ਤਹ ਤੇ ਕਈ ਵਾਰੀ ਗਜਾਈ ਤੇ ਸੁਣੀ ਸੀ ਪਰ ਭੈਣਾਂ ਕੋਲੋਂ ਫ਼ਤਹ ਦਾ ਬੋਲਾ ਸੁਣ ਕੇ ਸਵਾਦ ਆਇਆ। ਦਰਸ਼ਨ ਕਰਕੇ ਕਾਲਜੇ ਵਿਚ ਠੰਡ ਪੈਂਦੀ ਸੀ। ਇਹਨਾਂ ਦਰਸ਼ਨਾਂ ਵਿਚ ਕੋਈ ਅਲੌਕਿਕ ਖਿੱਚ ਸੀ। ਦਿਲ ਕਰਦਾ ਸੀ ਮੁੜ ਮੁੜ ਦਰਸਨ ਕਰੀ ਜਾਵਾਂ, ਕਿਉਂਕਿ ਗੁਰਸਿੱਖਾਂ ਦੇ ਦਰਸ਼ਨਾਂ ਵਿਚੋਂ ਕਲਗੀਧਰ ਪਾਤਸ਼ਾਹ ਦੇ ਦਰਸ਼ਨਾਂ ਦਾ ਝਲਕਾਰਾ ਆ ਵੱਜਦਾ ਸੀ। ਦਾਸ ਨੇ ਇਹਨਾਂ ਵੀਰਾਂ ਕੋਲੋਂ ਪੁੱਛਿਆ ਕਿ ਨਾਰੰਗਵਾਲ ਕਿਤਨੀ ਕੁ ਦੂਰ ਹੈ। 'ਹੁਣ ਤਾਂ ਤੁਸੀਂ ਪੁੱਜ ਗਏ ਹੋ, ਬਸ ਮੀਲ ਕੁ ਵਿੱਥ ਉਤੇ ਹੀ ਹੈ, ਜਥੇ ਦੇ ਸੱਜਣਾਂ ਨੇ ਉਤਰ ਦਿੱਤਾ। ਪਰਸਪਰ ਬਚਨ ਬਿਲਾਸ ਕਰਦਿਆਂ ਹੀ ਨਾਰੰਗਵਾਲ ਦੇ ਕੋਠੇ ਸਾਹਮਣੇ ਦਿੱਸਣ ਲੱਗ ਪਏ।

ਪਿੰਡ ਵੜਦੇ ਹੀ ਇਕ ਸਕੂਲ ਆਇਆ। ਸੈਂਕੜੈ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਦਾ ਇਕੱਠ ਠਾਠਾਂ ਮਾਰ ਰਿਹਾ ਸੀ। ਨੀਲੇ ਦਸਤਾਰੇ ਤੇ ਸੁਰਮਈ ਦੁਪਟਿਆਂ ਨੇ ਨਗਰ ਕੀਰਤਨ ਲਈ ਇਕ ਸੁਹਾਵਣਾ ਦ੍ਰਿਸ਼ ਬੰਨ੍ਹ ਦਿੱਤਾ ਸੀ। ਦਾਸ ਓਪਰਾ ਸੰਗਤੀ ਹੋਣ ਕਰਕੇ, ਆਲੇ ਦੁਆਲੇ ਕਿਸੇ ਮੇਲੀ ਸੱਜਣ ਦੀ ਢੂੰਡ ਵਿਚ ਸੀ, ਤਾਂ ਜੋ ਆਰਾਮ ਰਹੇ, ਪਰ ਉਸ ਵੇਲੇ ਕੋਈ ਵੀ ਅਜਿਹਾ ਸੱਜਣ ਨਜ਼ਰੀਂ ਨਾ ਪਿਆ। ਦਿਲ ਵਿਚ ਉਹੋ ਸ਼ਬਦ ਗੂੰਜ ਉਠਿਆ 'ਗੁਰੂ ਮੇਰੇ ਸੰਗਿ ਸਦਾ ਹੈ ਨਾਲੇ' ਪਰ ਰਾਤ ਨੂੰ ਬਿਸਰਾਮ ਕਰਨ ਲਈ ਪੁੱਛ-ਗਿੱਛ



www.AKJ.Org

ਕਰਨੀ ਜ਼ਰੂਰੀ ਸੀ। ਨਾਲ ਖੜੇ ਸਾਥੀ ਤੋਂ ਪੁੱਛਿਆ 'ਜੀ' ਸੰਗਤਾਂ ਦਾ ਟਿਕਾਣਾ ਕਿਥੇ ਹੋਣਾਂ ਏ ? ਮੈਂ ਆਪਣਾ ਕੰਬਲ ਤੇ ਥੈਲਾ ਰੱਖ ਕੇ ਨਗਰ ਕੀਰਤਨ ਵਿਚ ਜਾਣਾ ਚਾਹੁੰਦਾ ਸਾਂ। ਉਸ ਸੁਭਾਗੇ ਨੇ ਉੱਤਰ ਵਿਚ ਆਖਿਆ 'ਵੀਰ ਜੀ ! ਜਿਥੇ ਖੜੇ ਹੋ, ਇਸੇ ਸਕੂਲ ਵਿਚ ਸਾਰੀਆਂ ਸੰਗਤਾਂ ਦਾ ਟਿਕਾਣਾ ਹੋਵੇਗਾ। ਸਾਰਿਆਂ ਦਾ ਸਮਾਨ ਇਥੇ ਪਿਆ ਹੈ ਤੁਸੀਂ ਵੀ ਇਕ ਮੰਜੇ ਤੇ ਰਖ ਦਿਉ, ਆਪਣਾ ਸਾਰਾ ਸਮਾਨ, ਇਥੋਂ ਆ ਕੇ ਰਾਤ ਵੇਲੇ ਸੰਭਾਲ ਲੈਣਾ।' ਉਸ ਵੀਰ ਦੀਆਂ ਗੱਲਾਂ ਵਿਚ ਚੰਗੀ ਮਿਠਾਸ ਸੀ। ਦਾਸ ਤੇ ਸਭ ਤੋਂ ਪਹਿਲਾਂ, ਇਸ ਗੱਲ ਦਾ ਪ੍ਰਭਾਵ ਪਿਆ ਕਿ ਸਚਮੁਚ ਇਹਨਾਂ ਸਿੰਘਾਂ ਨੂੰ ਗੁਰੂ ਨਾਲ ਪਿਆਰ ਹੈ। ਇਹ ਕਿਸੇ ਨੂੰ ਚੋਰ ਨਹੀਂ ਸਮਝਦੇ, ਸਾਰਿਆਂ ਨੂੰ ਇਹੋ ਸਮਝਦੇ ਹਨ ਕਿ ਸਾਡੇ ਭਰਾ ਹਨ।

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ।**

*(ਅੰਗ ੬੧੧)*

ਉਹਨਾਂ ਵਿਚ ਕਿਸੇ ਗੱਲ ਦਾ ਵਿਤਕਰਾ ਨਹੀਂ ਸੀ। ਉਹਨਾਂ ਦਾ ਸਾਂਝਾ ਪਿਆਰ ਦਸਦਾ ਸੀ ਕਿ 'ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ।'

ਸਭ ਤੋਂ ਵਧੇਰੇ ਕੋਈ ਪ੍ਰਭਾਵ ਪਾਉਣ ਵਾਲੀ ਝਲਕ ਸੀ ਤਾਂ ਓਹ ਗੁਰਸਿਖਾਂ ਦੀ ਪਰਸਪਰ ਮਿਲਣੀ। ਮਿਲਣੀ ਕਰਦਿਆਂ ਵਾਹਿਗੁਰੂ ਨਾਮ ਦੀਆਂ ਝਲਕਾਂ ਨਜ਼ਰੀਂ ਪੈਂਦੀਆਂ ਸਨ। ਇਕ ਸਿੰਘ ਦੀ ਦੂਜੇ ਵੀਰ ਨੂੰ ਗਲਵਕੜੀ, ਦਰਸਕਾਂ ਨੂੰ ਮੋਹਿਤ ਕਰ ਲੈਂਦੀ ਸੀ। ਕਈ ਗੁਰਸਿਖਾਂ ਦੇ ਮਿਲਣੀ ਵੇਲੇ ਪਿਆਰ ਭਰੇ ਅੱਥਰੂ ਵੱਗ ਤੁਰਦੇ ਸਨ। ਇਸ ਤਰ੍ਹਾਂ ਮਿਲਦੇ-ਮਿਲਦੇ ਇਕ ਭਾਰੀ ਇਕੱਠ ਹੋ ਗਿਆ। 12 ਵੱਜਣ ਵਾਲੇ ਸਨ। ਨਗਰ ਕੀਰਤਨ (ਜਲੂਸ) ਦੀਆਂ ਤਿਆਰੀਆਂ ਆਰੰਭ ਹੋ ਗਈਆਂ। ਇਕ ਸਿੰਘ (ਭਾਈ ਮੇਹਰ ਸਿੰਘ ਜੀ) ਨੇ ਆਪਣੇ ਗਲ ਵਿਚ ਵਾਜਾ ਪਾ ਲਿਆ ਤੇ ਦੂਜੇ ਵੀਰ (ਚਾਨੀ ਜੀ) ਨੇ ਜੋੜੀ ਦੇ ਦੋਹਾਂ ਪੁੜਿਆਂ ਨੂੰ ਲੱਕ ਨਾਲ ਬੰਨ੍ਹ ਲਿਆ। ਉਹਨਾਂ ਸੁਹਣੀਆਂ ਤੇ ਮਨਮੋਹਣੀਆਂ ਸੂਰਤਾਂ ਨੇ ਬੜੇ ਪਿਆਰ ਨਾਲ ਵਜਦ ਵਿਚ ਆ ਕੇ ਹੇਠ ਲਿਖਿਆ ਸ਼ਬਦ ਪੜ੍ਹਿਆ:

**ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥**
**ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥**
**ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥**
**ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥**
**ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥**
**ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥**
**ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥**
**ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥**
**ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥**
**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**
**ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥**
**ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥**



www.AKJ.Org

**ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥**

*(ਅੰਗ ੭੬੩)*

ਰਸਦਾਇਕ ਕੀਰਤਨ ਦੀਆਂ ਪੈਲਾਂ ਪਾਉਂਦੇ ਪਾਉਂਦੇ ਗੁਰਮੁਖ ਹੰਸ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਬੁੰਗੇ ਦੇ ਦਰਵਾਜ਼ੇ ਅਗੇ ਜਾ ਖੜੋਤੇ। ਅਗੋਂ ਭਾਈ ਸਾਹਿਬ ਬੜੇ ਪਿਆਰ ਨਾਲ ਸ਼ਸਤਰਾਂ ਨਾਲ ਸਨੰਬਧ ਹੋਏ, ਆਪਣੇ ਘਰ ਦੇ ਵਿਹੜੇ ਵਿਚੋਂ ਬਾਹਰ ਨਿਕਲੇ। ਗੁਰਸਿਖਾਂ ਦੀ 'ਆਉ ਭਗਤ' ਵਿਚ ਹੇਠ ਲਿਖਿਆ ਸ਼ਬਦ ਬੜੇ ਪਿਆਰ ਨਾਲ ਪੜ੍ਹਿਆ :

**ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥**
**ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥**
**ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥**
**ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥**
**ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥**
**ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥੧॥**

*(ਅੰਗ ੭੬੪)*

ਸ਼ਬਦ ਪੜ੍ਹਨ ਵੇਲੇ ਜੋ ਜਹੁ-ਜਲਾਲ ਭਾਈ ਸਾਹਿਬ ਦੇ ਚਿਹਰੇ ਤੇ ਸੀ ਉਸਦੀ ਝਲਕ ਅਦਭੁਤ ਸੀ। ਭਾਈ ਸਾਹਿਬ ਦੇ ਨੇਤਰ ਤੇ ਮੁੱਖ ਉੱਪਰ ਵੱਲ ਨੂੰ ਸਾਂਈਂ ਨਾਲ ਜੁੜੇ ਹੋਏ ਦਿਸਦੇ ਸਨ। ਉਨ੍ਹਾਂ ਦੇ ਬੋਲਾਂ ਵਿਚ ਅਮੀਂ-ਰੱਸ ਸੀ। ਕੱਲਾ ਕੱਲਾ ਸਿੰਘ ਭਾਈ ਸਾਹਿਬ ਨੂੰ ਫ਼ਤਹ ਗਜਾ ਕੇ ਮਿਲਦਾ ਸੀ। ਚਰਨਾਂ ਤੇ ਮੱਥਾ ਟਿਕਾਉਣ ਵਾਲਾ ਮਨਮਤ ਕਰਮ ਇਥੇ ਨਹੀਂ ਸੀ। ਸਾਰੇ ਸਿੰਘ, ਸਿੰਘਣੀਆਂ, ਬੱਚੇ ਨਗਰ ਕੀਰਤਨ ਦੇ ਅਖਾੜੇ ਵਿਚ ਸ਼ਾਮਲ ਹੋਏ। ਨਗਰ ਕੀਰਤਨ ਪਿੰਡ ਦੇ ਗੁਰਦੁਆਰੇ ਵਿਚ ਜਾ ਸਮਾਪਤ ਹੋਇਆ। ਸਮਾਪਤੀ ਦੀ ਅਰਦਾਸ ਭਾਈ ਸਾਹਿਬ ਜੀ ਨੇ ਆਪ ਕੀਤੀ। ਫਿਰ ਸੰਗਤਾਂ ਮੁੜ ਕੇ ਆਪਣੇ ਡੇਰੇ (ਸਕੂਲ ਵਾਲੀ ਬਿਲਡਿੰਗ) ਤੇ ਆ ਗਈਆਂ।

ਉਦੋਂ ਸੂਰਜ ਦੀ ਲਾਲੀ ਢੱਲ ਚੁੱਕੀ ਸੀ। ਬਾਹਰੋਂ ਆਏ ਸਜਣਾਂ ਦੀਆਂ ਟੋਲੀਆਂ ਨੇ 'ਸੋਦਰੁ' ਦੇ ਪਾਠ ਕਰਨੇ ਅਰੰਭ ਕਰ ਦਿੱਤੇ। ਪਾਠ ਮਗਰੋਂ ਕਿਸੇ ਨੇ ਪ੍ਰਸ਼ਾਦਾ ਛਕਿਆ, ਕੋਈ ਏਦਾਂ ਹੀ ਨਾਮ ਦੇ ਰੰਗਾਂ ਵਿਚ ਖੇਡਦਾ ਰਿਹਾ। ਰਾਤ ਨੂੰ ਸੌਣ ਵੇਲੇ ਨਾਮ-ਸਿਮਰਨ ਦੇ ਖੰਡੇ ਖੜਕਣੇ ਸ਼ੁਰੂ ਹੋ ਗਏ। ਦਾਸ ਲਈ ਏਦਾਂ ਦੇ ਸਮਾਗਮ, ਵੇਖਣ ਦਾ ਪਹਿਲਾ ਮੌਕਾ ਸੀ। ਕਈ ਸਜਣ ਗੁਪਤ ਸਿਮਰਨ ਕਰਦੇ ਸਨ ਪਰ ਕਈ ਵੀਰ ਐਨੇ ਬਲ ਨਾਲ ਗੁਰ ਮੰਤਰ ਦਾ ਜਾਪ ਕਰਦੇ ਸਨ ਕਿ ਮਾਨੋ ਉਨ੍ਹਾਂ ਦੇ ਮੰਜੇ ਫੁਟ-ਫੁਟ ਉੱਚੇ ਉਛਲਦੇ ਸਨ। ਭਾਵੇਂ ਰਾਤ ਕਾਫ਼ੀ ਲੰਘ ਚੁਕੀ ਸੀ ਪਰ ਅਜਿਹੇ ਦ੍ਰਿਸ਼ ਵੇਖ ਕੇ ਨੀਂਦ ਕਿਥੋਂ ਆਉਣੀ ਸੀ ? ਕਈ ਨਾਮ-ਰੰਗੀ ਸਜਣਾਂ ਦੇ ਦਰਸ਼ਨ ਫਿਰ ਟੁਰ ਕੇ ਪਰਸਦਾ ਰਿਹਾ। ਫਿਰ, ਜਿਸ ਚੁਬਾਂਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਪ੍ਰਾਰੰਭ ਸੀ, ਉਸ ਅਸਥਾਨ ਤੇ ਬੈਠ ਕੇ ਗੁਰਬਾਣੀ ਸੁਣਨ ਦੇ ਖੁਲ੍ਹੇ ਲਾਹੇ ਲਏ।

ਪ੍ਰਭਾਂਤ ਵੇਲੇ ਦੋ ਵਜੇ ਦਾ ਵਕਤ ਹੋਵੇਗਾ ਕਿ ਸਿੰਘਾਂ ਨੇ ਉਠ ਕੇ ਇਸ਼ਨਾਨ ਕਰਨਾ ਅਰੰਭ ਕਰ ਦਿੱਤਾ। ਸਾਰਿਆਂ ਨੇ ਕੇਸੀ ਇਸ਼ਨਾਨ ਕੀਤੇ ਅਤੇ ਨਾਮ ਸਿਮਰਨ ਦੇ



www.AKJ.Org

ਫ਼ਰਾਟਿਆਂ ਦੀਆਂ ਧੁੰਨਾਂ ਉੱਠਣ ਲੱਗੀਆਂ। ਕਈ ਵੀਰਾਂ ਤੇ ਭੈਣਾਂ ਨੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਸ਼ੁਰੂ ਕਰ ਦਿੱਤਾ। ਨਿਤਨੇਮ ਮਗਰੋਂ ਸਭ ਨੇ ਸਮਾਗਮ ਅਸਥਾਨ ਵਲ ਵਹੀਰਾਂ ਘਤ ਦਿਤੀਆਂ। ਅੰਮ੍ਰਿਤ ਵੇਲੇ 3-45 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਿਆ। ਜਪੁਜੀ ਸਾਹਿਬ ਦਾ ਪਾਠ ਵੀ ਨਾਲ ਰੱਖਿਆ ਹੋਇਆ ਸੀ, ਜਿਸ ਦਾ ਨਾਲ ਹੀ ਭੋਗ ਪਿਆ। ਕੁੰਭ (ਮਿੱਟੀ ਦਾ ਘੜਾ) ਪਾਠ ਵੇਲੇ ਨਹੀਂ ਰਖਿਆ ਗਿਆ। ਹਾਂ, ਇਕ ਸਰਬ ਲੋਹ ਦੀ ਗਾਗਰ ਵਿਚ ਜਲ ਰੱਖਿਆ ਹੋਇਆ ਸੀ। ਉਸ ਚੁਬਾਰੇ ਵਿਚ ਕਿਸੇ ਗੁਰੂ ਜਾਂ ਕਿਸੇ ਸੰਤ ਵਿਅਕਤੀ ਦਾ ਫੋਟੋ, ਕੰਧ ਨਾਲ ਲਟਕਦਾ ਨਜ਼ਰੀ ਨਹੀਂ ਪਿਆ, ਸਗੋਂ ਗੁਰਬਾਦੀ ਦੀਆਂ ਚੋਣਵੀਆਂ ਪੰਕਤੀਆਂ ਦੇ ਕੁਝ ਮਾਟੋ (ਕਿੱਤੇ) ਉਸ ਕਮਰੇ ਵਿਚ ਵੇਖਣ ਵਿਚ ਆਏ, ਜਿਸ ਤੋਂ ਇਉਂ ਜਪਾਦਾ ਸੀ ਕਿ ਭਾਈ ਸਾਇਬ ਦਾ ਵਿਸ਼ਵਾਸ ਕੇਵਲ '**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥**' ਵਿਚ ਦ੍ਰਿੜ੍ਹ ਸੀ।

ਚਾਰ ਵਜੇ ਠੀਕ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਭਾਈ ਸਾਹਿਬ ਜੀ ਨੇ ਆਪ ਕਈ ਘੰਟੇ ਲਗਾਤਾਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਫਿਰ ਬਾਹਰੋਂ ਪੁੱਜੇ ਰੰਗ ਰਤੜੇ ਵੀਰਾਂ ਤੇ ਭੈਣਾਂ ਦੇ ਕੀਰਤਨੀ ਜਥਿਆਂ ਨੇ ਨਾਮ ਦੇ ਸੁਹਣੇ ਰੰਗ ਬੱਧੇ। ਵਾਹਿਗੁਰੂ ਗੁਰਮੰਤ੍ਰ ਦੀ ਧੁਨੀ ਦਾ ਸੰਗਤੀ ਅਲਾਪ ਬਹੁਤ ਹੀ ਥੋੜ੍ਹਾ ਹੁੰਦਾ ਸੀ ਪਰ ਕਈ ਅੰਤਰਮੁਖ ਬ੍ਰਿਤੀ ਵਾਲੇ ਗੁਰਸਿੱਖਾਂ ਦੀ ਸੁਆਸਾਂ ਦੀ ਧੌਂਕੜੀ ਵਾਲਾ ਸਿਮਰਨ ਆਪ ਮੁਹਾਰੇ ਚਲਦਾ ਰਹਿੰਦਾ ਸੀ। ਓਦੋਂ ਕੀਰਤਨ ਜਥੇ ਗਿਣਤੀ ਦੇ ਹੀ ਸਨ ਪਰ ਸਹਿਜ ਅਤੇ ਸੁਰਤਿ ਦੇ ਟਿਕਾਅ ਦੀ ਪ੍ਰਤਿਭਾ ਕਮਾਲ ਦਰਜੇ ਦੀ ਸੀ। ਰਸ ਵਿਚ ਮਗਨੰਤਰ ਰੂਹਾਂ ਦੀਆਂ ਅਖੰਡ ਸਮਾਧੀਆਂ ਨੇ ਕੀਰਤਨ ਦੇ ਭੋਗ ਵਿਚ ਬਹੁਤ ਦੇਰ ਕਰ ਦਿੱਤੀ। ਸ਼ਾਮ ਦੇ ਤਿੰਨ ਵਜੇ ਕਰੀਬ ਆਸਾ ਦੀ ਵਾਰ ਦਾ ਭੋਗ ਪਿਆ। ਸੰਗਤਾਂ ਦੇ ਗਫੇ ਛੱਕਦੇ ਛਕਾਂਦੇ ਸ਼ਾਮਾਂ ਪੈ ਗਈਆਂ। ਸਵੇਰ ਦੀ ਦਸ ਘੰਟੇ ਦੀ ਬੈਠਕ ਹੋਣ ਕਰਕੇ ਸੰਗਤਾਂ ਬਾਹਰ ਫਿਰਨ ਤੁਰਨ ਲਈ ਖੁਲ੍ਹੇ ਮੈਦਾਨਾਂ ਵਿਚ ਨਿਕਲ ਤੁਰੀਆਂ। ਰਾਤ ਨੂੰ ਪ੍ਰਸ਼ਾਦਾ ਛਕਣ ਤੇ ਕਿਸੇ ਦਾ ਦਿਲ ਨਹੀਂ ਕਰਦਾ ਸੀ ਕਿਉਂਕਿ ਸਵੇਰ ਦਾ ਲੰਗਰ ਸ਼ਾਮ ਨੂੰ ਛਕਿਆ ਸੀ। ਫਿਰ ਵੀ ਸੌਂਫ ਦੀ ਦੇਗ ਵਰਤ ਰਹੀ ਸੀ। ਕਈ ਕਾਲੀ ਚਾਹ ਪੀਣ ਵਾਲੇ ਵੀ ਸਨ। ਥੋੜ੍ਹੀ ਥੋੜ੍ਹੀ ਪੇਟ ਪੂਰਤੀ ਕਰਨ ਮਗਰੋਂ, ਸੰਗਤਾਂ ਨੇ ਮੁੜ 8 ਵਜੇ ਦੀਵਾਨ ਅਸਥਾਨ ਵਿਚ ਆਪਣੇ ਆਸਣ ਮੱਲ ਲਏ। ਰੈਣ ਸਬਾਈ ਕੀਰਤਨ ਦੀ ਅਰੰਭਤਾ, "**ਸੇਵੀ ਸਤਿਗੁਰ ਆਪਣਾਂ ਹਰਿ ਸਿਮਰੀ ਦਿਨ ਸਭਿ ਰੈਣਿ**" ਸ਼ਬਦ ਨਾਲ ਹੋਈ। ਇਕੋ ਸ਼ਬਦ ਦੇ ਕੀਰਤਨ ਵਿਚ ਪ੍ਰਮਾਣ ਵਜੋਂ ਕਈ ਕਈ ਸ਼ਬਦ ਪੜ੍ਹੇ ਗਏ। ਭਾਈ ਸਾਹਿਬ ਨੇ ਖ਼ੁਦ ਆਪ ਕੀਰਤਨ ਆਰੰਭ ਕੀਤਾ। ਉਨ੍ਹਾਂ ਦੇ ਪਿਛੇ, ਇਕ ਨਿਹੰਗ ਸਿੰਘ ਕਾਪੀ ਲੈ ਕੇ ਬੈਠਾ ਹੋਇਆ ਸੀ ਅਤੇ ਲੋੜ ਅਨੁਸਾਰ ਪ੍ਰਮਾਣ ਜਾਂ ਸ਼ਬਦ ਦੀ ਸੁਧਾਈ ਕਰਾਉਣ ਵਿਚ ਮਦਦ ਕਰਦਾ ਸੀ। ਅੱਜ ਕਲ ਵਾਂਗ 'ਅੰਮ੍ਰਿਤ ਕੀਰਤਨ' ਦੀਆਂ ਪੋਥੀਆਂ ਵਾਜੇ ਉਤੇ ਰੱਖ ਕੇ ਕੀਰਤਨ ਵਾਲਾ ਕੋਈ ਸੱਜਣ ਜਾਂ ਬੀਬੀ ਨਜ਼ਰੀਂ ਨਹੀਂ ਪਿਆ। ਰਾਤ ਦੇ 12 ਵਜੇ, ਉਪਰੋਕਤ ਸ਼ਬਦ ਦਾ ਭੋਗ ਪਿਆ ਹੋਵੇਗਾ। ਫਿਰ ਦਸਤਾਰੇ ਵਾਲੀਆਂ ਬੀਬੀਆਂ ਨੇ '**ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ।**" "**ਜਾਗ ਸਲੋਨੜੀਏ, ਬੋਲੈ ਗੁਰਬਾਣੀ ਰਾਮ**" ਇਤਿਆਦਿਕ ਹੋਰ ਸ਼ਬਦ ਪੜ੍ਹੇ। ਸਵੇਰ ਦੇ ਦੀਵਾਨ ਵਿਚ ਫਿਰ ਕੀਰਤਨੀ ਸਿੰਘ ਆ ਬੈਠੇ। ਸਾਰੀ ਰਾਤ ਅੰਮ੍ਰਿਤ



www.AKJ.Org

ਕੀਰਤਨ ਦੀਆਂ ਮਿੱਠੀਆਂ ਤੇ ਅਗੰਮੀ ਧੁਨਾਂ ਨੇ ਸਾਰੇ ਵਾਤਾਵਰਣ ਨੂੰ ਇਤਨਾ ਰਸ ਭਿੰਨਾ ਕਰ ਦਿੱਤਾ ਸੀ ਕਿ ਕਿਸੇ ਜਗਿਆਸੂ ਦਾ ਉੱਠਣ ਤੇ ਚਿੱਤ ਨਹੀਂ ਕਰਦਾ ਸੀ।

ਪਹੁ ਫੁਟਾਲਾ ਹੋਣ ਵਾਲਾ ਸੀ। ਉਸ ਵੇਲੇ ਕੰਨਾਂ ਵਿਚ ਅਤਿ ਸੁੰਦਰ ਸ਼ਬਦਾਂ ਦੀ ਗੂੰਜ ਸੁਣਾਈ ਦਿੱਤੀ। ਸ਼ਬਦ ਦੀ ਧੁਨੀ ਇਉਂ ਉਠ ਰਹੀ ਸੀ:

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥**

*(ਅੰਗ ੯੧੭)*

ਇਤਨੇ ਚਿਰ ਨੂੰ ਅਤਿ ਸੁੰਦਰ ਦ੍ਰਿਸ਼ ਪੰਜਾ ਪਿਆਰਿਆਂ ਦਾ ਸਾਹਮਣੇ ਆਇਆ। ਕੀਰਤਨੀ ਸਿੰਘ ਨੇ ਕੀਰਤਨ ਉਥੇ ਹੀ ਛੱਡ ਦਿੱਤਾ। ਸਾਰੀਆਂ ਸੰਗਤਾਂ ਗੁਰੂ ਰੂਪ ਪੰਜ ਪਿਆਰਿਆਂ ਦੀ ਆਮਦ ਦੇ ਸਤਿਕਾਰ ਵਿਚ ਖੜ੍ਹੀਆਂ ਹੋ ਗਈਆਂ। ਫਿਰ ਦੂਜਾ ਸ਼ਬਦ ਪੜ੍ਹਿਆ ਗਿਆ :

**ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥**

*(ਅੰਗ ੮੦੮)*

ਪੰਜ ਪਿਆਰੇ ਜਥੇਦਾਰ ਸਮੇਤ ਗੁਰੂ ਦਰਬਾਰ ਵਿਚ ਸੱਜ ਗਏ। ਅੰਮ੍ਰਿਤ ਸੰਚਾਰ ਦਾ ਅਤਿ ਸੁਆਦਲਾ ਦ੍ਰਿਸ਼ ਹਰੇਕ ਦੇ ਦਿਲ ਨੂੰ ਕੋਈ ਨਵਾਂ ਸੁਨੇਹਾ ਦਿੰਦਾ ਸੀ। 25 ਜਾਂ 30 ਸਿੰਘ ਸਿੰਘਣੀਆਂ ਨੇ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਹੋਵੇਗਾ। ਉਨ੍ਹਾਂ ਦੇ ਚਿਹਰਿਆਂ ਤੇ ਕੋਈ ਅਜਬ ਰੰਗ ਚੜ੍ਹਿਆ ਹੋਇਆ ਸੀ। ਜੋ ਪਿਆਰ ਇਕ-ਦੂਜੇ ਨੂੰ ਵੇਖ-ਵੇਖ ਉਥੇ ਆਉਂਦਾ ਸੀ, ਉਹ ਅਕਹਿ ਸੀ। ਇਹ ਤਾਂ ਵੇਖਣ ਵਾਲਾ ਜਾਣਦਾ ਸੀ। ਜਿਵੇਂ ਗੁਰਬਾਣੀ ਵਿਚ ਅੰਕਿਤ ਹੈ:-

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥**

*(ਅੰਗ ੧੩੭੦)*

ਉਸ ਕੀਰਤਨ ਦੀ ਛਹਿਬਰ ਵਿਚੋਂ ਉੱਠਣ ਤੇ ਚਿੱਤ ਨਹੀਂ ਕਰਦਾ ਸੀ ਪਰ 'ਵਿਡਾਣੀ ਚਾਕਰੀ' ਨੇ ਆਪਣਾ ਸਿਗਨਲ ਦੇ ਦਿੱਤਾ। ਸਵੇਰੇ 6 ਵਜੇ ਦੇ ਲਗਪਗ ਗੱਡੀ ਜਾਣ ਦਾ ਸਮਾਂ ਸੀ। ਗੁਰਸਿਖਾਂ ਦੀ ਧੂੜੀ ਨੂੰ ਮੱਥੇ ਤੇ ਲਾਇਆ। ਦਸ਼ਮੇਸ਼ ਪਿਤਾ ਜੀ ਦਾ ਲੱਖ-ਲੱਖ ਸ਼ੁਕਰਾਨਾ ਕੀਤਾ। ਗੁਰੂ ਚਰਨਾਂ ਵਿਚ ਵਾਪਸ ਘਰ ਜਾਣ ਦੀ ਅਰਦਾਸ ਕੀਤੀ ਤੇ ਉਸ ਰਮਣੀਕ ਵਿਹੜੇ ਦੀ ਡਿਉਢੀ ਚੋਂ ਲੰਘ ਕੇ ਸਟੇਸ਼ਨ ਨੂੰ ਚਾਲੇ ਪਾ ਦਿੱਤੇ। ਰਸਤੇ ਵਿਚ ਉਹੋ ਹੀ ਕੀਰਤਨ ਸੁਣਾਈ ਦੇ ਰਿਹਾ ਸੀ। ਸਰੀਰ ਕਰਕੇ ਭਾਵੇਂ ਗੱਡੀ ਵਿਚ ਬੈਠੇ ਸਾਂ ਪਰ ਆਤਮਾ ਉਸ ਮੰਡਲ ਵਿਚ ਕਿਤਨਾ ਚਿਰ ਅਸਥਿਤ ਰਹੀ। ਪਟਿਆਲੇ ਪਹੁੰਚ ਕੇ ਵੀ ਕਈ ਦਿਨਾਂ ਦਾ ਕੀ ਕਹਿਣਾ, ਕਈ ਮਹੀਨੇ ਲਗਾਤਾਰ ਰਸ ਬੱਝਾ ਰਿਹਾ। ਇਹ ਨਾਰੰਗਵਾਲ ਵਿਚ ਅੰਤਲਾ ਸਮਾਗਮ ਸੀ। ਉਸ ਮਗਰੋਂ ਇਹ ਪੁਰਬ ਲੁਧਿਆਣੇ ਮਾਡਲ ਟਾਊਨ ਵਿਖੇ ਮਨਾਇਆ ਗਿਆ। ਇਥੇ ਪਹਿਲੇ ਦੋ ਸਮਾਗਮ ਤਾਂ ਬਹੁਤ ਚੜ੍ਹਦੀ ਕਲਾ ਵਿਚ ਹੋਏ, ਪਰ ਮਗਰੋਂ ਭਾਈ ਸਾਹਿਬ ਦੇ ਸਰੀਰ ਢਿਲਾ ਹੋਣ ਕਰਕੇ ਨਾਰੰਗਵਾਲ ਵਾਲੇ ਰੰਗ ਨਹੀਂ ਬਝੇ। ਸੋ ਨਾਰੰਗਵਾਲ ਦਾ 1954 ਪੋਹ ਸੁਦੀ ਸਤਮੀ ਵਾਲਾ ਸਮਾਗਮ ਮੇਰੇ ਲਈ ਇਕ ਅਭੁੱਲ ਯਾਦ ਹੈ।

***



www.AKJ.Org

# ਗੁਰਸਿੱਖ ਮੀਤ

**ਗਿ. ਦਲਜੀਤ ਸਿੰਘ 'ਕਮਲ' ਨਾਸਿਕ**

ਭਾਵੇਂ ਸੰਸਾਰ ਅੰਦਰ ਮਿੱਤਰਤਾ ਦੀ ਕੋਈ ਹੱਦ ਨਹੀਂ। ਇਹ ਮਿੱਤਰਤਾ, ਬਹੁਤ ਤੋਂ ਬਹੁਤ ਦੁਨੀਆਂ ਦੀਆਂ ਵਿਚੋਂ ਵਿਚ ਫਾਹੀਆਂ ਦਾ ਕਾਰਨ ਬਣ ਜਾਂਦੀ ਹੈ। ਉਸ ਪਿਆਰੇ ਅਕਾਲ ਪੁਰਖ ਨੂੰ ਸੱਜਣ ਤੇ ਉਸ ਦੇ ਸਨੇਹੀਆਂ, ਨਿਕਟ ਵਰਤੀਆਂ ਨੂੰ ਮਿਤ੍ਰ ਬਣਾਣਾ, ਇਹ ਦਾਤ ਤੇ ਵਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ। ਅੱਜ ਨੌਂ ਸਾਲਾਂ ਬਾਅਦ ਪਰਮ-ਗੁਰਸਿੱਖ, ਨਾਮ-ਜੰਪਦੜੀ-ਲਾਲੀ ਦੇ ਮਾਲਕ, ਹਰਮਨ ਪਿਆਰੇ ਪਰਮ-ਹਿਤੈਸ਼ੀ, ਨਾਮ-ਰੱਤੜੇ, ਪੰਥ-ਰਤਨ, ਗੁਰਮੁਖਿ, ਉੱਚੀ-ਸੁੱਚੀ ਆਤਮਾ, ਪਰਮ-ਮਿਤ੍ਰ ਗੁਰਸਿਖ ਮੀਤ, ਸਤਿਕਾਰ ਯੋਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਜਿਨ੍ਹਾਂ ਨੂੰ ਬਜ਼ੁਰਗੀ ਦਾ ਮਾਣ ਦੇਂਦਿਆਂ, ਬਾਪੂ ਜੀ ਕਹਿ ਕੇ ਸਤਕਾਰਿਆ ਕਰਦਾ ਸਾਂ, ਉਹਨਾਂ ਦੀ ਪਿਆਰੀ ਬ੍ਰਿਹੋਂ ਕੁਠੜੀ ਯਾਦ ਅੰਦਰ ਮਨ ਆਪੇ ਤੋਂ ਬਾਹਰ ਤੜਫ਼ ਉਠਿਆ ਵੇ ਤੇ ਲੋਕ-ਪ੍ਰਲੋਕ ਅੰਦਰ ਮਿਤ੍ਰਤਾਈ ਸਾਂਝ ਰਖਣਵਾਲੇ ਮਹਾਨ-ਸਾਜਨ-ਮੀਤ ਦੀ ਸਾਲਾਨਾ ਯਾਦ ਨੇ ਹਿਰਦੇ ਨੂੰ ਟੁੰਬ ਜਗਾਇਆ, ਜਦੋਂ 'ਸੂਰੇ' ਵਿਚ ਦਾਸਰੇ ਨੇ ਇਹ ਪੜ੍ਹਿਆ ਕਿ ਅਗਲਾ ਅੰਕ ਆਪ ਜੀ ਦੀ ਸਲਾਨਾ ਯਾਦ ਅੰਦਰ ਹੀ ਛਪੇਗਾ। ਮਨ ਕਾਬੂ ਤੋਂ ਬਾਹਰ ਹੋ ਕੁਝ ਸਮਾਂ ਗਵਾਚ ਗਿਆ, ਆਪਾ ਭੁਲ ਗਿਆ, ਰੋਮ-ਰੋਮ ਅੰਦਰ ਝਰਨਾਟਾਂ ਛਿੜ ਪਈਆਂ। ਨੂਰਾਨੀ-ਮੁੱਖੜੇ ਵਾਲੇ ਮਹਾਨ-ਤੇਜੱਸਵੀ ਦੇ ਦੀਦਾਰਿਆਂ ਦੀਆਂ ਯਾਦਾਂ ਰੁਮਕ ਉਠੀਆਂ। ਮਨ ਨੂੰ ਕਾਬੂ ਅੰਦਰ ਕਰ, ਕਲਮ ਫੜ ਅਤਿ ਪਿਆਰੇ ਗੁਰਸਿੱਖ ਦੀ ਯਾਦ ਅੰਦਰ ਕੁਝ ਲਿਖਣਾ ਸ਼ੁਰੂ ਕੀਤਾ। ਧੰਨ ਹਨ ਮੇਰੇ ਗੁਰੂ ਨਾਨਕ ਦੇਵ ਜੀ ਮਹਾਰਾਜ, ਧੰਨ ਹਨ ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਇਸ ਆਤਮਾ ਨੂੰ ਨਾਮ-ਅਮੋਲਕ ਅੰਮ੍ਰਿਤ ਦੀ ਦਾਤ ਬਖ਼ਸ਼, ਨਦਰੀ ਨਦਰ ਨਿਹਾਲ ਕਰ, ਆਪਣੇ ਪਿਆਰੇ ਨੂੰ ਭਗਤ-ਸਿਰੋਪਾਉ ਦੇ ਕੇ ਨਿਵਾਜਿਆ ਤੇ ਗੁਰਮੁਖਿ ਦੀ ਪਦਵੀ ਤੇ ਪੰਥ ਦੀ ਜਥੇਦਾਰੀ ਬਖਸ਼, ਉੱਚੀਆਂ ਅਟਾਰੀਆਂ ਦੇ ਵਾਸੀ ਬਣਾ ਕੇ ਭਵ ਸਾਗਰੋਂ ਪਾਰ ਕੀਤਾ। ਪੁੱਗ ਗਏ, ਲਾਈਆਂ ਤੋੜ ਨਿਭਾ ਗਏ। ਸਿੱਖੀ ਸਿਦਕ ਵਿਚ ਪੂਰੇ ਉੱਤਰ, ਪੂਰੇ ਗੁਰੂ ਦੀਆਂ ਹੁਕਮੀ ਕਾਰਾਂ ਕਰਦੇ ਹੋਏ, ਸਚੇ ਸੇਵਕ ਬਣ, ਦਰਗਹ ਅੰਦਰ ਸੁਰਖਰੂ ਹੋ ਤੁਰ ਪਏ। ਅੱਜ ਉਹਨਾਂ ਦੀ ਯਾਦ ਲੱਖਾਂ ਹੀ ਪ੍ਰਾਣੀਆਂ ਦੇ ਹਿਰਦਿਆਂ ਨੂੰ ਬਿਹਬਲ ਕਰ ਰਹੀ ਹੈ। ਮੇਰੀ ਮਿੱਤਰਤਾ ਦੀਆਂ ਗੰਢਾਂ ਭਾਈ ਸਾਹਿਬ ਨਾਲ ਕਿੰਨੀਆਂ ਕੁ ਸਨ, ਇਹ ਮੈਂ ਕੁਝ ਕੁ ਵੰਨਗੀ ਮਾਤਰ ਕਲਮ ਬੰਧ ਕਰਨ ਦਾ ਯਤਨ ਕਰਕੇ, ਪਿਆਰੇ ਪਾਠਕਾਂ ਦੇ ਹਸਤ-ਕਮਲਾਂ ਦੀ ਛੁਹ ਪ੍ਰਾਪਤ ਕਰ ਕੇ, ਆਪਣੇ ਪਿਆਰੇ ਮਹਿਬੂਬ ਮਿੱਤਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਾਂ ਤੇ ਇਹ ਗੁਰੂ ਸਾਹਿਬ ਜੀ ਦਾ ਲੱਖ-ਲੱਖ ਹੀ ਸ਼ੁਕਰ ਹੈ।



www.AKJ.Org

ਮੇਰੇ ਮਨ ਅੰਦਰ ਸੰਤਾਂ ਭਗਤਾਂ ਗੁਰਸਿਖਾਂ ਦੇ ਦਰਸ਼ਨ ਦੀਆਂ ਬਹੁਤ ਹੀ ਖਿੱਚਾਂ ਰਹਿੰਦੀਆਂ ਸਨ। ਮਾਤਾ-ਪਿਤਾ ਜੀ ਸਿਖਿਆ ਤੇ ਘਰ ਦੇ ਅੰਦਰੋਂ ਗੁਰਮਤਿ ਦੀ ਗੁੜ੍ਹਤੀ ਮਿਲਣ ਕਰਕੇ, ਗੁਰਸਿੱਖੀ ਉਤੇ ਅਥਾਹ ਸ਼ਰਧਾ ਤੇ ਪਿਆਰ ਦੇ ਵਲਵਲੇ ਹਿਰਦੇ ਅੰਦਰ ਮੌਜੂਦ ਸਨ। ਸਾਡੇ ਪਰਮ ਪੂਜ ਪਿਤਾ ਭਾਈ ਸਾਹਿਬ ਜੈ ਸਿੰਘ ਬਹੁਤ ਮਹਾਨ ਤਪੱਸਵੀ ਹੋਏ ਹਨ ਤੇ ਪਹਿਲਾਂ ਉਦਾਸੀਨ ਰਹਿ, ਸਤਲੁਜ ਦੇ ਕੰਢੇ, ਘਾਟੀਆਂ ਵਿਚ ਬੈਠ ਘੋਰ ਤਪ ਸਾਧਦੇ ਰਹੇ। ਫਿਰ ਤੱਤ ਖ਼ਾਲਸਾ ਅਕਾਲੀ ਸਿੰਘ ਸਜੇ ਤੇ ਪਰਮ-ਪੂਜ ਮਾਤਾ ਬਸੰਤ ਕੌਰ ਜੀ 1915 ਵਿਚ ਹੀ "ਸਾਬਤ ਸੂਰਤ ਦਸਤਾਰ ਸਿਰਾ" ਦੇ ਧਾਰਨੀ ਸਨ।

## ਘਰੋਂ ਪ੍ਰੇਰਨਾ

ਦਾਸਰੇ ਦਾ ਜਨਮ 1935 ਵਿਚ ਹੋਇਆ ਉਹਨਾਂ ਦਿਨਾਂ ਅੰਦਰ ਮਾਤਾ-ਪਿਤਾ ਜੀ ਸਰਬਲੋਹ ਬਿਬੇਕ ਦੇ ਧਾਰਨੀ ਸਨ। ਇਸ ਪਿਛੋਕੜ ਦਾ ਇਸ ਅਧਮ ਪਤੰਗ ਕੀਟ ਤੇ ਡਾਹਢਾ ਅਸਰ ਸੀ। ਘਰੋਂ ਮਨ ਉਚਾਟ ਹੋਇਆ ਤੇ ਢੂੰਡ ਕੀਤੀ ਤੇ ਕੋਈ ਐਸਾ ਸੰਤ ਵਡਭਾਗੀ ਮਿਲ ਜਾਏ ਜਿਨ੍ਹਾਂ ਨਾਲ ਲੱਗ, ਇਹ ਪਾਪੀ ਲੋਹਿਆ ਵੀ ਭਵਸਾਗਰੋਂ ਪਾਰ ਹੋ ਜਾਵੇ। ਬਹੁਤ ਸੰਤ ਸਾਧ ਟੋਲੇ ਲੱਭੇ। ਆਪਣੀ-ਆਪਣੀ ਥਾਂ ਘਟ ਵੀ ਕੋਈ ਨਹੀਂ ਸੀ ਅਖਵਾਉਂਦਾ, ਪਰ ਮੇਰੀ ਕਿਉਂ ਕਰ ਤੇ ਕਿਵੇਂ ਤਸੱਲੀ ਹੁੰਦੀ? ਕਿਉਂਕਿ ਦਾਸ ਪਖੰਡ ਭਰਮਾਂ ਤੋਂ ਨਿਰੋਲ, ਪੂਰਣ ਤੱਤਵਤਾ, ਸ੍ਰੇਸ਼ਟ ਜਨਾਂ ਨੂੰ ਪਿਆ ਲੱਭਦਾ ਸੀ। ਸਾਡੇ ਵਡੇ ਵੀਰ ਗਿ. ਸ਼ਮਸ਼ੇਰ ਸਿੰਘ ਜੀ ਹੋਰਾਂ ਨਾਰੰਗਵਾਲ ਤੇ ਹੋਰ ਕਈ ਇਕ ਥਾਵਾਂ ਤੇ ਭਾਈ ਸਾਹਿਬ ਦੇ ਕੀਰਤਨ ਸਰਵਣ ਕੀਤੇ ਸਨ। ਉਹਨਾਂ ਦਾਸ ਨੂੰ ਕਹਿਣਾ, ਦਲਜੀਤ ਸਿੰਘ ਬਈ, ਤੂੰ ਬਹੁਤ ਮਹਾਂਪੁਰਸਾਂ ਦੀ ਸੰਗਤ ਕੀਤੀ ਏ, ਪਰ ਇਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰਾਂ ਦੇ ਵੀ ਦੀਦਾਰ ਕਰੋ। ਕੀਰਤਨ ਸਰਵਣ ਕਰੋ, ਨਿਰੋਲ ਅਲਾਹੀ-ਬਾਣੀ ਦਾ ਕੀਰਤਨ ਤੇ ਨਾਮ ਦੀਆਂ ਧੁਨੀਆਂ ਉਹ ਲੱਗਦੀਆਂ ਹਨ ਕੇ ਬਸ ਸਰੋਤਾ ਜਨ ਆਪਾ ਭੁੱਲ ਜਾਂਦੇ ਹਨ। ਸਭ ਸੰਗਤਾਂ ਕੀਰਤਨ-ਸਰੂਪ ਹੀ ਹੋ ਜਾਂਦੀਆਂ ਹਨ। ਦਾਸ ਨੇ ਕਹਿਣਾ, ਚੰਗਾ ਵੀਰ ਜੀ, ਜਦੋਂ ਸਮਾਂ ਮਿਲਿਆ, ਮੈਂ ਜ਼ਰੂਰ ਦਰਸ਼ਨ ਕਰਾਂਗਾ। ਉਸ ਤੋਂ ਬਾਅਦ ਇਕ ਗੁਰਮੁਖਿ ਪਿਆਰੇ ਵੀਰ ਕਰਤਾਰ ਸਿੰਘ ਜੀ ਮਿਲ ਤੇ ਕਹਿਣ ਲਗੇ, ਦਲਜੀਤ ਸਿੰਘ ਬਈ ਭਾਈ ਸਾਹਿਬ ਦੇ ਜਥੇ ਦਾ ਕੀਰਤਨ ਤੇ ਮੁਹਲੇਧਾਰ ਵਰਖਾ ਹੈ। ਸਭ ਗੰਦ ਮੰਦ ਰੋੜ੍ਹ ਕੇ ਪਾਪੀਆਂ ਜੀਵਾਂ ਦੀਆਂ ਆਤਮਾਵਾਂ ਤੇ ਵੀ ਡਾਢਾ ਅਸਰ ਕਰ ਜਾਂਦੀ ਹੈ।

## ਨੂਰੀ ਚਮਤਕਾਰ

ਕਹਿਣ ਲੱਗੇ, ਤੁਸੀਂ ਮੇਰੇ ਵਲ ਵੇਖੋ, ਮੈਂ ਇਕ ਸਧਾਰਨ ਜਿਹਾ ਕਿਰਤੀ ਸਿੱਖ ਹਾਂ। ਮੇਰਾ ਦਿਲ ਤੇ ਨਹੀਂ ਸੀ ਚਾਹੁੰਦਾ, ਕੋਈ ਗੱਲ ਕਰਾਂ, ਪਰ ਅਜ ਪਤਾ ਨਹੀਂ, ਜੋ ਚਿਰਾਂ ਤੋਂ ਗੋਹਝ ਬਾਤ ਹਿਰਦੇ ਦੀ ਤਹਿ ਅੰਦਰ ਛਿਪਾ ਕੇ ਰੱਖ ਛੱਡੀ ਸੀ, ਉਹੋ ਅਜ ਪਤਾ ਨਹੀਂ ਕਿਉਂ ਬਦੋ ਬਦੀ ਬਾਹਰ ਆ ਰਹੀ ਏ ? ਲੈ ਵੀਰ ਧਿਆਨ ਦੇ ਕੇ ਸੁਣ। ਇਕ ਦਿਨ ਭਾਈ ਸਾਹਿਬ ਜੀ ਆਪ ਕੀਰਤਨ ਕਰ ਰਹੇ ਸਨ, ਬਹੁਤ ਸੰਗਤਾਂ ਦੀ ਭੀੜ ਸੀ ਤੇ ਦਾਸ ਵੀ ਚਿੱਟੀ ਚਾਦਰ



www.AKJ.Org

ਦੀ ਬੁਕਲ ਮਾਰ ਕੀਰਤਨ ਸ੍ਰਵਣ ਕਰ ਰਿਹਾ ਸੀ। ਦਾਸ ਤੇ ਅਚਾਨਕ ਹੀ ਐਸੀ ਕਲਾ ਵਰਤੀ ਕਿ ਸਾਰੀ ਚਾਦਰ ਉਤੇ ਅਰਸ਼ਾਂ ਕੁਰਸ਼ਾਂ ਦਾ ਨੂਰ ਆ ਪਿਆ। ਪਹਿਲਾ ਮੈਂ ਸੋਚਿਆ, ਸ਼ਾਇਦ ਮੇਰੀਆਂ ਅੱਖਾਂ ਹੀ ਟੱਪਲਾ ਖਾ ਰਹੀਆਂ ਹਨ ਜਾਂ ਮੈਂ ਸੁਪਨਾ ਦੇਖ ਰਿਹਾ ਹਾਂ। ਇਹ ਨੂਰ ਕੀ ਸੀ, ਮੇਰੇ ਪਾਤਸ਼ਾਹ ਦੀ ਅਥਾਹ ਤੇ ਅਪਾਰ ਹੀ ਬਖਸ਼ਿਸ਼ ਸੀ। ਇਕ ਇਕ ਤੰਦ ਉਤੇ ਵਾਹਿਗੁਰੂ ਨਾਮ ਤੇ ਜੋਤ ਸੀ। ਫਿਰ ਜਦ ਮੈਂ ਚਾਦਰ ਵਿਚੋਂ ਹੱਥ ਬਾਹਰ ਕੱਢਿਆ ਉਹ ਵੀ ਜੋਤ ਤੇ ਨਾਮ ਨਾਲ ਰੋਮ-ਰੋਮ ਭਰਪੂਰ ਸੀ। ਚਾਦਰ ਸਰੀਰ ਤੋਂ ਲਾਹ ਦਿੱਤੀ। ਉਸਦਾ ਨੂਰ ਉਸ ਵੇਲੇ ਖ਼ਤਮ ਹੋ ਗਿਆ। ਪੈਰ ਦੇ ਅੰਗੂਠੇ ਤੇ ਲੈ ਕੇ ਸਿਰ ਦੀ ਚੋਟੀ ਤਕ ਸਾਰੇ ਸਰੀਰ ਦੀ ਇਹੋ ਹਾਲਤ ਸੀ। ਉਹ ਦੱਸ ਰਿਹਾ ਸੀ ਤੇ ਲੇਖਕ ਦੇ ਨੇਤਰਾਂ ਵਿਚ ਨਦੀਆਂ ਵਹਿ ਤੁਰੀਆਂ ਕਿ ਇਹੋ ਜਿਹੇ ਮਹਾਂਪੁਰਸ਼ਾਂ ਦੇ ਨੇੜੇ ਹੋ ਕੇ ਦਰਸ਼ਨ ਨਹੀਂ ਕੀਤੇ। ਇਸ ਤੋਂ ਬਾਦ ਕੀ ਹੱਸਣਾ ਤੇ ਕੀ ਸਵਣਾ। ਇਥੋਂ ਤਕ ਕਿ ਨਵ-ਵਿਆਹੀ ਧਰਮ ਪਤਨੀ ਨਾਲ ਵੀ ਘਟ ਵੱਧ ਹੀ ਬਚਨ ਬਿਲਾਸ ਕਰਨਾ। ਕੰਨਾਂ ਵਿਚ ਰੂੰ ਦੇ ਕੇ ਬੰਦ ਕਰ ਛਡਣੇ ਤੇ 12-30 ਵਜੇ ਉਠ ਇਸ਼ਨਾਨ ਪਾਨੇ ਸੋਧ ਕੇ ਮੋਹਲੇਧਾਰ ਮੀਹਾਂ ਅੰਦਰ ਬੈਠਾ, ਭਾਈ ਸਾਹਿਬ ਜੀ ਦੇ ਦਰਸ਼ਨ ਤੇ ਵਾਹਿਗੁਰੂ ਜੀ ਦੇ ਨਾਮ ਦੀ ਯਾਦ ਵਿਚ ਮਸਤ ਰਹਿਣਾ। ਸਮਾਂ ਬੀਤਦਾ ਗਿਆ। ਇਸ ਸਮੇਂ ਅੰਦਰ ਦਾਸ ਦੀ ਧਰਮ ਪਤਨੀ ਸਵਰਨ ਕੌਰ ਨੇ ਸੇਵਾ ਸਿਮਰਨ ਸਾਵਧਾਨਤਾ ਵਿਚ ਦਾਸ ਦਾ ਬਹੁਤ ਸਾਥ ਦਿੱਤਾ। ਬਖ਼ਸ਼ੀ ਰੂਹ, ਭਾਈ ਸਾਹਿਬ ਭਾਈ ਦਰਸ਼ਨ ਸਿੰਘ ਜੀ ਡਿਪਟੀ ਡਰਾਇਕੈਟਰ ਅਤੇ ਮਹਾਨ ਉੱਚ ਆਤਮਾ, ਪੂਰਨ ਜੀ ਬੰਬਈ ਪੁਜ ਗਏ। ਇਹਨਾਂ ਦਿਨਾਂ ਅੰਦਰ ਪੂਰਨ ਜੀ ਦਾ ਕਿਵੇਂ ਤੇ ਕਿਹੜੇ ਰੰਗ ਵਿਚ ਨਿਆਰਾ ਮਿਲਾਪ ਹੋਇਆ। ਉਹ ਦਾਸ ਕਿਸੇ ਹੋਰ ਪੁਸਤਕ ਵਿਚ ਜ਼ਿਕਰ ਕਰੇਗਾ। ਬਸ ਇਹ ਸਮਝੋ ਕਿ ਇਹ ਮੇਹਰਾਂ ਦੇ ਮੀਂਹ ਦੀਆਂ ਨਿਸ਼ਾਨੀਆਂ ਪੁੱਜ ਚੁੱਕੀਆਂ ਸਨ। ਵੀਰ ਪੂਰਨ ਜੀ ਤੇ ਦਰਸ਼ਨ ਸਿੰਘ ਜੀ ਹੋਰਾਂ ਨੇ ਪ੍ਰਭੂ ਪਿਆਰੇ ਦੇ ਦਰਸ਼ਨਾਂ ਲਈ ਤੜਪਦੀਆਂ ਰੂਹਾਂ ਇਕੱਠੀਆਂ ਕਰ ਲਈਆਂ ਤੇ ਖ਼ੂਬ ਕੀਰਤਨ ਸਮਾਗਮ ਅਰੰਭੇ। ਛੇਤੀ ਹੀ ਭਾਈ ਸਾਹਿਬ ਜੀ ਹੋਰਾਂ ਨੂੰ ਬੇਨਤੀ ਪੱਤਰ ਭੇਜ ਕੇ ਬੰਬਈ ਸਦਿਆ। ਉਹ ਵੀ ਇਹ ਜਾਣਦੇ ਸਨ ਕਿ ਸਾਡੇ ਇਹ ਪ੍ਰਦੇਸਾਂ ਅੰਦਰ, ਅਖ਼ੀਰਲੇ ਹੀ ਕੀਰਤਨ ਅਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਦੀਦਾਰ ਹਨ। ਬੇਅੰਤ ਸੰਗਤਾਂ ਸਮੇਤ ਸ੍ਰੀਮਾਨ ਜੀ ਇਥੇ ਪੁੱਜ ਗਏ ਤੇ ਪੱਕਾ ਉਤਾਰਾ ਬਜਾਜ ਟੈਕਸਟਾਈਲ ਮਿਲ ਭਾਂਡੂਪ ਵਿਚ ਹੋਇਆ। ਦਾਸ ਉਹਨਾਂ ਦਿਨਾਂ ਵਿਚ ਸਿਵਰੀ ਬੋਰੀ ਬਿਲਡਿੰਗ ਬੰਬਈ 15 ਵਿਖੇ ਜੀਵਨ ਦੀ ਯਾਤਰਾ ਦਾ ਸਫ਼ਰ ਤਹਿ ਕਰ ਰਹਿਆ ਸੀ। ਕੁਝ ਕੁ ਘਰੇਲੂ ਰੁਝੇਵੇਂ ਐਸੇ ਪੈ ਗਏ। ਜਿਸ ਉਡੀਕ ਵਾਸਤੇ ਦਰਸ਼ਨਾਂ ਵਾਸਤੇ ਘੋਰ ਤਪ ਤੇ ਅਰਦਾਸਾਂ ਕੀਤੀਆਂ, ਪਰ ਸਮਾਂ ਆਉਣ ਤੇ ਗੈਰ ਹਾਜ਼ਰ ਰਿਹਾ ਤੇ ਵੈਸੇ ਉਹਨਾਂ ਦਿਨਾਂ ਵਿਚ ਸਭ ਕੁਝ ਗੁਪਤ ਹੋ ਰਿਹਾ ਸੀ। ਆਪਣੇ ਆਪ ਨੂੰ ਲੁਕ-ਛੁਪਾ ਕੇ ਰੱਖਣ ਦਾ ਹੀ ਯਤਨ ਕਰੀ ਦਾ ਸੀ। ਮਹਾਰਾਜ ਬਾਣੀ ਅੰਦਰ ਫੁਰਮਾਨ ਕਰਦੇ ਹਨ ਜੀਵ ਦੀ ਜੈਸੀ ਮਨ ਦੀ ਮਨਸ਼ਾ ਹੋਵੇ ਉਹੋ ਜੇਹੀ ਦਸ਼ਾ ਭਾਵ ਹਾਲਤ ਹੋ ਜਾਂਦੀ ਹੈ। ਇਕ ਦਿਨ ਡਿਊਟੀ ਤੋਂ ਗੈਰ ਹਾਜ਼ਰ ਹੋ ਕੇ, ਨੌਕਰੀ ਦੀ ਪਰਵਾਹ ਨਾ ਕਰਦੇ, ਕੀਰਤਨ ਵਿਚ ਜਾਣ ਦਾ ਪੱਕਾ ਇਰਾਦਾ ਕੀਤਾ। ਉਸ ਦਿਨ ਕੀਰਤਨ ਖ਼ਾਲਸਾ ਸਭਾ ਮਟੂੰਗਾ ਬੰਬਈ ਵਿਖੇ ਸੀ। ਨਾਲ ਉਥੋਂ ਦੇ ਗੁਰਮੁਖਿ ਪਿਆਰੇ ਗ੍ਰੰਥੀ ਭਾਈ ਸਾਹਿਬ ਗੰਗਾ ਸਿੰਘ ਜੀ ਦਾਸ ਦੇ ਬਹੁਤ ਚਿਰਾਂ ਦੇ ਮਿੱਤਰ ਸਨ। ਉਹਨਾਂ ਵੀ ਕਿਹਾ ਕਿ ਅੱਜ



www.AKJ.Org

ਦਲਜੀਤ ਸਿੰਘ ਕੀਰਤਨ ਵਿਚ ਜ਼ਰੂਰ ਆਵਣਾਂ ਹੈ। ਜਦੋਂ ਕਰਤਾਰ ਨੇ ਬਿਧ ਜੋੜਨੀ ਹੋਵੇ ਪੂਰਨ-ਪੁਰਖ ਰਸਕ-ਬੈਰਾਗੀਆਂ ਦੇ ਦਰਸ਼ਨ ਬਖ਼ਸ਼ਣੇ ਹੋਵਣ ਤਾਂ ਬਹੁਤ ਰਾਹ ਕੱਢ ਕੇ, ਬਦੋ ਬਦੀ ਹੀ ਸਦ ਲੈਂਦਾ ਹੈ। ਦਾਸ ਕਮਲਿਆਂ ਵਾਂਗ ਘਰੋਂ ਪੈਦਲ ਹੀ ਹੋ ਤੁਰਿਆ ਤੇ ਪਹਿਲੋਂ ਸ਼ਿਵਾ ਜੀ ਪਾਰਕ ਸਮੁੰਦਰ ਦੇ ਕਿਨਾਰੇ ਜਾ ਕੇ ਕਾਦਰ ਦੀ ਕੁਦਰਤ ਤੇ ਭਾਈ ਸਾਹਿਬ ਜੀ ਦੇ ਸ਼ਾਖਸ਼ਾਤ, ਪਹਿਲੇ ਦਰਸ਼ਨ ਤੇ ਨੂਰੀ ਝਲਕਾਂ ਦੇ ਨਜ਼ਾਰੇ ਦਾ ਰੰਗ ਮਾਣਿਆ। ਇਥੇ ਪੁੱਜਦਿਆਂ ਪੁੱਜਦਿਆਂ ਵੀ ਦੁਪਹਿਰ ਆ ਪਹੁੰਚੀ। ਮਨ ਵਿਚ ਨੂਰੀ ਝਲਕਾਂ ਦੇ ਖਿਆਲ ਆਣ ਲੱਗ ਪਏ, ਬਸ ਫਿਰ ਕੀ ਸੀ, ਜੋੜਾ ਉਤਾਰਿਆ ਤੇ ਚਰਨ ਗੰਗਾ ਵਾਲੀ ਥਾਂ ਤੇ ਪੈਰ ਹੱਥ ਧੋਤੇ। ਕੀਰਤਨ ਉਪਰਲੀ ਛੱਤੇ ਹੋ ਰਿਹਾ ਸੀ, ਪਰ ਕੀਰਤਨ ਦੀਆਂ ਧੁਨੀਆਂ ਤੇ ਧਰਤ-ਅਕਾਸ਼ ਨੂੰ ਸਰਸ਼ਾਰ ਕਰੀ ਜਾਂਦੀਆਂ ਸਨ। ਸ਼ਬਦ ਪੜ੍ਹਿਆ ਜਾ ਰਿਹਾ ਸੀ (**ਸਾਧ ਸੰਗਤਿ ਅਸਥਾਨੁ ਜਗਮਗ ਨੂਰ ਹੈ**) ਦਾਸਰਾ ਦਰਵਾਜ਼ੇ ਵਿਚ ਪੁੱਜਾ ਹੀ ਸੀ ਕਿ ਇਕ ਦਮ ਪਿਛਲੀ ਦੁਨੀਆਂ ਇਉਂ ਜਾਪੀ, ਜਿਵੇਂ ਉਪਰਲੀ ਛੱਤੋਂ ਉਪਰ ਚਲੀ ਗਈ ਹੋਵੇ ਤੇ ਫਰਸ਼ ਥੱਲੇ ਪਤਾਲ ਵਿਚ। ਦਾਸਰਾ ਸਚਮੁਚ ਹੀ ਸਾਧ ਸੰਗ ਸਚਖੰਡ ਵਿਚ ਪੁਜ ਚੁੱਕਾ ਸੀ। ਉਹ ਦਰ, ਜਿਸ ਦਰ ਕਾਰਨ ਹਉਂ ਰਾਤ ਦਿਨ, ਉਦਾਸ ਤੇ ਪਪੀਹੇ ਵਾਂਗ ਕਰਲਾਂਦੇ, ਮਛਲੀ ਵਾਂਗ ਤੜਫ ਤੜਫ ਉਡੀਕ ਵਿਚ ਫਿਰਦਾ ਸਾਂ, ਸੋ ਮਿਲ ਗਿਆ, ਮਿਲਿਆ ਵੀ ਕੇਹਾ, ਵਾਹ ਵਾਹ 'ਕਹਿਬੇ ਕੋ ਸੋਭਾਂ ਨਹੀ ਦੇਖਾ ਹੀ ਪਰਵਾਨ' ਹੈ। ਸਾਹਮਣੀ ਦੀਵਾਰ ਦੇ ਉਤੇ ਨੂਰੀ ਝਲਕਾਂ ਦਾ ਨੂਰ ਟਪਕਦਾ ਨਜ਼ਰੀਂ ਪਿਆ। ਦਾਸ ਨੇ ਸਮਝ ਲਿਆ ਕਿ ਸ਼ਾਇਦ ਮੈਂ ਬਾਹਰੋਂ ਧੁਪ ਵਿਚੋਂ ਆਇਆ ਹਾਂ ਇਸ ਕਰਕੇ ਕੋਈ ਝੌਲਾ ਪੈ ਰਿਹਾ ਹੈ, ਪਰ ਨਹੀਂ ਇਹ ਝੌਲਾ ਨਹੀਂ, ਇਹ ਤੇ ਪ੍ਰਤੱਖ ਸੀ। ਪਾਏਦਾਨ ਤੇ ਪੈਰ ਪੂੰਝ ਕੇ ਜਦੋਂ ਖੱਬੇ ਪਾਸੇ ਵੱਲ ਮੂੰਹ ਮੋੜਿਆ ਤਾਂ ਸਤਿਗੁਰੂ ਜੀ ਦੀਆਂ ਬੀੜਾਂ ਬਹੁਤ ਸੁੰਦਰ ਪਾਲਕੀ ਅੰਦਰ ਦੀਦਾਰੇ ਬਖਸ਼ ਰਹੀਆਂ ਸਨ। ਅਜੇ ਅੱਖਾਂ, ਕੋਈ ਪਤਾ ਕਰਨ ਲੱਗੀਆਂ ਹੀ ਸਨ ਕਿ ਸੱਜੇ ਪਾਸੇ ਬੈਠੀਆਂ ਸੰਗਤਾਂ ਦੇ ਚਿਹਰਦਿਆਂ ਵੱਲ ਤੱਕਿਆ। ਕਿਆ ਅਚਰਜ ਖੇਲ ਵਰਤੀ। ਸਾਰੇ ਹੀ ਸਰੋਤਾਂ ਜਨਾਂ ਦੇ ਮੁਖੜਿਆਂ 'ਤੇ ਇਲਾਹੀ ਨੂਰ ਸੀ। ਪਰ ਜਦੋਂ ਅਗੇ ਜਾ ਕੇ ਸਤਿਗੁਰੂ ਸਚੇ ਪਾਤਸ਼ਾਹ ਅਰਸ਼ਾਂ-ਕੁਰਸ਼ਾਂ ਦੇ ਮਾਲਕ ਨੂੰ ਮੱਥਾ ਟੇਕ ਦਾਸ ਦੀ ਨਿਗਾਹ ਗੁਰੂ ਕੇ ਢਾਡੀਆਂ ਮਰ-ਜੀਵੜੇ ਗੁਰਸਿਖਾਂ ਦੇ ਚਿਹਰਿਆਂ ਤੇ ਪਈ। ਉਥੇ ਦੀਆਂ ਕਿਰਣਾਂ ਏਡੀਆਂ ਤੇਜਮਈ ਸਨ ਕਿ ਲਖ ਲਖ ਚੰਦ ਸੂਰਜਾਂ ਨੂੰ ਹੇਚ ਕਰਨ ਵਾਲੀਆਂ ਤੇ ਫਿਰ ਜਦੋਂ ਧਰਮ ਮੂਰਤੀ, ਬੀਰ ਬਾਂਕੇ, ਸਿੰਘ ਸਾਹਿਬ, ਕਹਿਣੀ ਕਰਨੀ ਦੇ ਪੂਰੇ ਗੁਰਮੁਖਿ ਪਿਆਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰਾਂ ਵਲ ਅੱਖਾਂ ਗਈਆਂ। ਆਪ ਜੀ ਬੈਰਾਗਣ ਉਪਰ ਠੋਡੀ ਰੱਖੀ, ਐਸੇ ਨਾਮ ਨਿਰੰਜਨ ਵਿਚ ਮਸਤ ਹੋ, ਅਗੰਮ ਅਟਾਰੇ, ਦਸਮ ਦੁਆਰਿਆਂ ਦੀਆਂ ਅਗੰਮੀ ਦਾਤਾਂ ਬਖਸ਼ਿਸ਼ਾਂ ਦੇ ਪਾਤਰ ਬਣ, ਕੰਤ ਕਰਤਾਰ ਨੂੰ ਰੀਝਾਉਣ ਲਈ ਆਤਮ ਤਰੰਗੀ ਲਹਿਰਾਂ ਵਿਚ ਉਲਟੀ ਨਾਵ ਦੀਆਂ ਤਾਰੀਆਂ ਲਾ ਕੇ ਕਈਆਂ ਡੁਬਦਿਆਂ ਨੂੰ ਪਾਰ ਕਰ ਕਰ, "ਜੋ ਆਪਿ ਜਪੈ ਅਵਰਹ ਨਾਮੁ ਜਪਾਵੈ" ਦੇ ਹੁਕਮ ਦੀ ਕਾਰ ਵਿਚ ਜੁਟੇ ਹੋਏ ਸਨ। ਇਹ ਪਹਿਲੇ ਦਰਸ਼ਨਾਂ ਦੀ ਝਲਕ ਨੇ ਇਸ ਪਾਪੀ ਜੀਵੜੇ ਦਾ ਮਨ ਸਦਾ ਲਈ ਮੋਹ ਲਿਆ।

*(ਸੂਰਾ ਮਾਸਿਕ ਪੱਤਰ, ਅਪ੍ਰੈਲ 1969 ਵਿਚੋਂ ਧੰਨਵਾਦ ਸਹਿਤ)*

***



www.AKJ.Org

# ਮੇਰੇ ਪਿਆਰੇ ਦੀਆਂ ਅਭੁਲ ਯਾਦਾਂ ।
# ਪਿਆਰੇ ਸਾਜਨ ਦੀਆਂ ਅਭੁਲ ਯਾਦਾਂ ।

**ਭਾਈ ਬਹਾਦਰ ਸਿੰਘ ਜੀ ਮਲੋਆ**

**ਨੋਟ**:- (ਭਾਈ ਬਹਾਦਰ ਸਿੰਘ ਜੀ, ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀਆਂ ਵਿਚੋਂ ਇਕ ਹਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਕਾਫੀ ਸਮਾਂ ਭਾਈ ਸਾਹਿਬ ਦੀ ਸੰਗਤ ਵਿਚ ਗੁਜ਼ਾਰਿਆ ਹੈ ਅਤੇ ਚੜ੍ਹਦੀ ਕਲਾਂ ਵਾਲੇ ਅਨਿਕ ਪ੍ਰਕਾਰੀ ਕੌਤਕ ਆਪਣੀ ਅੱਖੀਂ ਦੇਖੇ ਅਤੇ ਮਾਣੇ ਹਨ। ਅਜੋਕੇ ਹਾਲਤਾਂ ਦੀ ਤੜਪ ਮਹਿਸੂਸਦਿਆਂ ਭਾਈ ਸਾਹਿਬ ਨੇ ਭਾਈ ਰਣਧੀਰ ਸਿੰਘ ਜੀ ਨਾਲ ਬਿਤਾਏ ਕੁਝ ਪਲਾਂ ਦੀਆਂ ਯਾਦਾਂ ਨੂੰ ਕਲਮਬੱਧ ਕੀਤਾ ਹੈ ਜੋ ਕਿ ਸੂਰਾ ਮਾਸਿਕ ਪੱਤਰ ਜੂਨ ਅਤੇ ਜੁਲਾਈ 1999 ਦੇ ਅੰਕਾਂ ਵਿਚ ਛਪੀਆਂ ਸਨ।-ਸੰਪਾਦਕ

ਦਾਸ ਲੁਧਿਆਣੇ ਆਪਣੀ ਨੌਕਰੀ ਵੇਲੇ ਛੋਟੇ ਮਾਡਲ ਟਾਊਨ ਰਹਿੰਦਾ ਸੀ। ਉਥੇ ਹੀ ਭਾਈ ਦਿਆਲ ਸਿੰਘ ਜੀ, ਬੀਬੀ ਸੁਖਦੇਵ ਕੌਰ ਜੀ ਅਤੇ ਸਰਬਲੋਹੀ ਸਿੰਘ ਭਾਈ ਈਸ਼ਰ ਸਿੰਘ ਜੀ ਵੀ ਰਹਿੰਦੇ ਸਨ। ਹੋਰ ਵੀ ਕਈ ਸਿੰਘ ਰਹਿੰਦੇ ਸਨ। ਕਾਫ਼ੀ ਸਮਾਂ, ਸਭ ਸਿੰਘਾਂ ਨੇ ਬਹੁਤ ਹੀ ਤੜਕਸਾਰ 1-2 ਵਜੇ ਹੀ ਇਸ਼ਨਾਨ ਪਾਣੀ ਸੋਧ ਕੇ ਗੁਰਦੁਆਰੇ ਸਾਹਿਬ ਰੱਜ-ਰੱਜ ਕੇ ਗੁਰਮਤਿ ਨਾਮ ਦੇ ਖੰਡੇ ਖੜਕਾਉਣੇ, ਫ਼ੇਰ ਨਿਤਨੇਮ ਦੇ ਅਨੰਦ ਮਾਨਣੇ।

ਇਕ ਦਿਨ ਭਾਈ ਈਸ਼ਰ ਸਿੰਘ ਜੀ ਦਾਸ ਨੂੰ ਕੋਠੀ ਨੰ. 79 ਮਾਡਲ ਟਾਊਨ ਲੈ ਕੇ ਗਏ ਅਤੇ ਪ੍ਰੇਰਨਾ ਦਿੱਤੀ ਕਿ ਏਥੇ ਵੀ ਆ ਕੇ, ਗੁਰਬਾਣੀ ਦੇ ਨਿਤਨੇਮ ਦੇ ਅਨੰਦ ਮਾਨਣ ਲਈ ਆ ਜਾਇਆ ਕਰੋ। ਬਸ ਫੇਰ ਕੀ ਸੀ, ਦਾਸ ਨੇ ਉਥੇ ਹੀ ਜਾਣਾ ਸ਼ੁਰੂ ਕਰ ਦਿੱਤਾ। ਹਰ ਰੋਜ਼ ਦੀ ਤਰ੍ਹਾਂ ਗੁਰਬਾਣੀ ਦੇ ਪਾਠ ਦੋ-ਢਾਈ ਵਜੇ ਹੀ ਅਰੰਭ ਹੋ ਜਾਂਦੇ ਸੀ। ਜਦੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਸਰੀਰਕ ਤੌਰ 'ਤੇ ਬਹੁਤ ਬਿਰਧ ਅਵਸਥਾ ਵਿਚ ਹੋ ਗਏ ਤਾਂ ਉਸ ਵੇਲੇ ਅੰਮ੍ਰਿਤ ਵੇਲੇ ਭਾਈ ਬਾਵਾ ਸਿੰਘ ਜੀ ਅਤੇ ਭਾਈ ਸੰਤਾ ਸਿੰਘ ਜੀ ਉਨ੍ਹਾਂ ਨੂੰ ਇਸ਼ਨਾਨ ਕਰਵਾਇਆ ਕਰਦੇ ਸਨ। ਹਰ ਰੋਜ਼ ਦੀ ਤਰ੍ਹਾਂ ਮੇਰੀ ਪਹਿਲਾਂ ਦੀ ਹੀ ਤਰ੍ਹਾਂ ਡਿਊਟੀ ਲੱਗੀ ਹੁੰਦੀ ਸੀ, ਪੰਜ ਬਾਣੀਆਂ ਨਿਤਨੇਮ ਸੁਣਾਉਣ ਦੀ।

ਇਕ ਦਿਨ ਦਾਸ ਹੱਬੜਵਾਇਆ ਉਠਿਆ। ਸੋਚਿਆ ਅੰਮ੍ਰਿਤ ਵੇਲਾ ਲੰਘ ਗਿਆ ਹੈ। ਘੜੀ ਵੇਖੀ, ਇਕ ਵੱਜ ਗਿਆ ਸੀ। ਬਸ ਕਾਹਲੀ ਕਾਹਲੀ ਤੁਰਤ ਫੁਰਤੀ ਮਦਾਨ ਜਾ ਕੇ ਦਾਤਨ ਕੁਰਲੀ ਕੀਤੀ, ਇਸ਼ਨਾਨ ਸੋਧ, ਭੱਜ ਕੇ 79 ਨੰਬਰ ਕੋਠੀ ਜਾ ਪੁੱਜਿਆ। ਭਾਈ ਬਾਵਾ ਸਿੰਘ ਜੀ ਅਤੇ ਭਾਈ ਸੰਤਾ ਸਿੰਘ ਜੀ ਭਾਈ ਸਾਹਿਬ ਜੀ ਨੂੰ ਕਮਰੇ ਵਿਚੋਂ



www.AKJ.Org

ਲਿਆ ਕੇ, ਇਸ਼ਨਾਨ ਕਰਨ ਦੀ ਤਿਆਰੀ ਹੀ ਕਰ ਰਹੇ ਸਨ। ਭਾਈ ਬਾਵਾ ਸਿੰਘ ਜੀ ਬੋਲੇ, ਠੀਕ ਹੈ, ਤੁਸੀਂ ਵੀ ਵੇਲਾ ਸੰਭਾਲ ਹੀ ਲਿਆ। ਬਸ ਫੇਰ ਕੀ ਸੀ। ਨਿਤਨੇਮ (ਪੰਜ ਬਾਣੀਆਂ ਦਾਸ ਨੇ, ਸੁਖਮਨੀ ਸਾਹਿਬ ਭਾਈ ਉੱਤਮ ਸਿੰਘ ਜੀ ਨੇ, ਬਾਰਾਂ ਮਾਹਾਂ ਤੁਖਾਰੀ ਮਹਲਾ ੧ ਅਤੇ ਸੁਖਮਨਾ ਸਾਹਿਬ ਭਾਈ ਬਾਵਾ ਸਿੰਘ ਜੀ ਨੇ) ਸੁਣਾਇਆ। ਇਨ੍ਹਾਂ ਸਾਰੀਆਂ ਬਾਣੀਆਂ ਦਾ ਪਾਠ ਹਰ ਰੋਜ਼ ਢਾਈ ਵਜੇ ਤੋਂ ਸਾਢੇ ਪੰਜ ਵਜੇ ਤੱਕ ਹੋ ਜਾਂਦਾ ਸੀ। ਫੇਰ ਹਰ ਰੋਜ਼ ਦੀ ਤਰ੍ਹਾਂ ਦੂਜੇ ਕਮਰੇ ਵਿਚ, ਜਿੱਥੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ, ਹੁਕਮਨਾਮਾ ਸੁਣਨ ਲਈ, ਅਸੀਂ ਸਭ ਉਥੇ ਪੁੱਜ ਗਏ। ਜਾ ਕੇ ਬੈਠੇ ਹੀ ਸੀ ਕਿ ਡਾਕਟਰ ਦਰਸ਼ਨ ਸਿੰਘ ਜੀ, ਜੋ ਖੇਤੀਬਾੜੀ ਕਾਲਜ ਵਿਚ ਪ੍ਰੋਫੈਸਰ ਸਨ, ਪੁੱਜ ਗਏ। ਭਾਈ ਸਾਹਿਬ ਨੇ ਗਰਜਵੀਂ ਆਵਾਜ਼ ਵਿਚ ਆਖਿਆ, "ਆ ਜਾਉ। ਸੁਣਾਓ ਕੀਰਤਨ।" ਪ੍ਰੋਫੈਸਰ ਦਰਸਨ ਸਿੰਘ ਜੀ ਨੇ ਵਾਜਾ ਲਿਆ ਅਤੇ ਹਿਰਦੇ ਵੇਧਕ ਗੁਰਬਾਣੀ ਦੇ ਤੀਰ ਛੱਡਣ ਲਗੇ। ਭਾਈ ਸਾਹਿਬ, ਉਨ੍ਹਾਂ ਦੇ ਪਿਛੇ ਹੀ ਵਾਜੇ ਲਾਗੇ ਬੈਠੇ, ਕੀਰਤਨ ਵਿਚ ਮਸਤੁਲ ਮਸਤ ਹੋਏ, ਲੱਗੇ ਦੋ ਮੋਟੇ ਮੋਟੇ ਸਰਬਲੋਹ ਦੇ ਕੜੇ ਵਜਾਉਣ। ਇਤਨੇ ਨੂੰ ਇਕ ਹੋਰ ਗੁਰਮੁਖ ਪਿਆਰਾ, ਸਫੇਦ ਚਿੱਟੀ ਦਸਤਾਰ ਘੋਟ ਘੋਟ ਕੇ ਬੰਨ੍ਹੀ ਹੋਈ, ਭਾਈ ਸਾਹਿਬ ਦੇ ਲਾਗੇ ਆ ਕੇ ਬੈਠ ਗਿਆ। ਲੱਗਾ ਭਾਈ ਸਾਹਿਬ ਨੂੰ ਆਖਣ, "ਮੈਂ ਵੀ ਇਕ ਸ਼ਬਦ ਪੜ੍ਹਨਾ ਹੈ।" ਭਾਈ ਸਾਹਿਬ ਨੇ ਆਖਿਆ, "ਪੜ੍ਹ ਲਈ"। ਉਹ ਫੇਰ ਆਖੀ ਜਾਵੇ 'ਮੈਂ ਵੀ ਇਕ ਸ਼ਬਦ ਪੜ੍ਹਨਾ ਹੈ।' ਭਾਈ ਸਾਹਿਬ ਨੇ ਫ਼ੇਰ ਆਖਿਆ "ਓਏ ਪੜ੍ਹ ਲਵੀਂ।" ਮੈਂ ਵੀ ਇਕ ਸ਼ਬਦ ਪੜ੍ਹਨਾ। ਮੈਂ ਵੀ ਇਕ ਸ਼ਬਦ ਪੜ੍ਹਨਾ ਹੈ, ਉਸ ਨੇ ਰੱਟ ਲਾਈ ਹੀ ਰੱਖੀ। ਪ੍ਰੋਫੈਸਰ ਸਾਹਿਬ ਨੇ ਦੋ ਤਿੰਨ ਸ਼ਬਦ ਪੜ੍ਹੇ। ਪ੍ਰੋਫੈਸਰ ਸਾਹਿਬ ਨੇ ਵੀ ਉਸ ਦੀ ਗੱਲ ਸੁਣ ਲਈ ਸੀ। ਪ੍ਰੋਫੈਸਰ ਸਾਹਿਬ ਨੇ ਆਪਣੇ ਆਪ ਹੀ ਕੀਰਤਨ ਦੀ ਸਮਾਪਤੀ ਕਰ ਦਿੱਤੀ। ਭਾਈ ਸਾਹਿਬ ਨੇ ਉਸ ਨੂੰ ਆਖਿਆ, "ਆ ਜਾ, ਤੂੰ ਵੀ ਸ਼ਬਦ ਪੜ੍ਹ ਲੈ।" ਉਸ ਰਾਗੀ ਨੇ ਸ਼ਬਦ ਪੜ੍ਹਨ ਤੋਂ ਪਹਿਲਾਂ, ਕਾਫ਼ੀ ਚਿਰ ਆਪਣਾ ਰਾਗ ਕੱਢਣਾ ਸ਼ੁਰੂ ਕੀਤਾ, ਲੱਗਾ ਬੋਲਣ "ਆ–ਆ–ਆ" ਫ਼ੇਰ ਰਾਗ ਵਿਚ ਅਨੰਦ ਸਾਹਿਬ ਦੀ ਪਉੜੀ–**'ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥'** ਸ਼ੁਰੂ ਕੀਤਾ।

ਭਾਈ ਸਾਹਿਬ ਨੇ ਗਰਜਵੀਂ ਆਵਾਜ਼ ਵਿਚ ਆਖਿਆ 'ਓਏ ਸੁਣਿਆ, ਆਉਂਦਾ, ਦੇਖਿਆ ਆਉਂਦਾ" ਬੱਸ ਭਾਈ ਸਾਹਿਬ ਜੀ ਦਾ ਬੋਲ ਸੁਣ ਕੇ ਉਸ ਰਾਗੀ ਦੇ ਹੱਥ ਕੰਬਣ ਲੱਗੇ ਅਤੇ ਵਾਜਾ ਛੱਡ ਦਿੱਤਾ। ਭਾਈ ਸਾਹਿਬ ਨੇ ਫੇਰ ਆਖਿਆ। "ਚਲ ਕੋਈ ਗੱਲ ਨਹੀਂ, ਸ਼ਬਦ ਪੂਰਾ ਕਰ ਲੈ।" ਉਸ ਵਿਚਾਰੇ ਰਾਗੀ ਨੇ ਕਾਹਲੀ–ਕਾਹਲੀ ਵਿਚ ਪਉੜੀ ਪੂਰੀ ਕੀਤੀ। ਗੁਰਮੁਖ ਪਿਆਰਿਓ ! ਕੀਰਤਨ ਵਿਚ ਨਿਰਾ ਰਾਗ ਕਿਸੇ ਕੰਮ ਦਾ ਨਹੀਂ ਜੇਕਰ ਇਸ ਰਾਗ ਵਿਚ ਰਸ ਅਤੇ ਵੈਰਾਗ ਨਹੀਂ। ਵੈਰਾਗ ਤਦ ਆਵੇਗਾ, ਜੇਕਰ ਸ਼ਬਦ ਦੀ ਇਕ-ਇਕ ਤੁਕ ਸਾਡੇ ਮਨ ਤਨ ਨੂੰ ਤੀਰ ਵਾਂਗੂ ਵਿਨ੍ਹ ਦੇਵੇ। ਜੇਕਰ ਸ਼ਬਦ ਦੀ ਇਕ ਤੁਕ ਵੀ ਸਾਨੂੰ ਭਾਅ ਜਾਵੇ, ਅਸੀਂ ਉਸ ਸਬਦ ਨੂੰ ਇਕ ਵਾਰੀ ਨਹੀਂ, ਵਾਰ-ਵਾਰ, ਹਜ਼ਾਰ ਵਾਰ ਪੜ੍ਹਾਂਗੇ। ਗੁਰਬਾਣੀ ਗੁਰਸਿਖਾਂ ਦਾ 'ਸਾਹਿਬ' ਹੈ ਅਤੇ 'ਸਾਹਿਬੁ ਮੇਰਾ ਨੀਤ ਨਵਾ' ਹੈ।

*(ਸੂਰਾ ਮਾਸਿਕ ਪੱਤਰ, ਜੂਨ ੧੯੯੯ ਵਿੱਚੋਂ, ਧੰਨਵਾਦ ਸਹਿਤ)*

***



www.AKJ.Org

# ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ

ਦਾਸ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਾਲ 1954 ਤੋਂ ਹੀ ਵਿਚਰਦਾ ਰਿਹਾ। ਬੱਸ ਜੋ ਅਨੰਦ ਉਨ੍ਹਾਂ ਨਾਲ ਅੰਮ੍ਰਿਤ ਵੇਲੇ ਦੇ ਨਿੱਤ ਨੇਮ, ਦਿਵਸੁ ਸੁਹੇਲੇ ਕੀਰਤਨ, ਰੈਣ ਸਬਾਈ ਕੀਰਤਨ ਅਤੇ ਲੰਗਰ ਦੀ ਸੇਵਾ ਦੇ ਆਨੰਦ ਮਾਣੇ ਹਨ, ਉਹ ਅਕੱਥ ਹਨ।

ਭਾਈ ਸਾਹਿਬ ਕੋਠੀ ਨੰ: 79 ਵਿੱਚ ਮਾਡਲ ਟਾਊਨ ਲੁਧਿਆਣੇ ਵਿੱਚ ਰਹਿੰਦੇ ਸਨ। ਉਨ੍ਹਾਂ ਦੇ ਨਾਲ ਭਾਈ ਬਾਵਾ ਸਿੰਘ ਜੀ, ਭਾਈ ਉੱਤਮ ਸਿੰਘ ਜੀ, ਭਾਈ ਅਮਰੀਕ ਸਿੰਘ ਜੀ ਅਤੇ ਭਾਈ ਸਾਹਿਬ ਈਸ਼ਰ ਸਿੰਘ ਜੀ ਸਰਬਲੋਹੀ, ਭਾਈ ਸੰਤਾ ਸਿੰਘ ਜੀ ਅਤੇ ਭਾਈ ਜਾਨ ਸੁਖਾਲਾ ਜੀ ਦਾ ਮੈਨੂੰ ਪੂਰਾ ਨਾਮ, ਨਾ ਤਾਂ ਉਸ ਵੇਲੇ ਵੀ ਪਤਾ ਸੀ ਅਤੇ ਨਾ ਹੀ ਹੁਣ ਮੈਨੂੰ ਪਤਾ ਹੈ (ਉਨ੍ਹਾਂ ਦਾ ਨਾਮ ਭਾਈ ਹਰਿਕਿਸ਼ਨ ਸਿੰਘ ਜੀ ਸੀ) ਹੁੰਦੇ ਸਨ। ਨਿਤਨੇਮ ਠੀਕ ਢਾਈ ਵਜੇ ਸ਼ੁਰੂ ਹੋ ਜਾਂਦਾ ਸੀ। ਭਾਈ ਸਾਹਿਬ ਨੇ ਆਖਣਾ ਕਿ ਜੋ ਗੁਰਬਾਣੀ ਸੁਣਾਉਣ ਵਾਲਾ ਆਵੇ, ਉਨ੍ਹਾਂ ਦੇ ਸਰਹਾਣੇ ਬੈਠੇ। ਅਸਾਂ ਆਖਣਾ ਬਾਪੂ ਜੀ, ਅਸੀਂ ਆਪ ਦੇ ਸਰਹਾਣੇ ਨਹੀਂ ਬੈਠ ਸਕਦੇ। ਅਸੀਂ ਤੇ ਪੈਂਦੇ ਹੀ ਬੈਠਣਾ ਹੈ। ਅੱਛਾ ਫਿਰ ਭਾਈ ਸਾਹਿਬ ਨੇ ਆਖਣਾ, ਲਿਆਓ ਇਕ ਮੋਟਾ ਖੇਸ ਜਾਂ ਕੰਬਲ। ਇਸ ਨੂੰ ਚੌਹਰਾ ਕਰੋ ਅਤੇ ਹੋਰ ਮੋੜੋ, ਰੱਖੋ ਇਧਰ, ਸੁਣਾਓ ਨਿਤਨੇਮ, ਗੁਰਬਾਣੀ। ਭਾਵ ਪੈਂਦ ਵਾਲੇ ਪਾਸੇ ਵੀ ਗੁਰਬਾਣੀ ਸੁਣਾਉਣ ਵਾਲੇ ਨੂੰ ਇਕ ਗੱਦਾ ਬਣਾ ਕੇ ਬਿਠਾਉਣਾ ਅਤੇ ਆਪ ਬਿਸਤਰ ਵਾਲੀ ਚਾਦਰ 'ਤੇ ਹੀ ਬੈਠਣਾ। ਦਾਸ ਨੇ ਨਿਤਨੇਮ ਸੁਣਾਉਣਾ (ਪੰਜ ਬਾਣੀਆਂ) ਫੇਰ ਭਾਈ ਸਾਹਿਬ ਉੱਤਮ ਸਿੰਘ ਜੀ ਨੇ ਸੁਖਮਨੀ ਸਾਹਿਬ, ਫੇਰ ਭਾਈ ਬਾਵਾ ਸਿੰਘ ਜੀ ਨੇ ਰਾਗ ਤੁਖਾਰੀ ਬਾਰਾਂ ਮਾਹਾਂ ਅਤੇ ਸੁਖਮਨਾ ਸਾਹਿਬ। ਉਪਰੰਤ ਇੱਕ ਦੂਜੇ ਕਮਰੇ ਵਿੱਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਉੱਥੇ ਜਾ ਕੇ ਕੁਝ ਸਮਾਂ ਕੀਰਤਣ ਹੋਣ ਉਪਰੰਤ ਹੁਕਮਨਾਮਾ ਸੁਣਕੇ ਫਿਰ ਭਾਈ ਸਾਹਿਬ ਨੇ ਇਕੋ ਸਰਬ ਲੋਹ ਦਾ ਬਣਿਆ ਹੋਇਆ, ਪ੍ਰਸ਼ਾਦਾ ਛਕਣਾ।

ਬਸ ਮੁਕਦੀ ਗੱਲ ਕਿ ਸਿੰਘਾਂ ਵਿੱਚ ਇਤਨਾਂ ਪਿਆਰ ਸੀ ਕਿ ਜਦੋਂ ਵੀ ਕਿਸੇ ਨੂੰ ਤਿਆਰ-ਬਰ-ਤਿਆਰ ਸਿੰਘ ਦੇ ਦਰਸ਼ਨ ਹੁੰਦੇ, ਭੱਜ-ਭੱਜ ਕੇ ਗਲਵੱਕੜੀ ਪਾਉਣੀ ਅਤੇ ਗੁਪਤ ਨਾਮ ਦੇ ਅਮੀਉ ਰਸ ਨੂੰ ਚੱਖ ਕੇ, ਰੱਜ-ਰੱਜ ਕੇ ਖੰਡੇ ਖੜਕਾਉਣੇ। ਗਲਵਕੜੀਆਂ ਛੱਡਣੀਆਂ ਹੀ ਨਹੀਂ।

1966 ਵਿੱਚ ਜਦੋਂ ਸਿੰਘਾਂ ਵੱਲੋਂ ਸੂਰਾ ਛਾਪਣ ਦਾ ਪ੍ਰੋਗਰਾਮ ਹੋਇਆ ਉਸ ਵੇਲੇ ਦਾਸ ਲੁਧਿਆਣੇ ਵਿੱਚ ਹੀ ਸੀ। ਸਮਾਗਮ ਤੋਂ ਬਾਅਦ ਕੁਝ ਸਿੰਘ ਗੁਰਦੁਆਰੇ ਸਾਹਿਬ ਵਿੱਚ ਬੈਠ ਕੇ ਵਿਚਾਰ ਕਰਨ ਲੱਗੇ ਕਿ ਅਖੰਡ ਕੀਰਤਨੀ ਜੱਥੇ ਵੱਲੋਂ ਵੀ ਕੋਈ ਪਰਚਾ ਨਿਰੋਲ ਧਾਰਮਿਕ ਵਿਚਾਰਾਂ ਨੂੰ ਮੁੱਖ ਰੱਖ ਕੇ ਛਾਪਣਾ ਚਾਹੀਦਾ ਹੈ। ਮੀਟਿੰਗ ਵਿੱਚ ਦਾਸ ਵੀ ਹਾਜ਼ਰ ਸੀ। ਵਿਚਾਰ ਹੋਈ ਕਿ ਪਰਚੇ ਦਾ ਕੀ ਨਾਮ ਰੱਖਿਆ ਜਾਵੇ। ਦਾਸ ਨੇ ਬੇਨਤੀ ਕੀਤੀ ਕਿ ਪਹਿਲਾਂ ਸਤਿਗੁਰੂ ਅੱਗੇ ਅਰਦਾਸ ਕੀਤੀ ਜਾਵੇ, ਫੇਰ ਹੁਕਮਨਾਮਾ ਲਿਆ ਜਾਵੇ। ਹੁਕਮਨਾਮੇ ਵਿਚੋਂ ਹੀ ਕੋਈ ਅੱਖਰ ਲੈ ਕੇ ਪਰਚੇ ਦਾ ਨਾਮ ਰੱਖਿਆ ਜਾਵੇ। ਸੋ ਇੰਜ ਹੀ ਹੋਇਆ। ਅਰਦਾਸ ਤੋਂ ਬਾਅਦ ਹੁਕਮਨਾਮਾ ਲਿਆ ਗਿਆ। ਹੁਕਮਨਾਮਾ ਸੀ—



www.AKJ.Org

**ਧਨਾਸਰੀ ਮਹਲਾ ੫ ॥**
**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**

*(ਪੰਨਾ : 679)*

ਬਸ ਸਿੰਘਾਂ ਨੇ ਵਿਚਾਰ ਕੀਤੀ ਕਿ ਸੂਰਾ ਜਾਂ ਸੂਰਮਾ ਤੇ ਉਹੀ ਹੈ, ਜਿਸ ਨੂੰ ਗੁਰਮਤਿ ਨਾਮ ਦਾ ਰੰਗ ਲੱਗ ਜਾਵੇ। ਨਾਮ ਸਿਮਰਨ ਤੋਂ ਬਿਨਾਂ ਤੇ ਸੂਰਮਾ (ਸੂਰਾ) ਹੋ ਹੀ ਨਹੀਂ ਸਕਦਾ। ਬੱਸ ਪਰਚੇ ਦਾ ਨਾਂ 'ਸੂਰਾ' ਹੀ ਰੱਖਿਆ ਗਿਆ।

ਸੋ ਇਹ ਹੈ ਸੂਰਾ ਪੱਤਰ ਸ਼ੁਰੂ ਹੋਣ ਦੀ ਵਿਥਿਆ, ਜੋ ਸੱਚੇ ਪਾਤਸ਼ਾਹ ਨੇ ਆਪ ਵਿੱਚ ਵਰਤ ਕੇ ਸ਼ੁਰੂ ਕਰਵਾਈ ਤੇ ਬਹੁਤ ਲੰਬੇ ਸਮੇਂ ਲਈ ਆਪਣੀ ਮਿਹਰ ਨਾਲ ਆਪ ਹੀ ਇਸ ਨੂੰ ਚਲਾਇਆ ਪਰ ਜਥੇ ਵਿਚ ਪਈ ਵਿਖੇਪਤਾ ਕਾਰਨ ਹੁਣ ਇਹ ਕਾਫੀ ਚਿਰ ਤੋਂ ਬੰਦ ਪਿਆ ਹੈ।

*(ਸੂਰਾ ਮਾਸਿਕ ਪੱਤਰ, ਜੁਲਾਈ 1999 ਵਿਚੋਂ ਧੰਨਵਾਦ ਸਹਿਤ)*

***



www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਅਧਿਆਤਮਕ ਜੀਵਨ

**ਡਾ. ਤ੍ਰਿਲੋਚਨ ਸਿੰਘ ਜੀ**

**ਬਿਰਹਨੀ ਬਨਿਤਾ ਕਉ ਜੈਸੇ ਭਰਤਾਰੁ ਮਿਲੈ**
**ਪ੍ਰੇਮ ਰਸ ਕੈ ਹਰਤ ਬਿਰਹ ਬਿਓਗ ਕਉ ॥**
**ਤੈਸੇ ਹੀ ਬਿਬੇਕੀ ਜਨ ਪਰਉਪਕਾਰ ਹੇਤ**
**ਮਿਲਤ ਸਲਿਲ ਗਤਿ ਸਹਜ ਸੰਜੋਗ ਕਉ ॥**

*(ਵਾਰ ਭਾਈ ਗੁਰਦਾਸ ਜੀ)*

## ਇਸ਼ਕ ਮਜਾਜ਼ੀ

ਅਕਾਲ ਪੁਰਖ ਨੇ ਇਸ਼ਕ ਦਾ ਬਿਰਹੀ ਦੀਪਕ ਜਨਮ ਤੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਕੋਮਲ ਹਿਰਦੇ ਵਿਚ ਜਗ੍ਹਾ ਦਿੱਤਾ ਸੀ। ਇਸ ਪਿਆਰ ਬਿਰਹੇ ਦੀ ਦੀਵਾਨਗੀ ਛੋਟੀ ਉਮਰ ਵਿਚ ਹੀ ਕਈ ਰੂਪਾਂ ਵਿਚ ਪ੍ਰਗਟ ਹੋਣ ਲੱਗੀ :

ਆਪ ਨੇ ਇਕ ਵਾਰ ਦਸਿਆ ਕਿ ਨਾਭੇ, ਮਹਾਰਾਜੇ ਦੇ ਬਾਗ ਵਿਚ ਬੜੇ ਚੰਗੇ ਫੁੱਲ ਲੱਗੇ ਹੋਏ ਸਨ। ਸਕੂਲ ਜਾਂਦੇ-ਜਾਂਦੇ ਏਥੇ ਖੜੋ ਕੇ ਉਹ ਜ਼ਰੂਰ ਝਾਤ ਮਾਰਦੇ ਤੇ ਫੁੱਲਾਂ ਦੀ ਖੂਬਸੂਰਤੀ ਮਾਣਦੇ। ਇਸ ਸਮੇਂ ਇਨ੍ਹਾਂ ਦੀ ਉਮਰ ਸੱਤ-ਅੱਠ ਸਾਲ ਦੀ ਹੀ ਸੀ। ਇਸ ਬਾਗ ਵਿਚੋਂ ਇਕ ਫੁਲ ਦੀ ਸੁੰਦਰਤਾ ਦੀ ਐਸੀ ਝਲਕ ਪਈ ਕਿ ਭਾਈ ਸਾਹਿਬ ਬਹੁਤ ਸਮਾਂ ਮਸਤ ਹੋ ਕੇ ਖੜੇ ਰਹੇ। ਚਾਰ ਪੰਜ ਦਿਨ ਲਗਾਤਾਰ ਇਸ ਫੁਲ ਦੇ ਪਾਸ ਆ ਖੜੋਂਦੇ ਅਤੇ ਇਸ ਦੀ ਅਨੋਖੀ ਖਿੱਚ ਵਿਚ ਮਸਤ ਰਹਿੰਦੇ। ਮਾਲੀ ਨੂੰ ਇਸ ਦੀ ਖਾਸ ਹਿਫਾਜ਼ਤ ਕਰਨ ਲਈ ਆਖਿਆ। ਪਰ ਇਕ ਦਿਨ ਜਦ ਆਏ ਤਾਂ ਕੀ ਦੇਖਦੇ ਹਨ ਕਿ ਫੁੱਲ ਗਾਇਬ ਹੈ। ਕਿਸੇ ਮੁੰਡੇ ਨੇ ਜਾਣ-ਬੁੱਝ ਕੇ ਇਸ ਨੂੰ ਤੋੜ ਦਿੱਤਾ। ਭਾਈ ਸਾਹਿਬ ਨੂੰ ਉਸ ਫੁੱਲ ਦਾ ਅਲੋਪ ਹੋਣਾ, ਇੰਝ ਜਾਪਿਆ, ਜਿਵੇਂ ਕਿ ਉਨ੍ਹਾਂ ਦਾ ਕੋਈ ਸਦੀਵੀ ਮਿੱਤ੍ਰ ਕਤਲ ਹੋ ਗਿਆ ਹੈ। ਉਨ੍ਹਾਂ ਦੀਆਂ ਅੱਖਾਂ ਅਗੇ ਹਨੇਰਾ ਛਾ ਗਿਆ ਅਤੇ ਉਹ ਬੇਹੋਸ਼ ਹੋ ਗਏ। ਮਾਲੀ ਘਰ ਚੁੱਕ ਕੇ ਲੈ ਗਿਆ। ਬਿਜਲੀ ਦੀ ਤੇਜ਼ੀ ਵਾਂਗ ਇਸ ਇਸ਼ਕ ਮਜਾਜ਼ੀ ਦੀ ਕਹਾਣੀ ਮਹਾਰਾਜਾ ਹੀਰਾ ਸਿੰਘ ਪਾਸ ਭੀ ਪਹੁੰਚ ਗਈ। ਉਹ ਖ਼ੁਦ ਇਨ੍ਹਾਂ ਨੂੰ ਦੇਖਣ ਲਈ ਪਹੁੰਚੇ। ਜਦ ਅੱਧੇ ਘੰਟੇ ਬਾਅਦ ਹੋਸ਼ ਆਈ ਤਾਂ ਮਹਾਰਾਜਾ ਹੀਰਾ ਸਿੰਘ ਨੇ ਆਖਿਆ-"ਕਾਕਾ ਇਕ ਫੁੱਲ ਤਾਂ ਕੀ, ਮੈਂ ਫੁਲਾਂ ਦਾ ਬਾਗ ਲੁਆ ਦਿਆਂਗਾ।" ਪਰ ਭਾਈ ਸਾਹਿਬ "ਹਾਏ ਉਹ ਫੁੱਲ" ਪੁਕਾਰਦੇ ਹੋਏ ਫ਼ੇਰ ਬੇਹੋਸ਼ ਹੋ ਗਏ। ਤਿੰਨ ਦਿਨ ਆਪ ਦੀ ਸੇਹਤ ਬਿਲਕੁਲ ਨਿਢਾਲ ਰਹੀ। ਆਪ ਦੀਆਂ ਰਸਿਕ ਰੁੱਚੀਆਂ ਦਾ ਇਹ ਪਹਿਲਾ ਕ੍ਰਿਸ਼ਮਾ ਸੀ।



www.AKJ.Org

ਭਾਈ ਸਾਹਿਬ ਦੇ ਘਰ ਵਿਚ ਇਕ ਨੌਕਰ ਸੀ, ਜੋ ਇਨ੍ਹਾਂ ਨੂੰ ਕਈ ਕਾਰਨਾਂ ਕਰਕੇ ਬੜਾ ਚੰਗਾ ਲਗਦਾ ਸੀ। ਇਕ ਵਾਰ ਉਸ ਨੇ ਘਰ ਦੇ ਗਹਿਣੇ ਚੋਰੀ ਕਰ ਲਏ, ਪਰ ਨੱਸਦਾ ਜਾਂਦਾ ਫੜਿਆ ਗਿਆ। ਇਨ੍ਹਾਂ ਦੇ ਪਿਤਾ ਜੀ ਨੇ ਉਸ ਨੂੰ ਸਾਲ ਭਰ ਦੀ ਕੈਦ ਦੀ ਸਜ਼ਾ ਦੇ ਦਿੱਤੀ। ਬੇਸ਼ਕ ਉਹ ਚੋਰ ਸੀ, ਬੇਈਮਾਨ ਸੀ, ਝੂਠਾ ਸੀ, ਪਰ ਗੁਣਾਂ ਦੇ ਗਾਹਕ, ਭਾਈ ਸਾਹਿਬ ਜੀ ਉਸ ਦੀਆਂ ਖੂਬੀਆਂ ਤੋਂ ਬਹੁਤ ਪ੍ਰਭਾਵਤ ਸਨ। ਜੇਲ ਵਿਚ ਉਸਨੂੰ ਚੀਜ਼ਾਂ ਤੇ ਪੈਸੇ ਦੇ ਆਉਂਦੇ। ਹਫਤੇ ਵਿਚ ਤਿੰਨ ਚਾਰ ਵਾਰ ਉਸ ਨੂੰ ਮਿਲਣ ਜਾਂਦੇ। ਪਿਤਾ ਜੀ ਨੂੰ ਕਹਿ ਕਹਾ ਕੇ ਉਸਨੂੰ ਜਲਦੀ ਰਿਹਾ ਕਰਵਾ ਲਿਆ। ਮਾਤਾ ਜੀ ਨੂੰ ਉਸ ਦੇ ਕਈ ਗੁਣ ਤੇ ਲਾਭ ਦੱਸ ਕੇ, ਮੁੜ ਨੌਕਰ ਰਖਵਾ ਲਿਆ।

ਜਦ ਭਾਈ ਸਾਹਿਬ ਜੀ ਨੇ ਦਸਵੀਂ ਪਾਸ ਕੀਤੀ ਅਤੇ ਕਾਲਜ ਦਾਖਲ ਹੋਣ ਲਈ ਇਨ੍ਹਾਂ ਦੇ ਪਿਤਾ ਜੀ ਨੇ ਲਾਹੌਰ ਟੋਰਿਆ ਤਾਂ ਇਸ ਨੌਕਰ ਨੂੰ ਨਾਲ ਲਿਜਾਣ ਲਈ, ਭਾਈ ਸਾਹਿਬ ਜੀ ਨੇ ਪਿਤਾ ਜੀ ਨੂੰ ਮਜਬੂਰ ਕੀਤਾ। ਉਨ੍ਹਾਂ ਨੇ ਆਖਿਆ ਕਿ ਇਸ ਦੀਆਂ ਚਾਲ ਬਾਜ਼ੀਆਂ ਤੋਂ ਬੱਚ ਕੇ ਰਹੀਂ। ਲੁਧਿਆਣੇ ਸਟੇਸ਼ਨ ਉੱਤੇ ਪਹੁੰਚਦਿਆਂ ਹੀ, ਜਦ ਭਾਈ ਸਾਇਬ ਗੱਡੀ ਬਦਲਣ ਲਈ, ਪਲੇਟ ਫਾਰਮ ਤੇ ਅੱਟਕੇ, ਇਸੇ ਆਦਮੀ ਨੇ ਇਨ੍ਹਾਂ ਨੂੰ ਐਸੀ ਚੀਜ਼ ਪਿਆਈ ਕਿ ਇਹ ਬੇਹੋਸ਼ ਹੋ ਗਏ ਅਤੇ ਉਹ ਨੌਕਰ ਇਨ੍ਹਾਂ ਦੀ ਜੇਬ ਵਿਚੋਂ ਸੱਠ ਰੁਪੈ ਕੱਢ ਕੇ ਤਿੱਤਰ ਬਿੱਤਰ ਹੋ ਗਿਆ।

ਦੂਸਰੇ ਦੇ ਗੁਣਾਂ ਨਾਲ ਹੀ ਸਾਂਝ ਕਰਨ ਦੀ ਰੁਚੀ, ਇਨ੍ਹਾਂ ਦੀ ਅੰਤ ਤਕ ਪ੍ਰਬਲ ਰਹੀ, ਪਰ ਮੈਂ ਕਈ ਐਸੇ ਅਭਾਗੇ ਦੇਖੇ ਹਨ ਜੋ ਇਸ ਦੈਵੀ ਪ੍ਰੇਮ ਪਰਉਪਰਕਾਰ ਨੂੰ ਉਨ੍ਹਾਂ ਦੀ ਕਮਜ਼ੋਰੀ ਸਮਝਦੇ ਰਹੇ ਅਤੇ ਦੁਸ਼ਟ ਰੁੱਚੀਆਂ ਦੇ ਅਧੀਨ ਉਨ੍ਹਾਂ ਦੇ ਪਾਸ ਰਹਿੰਦੇ ਹੋਏ ਭੀ ਇਨ੍ਹਾਂ ਰੁੱਚੀਆਂ ਦੇ ਵਹਿਣ ਵਿਚੋਂ ਨਾ ਨਿਕਲੇ। ਅੰਤ ਏਸੇ ਵਹਿਮ ਵਿਚ ਰੁੜ੍ਹ ਕੇ, ਇਨ੍ਹਾਂ ਦੀ ਦੈਵੀ ਸੰਗਤ ਦਾ ਪੱਲਾ ਛੱਡ ਗਏ।

## ਗਿਆਨ ਤੇ ਵੈਰਾਗ

ਭਾਈ ਸਾਹਿਬ ਮਿਸ਼ਨ ਕਾਲਜ (ਐਫ਼.ਸੀ. ਕਾਲਜ ਲਾਹੌਰ) ਦੇ ਵਿਦਿਆਰਥੀ ਸਨ। ਏਥੇ ਧਾਰਮਿਕ ਵਿਦਿਆ ਕੋਰਸ ਦਾ ਜ਼ਰੂਰੀ ਹਿੱਸਾ ਸੀ। ਭਾਵੇਂ ਆਪ ਨੂੰ ਈਸਾਈ ਮੱਤ ਦੀ ਕੋਈ ਖ਼ਾਸ ਖਿੱਚ ਨਹੀਂ ਪਈ ਪਰ ਆਪਣੀ ਬਾਈਬਲ ਕਲਾਸ ਵਿਚ ਕਾਫੀ ਗਿਆਨ ਚਰਚਾ ਕਰਿਆ ਕਰਦੇ ਸਨ। ਇਹ ਉਹ ਸਮਾਂ ਸੀ ਜਿਸ ਵੇਲੇ ਨਵੀਆਂ ਧਾਰਮਿਕ ਲਹਿਰਾਂ ਉਠ ਖੜੋਤੀਆਂ ਸਨ, ਅਤੇ ਨਵੇਂ ਜੋਸ਼ ਵਿਚ ਲਾਹੌਰ ਆਪਣਾ ਕੇਂਦਰ ਬਣਾਇਆ ਹੋਇਆ ਸੀ। ਥੀਆਸਾਫਿਕ ਸੁਸਾਇਟੀ ਤੇ ਹੋਰ ਨਵੀਆਂ ਪੁੰਗਰਦੀਆਂ ਲਹਿਰਾਂ ਦਾ ਬਹੁਤ ਸਾਰਾ ਲਿਟਰੇਚਰ ਭੀ ਉਨ੍ਹਾਂ ਨੇ ਇਸ ਸਮੇਂ ਪੜ੍ਹਿਆ, ਪਰ ਗੁਰਮਤਿ ਗਿਆਨ ਦਾ ਪੂਰਬਲਾ ਅੰਕੁਰ ਅਜੇ ਨਾ ਜਾਗਿਆ।

ਇਮਤਿਹਾਨ ਜਦ ਨੇੜੇ ਆ ਗਏ, ਸੁਰਤੀਆਂ ਬਿਰਤੀਆਂ ਬੀ.ਏ. ਤੇ ਕਾਨੂੰਨ ਦੇ ਦੋ ਇਮਤਿਹਾਨ ਪਾਸ ਕਰਨ ਦੀ ਚਿੰਤਾ ਵਿਚ ਇਕੱਠੀਆਂ ਹੋ ਗਈਆਂ, ਤਾਂ ਪਿਤਾ ਜੀ ਨੇ ਇਕ ਸਰਲ ਜਿਹਾ ਫਾਰਮੂਲਾ ਲਿੱਖ ਭੇਜਿਆ : 'ਜਪੁਜੀ ਸਾਹਿਬ ਦਾ ਪਾਠ ਕਰਿਆ ਕਰ



www.AKJ.Org

ਤਾਂ ਇਮਤਿਹਾਨ ਵਿਚ ਪਾਸ ਹੋ ਜਾਵੇਂਗਾ।' 'ਜਪੁਜੀ ਸਾਹਿਬ' ਦਾ ਪਾਠ ਪੂਰਬਲੇ ਜਨਮ ਦੇ ਹੱਡੀਆਂ ਵਿਚ ਰਚੇ ਗੁਰਬਾਣੀ ਦੇ ਇਸ਼ਕ ਦਾ ਸੱਦਾ ਸੀ।

ਕੁਛ ਦਿਨ ਤਾਂ ਇਨ੍ਹਾਂ ਲਈ 'ਜਪੁਜੀ ਸਾਹਿਬ' ਦਾ ਪਾਠ ਮਨੋਰਥ ਸਿੱਧੀ ਲਈ, ਇਕ ਮੰਤ੍ਰ ਸਾਧਨਾਂ ਹੀ ਸੀ, ਪਰ ਜਦ ਅਛੋਪਲੇ ਹੀ ਗੁਰਬਾਣੀ ਦੀ ਪਾਰਸ ਕਲਾ ਇਨ੍ਹਾਂ ਦੇ ਕੋਮਲ ਮਨ ਉੱਤੇ ਕੰਮ ਕਰਨ ਲਗੀ ਤਾਂ ਇਨ੍ਹਾਂ ਦੇ ਵੈਰਾਗ ਦੇ ਕੜ ਪਾਟ ਗਏ। ਅਣਜਾਣੇ ਹੀ ਇਕ ਬਿਰਹੀ ਵੇਗ ਦੀ ਲਹਿਰ ਟੁਰ ਪਈ। ਸਤੋ ਗੁਣੀ ਮਨੋਭਾਵ, ਹੁਣ ਕਿਸੇ ਖੋਜ, ਕਿਸੇ ਭਾਲ ਵਿਚ, ਟੁਰ ਪਏ। ਇਮਤਿਹਾਨ ਹੋ ਗਏ। ਇਮਤਿਹਾਨਾਂ ਵਿਚ ਪਾਸ ਭੀ ਹੋ ਗਏ, ਪਰ ਗੁਰਬਾਣੀ ਦੀ ਪ੍ਰੇਮ ਡੋਰ ਤੁਣਕੇ ਮਾਰਦੀ-ਮਾਰਦੀ ਆਪਣੇ ਵੱਲ ਖਿਚਦੀ ਖਿਚਦੀ, ਆਪਣੇ ਅਥਾਹ ਰਸ ਸਾਗਰ ਵਿਚ ਲੀਨ ਕਰਨ ਲੱਗ ਪਈ।

## ਪਰਖ ਤੇ ਗੁਰਦੀਖਿਆ

ਹਰ ਸਾਧਕ ਨੂੰ, ਸਤਿਗੁਰੂ ਪਰਖ ਦੀ ਤੱਕੜੀ 'ਤੇ ਤੋਲਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਅਧਿਆਤਮਕ ਪਾਂਧੀਆਂ ਨੂੰ ਦੋ ਮਾਰਗਾਂ ਦੀ ਖਿੱਚ ਪੈਂਦੀ ਸੀ। ਇੱਕ ਤਾਂ ਭਗਤੀ ਲਹਿਰ ਦੇ ਅਨੁਰਾਗੀਆਂ ਦੀ, ਦੂਸਰੇ ਸਿਧ ਜੋਗੀਆਂ ਦੀ, ਜੋ ਕਰਾਮਾਤਾਂ ਦਿਖਾ ਕੇ, ਲੋਕਾਂ ਨੂੰ ਵਧੇਰੇ ਖਿੱਚ ਪਾਉਣ ਵਿਚ ਕਾਮਯਾਬ ਹੋ ਜਾਂਦੇ ਸਨ। ਜਦ ਭਾਈ ਸਾਹਿਬ ਜੀ ਨੂੰ ਜਪੁਜੀ ਸਾਹਿਬ ਦੇ ਪਾਠ ਤੇ ਨਿਧਿ ਆਸਨ ਰਾਹੀਂ ਗੁਰੂ ਵਿਅਕਤੀਆਂ ਦੀ ਖਿੱਚ ਪਈ ਤਾਂ ਇਨ੍ਹਾਂ ਨੂੰ ਭੀ ਇਕ ਕਰਾਮਾਤੀ ਸਿੱਧ ਜੋਗੀ ਮਿਲਿਆ, ਜੋ ਆਪਣੀ ਸਿਧ ਸ਼ਕਤੀ ਨਾਲ ਭਾਈ ਸਾਹਿਬ ਨੂੰ ਲੋਕਾਂ ਦੀ ਨਿਗਾਹ ਤੋਂ ਅਦ੍ਰਿਸ਼ਟ ਕਰਕੇ, ਉਨ੍ਹਾਂ ਥਾਂਵਾਂ ਤੇ ਲੈ ਕੇ ਗਿਆ, ਜਿਥੇ ਸਖ਼ਤ ਪਹਿਰੇ ਲੱਗੇ ਹੋਏ ਸਨ। ਇਨ੍ਹਾਂ ਨੂੰ ਕੋਈ ਨਹੀਂ ਸੀ ਦੇਖ ਸਕਦਾ। ਇਹ ਸਭ ਨੂੰ ਦੇਖਦੇ ਸਨ। ਪਰ ਜਦ ਉਨ੍ਹਾਂ ਨੇ ਡਿੱਠਾ ਕਿ ਇਹ ਸਿਧ ਜੋਗੀ, ਇਤਨਾ ਕੁਛ ਤਿਆਗ ਕੇ ਭੀ ਤਮਾਕੂ ਤੇ ਸੁਲਫਾ ਨਾ ਤਿਆਗ ਸਕਿਆ ਤਾਂ ਇਨ੍ਹਾਂ ਨੇ ਪਿੱਠ ਮੋੜ ਲਈ। ਉਸ ਮੋਨਧਾਰੀ ਨੇ, ਆਪਣਾ ਮੋਨ ਵਰਤ ਤੋੜ ਕੇ, ਇਨ੍ਹਾਂ ਨੂੰ ਬੁਲਾਇਆ ਤੇ ਸਾਰੀ ਸ਼ਕਤੀ ਨਾਲ ਖਿੱਚ ਪਾਈ, ਪਰ ਗੁਰਮਤਿ ਦੀ ਜਾਗ ਉਠੀ ਦ੍ਰਿੜ੍ਹਤਾ ਵਿਚ, ਉਹ ਨਾ ਡੋਲੇ।

## ਘਾਲਣਾ ਤੇ ਦਿਬ ਜੋਤ ਚਾਨਣਾ

ਗੁਰਮਤਿ ਰਹਿਤ ਤੇ ਸਾਧਨਾਂ ਦੀ ਪਗਡੰਡੀ ਉਤੇ, ਭਾਈ ਸਾਹਿਬ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਟੁਰ ਪਏ ਸਨ। ਅੰਮ੍ਰਿਤ ਛੱਕਣ ਸਮੇਂ, ਆਪ ਸਿਖ ਇਤਿਹਾਸ ਤੇ ਗੁਰਮਤਿ ਸਿਧਾਂਤ ਦੇ ਤੱਤ ਅਸੂਲ ਦੀ ਖੋਜ ਪੜਤਾਲ, ਪਹਿਲੋਂ ਹੀ ਕਰ ਚੁੱਕੇ ਸਨ। ਕੇਵਲ ਨਾਮ-ਨਿਧਿਆਸਨ ਦੇ ਕਲਾ-ਕੌਸਲੀ ਪੱਖ ਦਾ ਹੀ ਨਹੀਂ ਸੀ ਪਤਾ। ਗੁਰਬਾਣੀ ਦੀ ਇਸ਼ਟਾਪਤੀ ਵਿਚ ਦ੍ਰਿੜ੍ਹਤਾ ਦਾ ਅਨੁਮਾਨ, ਇਸ ਗੱਲ ਤੋਂ ਲੱਗ ਸਕਦਾ ਹੈ ਕਿ ਉਨ੍ਹਾਂ ਨੇ "ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ" ਨਾਮੇ ਪੁਸਤਕ, ਅੰਮ੍ਰਿਤ ਛੱਕਣ ਤੋਂ ਪਹਿਲਾਂ ਹੀ ਲਿਖੀ ਸੀ। ਇਸ ਪੁਸਤਕ ਵਿਚ ਇਕ ਅੰਗ੍ਰੇਜ਼ ਡਾਕਟਰ ਨਾਲ ਅੰਗ੍ਰੇਜ਼ੀ ਵਿਚ ਬਹਿਸ ਅੰਕਿਤ ਹੈ। ਕਾਸ਼ ! ਭਾਈ ਸਾਹਿਬ ਜੀ ਇਸ ਅੰਗਰੇਜ਼ੀ ਵਿਚ ਹੋਈ ਬਹਿਸ ਨੂੰ, ਅੰਗਰੇਜ਼ੀ



www.AKJ.Org

ਵਿਚ ਹੀ ਨੋਟ ਕਰ ਲੈਂਦੇ ਤੇ ਅੱਜ ਸਾਡੇ ਪਾਸ ਉਨ੍ਹਾਂ ਦੀ ਅੰਗ੍ਰੇਜ਼ੀ ਦੀ ਨਿੱਜੀ ਲਿਖਤ ਭੀ ਮੌਜੂਦ ਹੁੰਦੀ।

ਅੰਮ੍ਰਿਤ ਛੱਕਣ ਉਪਰੰਤ, ਉਨ੍ਹਾਂ ਨੂੰ ਇਹ ਭੁਲੇਖਾ ਰਹਿ ਗਿਆ ਕਿ ਅਸਲੀ ਗੁਰਮਤਿ ਨਾਮ ਕੀ ਹੈ ? ਗੁਰਬਾਣੀ ਵਿਚ ਤਾਂ ਪਰਗਟ ਤੌਰ 'ਤੇ ਵਧੇਰੇ 'ਰਾਮ' ਤੇ 'ਹਰੀ' ਆਦਿ ਹੀ ਆਉਂਦਾ ਹੈ। ਪੰਜਾਂ ਪਿਆਰਿਆਂ ਤੋਂ ਬਾਹਰੋਂ ਕਿਸੇ ਨੇ ਆ ਕੇ ਆਖਿਆ "ਵਾਹਿਗੁਰੂ ਨਾਮ ਜਪਿਆ ਕਰੋ।" ਇਹ ਮਹਾ ਮੰਤ੍ਰ ਗੁਰਬਾਣੀ ਵਿਚ ਗੁੱਪਤ ਹੀ ਰੱਖਿਆ ਗਿਆ ਹੈ ਪਰ ਇਸ ਵੱਲ ਅਨੇਕਾਂ ਸੰਕੇਤ ਗੁਰਬਾਣੀ ਵਿਚ ਮਿਲਦੇ ਹਨ ਜਿਵੇਂ 'ਵਡਾ ਨਾਮ, ਊਚਾ ਨਾਮ, ਏਕੁ ਨਾਮ, ਗੁਰਮਤਿ ਨਾਮ, ਅੰਮ੍ਰਿਤ ਨਾਮ, ਗੁਰਮੁਖਿ ਨਾਮ, ਨਿਰਭਉ ਨਿਰਮਲ ਨਾਮ, ਅਬਿਨਾਸੀ ਮੰਤ੍ਰ, ਨਿਰਗੁਣ ਨਾਮ, ਨਿਰੰਕਾਰੀ ਨਾਮ, ਗੁਰੂ ਗੁਰ ਨਾਮ, ਗੁਪਤ ਨਾਮ, ਅਲਖ ਨਾਮ, ਅਚਰਜ ਨਾਮੁ ਆਦਿ।' ਪਰ ਇਹ ਸੰਕੇਤ ਅਜੇ ਸਮਝ ਨਹੀਂ ਸਨ ਪੈਂਦੇ। ਇਸ ਭੇਦ ਨੂੰ ਖੋਲ੍ਹਣ ਲਈ, ਭਾਈ ਸਾਹਿਬ ਕਿਸੇ ਸੰਤ ਪਾਸ ਨਹੀਂ ਗਏ, ਕਿਸੇ ਗਿਆਨੀ ਧਿਆਨੀ ਤੋਂ ਪੁੱਛ ਪੜਤਾਲ ਨਹੀਂ ਕੀਤੀ। ਕੇਵਲ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਹੀ ਇਸ ਭੁਲੇਖੇ ਨੂੰ ਦੂਰ ਕਰਨ ਲਈ ਅਰਦਾਸ ਜੋਦੜੀਆਂ ਕਰਦੇ ਰਹੇ।

ਅੰਤ ਸਤਿਗੁਰੂ ਨੇ ਮੇਹਰ ਕੀਤੀ, ਐਬਟਾਬਾਦ ਅੰਮ੍ਰਿਤ ਵੇਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਬੈਠਿਆਂ ਬੈਠਿਆਂ, ਦਿਬ ਦ੍ਰਿਸ਼ਟੀ ਖੁੱਲ੍ਹ ਗਈ। ਇਸ ਜੋਤ ਦੀ ਅਪਾਰ ਹਸਤੀ, ਪਹਿਲੋਂ ਇਕ ਬੀਜਲ ਕ੍ਰਿਸ਼ਮੇ ਦੇ ਰੂਪ ਵਿਚ ਪ੍ਰਗਟ ਹੋਈ ਤੇ ਫੇਰ ਇਸ ਨੂੰ ਗੁਰਮਤਿ ਨਾਮ ਦਾ ਅਖਰੀ ਰੂਪ ਧਾਰ ਕੇ, ਅਪਾਰ ਰਸ ਧੁੰਨਾਂ ਵਿਚ ਭਾਈ ਸਾਹਿਬ ਜੀ ਦੀ ਸੁਰਤ ਨੇ ਗਗਨ ਮੰਡਲ ਵਿਚ ਪ੍ਰਵੇਸ਼ ਕੀਤਾ ਅਤੇ 'ਸਤਿਗੁਰੁ ਸ਼ਬਦ ਉਜਾਰੋ ਦੀਪਾ' ਵਾਲਾ ਜ਼ਾਹਰੀ ਕ੍ਰਿਸ਼ਮਾ ਵਰਤਾਇਆ।

ਇਸ ਤੋਂ ਉਪਰੰਤ ਪੂਰਨ ਜੋਤ ਦੇ ਦਰਸ਼ਨਾਂ ਦੇ ਜੋ ਕੌਤਕ ਵਰਤੇ ਉਨ੍ਹਾਂ ਦਾ ਵਰਣਨ ਭਾਈ ਸਾਹਿਬ ਜੀ ਨੇ ਆਪਣੀ ਸ੍ਵੈਜੀਵਨੀ (ਜੇਲ ਚਿੱਠੀਆਂ ਪੁਸਤਕ) ਵਿਚ ਤੇ ਕਵਿਤਾਵਾਂ ਵਿਚ ਭੀ ਕੀਤਾ ਹੈ, ਤੇ ਭਾਈ ਗੁਰਦਾਸ ਜੀ ਇਸ ਦਾ ਵਰਣਨ ਇਉਂ ਕਰਦੇ ਹਨ।

**'ਦਰਸ਼ਨ ਜੋਤਿ ਕੋ ਉਦੋਤ ਅਸਚਰਜ ਮੈਂ,**
**ਤਾਂ ਮੈਂ ਤਿਲ ਛਬਿ ਪਰਮਦਭੁਤ ਛਕਿ ਹੈ।**
**ਦੇਖਬੇ ਕੋ ਦ੍ਰਿਸ਼ਟ ਨ ਸੁਨਬੇ ਕੋ ਸੁਰਤਿ ਹੈ,**
**ਕਹਿਬੇ ਕੋ ਜਿਹਬਾ ਨਾ ਗਿਆਨ ਮੈ ਉਕਤ ਹੈ।**
**ਸੋਭਾ ਕੋਟਿ ਸੋਭ ਲੋਭ ਲੁਭਿਤ ਹੈ ਲੋਟ ਪੋਟ,**
**ਜਗ ਮਗ ਜੋਤਿ ਕੋਟਿ ਚਟ ਲੈ ਛਿਪਤ ਹੈ।**
**ਅੰਗ ਅੰਗ ਪੇਖ ਮਨ ਮਨਸਾ ਥਕਤ ਭਈ**
**ਨੇਤਿ ਨੇਤਿ ਨਮੋ ਨਮੋ ਅਤਿ ਹੂੰ ਤੇ ਅਤਿ ਹੈ।**

ਇਨ੍ਹਾਂ ਹੀ ਦਿਨਾਂ ਵਿਚ ਕੀਰਤਨ ਤੇ ਅਖੰਡ ਪਾਠਾਂ ਦੇ ਪ੍ਰਵਾਹ ਚੱਲੇ। ਨਾਰੰਗਵਾਲ ਤੇ ਗੁੱਜਰਵਾਲ ਦਰ-ਮਿਆਨ ਜੋ ਢਾਬ ਹੈ, ਓਥੇ ਦੇ ਇਕਾਂਤ ਵਾਸੇ ਵਿਚ ਨਾਮ ਜੱਪਦੇ ਅਤੇ ਉਚ ਅਧਿਆਤਮੀ ਸਤਿਸੰਗ ਕਰਦੇ ਰਹੇ। ਓਨ੍ਹਾਂ ਦਿਨਾਂ ਵਿਚ, ਕੀ ਪਿੰਡਾਂ ਵਿਚ ਤੇ



www.AKJ.Org

ਕੀ ਸ਼ਹਿਰਾਂ ਵਿਚ, ਗੁਰਮਤਿ ਰਹਿਤ ਰਹਿਣੀ ਦੀ ਥਾਂ, ਹਿੰਦੂ ਗੀਤਾਂ ਰਸਮਾਂ ਨੇ ਮੱਲੀ ਹੋਈ ਸੀ ਅਤੇ ਕਈ ਪਿੰਡਾਂ ਵਿਚ ਕਿਸੇ ਦੇ ਕਛਹਿਰਾ ਤਕ ਵੀ ਨਹੀਂ ਸੀ ਨਜ਼ਰ ਆਉਂਦਾ। ਸੰਤ ਅਤਰ ਸਿੰਘ ਵਰਗੀਆਂ ਗੁਰਮੁਖ ਹਸਤੀਆਂ ਅਤੇ ਸਿੰਘ ਸਭਾ ਲਹਿਰ ਦਾ ਪ੍ਰਚਾਰ ਅਜੇ ਅਰੰਭ ਹੀ ਹੋਇਆ ਸੀ, ਪਰ ਪਿੰਡਾਂ ਵਿਚ ਘੱਟ ਹੀ ਪਹੁੰਚਿਆ ਸੀ। ਇਸ ਸਮੇਂ ਭਾਈ ਸਾਹਿਬ ਜੀ ਨੇ ਤੱਤ ਗੁਰਮਤਿ ਲਹਿਰ ਚਲਾਈ। ਜਿਥੇ ਭੀ ਅਖੰਡ ਪਾਠ ਕਰਦੇ, ਓਥੇ ਇਨ੍ਹਾਂ ਦੇ ਜਥੇ ਦਾ ਸਿੰਘ, ਕੋਈ ਵੀ ਭੇਟਾ ਨਾ ਪ੍ਰਵਾਨ ਕਰਦਾ। ਕਈ ਥਾਵੀਂ, ਜਿਥੇ ਅਖੰਡ ਪਾਠ ਕਰਵਾਉਣ ਵਾਲਾ ਅਤਿ ਹੀ ਗਰੀਬ ਹੁੰਦਾ, ਓਥੇ ਖੁਲ੍ਹੇ ਲੰਗਰ ਲਈ, ਰਾਸ਼ਨ ਭੀ ਆਪਣੇ ਪਿੰਡੋਂ ਹੀ ਲਿਜਾਂਦੇ। ਅਨੰਦਪੁਰ ਸਾਹਿਬ ਵਰਗੇ ਪਵਿਤ੍ਰ ਤਖਤਾਂ ਅਤੇ ਅਸਥਾਨਾਂ ’ਤੇ ਹੋਲੇ ਮਹਲੇ ਸਮੇਂ, ਇਨ੍ਹਾਂ ਰੰਗ-ਤਮਾਸ਼ਾ ਹੁੰਦਾ ਅਤੇ ਇਤਨੀ ਹੁਲੜ ਬਾਜ਼ੀ ਹੁੰਦੀ ਕਿ ਪੁਲਿਸ ਭੀ ਕੰਟਰੋਲ ਨਾ ਕਰ ਸਕਦੀ। ਇਨ੍ਹਾਂ ਦੁਸ਼ਟ ਮੰਡਲੀਆਂ ਨੂੰ ਭਾਈ ਸਾਹਿਬ ਰਣਧੀਰ ਸਿੰਘ ਹੁਰੀਂ ਸੋਧਦੇ ਅਤੇ ਓਥੇ ਕੀਰਤਨ ਦਾ ਪਰਵਾਹ ਤੇ ਅੱਜ ਤਕ ਚਲ ਰਹੀਆਂ ਗੁਰਮਤਿ ਗਾਡੀ ਰਾਹ ਦੀ ਰੀਤਾਂ ਚਲਾਈਆਂ।

ਇਨ੍ਹਾਂ ਦਿਨਾਂ ਵਿਚ ਹੀ ਚੀਫ਼ ਖ਼ਾਲਸਾ ਦੀਵਾਨ ਨੇ ਅੰਗ੍ਰੇਜ਼ਾਂ ਨੂੰ ਖੁਸ਼ ਕਰਨ ਲਈ ਦੋ ਗਲਤੀਆਂ ਕੀਤੀਆਂ। ਅੰਗ੍ਰੇਜ਼ ਇਹ ਦੇਖ ਕੇ ਹੈਰਾਨ ਸਨ ਕਿ ਅੰਮ੍ਰਿਤ ਪ੍ਰਚਾਰ, ਸਿੱਖਾਂ ਨੂੰ ਇਕ-ਮੁਠ ਕਰ ਦਿੰਦਾ ਹੈ ਅਤੇ ਇਨ੍ਹਾਂ ਵਿਚ ਇਕ ਰੂਹ ਫੂਕ ਦਿੰਦਾ ਹੈ। ਇਸ ਵਿਚ ਉਸ ਨੇ ਵਿਘਨਕਾਰੀ ਦੁਫੇੜ ਪਾਣ ਦੀ ਕੋਸ਼ਿਸ਼ ਕੀਤੀ। ਚੀਫ਼ ਖ਼ਾਲਸਾ ਦੀਵਾਨ ਨੇ ਫ਼ੈਸਲਾ ਕੀਤਾ ਕਿ ਇਸਤ੍ਰੀਆਂ ਨੂੰ ਕਿਰਪਾਨ ਦਾ ਅੰਮ੍ਰਿਤ ਛਕਾਇਆ ਜਾਏ ਅਤੇ ਆਦਮੀਆਂ ਨੂੰ ਖੰਡੇ ਦਾ। ਸਰ ਜੋਗਿੰਦਰ ਸਿੰਘ ਜੀ ਮੈਨੂੰ ਦਸਦੇ ਸਨ ਕਿ ਅੰਗ੍ਰੇਜ਼ਾਂ ਨੇ ਉਨ੍ਹਾਂ ਰਾਹੀਂ ਇਹ ਮੰਗ ਭੀ ਕੀਤੀ ਕਿ ਐਸਾ ਰਾਹ ਕਢਿਆ ਜਾਏ, ਜਿਸ ਤੋਂ ਟੋਪੀ ਵਾਲੇ, ਟੋਪੀ ਵਾਲਿਆਂ ਨੂੰ ਇਹੀਓ ਅੰਮ੍ਰਿਤ ਛਕਾ ਸਕਣ। ਪਰ ਭਾਈ ਵੀਰ ਸਿੰਘ ਜੀ ਤੇ ਸਰ ਜੋਗਿੰਦਰ ਸਿੰਘ, ਇਸ ਗੱਲ ਲਈ ਨਹੀਂ ਮੰਨੇ। ਚੀਫ਼ ਖ਼ਾਲਸਾ ਦੀਵਾਨ ਵਲੋਂ ਇਸਤ੍ਰੀਆਂ ਨੂੰ ਦੂਸਰਾ ਦਰਜਾ ਦੇਣ ਦੀ ਸਕੀਮ ਉਪਰੰਤ, ਮਾਲਵੇ ਦੀਆਂ ਗੁਰਮੁਖ ਵਿਅਕਤੀਆਂ ਨੇ ਇਕੱਠਿਆਂ ਹੋ ਕੇ ਪੰਚ ਖ਼ਾਲਸਾ ਦੀਵਾਨ ਬਣਾਇਆ, ਜਿਸ ਵਿਚ ਇਸ ਇਲਾਕੇ ਦੇ ਸਾਰੇ ਸੰਤ ਮਹਾਤਮਾ ਸ਼ਾਮਲ ਹੋਏ, ਪਰ ਜਿਸ ਦੀ ਦਫਤਰੀ ਕਾਰਵਾਈ ਬਾਬੂ ਤੇਜਾ ਸਿੰਸਘ ਆਦਿ ਦੇ ਹੱਥ ਰਹੀ। ਇਨ੍ਹਾਂ ਨੇ ਨਾ ਕੇਵਲ ਇਸਤ੍ਰੀਆਂ ਨੂੰ ਇਕੋ ਜਿਹਾ ਦਰਜਾ ਦਿੱਤਾ, ਬਲਕਿ ਉਨ੍ਹਾਂ ਨੂੰ ਦਸਤਾਰਾਂ ਸਜਾ ਕੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ ਦਾ ਭੀ ਸਮਾਨ ਅਧਿਕਾਰ ਦਿੱਤਾ। ਜਦ ਭਾਈ ਸਾਹਿਬ ਅਤੇ ਇਨ੍ਹਾਂ ਦੇ ਸਾਰੇ ਨਿਕਟਵਰਤੀ ਜੇਲ੍ਹ ਚਲੇ ਗਏ, ਸੰਤ ਅਤਰ ਸਿੰਘ ਜੀ, ਮਸਤੂਆਣੇ ਦੀ ਸਾਜਨਾ ਕਰਨ ਲੱਗ ਪਏ, ਤਾਂ ਪੰਚ ਖ਼ਾਲਸਾ ਦੀਵਾਨ ਭਸੌੜ ਕੁਛ ਐਸੇ ਹੱਥਾਂ ਵਿਚ ਆ ਗਿਆ ਜਿਨ੍ਹਾਂ ਨੇ ਆਦਿ ਗੁਰੂ ਗ੍ਰੰਥ, ਦਸਮ ਗ੍ਰੰਥ, ਸਿਖ ਰਹਿਤ ਰਹਿਣੀ, ਗੁਰਮਤਿ ਮਰਯਾਦਾ ਦੇ ਤਤ ਅਸੂਲਾਂ ਬਾਰੇ ਬੜਾ ਊਲ-ਜਲੂਲ ਲਿਖਣਾ ਸ਼ੁਰੂ ਕਰ ਦਿੱਤਾ। ਜਿਸ ਦਾ ਭਾਈ ਸਾਹਿਬ ਜੀ ਨੂੰ ਇਤਨਾ ਦੁਖ ਹੋਇਆ ਕਿ ਉਨ੍ਹਾਂ ਨੇ ਜੇਲ੍ਹ ਤੋਂ ਵਾਪਸ ਆ ਕੇ ਬਾਬੂ ਤੇਜਾ ਸਿੰਘ ਨੂੰ ਮਿਲਣੋਂ ਇਨਕਾਰ ਕਰ ਦਿੱਤਾ।

ਦੂਸਰੀ ਗ਼ਲਤੀ ਚੀਫ਼ ਖ਼ਾਲਸਾ ਦੀਵਾਨ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਨੂੰ ਢਾਹੁਣ ਦੀ ਇਜਾਜ਼ਤ ਦੇ ਕੇ ਕੀਤੀ। ਇਸ ਤੋਂ ਭਾਈ ਸਾਹਿਬ ਜੀ ਦੀਆਂ ਇਨਕਲਾਬੀ



www.AKJ.Org

ਰੁੱਚੀਆਂ ਜਾਗ ਉੱਠੀਆਂ ਤੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਬਰਤਾਨਵੀ ਹਕੂਮਤ ਨਾਲ ਪੁਰ ਜੋਸ਼ ਟੱਕਰ ਲੈਣ ਦਾ ਐਲਾਨ ਕੀਤਾ। ਆਪ ਦੀ ਇਸ ਦਲੇਰੀ ਦੀ ਧਾਂਕ ਸਾਰੇ ਦੇਸ਼ ਵਿਚ ਫਿਰ ਗਈ।

ਇਸ ਸਮੇਂ ਰਾਸ ਬਿਹਾਰੀ ਬੋਸ ਤੇ ਲਾਲਾ ਹਰਦਿਆਲ ਵਰਗੇ ਵਿਦਵਾਨ, ਫਰਾਂਸ ਦੇ ਇਨਕਲਾਬ ਦੀਆਂ ਪੁਸਤਕਾਂ ਪੜ੍ਹ ਕੇ ਗਦਰ ਦੀਆਂ ਸਕੀਮਾਂ ਤਿਆਰ ਕਰਦੇ ਸਨ। ਇਹ ਆਪ ਪਿਛੇ ਰਹੇ, ਕੁਰਬਾਨੀ ਦੇ ਬੱਕਰੇ ਇਨ੍ਹਾਂ ਨੇ ਸਿੱਖਾਂ ਨੂੰ ਹੀ ਬਣਾਇਆ। ਕਈ ਕਰਤਾਰ ਸਿੰਘ ਸਰਾਭੇ ਵਰਗੇ ਹਸਦੇ-ਹਸਦੇ ਫ਼ਾਂਸੀ ਤੇ ਚੜ੍ਹ ਗਏ। ਅੰਤ 1857 ਦੇ ਗਦਰ ਵਾਂਗ ਇਨ੍ਹਾਂ ਨੇ ਬਗਾਵਤ ਦੀ ਲੰਬੀ ਚੌੜੀ ਸਕੀਮ ਬਣਾਈ। ਇਸ ਆਜ਼ਾਦੀ ਦੀ ਲੜਾਈ ਵਿਚ ਭਾਈ ਸਾਹਿਬ ਅਗੇ ਕੁੱਦ ਪਏ। ਸਰਕਾਰ ਨੂੰ ਪਤਾ ਲੱਗ ਗਿਆ, ਚਾਰ-ਚੁਫੇਰੇ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਭਾਈ ਸਾਹਿਬ ਜੀ ਤੇ ਇਨ੍ਹਾਂ ਦੇ ਸਾਥੀ ਜੇਲ੍ਹਾਂ ਵਾਲੇ ਘੋਰ ਤਪੱਸਿਆ ਲਈ ਟੁਰ ਗਏ ਤੇ ਰਾਸ ਬਿਹਾਰੀ ਅਰ ਲਾਲਾ ਹਰਦਿਆਲ ਆਦਿ ਜਾਪਾਨ ਤੇ ਜਰਮਨੀ ਦੀਆਂ ਠੰਡੀਆਂ ਹਵਾਵਾਂ ਦੀ ਅਜ਼ਾਦੀ ਮਾਣਦੇ ਰਹੇ।

## ਘੋਰ ਤਪੱਸਿਆ ਤੇ ਜੇਲ੍ਹਾਂ ਵਿਚ ਸਹਿਜ ਸਮਾਧੀ

ਜਿਸ ਦਿਨ ਭਾਈ ਸਾਹਿਬ ਗ੍ਰਿਫ਼ਤਾਰ ਹੋ ਕੇ ਲੁਧਿਆਣੇ ਜੇਲ੍ਹ ਵਿਚ ਲਿਆਂਦੇ ਗਏ, ਨਾਲ ਭਾਈ ਅਤਰ ਸਿੰਘ ਜੀ ਸਨ। ਅਜੇ ਬਾਹਰ ਬੈਠਿਆਂ ਦਫ਼ਤਰੀ ਕਾਰਵਾਈ ਹੀ ਹੋ ਰਹੀ ਸੀ ਜਦ ਕਿ ਬੜੀ ਜ਼ਬਰਦਸਤ ਹਨੇਰੀ ਆਈ। ਚਾਰ ਚੁਫੇਰੇ ਹਨੇਰ ਘਟਾਘੋਪ ਛਾ ਗਿਆ। ਭਾਈ ਅਤਰ ਸਿੰਘ (ਜਿਨ੍ਹਾਂ ਦੀ ਉਮਰ ਤੀਹ ਬੱਤੀ ਸਾਲ ਦੀ ਹੀ ਸੀ) ਨੇ ਭਾਈ ਸਾਹਿਬ ਨੂੰ ਆਖਿਆ ਕਿ ਸਤਿਗੁਰੂ ਨੇ ਏਥੇ ਅਲੋਪ ਹੋਣ ਲਈ ਇਹ ਮੌਕਾ ਦਿੱਤਾ ਹੈ। ਅਜ਼ਾਦੀ ਦੇ ਪਰਵਾਨਿਆਂ ਲਈ ਜਿਉਂਦੇ ਜੀ ਦੁਸ਼ਮਨ ਦੇ ਹੱਥ ਆਉਣ ਦੀ ਕੀ ਲੋੜ ? ਚਲੋ ਨਿਕਲ ਚੱਲੀਏ। ਪਰ ਭਾਈ ਸਾਹਿਬ ਜੀ ਸਿੰਘ ਨਾ ਮੰਨੇ। ਹਨੇਰੀ ਬੰਦ ਹੋ ਗਈ, ਜੇਲ੍ਹ ਯਾਤਰਾ ਆਰੰਭ ਹੋ ਗਈ।

ਆਪਣੀ ਜੇਲ੍ਹ-ਯਾਤਰਾ ਦੇ ਜੀਵਨ ਦੇ ਬਹੁਤ ਸਾਰੇ ਵਾਕਿਆਤ ਭਾਈ ਸਾਹਿਬ ਆਪਣੀ ਕਲਮ ਨਾਲ ਲਿਖ ਗਏ ਹਨ ਜੋ ਜੇਲ੍ਹ ਚਿੱਠੀਆਂ ਪੁਸਤਕ ਵਿੱਚ ਦਰਜ ਹਨ। ਇਨ੍ਹਾਂ ਘਟਨਾਵਾਂ ਤੋਂ ਉਨ੍ਹਾਂ ਦੇ ਆਤਮ ਜੀਵਨ ਤੇ ਦ੍ਰਿੜ੍ਹਤਾ ਬਾਰੇ ਅਤੇ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਦੇ ਹੇਠ ਲਿਖੇ ਪੱਖ ਸਾਡੇ ਸਾਹਮਣੇ ਸਪੱਸ਼ਟ ਹੁੰਦੇ ਹਨ।

1. **ਅਜਰ ਜਰਨਾ** : ਜੋ ਕਸ਼ਟ, ਤਸੀਹੇ, ਉਨ੍ਹਾਂ ਨੇ ਜੇਲ੍ਹ ਵਿਚ ਬਰਦਾਸ਼ਤ ਕੀਤੇ ਉਨ੍ਹਾਂ ਨੂੰ ਨਾਮ ਬਾਣੀ ਦੇ ਆਸਰੇ ਜਰਿਆ। ਉਨ੍ਹਾਂ ਨੇ ਕਸ਼ਟਾਂ ਨੂੰ, ਸੰਸਾਰ ਦੇ ਅਤਿਆਚਾਰਾਂ ਨੂੰ ਮਾਇਆ ਦੇ ਅੰਕਸ ਸਮਝ ਕੇ ਵਰਤਿਆ ਅਤੇ ਡਿੱਗਣ ਡੋਲਣ ਦੀ ਬਜਾਏ, ਆਪਣੀ ਸਹਿਜ ਸਮਾਧ ਦੀਆਂ ਚੜ੍ਹਦੀਆਂ ਕਲਾਂ ਰਾਹੀਂ ਸਭ ਕੁਛ ਜਰਿਆ।
2. **ਭਾਣਾ ਮੰਨਣਾ** : ਹਰ ਇਕ ਪ੍ਰਮਾਰਥ ਦੇ ਪਾਂਧੀ ਲਈ ਆਪਣੀਆਂ ਕਮਾਈਆਂ ਤੇ ਤਪੱਸਿਆ ਦਾ ਫਲ ਮੰਗ ਕੇ, ਸੰਸਾਰ ਦੀਆਂ ਔਕੜਾਂ ਤੇ ਓਹਲਾ ਲੈਣਾ ਸੌਖਾ ਹੈ ਪਰ ਭਾਣਾ ਮੰਨਣਾ ਬੜਾ ਕਠਿਨ ਹੈ। ਭਾਣਾ ਮੰਨਣਾ, ਹੁਕਮੀ ਖੇਡਾਂ ਵਿਚ ਰੱਤੀ ਫਰਕ ਨਾ ਪੈਣ ਦੇਣਾ, ਸੰਸਾਰਕ ਦੁਖ ਸੁਖਾਂ ਨੂੰ ਅਮਲੀ ਤੌਰ 'ਤੇ ਸਮਾਨ ਜਾਨਣਾ,



www.AKJ.Org

ਬੜੀ ਹੀ ਕਠਿਨ ਖੇਡ ਹੈ। ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਵਿਅਕਤੀਆਂ ਲਈ ਹੀ 'ਤੇ ਮੂਰਤ ਭਗਵਾਨ' ਦੀ ਪਦਵੀ ਵਰਤੀ ਹੈ। ਭਾਈ ਸਾਹਿਬ ਜੀ ਨੇ ਇਤਨੇ ਕਸ਼ਟ ਸਹਿੰਦਿਆਂ ਉਫ ਨਹੀਂ ਆਖੀ, ਕਿਸੇ ਨੂੰ ਸਰਾਪ ਨਹੀਂ ਦਿੱਤਾ, ਕਿਸੇ ਤੇ ਗਿੱਲਾ ਨਹੀਂ ਕੀਤਾ, ਕੋਈ ਰੋਸ ਮਨ ਵਿਚ ਨਹੀਂ ਰੱਖਿਆ। ਆਤਮ ਰੰਗਾਂ ਦੀ ਤ੍ਰਿਪਤੀ ਵਿਚ ਅਡੋਲ ਰਹੇ। ਜੇਲ੍ਹ ਵਿਚ ਹਰਿਮੰਦਰ ਦਾ ਵਾਯੂਮੰਡਲ ਪੈਦਾ ਕੀਤਾ। ਘੋਰ ਨਰਕ ਨੂੰ ਸਵਰਗ ਬਣਾ ਦਿੱਤਾ। ਕਲਾ-ਕਲੇਸ਼ ਦੇ ਸਥਾਨ ਨੂੰ ਸੱਤ ਸੰਤੋਖ ਤੇ ਤਪੱਸਿਆ ਦਾ ਸਥਾਨ ਬਣਾ ਦਿੱਤਾ। ਜੇਲ੍ਹ ਦੀਆਂ ਹਨੇਰ ਕੋਠੜੀਆਂ ਨੂੰ ਤਪ-ਤੇਜ ਨਾਲ ਜਗਮਾਗਉਂਦੀ ਸਹਿਜ ਸਮਾਧ ਗੁਫਾ ਬਣਾ ਲਿਆ।

3. **ਕੱਕਾਰਾਂ ਦੀ ਜੇਲ੍ਹ ਵਿਚ ਅਜ਼ਾਦੀ ਦੁਆਈ** : ਉਸ ਵੇਲੇ ਜਦੋਂ ਭਾਈ ਸਾਹਿਬ ਜੀ ਜੇਲ ਯਾਤਰਾ ਸ਼ੁਰੂ ਹੋਈ, ਉਦੋਂ ਕੋਈ ਸਿੱਖ ਕੈਦੀ ਜੇਲ੍ਹ ਵਿਚ ਨਾਂ ਦਸਤਾਰ ਸਜਾ ਸਕਦਾ ਸੀ ਤੇ ਨਾ ਕੱਕਾਰ ਰਖ ਸਕਦਾ। ਚਾਲੀ ਦਿਨ ਦੀ, ਭਾਈ ਸਾਹਿਬ ਜੀ ਦੀ ਭੁਖ ਹੜਤਾਲ ਨੇ ਹਕੂਮਤ ਦਾ ਸਾਰਾ ਰਵੱਈਆ ਬਦਲ ਦਿੱਤਾ। ਇਸ ਭੁਖ ਹੜਤਾਲ ਵਿਚ ਭਾਈ ਸਾਹਿਬ ਨੇ ਕੁਛ ਦਿਨ ਥੋੜ੍ਹਾ ਘਣਾਂ ਜਲ ਪਾਨ ਕੀਤਾ, ਪਿਛੋਂ ਇਹ ਭੀ ਬੰਦ ਕਰ ਦਿੱਤਾ।
4. **ਮਹਾ ਕਾਵਿ ਦੀ ਦੇਣ** : ਜੇਲ੍ਹ ਵਿਚ ਹੀ ਭਾਈ ਸਾਹਿਬ ਜੀ ਨੇ ਪੰਜਾਬ ਦੇ ਅਧਿਆਤਮਿਕ ਸਾਹਿਤ ਨੂੰ 'ਜੋਤ ਵਿਗਾਸ' ਜੇਹਾ ਅਨੂਠਾ ਮਹਾਂਕਾਵਿ ਦਿੱਤਾ। ਇਹ ਗ੍ਰੰਥ ਗੁਰਮਤਿ ਰਹਿਸਵਾਦ ਦਾ ਅਮੁਕ ਖਜ਼ਾਨਾ ਹੈ। ਜਿਥੇ ਜੇਲ੍ਹ-ਚਿੱਠੀਆਂ ਵਿਚ ਅੰਕਿਤ ਕਸ਼ਟ, ਤਸੀਹੇ ਤੇ ਸਰੀਰ ਉੱਤੇ ਬਰਦਾਸ਼ਤ ਕੀਤੇ ਅਤਿਆਚਾਰ ਵਰਣਨ ਕਰਦੇ ਹਨ, ਓਥੇ 'ਜੋਤਿ ਵਿਗਾਸ' ਵਿਚ ਭਾਈ ਸਾਹਿਬ ਜੀ ਦੀ ਅੰਤ੍ਰੀਵ ਆਤਮਕ ਔਜਾਂ ਦੀ ਅਵਸਥਾ ਵਰਣਨ ਕੀਤੀ ਹੋਈ ਹੈ।
5. **ਜੇਲ੍ਹ ਵਿਚ ਰਹਿੰਦਿਆਂ ਗੁਰੂ ਪੰਥ ਦੀ ਚਿੰਤਾ** : ਜੋਤਿ ਵਿਗਾਸ ਵਿਚ ਉਨ੍ਹਾਂ ਕਈ ਇਤਿਹਾਸਕ ਘਟਨਾਵਾਂ ਉਤੇ ਟੀਕਾ ਟਿੱਪਣੀ ਹੈ ਜੋ ਉਨ੍ਹਾਂ ਦੀ ਜੇਲ੍ਹ ਯਾਤਰਾ ਸਮੇਂ ਹੋਇਆ। ਭਸੌੜੀਆਂ ਵਲੋਂ ਬੀੜ ਤੋੜਨ ਦੇ ਵਾਕਿਆਤ ਨੂੰ ਇਉਂ ਅੰਕਿਤ ਕੀਤਾ ਹੈ :

'ਕੁਫ਼ਰ ਗਰਦੀਆਂ ਦਾ ਜੁਗ ਛਿੜਨ ਲੱਗਾ,
ਫਿਰਿਆ ਮਗ਼ਜ਼ ਸਿਖਾਂ ਸ਼ਰਧੜੋਲਿਆਂ ਦਾ।
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋੜੀ,
ਘੋਰ ਅਪਰਾਧ ਕੀਤਾ ਬੇਅਦਬੋਲਿਆਂ ਦਾ।
ਬੀੜ ਤੋੜਿ, ਬਾਣੀ ਅਦਲ ਬਦਲ ਕੀਤੀ,
ਘੋਰ ਅਨ੍ਹੇਰ ਜੁਗ ਨ੍ਹੇਰ ਗਰਦੋਲਿਆਂ ਦਾ।
ਸ੍ਰੀ ਗੁਰੂ ਬੀੜ ਵਿਚੋਂ ਬਾਣੀ ਕੱਢਣੇ ਦਾ,
ਹੀਆ ਪਿਆ ਕਿਵੇਂ ਮਨਮੁਖੋਲਿਆਂ ਦਾ।

6. **ਘੋਰ ਤਪੱਸਿਆ** : ਸੋਲਾਂ ਸਾਲਾਂ ਦਾ ਜੇਲ੍ਹ ਯਾਤਰਾ ਦਾ ਜੀਵਨ ਇਕ ਘੋਰ ਤਪੱਸਿਆ ਦਾ ਜੀਵਨ ਸੀ। ਇਸ ਤਪੱਸਿਆ ਦੇ ਸਦਕੇ ਉਨ੍ਹਾਂ ਦੀ ਜੇਲ੍ਹ ਯਾਤ੍ਰਾ ਉਪਰੰਤ ਮੁੜ ਅਖੰਡ ਪਾਠਾਂ ਤੇ ਅੰਮ੍ਰਿਤ ਸੰਚਾਰ ਦਾ ਅਟੁਟ ਦੌਰ ਚਲਿਆ।


www.AKJ.Org

## ਗੁਰਮਤਿ ਸਿਧਾਂਤਾਂ ਦਾ ਵਿਸ਼ਲੇਸ਼ਣ

ਗੁਰਮਤਿ ਸਾਹਿਤ ਦੀ ਸਭ ਤੋਂ ਵੱਡੀ ਘਾਟ ਜੋ ਭਾਈ ਸਾਹਿਬ ਜੀ ਨੇ ਪੂਰੀ ਕੀਤੀ, ਉਹ ਹੈ ਗੁਰਮਤਿ ਸਿਧਾਂਤਾਂ 'ਤੇ ਠੋਸ ਪੁਸਤਕਾਂ ਲਿਖਣੀਆਂ। ਜਿਨ੍ਹਾਂ ਵਿਸ਼ਿਆਂ ਨੂੰ ਸਿੱਖ ਵਿਦਵਾਨ, ਇਕ ਦੋ ਵਿਦਾਂਤ ਤੇ ਹਠ ਜੋਗ ਦੇ ਹਵਾਲੇ ਦੇ ਕੇ ਹੀ, ਟਾਲ ਦਿਆ ਕਰਦੇ ਸਨ, ਉਨ੍ਹਾਂ ਵਿਸ਼ਿਆਂ ਦੀ ਮੁਕੰਮਲ ਵਿਆਖਿਆ, ਭਾਈ ਸਾਹਿਬ ਜੀ ਨੇ ਕੀਤੀ। ਜਿਨ੍ਹਾਂ ਅਧਿਆਤਮਕ ਸਿਧਾਂਤਾਂ ਬਾਰੇ ਕਿਸੇ ਭੀ ਵਿਦਵਾਨ ਨੇ ਅਠ-ਦਸ ਸਤਰਾਂ ਤੋਂ ਵੱਧ ਨਹੀਂ ਸੀ ਲਿਖਿਆ, ਉਨ੍ਹਾਂ ਵਿਸ਼ਿਆਂ ਉੱਤੇ ਪੂਰੀਆਂ ਪੁਸਤਕਾਂ ਲਿਖ ਕੇ, ਭਾਈ ਸਾਹਿਬ ਜੀ ਨੇ ਬੜਾ ਉਪਕਾਰ ਕੀਤਾ ਹੈ। ਗੁਰਬਾਣੀ ਦੇ ਕਈ ਗੁਹਝ ਭੇਦ, ਉਨ੍ਹਾਂ ਨੇ ਬੜਾ ਸਪੱਸ਼ਟ ਕਰਕੇ ਖੋਲ੍ਹ ਦਿੱਤੇ ਹਨ। ਜਦ ਭੀ ਕੋਈ ਗੁਰਮਤਿ ਦੇ ਅਧਿਐਨ 'ਤੇ ਖੋਜ ਵਲ ਕਦਮ ਉਠਾਏਗਾ, ਇਨ੍ਹਾਂ ਪੁਸਤਕਾਂ ਦੀ ਮਦਦ ਬਗੈਰ, ਇਕ ਕਦਮ ਅਗੇ ਨਹੀਂ ਪੁਟ ਸਕੇਗਾ। ਭਾਈ ਸਾਹਿਬ ਜੀ ਦਾ ਗੁਰਬਾਣੀ ਵਿਆਖਿਆ ਕਰਨ ਦਾ ਭੀ ਢੰਗ ਬੌਧਕ ਨਹੀਂ, ਬਲਕਿ ਰਸ-ਆਤਮਕ ਤੇ ਅਨੁਭਵੀ ਹੈ। ਆਪਣੀਆਂ ਸਾਰੀਆਂ ਪੁਸਤਕਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਹੀ ਔਖੇ ਤੇ ਸਿਧਾਂਤ ਪ੍ਰਗਟਾਊ ਸ਼ਬਦਾਂ ਦੀ ਵਿਆਖਿਆ ਮਿਲ ਜਾਂਦੀ ਹੈ।

## ਇਸ਼ਕ ਹਕੀਕੀ

ਜਦ ਸਰੀਰ ਨੂੰ ਤਪੱਸਿਆ ਤੇ ਬਿਰਹੀ ਬੈਠਕਾਂ ਦੀ ਆਹੂਤੀ ਵਿਚ ਕੁਰਬਾਨ ਕਰ ਕਰ ਕੇ ਨਿਰਬਲ ਕਰ ਲਿਆ ਤਾਂ ਆਪ ਦੀ ਅਡੋਲ ਮਾਨਸਿਕ ਤੇ ਆਤਮਿਕ ਅਵਸਥਾ ਨੇ, ਇਸ਼ਕ ਹਕੀਕੀ ਦੇ ਕਦੀ ਨਾ ਦੇਖਣ ਵਾਲੇ ਪੂਰਨੇ ਪਾਏ। ਉਨ੍ਹਾਂ ਦੇ ਅੰਤਲੇ ਸਮੇਂ ਦੀ ਬਿਸਮ ਬਿਨੋਦੀ ਅਵਸਥਾ ਤੇ ਆਪ ਦੇ ਪ੍ਰੇਮ ਚੋਜਾਂ ਦੀ ਵਿਥਿਆ, ਕਿਸੇ ਵੱਖਰੇ ਲੇਖ ਵਿਚ ਅੰਕਿਤ ਕੀਤੀ ਜਾਏਗੀ। ਇਥੇ ਏਨਾ ਹੀ ਕਹਿਣਾ ਕਾਫ਼ੀ ਹੈ ਕਿ ਉਨ੍ਹਾਂ ਨੇ ਕਦੀ ਭੀ ਕਿਸੇ ਸਰੀਰਕ ਤਕਲੀਫ ਨੂੰ ਨਾ ਮਹਿਸੂਸ ਕੀਤਾ ਅਤੇ ਨਾ ਪ੍ਰਗਟ ਕੀਤਾ। ਹਮੇਸ਼ਾਂ ਹੀ ਦੱਗ-ਦੱਗ ਕਰਦੇ ਚੇਹਰੇ ਵਿਚੋਂ ਸੇਵਾਦਾਰਾਂ ਲਈ, ਦਰਸ਼ਨ ਅਭਿਲਾਖੀਆਂ ਲਈ, ਪ੍ਰੇਮ ਅਸੀਸਾਂ ਹੀ ਨਿਕਲਦੀਆਂ ਰਹੀਆਂ।

ਉਨ੍ਹਾਂ ਦਾ ਧਿਆਨ, ਦਿਬ-ਦ੍ਰਿਸ਼ਟਾਏ ਨੇਤ੍ਰਾਂ ਰਾਹੀਂ ਅਦ੍ਰਿਸ਼ਟ ਸਤਿਗੁਰਾਂ ਦੇ ਨਿਰੰਕਾਰੀ ਦਰਸਨਾਂ ਵਿਚ ਲੱਗਾ ਰਹਿੰਦਾ। ਘੰਟਿਆ ਬੱਧੀ ਨੇਤ੍ਰ ਲਿਵਲੀਨ ਹੋਏ, ਝਮਕਣਾਂ ਵਿਸਰ ਜਾਂਦਾ। ਸਵਾਸ-ਸਵਾਸ ਨਾਮ ਅਭਿਆਸ ਦਾ ਖੰਡਾ, ਅਠੋ ਪਹਿਰ ਖੜਕਦਾ ਰਹਿੰਦਾ। ਰਾਤ ਦੇ ਇਕਾਂਤ ਵਾਸ ਵਿਚ ਤਾਂ ਇਤਨਾ ਤੇਜ਼ੀ ਨਾਲ ਖੜਕਦਾ ਕਿ ਕਈ ਵਾਰ ਵਹਿਮ ਹੋ ਜਾਂਦਾ ਕਿ ਇਹ ਨਾਮ ਵਿਚ ਇਉਂ ਲੀਨ ਹੁੰਦੇ ਹੁੰਦੇ, ਸਰੀਰ ਹੀ ਨਾ ਤਿਆਗ ਦੇਣ। ਸਿਹਤ ਦੇ ਚੜ੍ਹਾਉ ਉਤਰਾਓ ਦਾ, ਉਨ੍ਹਾਂ ਦੀਆਂ ਸੁਰਤੀਆਂ ਬਿਰਤੀਆਂ 'ਤੇ ਰੱਤੀ ਭਰ ਭੀ ਅਸਰ ਨਾ ਪੈਂਦਾ।

ਵੈਸਾਖੀ ਤੋਂ ਕੁਛ ਦਿਨ ਪਹਿਲਾਂ, ਉਨ੍ਹਾਂ ਦੇ ਦਰਸ਼ਨਾਂ ਲਈ ਗਿਆ ਤਾਂ ਕਹਿਣ ਲੱਗੇ "ਕਾਕਾ ਐਤਵਾਰ ਨੂੰ ਬਾਹਰ ਨਾ ਜਾਇਓ।" ਮੇਰਾ ਬਾਹਰ ਜਾਣ ਦਾ ਪ੍ਰੋਗਰਾਮ ਪੱਕਾ ਸੀ ਪਰ ਮੈਂ ਉਨ੍ਹਾਂ ਦਾ ਹੁਕਮ ਮੰਨ ਕੇ ਓਸੇ ਵੇਲੇ ਨਾ ਜਾਣਾ ਪ੍ਰਵਾਨ ਕਰ ਲਿਆ।



www.AKJ.Org

ਇਹ ਸ਼ਬਦ ਉਨ੍ਹਾਂ ਨੇ ਐਸੇ ਲਹਿਜੇ ਵਿਚ ਆਖੇ, ਮਾਨੋ ਇਨ੍ਹਾਂ ਦਾ ਗੰਭੀਰ ਭਾਵ ਹੈ। ਮਨ ਵਿਚ ਬੜੀ ਤੇਜ਼ੀ ਨਾਲ ਇਹ ਗੱਲ ਖੱਟਕੀ ਕਿ ਹੋਵੇ ਨਾ ਤਾਂ, ਵੈਸਾਖੀ ਨੂੰ ਸਰੀਰ ਹੀ ਤਿਆਗ ਦੇਣ। ਬਹੁਤ ਚਿਰ ਪਹਿਲਾਂ ਆਪ ਤੋਂ ਮੈਂ ਬਚਨ ਲਿਆ ਸੀ ਕਿ ਅੰਤਲੇ ਸਮੇਂ, ਦਾਸ ਨੂੰ ਆਪ ਦੇ ਨਿਕਟ ਜ਼ਰੂਰ ਬੁਲਾ ਲੈਣਗੇ। ਵੈਸਾਖੀ ਆਈ ਤੇ ਲੰਘ ਗਈ। ਵੈਸਾਖੀ ਤੋਂ ਪਹਿਲਾਂ, ਇਕ ਐਤਵਾਰ ਭੀ ਲੰਘ ਚੁੱਕਾ ਸੀ। ਵੈਸਾਖੀ ਵਾਲੇ ਦਿਨ, ਰਾਤ ਨੂੰ ਮੈਂ ਫੇਰ ਬੇਨਤੀ ਕੀਤੀ, "ਬਾਪੂ ਜੀ, ਐਸ ਐਤਵਾਰ ਮੈਂ ਪਿੰਡ ਜ਼ਰੂਰ ਜਾਣਾ ਹੈ। ਮਾਤਾ ਜੀ ਦੇ ਚੜ੍ਹਾਈ ਕਰਨ ਉਪਰੰਤ ਪਿੰਡ ਨਹੀਂ ਗਿਆ, ਭਰਾ ਹੁਰੀਂ ਨਰਾਜ਼ ਹਨ।" ਬੜੀ ਧੀਮੀ ਤੇ ਗੰਭੀਰ ਸੁਰ ਵਿਚ ਆਖਣ ਲੱਗੇ 'ਐਤਵਾਰ ਨੂੰ ਨਾ ਜਾਣਾ।' ਮੈਂ ਚਾਰ-ਪੰਜ ਮਿੰਟ ਪਾਸ ਬੈਠ ਕੇ ਆ ਗਿਆ।

ਅੰਤ ਉਹ ਐਤਵਾਰ ਭੀ ਆਇਆ। ਵੀਰ ਬਲਬੀਰ ਸਿੰਘ, ਵੀਰ ਸਜਨ ਸਿੰਘ, ਬੀਬੀ ਦਲੇਰ ਕੌਰ, ਦਾਸ ਤੇ ਦਾਸ ਦੀ ਸੁਪਤਨੀ ਉਨ੍ਹਾਂ ਪਾਸ ਅੰਮ੍ਰਿਤ ਵੇਲੇ ਹੀ ਪਹੁੰਚ ਗਏ। ਅਸੀਂ ਡਾਕਟਰਾਂ ਦੇ ਉਪਰਾਲੇ ਵਿਚ ਫਸੇ ਹੋਏ ਸਾਂ, ਉਹ ਸਾਨੂੰ ਮਨ੍ਹਾਂ ਕਰਦੇ ਸਨ। ਜਦ ਉਨ੍ਹਾਂ ਪਾਸੋਂ, ਮੈਂ ਉਠ ਕੇ ਬਾਹਰ ਆਉਣ ਲੱਗਾ ਤਾਂ ਉਨ੍ਹਾਂ ਨੇ ਦੋਨੋਂ ਬਾਂਹਾਂ ਖੜ੍ਹੀਆਂ ਕਰ ਦਿਤੀਆਂ। ਦਾਸ ਕੋਲ ਬੈਠ ਗਿਆ, ਬੀਬੀ ਦਲੇਰ ਨੂੰ ਬੜੇ ਪਿਆਰ ਵਿਚ ਅਵਾਜ਼ਾਂ ਦੇਣ ਲੱਗੇ। ਮੇਰੀ ਸੱਜੀ ਬਾਂਹ, ਉਨ੍ਹਾਂ ਨੇ ਘੁੱਟ ਕੇ ਫੜ ਲਈ। ਮੈਂ ਉਨ੍ਹਾਂ ਦਾ ਦੂਸਰਾ ਹੱਥ ਫੜ ਕੇ ਛਾਤੀ ਤੇ ਰਖਿਆ, ਤਾਂ ਇਕ ਜ਼ਬਰਦਸਤ ਝਰਨਾਟ ਛਿੜੀ। ਹਰ ਇਕ ਨੂੰ ਓਸੇ ਪਲ ਹੀ ਪ੍ਰਤੀਤ ਹੋਣ ਲੱਗਾ ਕਿ ਹੁਣ ਭਾਣਾ ਵਰਤਣ ਲੱਗਾ ਹੈ। ਹਰ ਇਕ ਦੇ ਮਨ ਵਿਚ ਰੀਝ ਉਠੀ, ਦੋ ਚਾਰ ਗੱਲਾਂ ਕਰਨ ਦੀ। ਪਰ ਉਸ ਪੂਜਯ ਵਿਅਕਤੀ ਨੇ, ਜੋ ਅੰਤਲੇ ਦਿਨ ਸਹਿਜ ਅਵਸਥਾ ਵਿਚ ਗੁਜ਼ਾਰੇ ਸਨ, ਹੁਣ ਆਪ ਦੇ ਅੰਤਮ ਵਿਦਾਇਗੀ ਦਾ ਕੌਤਕ ਭੀ ਬੜਾ ਕੌਤਕਮਈ ਬਣਾ ਦਿੱਤਾ। ਉਨ੍ਹਾਂ ਨੇ ਆਪਣੀ ਸਾਰੀ ਪ੍ਰਾਣ ਸ਼ਕਤੀ ਨਾਲ ਸਵਾਸ 'ਵਾਹ' ਉਚਾਰਿਦਆਂ ਹੋਇਆਂ, ਨਾਭੀ ਤੋਂ ਚੁੱਕਿਆ ਅਤੇ 'ਗੁਰੂ' ਉਚਾਰਦੇ ਹੋਏ ਉਰਧ ਸੁਆਸੀ ਗਗਨ ਮੰਡਲ–ਦਸਮ ਦੁਆਰ ਪੁਚਾ ਦਿੱਤੇ। ਦੂਸਰੀ ਵਾਰ ਫੇਰ ਤੇ ਤੀਸਰੀ ਵਾਰ ਸੁਆਸ, ਦਸਮ ਦੁਆਰ ਗਗਨ ਮੰਡਲ ਰਾਹੀਂ ਗੁਰ ਪੁਰੀ ਪਧਾਰ ਗਏ।

**ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ**
**ਸਲਲ ਕਉ ਸਲਲਿ ਸੰਮਾਨਿ ਆਇਆ ॥**
**ਬਦਤਿ ਜੈਦੇਉ ਜੈਦੇਵ ਕਉ ਰੰਮਿਆ**
**ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥**

ਇਹ ਕੌਤਕ 16 ਅਪ੍ਰੈਲ 1961 ਸਵੇਰੇ 7–30 ਵਜੇ ਵਰਤਿਆ।

*(ਪੰਜਾਬੀ ਰਤਨ ਲੁਧਿਆਣੇ ਦੇ*
*੨੪ ਅਗਸਤ ੧੯੬੧ ਦੇ ਅੰਕ ਵਿਚੋਂ ਧੰਨਵਾਦ ਸਹਿਤ)*

***



www.AKJ.Org

# ਕਿਥੋਂ ਲੱਭਾਂ ਕਿਥੋਂ 'ਸਾਥੀ' ਵੀਰ ਰਣਧੀਰ ਨੂੰ

**ਭਾਈ ਹਰਭਜਨ ਸਿੰਘ ਚਮਿੰਡਾ**

ਹਾਇ! ਹਾਇ ਲੋਹੜਾ, ਰੱਬ ਦੇ ਗਿਆ ਝੰਜੋੜਾ,
ਕੱਖਾਂ ਕਾਨਿਆਂ ਦੇ ਮੇਰੇ ਨਿਬੱਲ ਸਰੀਰ ਨੂੰ।
ਆ ਕੇ ਪਰਲੋਕ ਵਿਚੋਂ, ਏਸ ਮਾਤ ਲੋਕ ਵਿਚੋਂ,
ਖੋਹ ਕੇ ਲੈ ਗਿਆ, ਖੋਹ ਕੇ ਮੈਂਡੇ ਰੰਗਲੇ ਫ਼ਕੀਰ ਨੂੰ।
ਨਾਮ ਵਿਚ ਰੱਤੇ ਹੋਏ, ਅਰਸ਼ਾਂ ਤੋਂ ਘੱਤੇ ਹੋਏ,
ਰੱਬੀ ਕੀਰਤਨ ਦੇ ਭੰਡਾਰੀ ਬੇਨਜ਼ੀਰ ਨੂੰ।
ਜ਼ਿਮੀਂ ਅਸਮਾਨ, ਸੱਚਖੰਡ ਦੇ ਦੀਵਾਨ ਵਿਚ,
ਕਿੱਥੋਂ ਲੱਭਾਂ ਕਿੱਥੋਂ 'ਸਾਥੀ' ਵੀਰ ਰਣਧੀਰ ਨੂੰ।

***

ਫ਼ਤਹ ਸਦਾ ਲਈ ਗਜਾ ਕੇ, ਜੰਮੇ ਦਿਲ ਪਘਰਾ ਕੇ,
ਤੁਰੇ ਕਮਰ ਕਸਾ ਕੇ ਭਾਈ ਮੰਨ ਤਕਦੀਰ ਨੂੰ।
ਬੀੜੇ ਐਹੋ ਜੇਹੇ ਘੋੜੇ, ਦੇ ਗਏ ਸਦਾ ਲਈ ਵਿਛੋੜੇ,
ਜਿਥੋਂ ਪਾਉਣੇ ਨਹੀਂ ਮੋੜੇ, ਛੱਡ ਦੁਨੀਆਂ ਦੀ ਸੀਰ ਨੂੰ।
ਹੁਕਮੀ ਉਮਾਹ ਵਿੱਚ, ਲੀਨਤਾ ਦੀ ਚਾਹ ਵਿੱਚ,
ਛੱਡ ਗਏ ਦਲੇਰ, ਗਏ ਛੱਡ ਬਲਬੀਰ ਨੂੰ।
ਜ਼ਿਮੀਂ ਅਸਮਾਨ, ਸੱਚਖੰਡ ਦੇ ਦੀਵਾਨ ਵਿੱਚ,
ਕਿੱਥੋਂ ਲੱਭਾਂ ਕਿਥੋਂ 'ਸਾਥੀ' ਵੀਰ ਰਣਧੀਰ ਨੂੰ।

***

ਪਾਠ ਪਰਵਾਹ ਚਲੇ, ਐਹੋ ਜਿਹੇ ਅਥਾਹ,
ਹੋ ਗਏ ਕੰਗਲੇ ਭੀ ਸ਼ਾਹ, ਭੇਟ ਨਾਮ ਦੀ ਜਗੀਰ ਨੂੰ।
ਕੀਰਤਨ ਦੀਆਂ ਕਾਂਗਾਂ, ਬੂਹੇ ਰੱਬ ਦੇ ਜੋ ਬਾਂਗਾਂ,
ਗਈਆਂ ਰਹਿ ਬੱਸ ਤਾਂਘਾਂ, ਭਾਈ ਪਿਛਲੇ ਵਹੀਰ ਨੂੰ।

***

ਸਤਨਾਮ ਦੀ ਕਮਾਈ, ਜਿੱਥੇ ਬੈਠ ਸਿਰੇ ਲਾਈ,
ਵਾਜਾਂ ਮਾਰਦੀ ਏ ਢਾਬ ਜਤੀ, ਹਠੀ, ਤਪੀ ਵੀਰ ਨੂੰ।
ਜ਼ਿਮੀਂ ਅਸਮਾਨ, ਸੱਚਖੰਡ ਦੇ ਦੀਵਾਨ ਵਿਚ,
ਕਿੱਥੋਂ ਲੱਭਾਂ ਕਿੱਥੋਂ 'ਸਾਥੀ' ਵੀਰ ਰਣਧੀਰ ਨੂੰ।

***



www.AKJ.Org

ਨਾਮ ਦੇ ਵਪਾਰੀ, ਵੀਰ ਸ਼ਸਤਰਧਾਰੀ,
ਗੁਰੂ ਮੱਤ ਦੇ ਲਿਖਾਰੀ, ਭਾਰੀ ਗੁਣੀ ਜੀ ਗਹੀਰ ਨੂੰ।
ਨਾਮ ਅਭਿਆਸ ਦੀ, ਕਮਾਈ ਸਾਸ ਸਾਸ ਦੀ,
ਜੋਤੀ ਵਿਚ ਜੋਤ ਹਾਂ ਰਲਾ ਗਈ ਅਖ਼ੀਰ ਨੂੰ।
ਮਨ ਪਰਚਾ ਲੈ, ਸਮਝਾ ਲੈ ਦਿਲ ਦੇਖ ਦੇਖ,
ਛਾਪੇ ਖਾਨਿਆਂ ਦੇ ਵਿੱਚ, ਛਪੀ ਤਸਵੀਰ ਨੂੰ।
ਜ਼ਿਮੀਂ ਅਸਮਾਨ, ਸੱਚ ਖੰਡ ਦੇ ਦੀਵਾਨ ਵਿੱਚ,
ਕਿੱਥੋਂ ਲੱਭਾਂ ਕਿੱਥੋਂ 'ਸਾਥੀ' ਵੀਰ ਰਣਧੀਰ ਨੂੰ।

***

ਸਾਡਿਆਂ ਤੇ ਦਿਲਾਂ ਉਤੇ, ਰਾਜ ਹੀ ਸੀ ਵੀਰ ਜੀ ਦਾ,
ਦੁਨੀਆਂ ਕਰੂਗੀ ਯਾਦ, ਏਸ ਮਣੀ ਹੀਰ ਨੂੰ।
ਏਸ ਅੰਧ ਘੋਰ ਵਿਚ, ਦਹਿਰੀਆਂ ਦੇ ਜ਼ੋਰ ਵਿਚ,
ਰਸਤਾ ਦਿਖਾਉਣ ਵਾਲੇ, ਬਦਰੇ ਮੁਨੀਰ ਨੂੰ।
ਤੱਤ ਗੁਰਮਤਿ ਨੂੰ, ਬਿਬੇਕ ਦੀ ਬ੍ਰਿੱਤ ਨੂੰ,
ਤਰਸਾਂਗੇ ਸਦਾ, ਸਰਬ ਲੋਹ ਦੀ ਤਸੀਰ ਨੂੰ।
ਜ਼ਿਮੀਂ ਅਸਮਾਨ, ਸੱਚਖੰਡ ਦੇ ਦੀਵਾਨ ਵਿੱਚ,
ਕਿਥੋਂ ਲੱਭਾਂ ਕਿਥੋਂ 'ਸਾਥੀ' ਵੀਰ ਰਣਧੀਰ ਨੂੰ।

*(ਪੰਜਾਬੀ ਰਤਨ ਲੁਧਿਆਣਾ ਦੇ*
*ਮਿਤੀ 24-8-1961 ਦੇ ਅੰਕ ਵਿਚੋਂ, ਧੰਨਵਾਦ ਸਹਿਤ)*

***



www.AKJ.Org

## ਗੁਰਮੁਖ ਪਿਆਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੇਵਾ ਵਿਚ

# ਪ੍ਰੇਮ ਪੱਤਰ

### (ਜੋ ਕ੍ਰਿਸ਼ਨਾ ਨਗਰ ਲਾਹੌਰ ਤੋਂ ਲਿਖਿਆ ਗਿਆ ਸੀ)

ਵਾਹ! ਸੋਏ ਪਿਆਰੀ
ਵਾਹ! ਸੋਏ ਤੁਸਾਂ ਦੀ
ਠੰਢਾਂ ਵਰਤਾਈਆਂ
ਆਸਾਂ ਪੂਰਾਈਆਂ
ਬਸ ਜੀਓ ਜੀਓ
ਅਸੀਂ ਠਰ ਗਏ ਸਾਰੇ
ਤੁਸਾਂ ਪਿਆਰੇ ਪਿਆਰੇ
ਹੋ ਸੁਖੀ ਸੰਵਾਰੇ

ਮੇਰੇ ਜੀਵਨ ਜੋਗੇ
ਮੇਰੇ ਪ੍ਰਾਨਾਂ ਪਿਆਰੇ
ਆਹ! ਸਾਰੇ ਖੇੜੇ
"ਸਾਗਰ" ਦੇ ਵੇਹੜੇ
ਕਦੀਂ ਗੁਟ-ਗੁਟਕਾਂਦੇ
ਕਦੀਂ ਖਿੜ-ਖਿੜਾਂਦੇ
ਇਸ ਬਿਰਹੋਂ ਵਿਯੋਗੀ
ਇਸ 'ਕੋਮਲ' ਯੋਗੀ

ਨੂੰ ਯਾਦ ਪਿਆਰੀ
ਆਹ! ਸੋਏ ਸੁਖਾਂਦੀ
ਢਾ ਘਲਨਾ ਜੀਓ
ਚਾ ਘਲਨਾ ਸਾਨੂੰ
ਤੁਸਾਂ ਗੁਰੂ ਸੰਵਾਰੇ
ਏਹ ਮੇਹਰਾਂ ਢਰਨਾ

ਦਾਸਰਾ
**ਹਰਨਾਮ ਸਿੰਘ 'ਕੋਮਲ'**

*(ਮਾਸਿਕ ਪੱਤਰ ਸੂਰਾ, ਜੁਲਾਈ,੧੯੭੮ ਦੇ ਅੰਕ ਵਿਚੋਂ, ਧੰਨਵਾਦ ਸਹਿਤ)*

***



www.AKJ.Org

# ਹੁਕਮਨਾਮਿਆਂ ਦੀ ਬਖਸ਼ਿਸ਼

ਹੇਠ ਲਿਖੇ ਦੋ ਹੁਕਮਨਾਮੇ ਭਾਈ ਸਾਹਿਬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਬਖਸ਼ੀਸ਼ ਹੋਏ ਸਨ। 20ਵੀਂ ਸਦੀ ਵਿਚ ਇਸ ਤਰ੍ਹਾਂ ਦੇ ਹੁਕਮਨਾਮੇ ਕੇਵਲ ਦੋ ਸੱਜਣਾਂ ਨੂੰ ਹੀ ਗੁਰੂ ਪੰਥ ਤੇ ਤਖ਼ਤ ਸਾਹਿਬਾਨ ਵੱਲੋਂ ਪ੍ਰਦਾਨ ਹੋਏ, ਇਕ ਸ੍ਰੀ ਮਾਨ ਬਾਬਾ ਖੜਕ ਸਿੰਘ ਜੀ ਜੋ ਅਕਾਲੀ ਲਹਿਰ ਵਿਚ ਪੰਥ ਦੇ ਜਥੇਦਾਰ ਸਨ। ਦੂਜੇ ਭਾਈ ਸਾਹਿਬ ਰਣਧੀਰ ਸਿੰਘ ਜੀ।

ੴ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਹਾਜ਼ਰ ਹੋਏ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੋਗ, ਉਹਨਾਂ ਦੀ ਅਡੋਲ ਦ੍ਰਿੜ੍ਹਤਾ, ਨਿਸ਼ਕਾਮ ਕੁਰਬਾਨੀ, ਅਰ ਗੁਰੂ ਪੰਥ ਦੀ ਉੱਘੀ ਸੇਵਾ ਲਈ ਪੰਥ ਵਲੋਂ ਪ੍ਰਸੰਸਾ ਪ੍ਰਗਟ ਕੀਤੀ ਜਾਂਦੀ ਹੈ ਅਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿਰੋਪਾਉ ਦੀ ਬਖਸ਼ਿਸ ਕੀਤੀ ਜਾਂਦੀ ਹੈ। ਹੁਕਮ ਹੋਇਆ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਉਤੇ ਗੁਰੂ ਦੀਆਂ ਖੁਸ਼ੀਆਂ ਹੋਣ। ਉਹਨਾਂ ਦਾ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭੇ।

ਮੋਹਰ
ੴ ਸ੍ਰੀ ਅਕਾਲ ਜੀ ਸਹਾਇ
ਸ੍ਰੀ ਅਕਾਲ ਤਖ਼ਤ ਸਾਹਿਬ

30 ਭਾਦਰੋਂ ਸੰ. ਨਾਨਕਸ਼ਾਹੀ 461
30 ਭਾਦਰੋਂ ਬਿਕ੍ਰਮੀ 1988
15 ਸਤੰਬਰ ਈ. 1931
ਗੁਰਮੁਖ ਸਿੰਘ ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ।

***



www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹਿ॥

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਅੰਮ੍ਰਿਤ ਦਾਤਾ, ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਸਾਹਿਬ, ਕਲਗੀਧਰ ਪਿਤਾ ਜੀ ਦੇ ਲਾਡਲੇ ਸਪੁੱਤਰ, ਗੁਰੂ ਪੰਥ ਦੇ ਨਿਸ਼ਕਾਮ ਸੇਵਕ, ਗੁਰਦੁਆਰਾ ਸੁਧਾਰ ਦੇ ਅਰੰਭਕ, ਦਿੱਲੀ ਦੀ ਬੇਅਦਬੀ ਰੋਕਣ ਬਦਲੇ ਸੋਲ੍ਹਾਂ ਸਾਲ ਜੇਹਲ (ਗੁਫਾ) ਨਿਵਾਸ ਪਿਛੋਂ, ਜਿਥੇ ਕਿ ਆਪ ਜੀ ਨੇ ਖ਼ਾਲਸਾ ਰਹਿਤ ਬਹਿਤ ਅਤੇ ਹੋਰ ਧਾਰਮਿਕ ਅਸੂਲਾਂ ਬਦਲੇ, ਅਕਹਿ ਤੇ ਅਸਹਿ ਕਸ਼ਟ, ਪੁਰਾਤਨ ਖ਼ਾਸਲਾ ਜੀ ਦੀ ਤਰ੍ਹਾਂ, ਅਡੋਲਤਾ ਸਹਿਤ ਸਹਾਰੇ। ਪਹਿਲੀ ਦਫਾ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਯਾਤ੍ਰਾ ਲਈ ਆਇਆਂ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਹਾਜ਼ਰ ਹੋਣ ਅਤੇ ਤਖ਼ਤ ਸਾਹਿਬ ਜੀ ਦੀ ਹਜ਼ੂਰੀ ਵਿਚ ਅਖੰਡ ਕੀਰਤਨ ਕਰਨ, ਪਸਚਾਤ ਹੁਕਮ ਹੋਇਆ ਕਿ "ਆਪ ਜੀ ਦੀ ਘਾਲ ਪ੍ਰਵਾਨ ਹੈ।" ਗੁਰੂ ਕਲਗੀਧਰ ਪਿਤਾ ਆਪ ਦਾ ਸਿਖੀ ਸਿਦਕ ਕੇਸਾਂ-ਸੁਆਸਾਂ ਨਾਲ ਨਿਭਾਉਣ ਤੇ ਸਦਾ ਚੜ੍ਹਦੀਆਂ ਕਲਾਂ ਵਿਚ ਰਖਣ। ਏਸ ਸਮੇਂ ਆਪ ਜੀ ਨੂੰ ਹੁਕਮਨਾਮਾ ਤੇ ਸਿਰੋਪਾ ਬਖਸ਼ੀਸ਼ ਹੋਇਆ।

13 ਚੇਤਰ 471 ਗੁਰੂ ਨਾਨਕ
(1996 ਬਿ.)
25 ਮਾਰਚ 1940 ਈ.

ਜਥੇਦਾਰ
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

***



www.AKJ.Org

## ਅੰਤਿਕਾ-1

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਪ੍ਰਧਾਨਗੀ ਐਡਰੈਸ
## ਸ੍ਰਬ ਹਿੰਦ ਕੂਕਾ ਕੁਫ਼੍ਰ ਤੋੜ ਅਕਾਲੀ ਕਾਨਫ੍ਰੰਸ

**ਮੁਲਾਂ ਪੁਰ, (ਜ਼ਿ: ਲੁਦੇਹਾਣਾ)**
**21-22 ਫ਼ਰਵਰੀ, 1942**

**ਪੰਜ ਪਿਆਰੇ:-**

ਸ੍ਰੀਮਾਨ ਬਾਬਾ ਖੜਕ ਸਿੰਘ ਜੀ।
ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ਕਸ਼ਮੀਰ।
ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ।
ਭਾਈ ਸਾਹਿਬ ਜਥੇਦਾਰ ਵਿਸਾਖਾ ਸਿੰਘ ਜੀ ਕਿਸ਼ਨਪੁਰਾ।
ਜਥੇਦਾਰ ਭਾਈ ਸਾਹਿਬ ਭਗਵਾਨ ਸਿੰਘ ਜੀ ਰੇਰੂ ਸਾਹਿਬ।

**ਗਿਆਨੀ ਪ੍ਰੈਸ, ਚੌੜਾ ਬਾਜ਼ਾਰ, ਲੁਧਿਆਣਾ।**



www.AKJ.Org

ੴ

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

(**ਸੰਪਾਦਕੀ ਨੋਟ** : ਪਹਿਲੀ ਕੂਕਾ ਕੁਫਰ ਤੋੜ ਕਾਨਫ਼ਰੰਸ ਜੋ 21-22 ਫ਼ਰਵਰੀ 1942 ਨੂੰ ਮੁੱਲਾਂ ਪੁਰ ਹੋਈ ਸੀ, ਉਸ ਵਿਚ ਪੰਜ ਪਿਆਰਿਆਂ ਦੀ ਤਰਫੋਂ ਗਿਆਨੀ ਹਰਭਗਤ ਸਿੰਘ ਜੀ ਨਾਰੰਗਵਾਲ ਵੱਲੋਂ ਪੜ੍ਹਿਆ ਪ੍ਰਧਾਨਗੀ ਐਡਰੈਸ ਅਤੇ ਉਸ ਸਮੇਂ ਪਾਸ ਕੀਤੇ ਗੁਰਮਤੇ ਅਗਲੇ ਪੁਸਤਕ ਦੇ ਅਖੀਰ ਵਿਚ ਅੰਤਕਾਂ ਨੰਬਰ 1 ਅਤੇ ਅੰਤਕਾ ਨੰਬਰ 2 ਵਜੋਂ ਛਾਪੇ ਜਾ ਰਹੇ ਹਨ। ਇਹ ਪ੍ਰਧਾਨਗੀ ਐਡਰੈਸ ਗਿਆਨੀ ਨਾਹਰ ਸਿੰਘ ਜੀ ਵਲੋਂ ਸਥਾਪਿਤ ਗਿਆਨੀ ਪ੍ਰੈਸ ਭਾਦੌੜ ਹਾਊਸ ਲੁਧਿਆਣਾ ਨੇ ਛਾਪਿਆ ਸੀ। ਇਹ ਪ੍ਰੈਸ ਪਹਿਲਾਂ ਸ੍ਰੀ ਅੰਮ੍ਰਿਤਸਰ ਸੀ ਤੇ ਬਾਅਦ ਵਿਚ ਗਿਆਨੀ ਜੀ ਨੇ ਲੁਧਿਆਣਾ ਵਿਚ ਲੈ ਆਂਦੀ ਸੀ। ਗਿਆਨੀ ਜੀ ਵਲੋਂ ਭਾਈ ਸਾਹਿਬ ਜੀ ਦੀਆਂ ਰਚਿਤ ਸਾਰੀਆਂ ਪੁਸਤਕਾਂ ਇਸ ਪ੍ਰੈਸ ਵਿਚ ਹੀ ਛਾਪੀਆਂ ਗਈਆਂ ਸਨ।

ਦਾਸ ਨੂੰ ਇਹ ਪ੍ਰਧਾਨਗੀ ਐਡਰੈਸ ਦੀ ਫੋਟੋ ਕਾਪੀ, ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨੇ ਦਿੱਤੀ ਸੀ, ਜੋ ਹੁਣ ਸੰਗਤਾਂ ਦੇ ਗਿਆਨ ਹਿਤ ਦੁਬਾਰਾ ਛਾਪੀ ਜਾ ਰਹੀ ਹੈ ਤਾਂ ਕਿ ਇਹ ਮਸੌਦਾ ਸੁਰੱਖਿਅਤ ਰਹੇ ਤੇ ਆਉਣ ਵਾਲੀ ਨਵੀਂ ਪੀੜ੍ਹੀ ਇਸ ਤੋਂ ਸੇਧ ਲੈ ਕੇ ਲਾਭ ਉਠਾ ਸਕੇ।)

ਛਤਰ ਸਿੰਘਾਸਨ ਤਖ਼ਤ ਚਵਰ ਦੇ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਸਚੇ ਪਾਤਸ਼ਾਹ ਦੀ ਸਚੀ ਹਜ਼ੂਰੀ ਵਿਚ ਸਜੀ ਹੋਈ, ਸ੍ਰੀ ਗੁਰੂ ਦਸਮੇਸ਼ ਜੀ ਦੀ ਸਾਜੀ ਨਿਵਾਜੀ ਹੋਈ ਖ਼ਾਲਸਾ ਦਲ ਫ਼ੌਜਾਂ ਦੇ ਸਮੂਹ ਵਿਚ, ਜੁੜੀ ਹੋਈ ਖ਼ਾਲਸਈ ਸਾਧ ਸੰਗਤ ਜੀਓ! ਅੱਜ ਆਪ ਜਿਸ ਮਨੋਰਥ ਲਈ ਏਥੇ ਇਕੱਤਰ ਹੋ ਰਹੇ ਹੋ, ਓਹ ਐਵੇਂ ਮਿਲ ਜੁੜ ਕੇ, ਤਿੱਤਰ ਬਿੱਤਰ ਹੋ ਜਾਣ ਵਾਲਾ ਮਨੋਰਥ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਅਜ਼ਲੀ ਅਬਦੀ ਔਜ ਉੱਤੇ ਕਾਇਮ ਦਾਇਮ ਰੱਖਣ ਲਈ ਮਰ ਮਿਟਣ ਵਾਲਾ ਮਨੋਰਥ ਹੈ। ਭੂਤ ਭਵਿਖਤ ਦੇ ਗੁਪਤ ਪ੍ਰਗਟ ਭੇਦਾਂ ਦੇ ਜਾਨਣਹਾਰ, ਸ੍ਰੀ ਗੁਰੂ ਦਸਮੇਸ਼ ਜੀ ਅੰਤਰਜਾਮੀ ਸਚੇ ਪਾਤਸ਼ਾਹ ਨੇ, ਖ਼ਾਲਸਾ ਸੰਗਤ ਨੂੰ ਆਦਿ ਅੰਤ ਦੇ ਏਕੈ ਗੁਰੂ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ, ਸਦ ਸਦੀਵ ਲਈ ਲੜ ਲਾਇਆ। ਧੁਰ ਅਗੰਮੀ ਏਜ਼ਦੀ ਅਕਾਲੀ ਹੁਕਮ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਾਇਮ ਦਾਇਮ ਗੁਰੂ ਪਾਤਸ਼ਾਹੀ ਵਾਲਾ '**ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ॥**' ਬਖਸ਼ਿਆ। ਓਹਨਾਂ ਨੂੰ ਪਤਾ ਸੀ ਕਿ ਆਉਣ ਵਾਲੇ ਘੋਰ ਕਲਜੁਗ ਅੰਦਰ, ਅਨੇਕਾਂ ਪਰਪੰਚੀ ਅਤੇ ਡਿੰਭੀ ਗੁਰੂ ਬਣ ਬਣ ਬੈਠਣਗੇ ਅਤੇ ਅਸਾਡੀ ਆਉਣ ਵਾਲੀ ਪੰਥ ਪਨੀਰੀ ਨੂੰ ਭਰਮਾਇਕੈ ਪਰੇਸ਼ਾਨ ਕਰਨਗੇ। ਸਤਿਗੁਰੂ ਦੇ ਪ੍ਰਤੱਖ ਹੋਂਦਿਆਂ, ਬਾਬਾ ਬਕਾਲਾ ਵਿਖੇ ਬਾਈ ਮੰਜੀਆਂ ਬਣ ਬੈਠੀਆਂ ਸਨ। ਗੁਰੂ ਜੋਤਿ ਜਾਮੇ ਦੇ ਗੁਪਤ ਲੀਨ ਲੁਪਤ ਹੋਇਆਂ ਅਰਥਾਤ ਜੋਤੀ ਜੋਤਿ ਸਮਾਇਆਂ ਤਾਂ ਘਰ ਘਰ ਗੁਰੂ ਹੋਏ ਬਹਿਣ ਦੀ ਭ੍ਰਮਾਰ ਤਾਂ ਅਵੱਸ ਉਠੇਗੀ। ਪ੍ਰੰਤੂ ਗੁਰੂ ਦਸਮੇਸ਼ ਪਾਤਸ਼ਾਹ ਪੰਥ ਦੇ ਵਾਲੀ ਨੂੰ ਇਹ ਭੀ ਨਿਸਚਿਤ ਸੀ ਕਿ ਜਿਸ ਪ੍ਰਕਾਰ ਗੁਰੂ ਨੇਤ ਅਨੁਸਾਰ ਗੁਰੂ ਡਿੰਮੀ, ਬਾਈ ਮੰਜੀਆਂ ਨੂੰ ਨੇਸਤ ਨਾਬੂਦ ਕਰਨ ਲਈ, ਭਾਈ ਮਖਨਸ਼ਾਹ



www.AKJ.Org

ਪ੍ਰਗਟ ਹੋਇ ਖਲੋਤੇ ਸਨ, ਏਸੇ ਪ੍ਰਕਾਰ ਜਦ ਕਦੀ ਭੀ ਪੰਥ ਫੁਲਵਾੜੀ ਅੰਦਰ, ਇਹ ਫੇਰ ਉੱਗ ਖਲੋਇਆ ਕਰਨਗੀਆਂ, ਉਦੋਂ ਹੀ ਖਬਰਦਾਰ ਖ਼ਾਲਸਾ ਤਿਆਰ ਬਰ ਤਿਆਰ ਹੋ ਕੇ ਤਾਬੜਤੋੜ ਹੀ ਇਹਨਾਂ ਦਾ ਸਿਰ ਫੇਹ ਦਿਆ ਕਰੇਗਾ ਅਤੇ ਦੇਹਧਾਰੀ ਡੰਮੀ ਗੁਰੂਆਂ ਦੀ ਗੁਰੂ ਡੰਮ ਨਹੀਂ ਚਲਣੀ ਪਾਵੇਗੀ। ਸੋ ਐਸਾ ਹੀ ਹੁੰਦਾ ਰਿਹਾ। ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਜੀ ਦੇ ਏਸ ਏਜ਼ਦੀ ਅਕਾਲੀ ਹੁਕਮ ਪਿਛੋਂ:-

**"ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।**
**ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨੀਯੋ ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕਉ ਮਿਲਬੋ ਚਹੇ ਖੋਜ ਇਨਹੀ ਮਹਿ ਲੇਹ।"**

ਪਹਿਲਾਂ ਬਾਬਾ ਬੰਦਾ ਜੀ ਨੇ ਗੁਰੂ ਬਣਨ ਲਈ ਸਿਰ ਚੁਕਿਆ ਜੋ ਤੱਤ ਕਾਲ ਹੀ ਤੱਤ ਖ਼ਾਲਸਾ ਜੀ ਨੇ ਇਸ ਸਿਰ ਚੁੱਕੀ ਗੁਰੂ ਡੰਮ ਨੂੰ ਫੇਹ ਦਿੱਤਾ ਅਤੇ ਐਸਾ ਸਿਰ ਫੇਹਿਆ ਕਿ ਏਹ ਬੰਦਈ ਗੁਰੂ ਡੰਮ, ਉਥੇ ਹੀ ਖੁਰ ਖੱਪ ਕੇ ਖ਼ਤਮ ਹੋ ਗਈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਗੁਰਗੱਦੀ ਲਾ ਕੇ ਬੈਠਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਮਸਰੀ ਕਰਨ ਵਾਲੇ ਮਤਸਰੀ ਦਾ ਖੁਰਾ ਖੋਜ ਹੀ ਨਾ ਰਿਹਾ। ਫੇਰ ਇਕ ਗੁਰੂ ਮਹਿਲਾਂ ਦੇ ਪਾਲਕ, ਨਾਮ ਧ੍ਰੀਕ ਬਾਲਕ, ਅਜੀਤ ਸਿੰਘ ਨੂੰ ਗੁਰ ਹੁਕਮ ਦਰੋਹੀਆਂ ਨੇ ਸ਼ਹੀਦਾਂ ਦੇ ਸਤਾਰੇ, ਸ੍ਰੀ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦਾ ਜਿੰਦਾ ਅਵਤਾਰ ਜਾਣਾਇਕੇ, ਸ੍ਰੀ ਦਸਮੇਸ਼ ਗੁਰਗੱਦੀ ਦਾ ਦਾਅਵੇਦਾਰ ਬਣਾਉਣਾ ਚਾਹਿਆ, ਓਸ ਨੂੰ ਭੀ ਡਿੰਭ ਦਮਨ ਖ਼ਾਲਸਾ ਜੀ ਨੇ ਡਿੰਭ ਦਮਨਤਾ ਦੇ ਹਵਨ ਕੁੰਡ ਵਿਚ ਅਹੂਤ ਕਰ ਦਿੱਤਾ। ਤਦ ਪਸਚਾਤ ਚਿਰਕਾਲ ਤਾਈਂ ਏਹ ਡਿੰਭੀ ਗੁਰੂ ਬਣਨ ਬਣਾਉਣ ਵਾਲੀ ਬਿਮਾਰੀ, ਗੁਰੂ ਖ਼ਾਲਸਾ ਪੰਥ ਅੰਦਰ ਉੱਗਵਣੀ ਨਹੀਂ ਪਾਈ। ਕਿਤੇ ਕਿਤੇ ਮਿੰਨੀ ਮਿੰਨੀ ਮਰਜ਼ ਵਿਚੇ ਵਿਚ ਤਾਂ ਸੁੰਧਕਦੀ ਰਹੀ। ਪਰ ਸੁਲਗ ਕੇ ਪ੍ਰਫੁੱਲਤ ਨਹੀਂ ਹੋ ਸਕੀ। ਸਚੇ ਪਾਤਸ਼ਾਹ ਸ੍ਰੀ ਦਸਮੇਸ਼ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਪੰਚ ਪਰਵਾਨ ਪੰਚ ਪਰਧਾਨ' ਪੰਜ ਪਿਆਰੇ ਥਾਪ ਕੇ ਸਰਬਤ ਪੰਥਕ ਪਰਮਾਰਥਕ (ਅਧਿਆਤਮਕ) ਮਾਮਲਿਆਂ ਦੇ ਨਿਬੇੜੇ ਦਾ ਧੁਰਵਾ ਬੰਨ ਦਿੱਤਾ। ਪਰ ਫੇਰ ਭੀ ਆਤਮ ਜੀਅ ਦਾਨ ਦੇਣ ਲਈ, ਅੰਮ੍ਰਿਤ ਸੰਚਾਰ ਦੇ ਸਮਾਗਮਾਂ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ, ਫੁਰਮਾਨੀ ਪੰਜਾਂ ਪਿਆਰਿਆਂ ਅੰਦਰ, ਇਕ ਜਥੇਦਾਰ ਬਣਨ ਬਣਾਉਣ ਦੀ ਮਰਜ਼ ਫੁੱਟ ਪਈ। ਹੁੰਦੇ-ਹੁੰਦੇ ਏਹੋ ਜਥੇਦਾਰ, ਨਾਮ ਪਰਵੇਸੀ ਅੰਮ੍ਰਿਤ ਦਾਤ ਗੁਰਦੇਵ ਸਦਾਉਣ ਲੱਗ ਪਏ ਅਤੇ ਇਹਨਾਂ ਗਰੁਦੇਵੀ ਗੁਰੂਆਂ ਦੀਆਂ ਪੱਧਤਾਂ ਗੁਪਤੋ ਗੁਪਤੀ ਚੱਲਣ ਲੱਗ ਪਈਆਂ। ਐਥੇ ਤਾਈਂ, ਇਹ ਮਰਜ਼ ਵਧੀ ਕਿ ਪੰਜਾਂ ਪਿਆਰਿਆਂ ਦੇ ਥਾਉਂ ਇਕੱਲਾ ਇਕੱਲਾ ਗੁਰ ਡੰਮੀ ਸੰਤੁ ਗੁਰਦੇਵ ਬਣ ਕੇ, ਅੰਮ੍ਰਿਤ ਛਕਾਉਣ ਅਤੇ ਨਾਮ ਦੇਣ ਲੱਗ ਪਿਆ। ਅਜਿਹੀਆਂ ਅਣਗਿਣਤ ਮਨਮਤ ਮਣਸਰੀ ਪਧਤਾਂ ਚਲੀਆਂ ਪਰ ਇਹਨਾਂ ਸ਼੍ਰੇਣੀਆਂ ਵਿਚੋਂ ਕਿਸੇ ਅੰਦਰ ਭੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਾਤਸ਼ਾਹ ਨਾ ਮੰਨਣ ਦੀ ਮਹਾਂ ਮਨਮਤ ਭਰੀ ਮਤਸਰੀ, ਹਮਾਕਤ ਨਹੀਂ ਪਰਵਿਰਤ ਹੋਈ। ਸਭੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਤਸ਼ਾਹ ਗੁਰੂ ਤਸਲੀਮ ਕਰਦੇ ਰਹੇ। ਪਰਗਟ ਤੌਰ 'ਤੇ ਕਿਸੇ ਭੀ



www.AKJ.Org

ਗੁਰਡਿੰਭ ਸ਼੍ਰੇਣੀ ਅੰਦਰ "ਗਿਆਰਵੀਆਂ" "ਬਾਰਵੀਆਂ" "ਤੇਰਵੀਆਂ" 'ਚੌਧਵੀਆਂ' ਗੁਰੂ ਪਾਤਸ਼ਾਹੀਆਂ ਬਨਣ ਬਣਾਉਣ ਦੀਆਂ ਫਿਟਕਾਂ ਨਹੀਂ ਫਿਟ ਉਠੀਆਂ। ਇਹ ਫਿਟਕਾਂ ਵਗੀਆਂ ਤਾਂ ਏਹਨਾਂ ਕੂਕ ਕੁਪੰਥੀਆਂ ਦੇ ਕੁਫ਼ਰ ਮੰਡਲ ਵਿਚ ਵੱਗੀਆਂ। ਏਹਨਾਂ ਕੂਕਾ ਕੁਫਰ ਪੰਥੀਆਂ ਨੇ ਨਾ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ, ਪਾਤਸ਼ਾਹ ਗੁਰੂ, ਮਨਣੋਂ ਸਿਰ ਫੇਰਿਆ, ਬਲਕਿ ਬਰਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੱਧਾ ਨਾਓਂ ਲੈ ਕੇ ਵੀ ਪੁਕਾਰਦੇ ਰਹੇ। ਪੁਕਾਰਦੇ ਹੀ ਨਹੀਂ ਰਹੇ, ਆਪਣੀਆਂ ਕੁਫਰ ਲਿਖਤ ਪੋਥੜੀਆਂ ਰਸਾਲੜੀਆਂ ਵਿਚ ਲਿਖਦੇ ਰਹੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਾਨ ਵਿਰੁਧ, ਬੇਅਦਬੀਆਂ ਭਰੇ ਬੋਲ ਕਬੋਲ, ਭਰੇ ਮਜਮਿਆਂ ਵਿਚ ਬੋਲਦੇ ਕੁਫਰੋਲਦੇ ਰਹੇ। ਕਈ ਸ਼ੈਤਾਨ ਸੀਰਤ ਕੁਫਰ ਸ਼ਕਲ ਮੋਮਨੀ ਕੂਕੇ, ਤਾਂ ਐਥੋਂ ਤਾਈਂ ਕੁਫਰ ਹੁਦਰੀਆਂ ਕਰਦੇ ਰਹੇ ਕਿ ਤਿਲਾਂ ਤਿਲਾਂ ਨੇ ਸਾਂਤ ਸੀਲ ਸਰੂਪ ਪ੍ਰੇਮ ਪਾਕ ਪਵਿਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਨਾਪਾਕ ਮਲੀਨ ਲੋਥ ਮੜਿਆ ਸੰਞੁਕਤ ਉਪਰ ਚੜ੍ਹ ਚੜ੍ਹ ਲਿਤਾੜਿਆ। ਪ੍ਰੰਤੂ ਅਸਾਡੇ ਸ਼ਾਂਤ ਸਾਗਰ ਸਤਿਗੁਰੂ, ਗੁਰੂ ਗੁਰਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਪਣੇ ਬਾਣ ਧਰਾਣੀ ਪੂਰਨਿਆਂ ਦੀ ਸ਼ਾਂਤ ਮਜੱਸਮੀ ਨਜ਼ੀਰ ਹੀ ਬਣੇ ਰਹੇ। ਜੈਸੇ ਕਿ ਦਾਤੂ ਜੀ ਦੀ ਲੱਤ ਖਾ ਕੇ ਸ੍ਰੀ ਗੁਰੂ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਸਾਹਿਬ ਜੀ ਆਪਣੇ ਸਿੰਘਾਸਨ ਉਤੇ ਅਹਿਲ ਅਤੇ ਅਡੋਲ ਬ੍ਰਾਜਮਾਨ ਰਹੇ ਸਨ।

ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮੀ ਬੰਦੇ ਖ਼ਾਲਸਾ ਜੀ ਨੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸ਼ਰਧਾ ਭਾਵਨੀ ਵਾਲੀਆਂ ਅਨੰਨ ਸਿੱਖ ਸੰਗਤਾਂ ਨੇ ਅਨਿਕ ਬਾਰ ਅਜਿਹੇ ਕੁਫਰ ਕਿਆਮਤੀ ਨੱਜ਼ਾਰੇ ਦੇਖ ਕੇ ਸਬਰ ਦੇ ਘੁੱਟ ਪੀਤੇ, ਪਰ ਜਦ ਏਨ੍ਹਾਂ ਕੂਕਿਆਂ ਦੀਆਂ ਕੁਫਰ ਕੁਮੱਤਾਂ ਦਾ ਪਿਆਲਾ ਲਬਰੇਜ਼ ਹੋ ਗਿਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਨੰਨ ਉਪਾਸ਼ਨਾ ਦੇ ਆਸ਼ਕੇ ਸਾਦਕ ਖ਼ਾਲਸਾ ਜੀ ਨੂੰ ਭੀ ਅਪਨੀ ਆਈ ਤੇ ਆਉਣਾ ਪਿਆ। ਅਪਣਾ ਕੁਫਰ ਜਨੂਨੀ ਓੜਕਲਾ ਝੱਸ ਪੂਰਾ ਕਰਨ ਲਈ, ਏਹਨਾਂ ਕੂਕ ਪੰਥੀਆਂ ਨੇ ਨਿਧੜਕ ਹੋ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਤੋੜਿਆ ਅਤੇ ਵਿਚੋਂ ਪਤ੍ਰਾ ਪਤ੍ਰਾ ਕੱਢ ਕੇ ਹਜ਼ਾਰਾਂ ਦੀ ਗਿਣਤੀ ਵਿਚ ਆਪਣੇ ਕਾਫਰ ਟੋਲੇ ਨੂੰ ਵੰਡਿਆ। ਰਾਵਲਪਿੰਡੀ ਸਿੰਘ ਸਭਾ ਦੇ ਗੁਰਦੁਆਰੇ ਵਿਚ ਤਾਂ (ਜੋ ਸਿਰੋਮਣੀ ਗੁਰਦੁਆਰਾ ਕਮੇਟੀ ਨਾਲ ਸੰਬੰਧਤ ਹੈ), ਬੀੜਾਂ ਨਾਲੋਂ ਪਾੜੇ ਹੋਏ ਪਤਰਿਆਂ ਦੀ ਖੁਲਮ-ਖੁਲੀ ਵੰਡ ਕੀਤੀ ਅਤੇ ਸ਼੍ਰੋਮਣੀ ਕਮੇਟੀ ਦੇ ਇਕ ਖ਼ਾਸ ਜ਼ੁਮੇਵਾਰ ਸਿਰਕ੍ਹਦੇ ਮੈਂਬਰ ਦੀ ਹਾਜ਼ਰੀ ਵਿਚ ਕੀਤੀ ਗਈ। ਖ਼ਾਸ ਤੌਰ 'ਤੇ ਪਰਤਾਪ ਸਿੰਘ ਵੱਲੋਂ ਜੋ ਕੂਕਿਆਂ ਦਾ ਮੌਜੂਦਾ ਡੰਮੀ ਗੁਰੂ ਹੈ ਅਤੇ ਕੂਕ ਪੰਥ ਦੇ ਸਿਰਕੱਢ ਸੂਬੇ ਆਤਮਾ ਸਿੰਘ ਵੱਲੋਂ ਕੀਤੀ ਗਈ। ਪੰਜਾਬ ਦੇ ਹੋਰ ਟਾਵੇਂ ਟਾਵੇਂ ਜ਼ਿਲੇ ਅਸਥਾਨਾਂ ਵਿਖੇ ਭੀ ਇਹ ਪਤਰੇ ਵੰਡੇ ਗਏ ਪਰ ਗੁਪਤੋ ਗੁਪਤੀ ਕੇਵਲ ਕੂਕ ਮੰਡਲ ਅੰਦਰ ਹੀ ਵੰਡੇ ਗਏ। ਪਰੰਤੂ ਰਾਵਲ ਪਿੰਡੀ ਵਿਖੇ ਚੂੰਕਿ ਏਹ ਪਤਰੇ ਗੁਰਦੁਆਰਾ ਸਿੰਘ ਸਭਾ ਵਿਚ ਬਰਸਰੇ ਆਮ ਵੰਡੇ ਗਏ ਸਨ ਇਸ ਕਰਕੇ ਏਹਨਾਂ ਦੀ ਕੁਫਰ ਕਰਤੂਤ ਛੇਤੀ ਹੀ ਨਸ਼ਰ ਹੋ ਗਈ। ਚਾਹੇ ਏਹਨਾਂ ਨੂੰ ਏਹ ਜ਼ੁਅਮ ਸੀ ਕਿ ਰਾਵਲਪਿੰਡੀ ਏਹਨਾਂ ਦੇ ਕੂਕ ਪੰਥੀ ਸੂਬੇ ਦਾ ਗੜ੍ਹ ਹੈ ਜਿਸ ਨੂੰ ਕਿ ਕੂਕੇ ਓਥੋਂ ਦਾ ਰਈਸ ਗਰਦਾਨੀ ਫਿਰਦੇ ਹਨ। ਏਹਨਾਂ ਦੀ ਏਸ ਕੁਫ਼ਰ ਕਰਤੂਤ ਨੂੰ ਕਿਸੇ ਨੇ ਪੁਛਣਾ ਨਹੀਂ, ਖ਼ਾਸ ਕਰ, ਇਸ ਹਾਲਤ ਵਿਚ ਕਿ ਏਹ ਪਤ੍ਰਾ ਵੰਡ ਸ਼੍ਰੋਮਣੀ ਗੁਰਦੁਆਰਾ



www.AKJ.Org

ਕਮੇਟੀ ਦੇ ਭੇਜੇ ਹੋਏ ਇਕ ਖਾਸ ਪ੍ਰਤੀਨਿਧ ਮੈਂਬਰ ਦੀ ਹਮਾਇਤ ਤਲੇ ਕੀਤੀ ਗਈ ਸੀ। ਪ੍ਰੰਤੂ ਸਦ ਜਾਗਦੇ ਗੁਰਦੇਵ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਦ ਸਾਵਧਾਨੀ ਅਨੰਨ ਸ਼ਰਧਾਵੰਤ, ਤੱਤ ਗੁਰਮਤਿ ਦੇ ਪਹਿਰੇਦਾਰ ਗੁਰਸਿੱਖਾਂ ਨੇ ਇਸ ਹੋਈ ਮਹਾਂ ਘੋਰ ਕੁਫਰ ਕੁਫ੍ਰਾਨੀ ਮਨਮਤ ਨੂੰ ਤਾਬੜ-ਤੋੜ ਹੀ ਤਾੜ ਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸਦਕੇ ਹੋਣ ਵਾਲੀਆਂ ਰਾਵਲਪਿੰਡੀ ਦੀਆਂ ਗੁਰਮੁਖ ਸੰਗਤਾਂ ਨੇ ਏਹਨਾਂ ਕੁਫਰ ਕੁਫਾਰੀ ਕੂਕਿਆ ਨੂੰ ਚਾਰ ਚੁਫੇਰਿਓਂ ਆਣ ਘੇਰਿਆ। ਕੂਕਿਆਂ ਦਾ ਗੁਰੂ-ਘੰਟਾਲ ਪਰਤਾਪ ਸਿੰਘ ਤਾਂ ਦਾਓ ਬਚਾ ਕੇ ਚੁਪਕੇ ਹੀ ਚੰਪਤ ਹੋ ਗਿਆ। ਜਿਉਂ ਭੱਜਿਆ ਰਾਈਆਂ ਭੈਣੀ ਆ ਵੜਿਆ। ਪਰ ਰਾਵਲਪਿੰਡੀ ਵਿਖੇ ਇਸ ਕੂਕ ਕੁਫਰਾਨੀ ਦੇ ਬਰਖਿਲਾਫ ਐਜੀਟੇਸ਼ਨ ਦਾ ਹੜ੍ਹ ਵਗ ਤੁਰਿਆ। ਮਾਈ ਭਾਈ ਸੱਭ ਆਪੋ ਅਪਣੀਆਂ ਜਿੰਦਾਂ ਵਾਰਨ ਨੂੰ ਤਿਆਰ ਹੋ ਗਏ। ਕੂਕੇ ਆਤਮਾ ਸਿੰਘ ਨੇ ਨਸ ਕੇ ਡਿਪਟੀ ਕਮਿਸ਼ਨਰ ਦੀ ਕੋਠੀ ਜਾ ਓਟ ਲਈ ਅਤੇ ਉਸਦੀ ਹਮਾਇਤ ਜਾ ਭਾਲੀ ਅਤੇ ਸ਼ਕਾਇਤੀ ਬਿਆਨ ਦਿੱਤਾ ਕਿ ਸਰਕਾਰ ਪਾਸੇ ਵਾਲੇ, ਅਸੀਂ ਨਾਮਧਾਰੀ ਪੰਥ ਨੇ, ਤਾਂ ਇਸ ਜੰਗ ਵਿਖੇ ਗਵਰਮਿੰਟ ਬਰਤਾਨੀਆਂ ਦੀ ਜੈ (ਫ਼ਤਿਹ) ਹੋਣ ਲਈ ਲੱਖ ਅਖੰਡ ਪਾਠ ਦਾ ਬੀੜਾ ਚੁਕਿਆ ਸੀ। ਏਹ ਸਰਕਾਰ ਦੇ ਵਿਰੋਧੀ ਸਿੰਘ ਸਭੀਏ ਸਾਨੂੰ ਇਸ ਸਰਕਾਰੀ ਖੈਰ-ਖਾਹੀ ਕਰਤੱਬ ਬਦਲੇ ਕਤਲ ਕਰਨ ਤੇ ਆਮਾਦਾ ਹੋਏਵੇ ਹਨ। ਸਾਡੇ ਹੋਰ ਸਾਥੀ ਤਾਂ ਜਾਨ ਬਚਾ ਕੇ ਲਾਂਭੇ ਛਾਂਬੇ ਨੱਸ ਗਏ ਹਨ। ਮੈਂ ਏਥੇ ਦਾ ਵਸਨੀਕ ਹੋ ਕੇ ਕਿਥੇ ਜਾਵਾਂ ? ਆਪ ਦੀ ਸ਼ਰਨ ਆਇਆ ਹਾਂ। ਮੈਨੂੰ ਬਚਾਓ ! ਉਸਦਾ ਏਹ ਵਾਵੇਲਾ ਸੁਣ ਕੇ ਡੀ.ਸੀ. ਨੇ ਓਦੋਂ ਹੀ ਸਾਰੇ ਸ਼ਹਿਰ ਵਿਚ ਢੰਡੋਰਾ ਫੇਰ ਦਿੱਤਾ ਕਿ ਜੋ ਕੋਈ ਸ. ਆਤਮਾ ਸਿੰਘ ਦੇ ਵਿਰੁਧ ਖ਼ਤਰਾ ਆਮੇਜ਼ ਐਜੀਟੇਸ਼ਨ ਕਰੇਗਾ ਉਸਦਾ ਫੌਰਨ ਚਾਲਾਨ ਕੀਤਾ ਜਾਵੇਗਾ। ਇਸ ਢੰਡੋਰਚੀ ਦੇ ਇਸ ਢੰਡੋਰੇ ਨੂੰ ਸੁਣਕੇ ਰਾਵਲਪਿੰਡੀ ਦੀਆਂ ਸੰਗਤਾਂ ਹੋਰ ਭੀ ਜੋਸ਼ ਵਿਚ ਆ ਗਈਆਂ, ਸਗੋਂ ਕੂਕਿਆਂ ਦੀ ਗੱਦਾਰੀ ਦਾ ਡੰਕਾ ਬੱਜ ਗਿਆ ਅਤੇ ਪਾਜ ਉਘੜਿ ਗਿਆ ਕਿ ਪਤਰਾ ਪਾਠ ਦਾ ਏਹ ਕੁਫਰ ਢਾਂਡਸ ਕੇਵਲ ਖੁਦਗ਼ਰਜ਼ੀ ਲਈ ਹੀ ਰਚਿਆ ਗਿਆ ਸੀ, ਨਾ ਕਿ ਦੇਸ਼ ਕੌਮ ਦੇ ਭਲੇ ਲਈ। ਬੱਸ ਫੇਰ ਕੀ ਸੀ ਫੇਰ ਤਾਂ **"ਉਘਰਿ ਗਇਆ ਜੈਸੇ ਖੋਟਾ ਢਬੂਆ ਨਦਰਿ ਸਰਾਫਾ ਆਇਆ"**। ਸ. ਅਜੀਤ ਸਿੰਘ ਜੀ, ਜੇਹੜੇ ਅੱਗੇ ਹੀ ਇਹਨਾਂ ਦੇ ਸਾਰੇ ਗੁਪਤ ਕਾਰਨਾਮਿਆਂ ਤੋਂ ਜਾਣੂ ਹਨ, ਏਹ ਕੁਫਰ ਕੁਫਾਰ ਕੂਕੇ, ਏਹਨਾਂ ਦੇ ਲੀਡਰਾਂ ਵਾਂਗੂੰ, ਆਪਣੇ ਅਸਲ ਰੂਪ ਵਿਚ ਪ੍ਰਗਟ ਹੋ ਗਏ। ਪਾਜ ਸੱਭ ਲਹਿ ਗਿਆ। ਏਧਰ ਮਾਲਵਾ ਨਿਵਾਸੀ ਸੂਰਵੀਰ ਨਿਰਭੈ ਸਿੰਘ ਜੋਧਿਆਂ ਵਿਖੇ ਭੀ ਏਹਨਾਂ ਦੀ ਏਹ ਕੁਫ਼ਰ ਕਰਤੂਤ ਉਘੜਿ ਆਈ, ਚਾਹੇ ਓਹਨਾਂ ਨੇ ਬਥੇਰੀ ਲੁਕਵੀਂ ਕਰਤੂਤ ਕੀਤੀ ਸੀ। ਜੈਸਾ ਕਿ ਗੁਰਵਾਕ ਹੈ, **"ਅੰਦਰਿ ਕਮਾਣਾ ਸਰਪਰ ਉਘੜੈ, ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ"।** ਕੂਕ ਕੁਫਰਾਨੀ ਡਿੰਭੀ ਗੁਰੂ ਪਰਤਾਪ ਸਿੰਘ ਨੇ, ਕੂਕਿਆਂ ਦੀ ਭੈਣੀ ਦੀ ਕੁਫਰਗੜ੍ਹੀ ਅੰਦਰ ਲੁਕ ਕੇ, ਦਰਪੜਦਾ ਜੋ ਪਵਿਤਰ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤੋੜੀਆਂ ਸਨ, ਏਹ ਗੁੱਝੀ ਕੁਫਰ ਕਰਤੂਤ ਬਾਹਰ ਉਘੜਿ ਆਈ ਅਤੇ ਮਾਲਵਾ ਨਿਵਾਸੀ ਅਣਖੀਲੇ ਸਿੰਘ ਸੇਵਕ ਪਰਖੂ ਸਰਾਫਾਂ ਨੂੰ ਪ੍ਰਗਟ ਪਾਹਾਰੇ ਆਸ਼ਕਾਰ ਹੋ ਗਈ। ਗੁਰਵਾਕ **"ਉਘਰਿ ਗਇਆ ਜੈਸੇ ਖੋਟਾ ਢਬੂਆ ਨਦਰਿ ਸਰਾਫਾਂ ਆਇਆ"** ਬਸ ਫੇਰ ਕੀ ਸੀ, ਫੇਰ ਤਾਂ ਪੰਥਕ ਜੋਸ਼ ਦੇ ਹੜ੍ਹ ਬਹਿ ਤੁਰੇ। ਪੰਥ ਪ੍ਰਸਿੱਧ ਗੁਰਮਤਿ ਹਿਤੈਸ਼ੀਆਂ ਦੇ ਸਾਮਣੇ



www.AKJ.Org

ਏਹ ਸਬੂਤ ਪੇਸ਼ ਹੋਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿਤ੍ਰ ਬੀੜਾਂ ਦੇ ਪਤਰੇ ਅੱਡੋ-ਅੱਡੀ ਤੋੜ ਕੇ, ਵੰਡਣ ਲਈ ਘੋਰ ਬੇਅਦਬੀਆਂ ਨਾਲ, ਤੈਹਾਂ ਮਰੋੜ ਕੇ, ਕੁਫਰ ਕਰਤੂਤੀਆਂ ਵੱਲੋਂ ਲਿਆਂਦੇ ਗਏ। ਧਾਗਿਆਂ ਦੇ ਟੁਟਵੇਂ ਸੂਰਾਖ, ਭਰੇ ਦੀਵਾਨਾਂ ਵਿਚ ਪਾਰਖੂ ਅਤੇ ਪਰਤਿਸ਼ਟ ਸਿੰਘਾਂ ਨੇ ਸ਼ਾਹਦੇ ਹਾਲ ਹੋ ਕੇ ਦੇਖੇ ਪਰਖੇ, ਜਿਸ ਪਰਖ ਦੇ ਹੁੰਦਿਆਂ ਕੂਕਿਆਂ ਦੀ ਦੀਦਾ-ਦਾਨਸਿਤਾ ਕੁਫ਼ਰ ਸ਼ੈਤਾਨੀ ਦੇ ਸਬੂਤ ਦਾ ਕੋਈ ਸੰਦੇਹ ਬਾਕੀ ਨਾ ਰਹਿਆ। ਪਰ ਅਫਸੋਸ ! ਸਦ ਅਫਸੋਸ ! ਕੂਕਿਆਂ ਦੇ ਪਿੱਠ ਠੋਕੂ ਸ਼੍ਰੋਮਣੀ ਕਮੇਟੀ ਦੇ ਚੌਧਰੀਆਂ ਨੇ ਏਹ ਇਲਜ਼ਾਮ, ਉਲਟਾ ਏਸ ਕੁਫ਼ਰ ਕਰਤੂਤ ਦੀ ਦੁਹਾਈ ਦੇਨਹਾਰੇ ਸ਼ਰਧਾਲੂ ਸਿੰਘਾਂ ਉਤੇ ਹੀ ਲਾਇਆ ਅਤੇ ਕੁਕਿਆਂ ਦੀ ਕੁਫਰ ਕਰਤੂਤ ਉਤੇ ਪੜਦਾ ਪਾਇਆ। ਜਿਸ ਤੇ ਸਮੂਹ ਪੰਥ ਨੂੰ ਪਰਤੀਤ ਹੋ ਗਿਆ ਕਿ ਕਾਫਰ ਕੂਕਿਆਂ ਨੇ ਏਹ ਕੁਕਰਮ ਸ਼ਿਰੋਮਣੀ ਗੁਰਦੁਆਰਾ ਕਮੇਟੀ ਦੇ ਸਿਰਕਰਦਿਆਂ ਦੀ ਸ਼ਹਿ ਉਤੇ ਹੀ ਕੀਤਾ ਹੈ। ਸ਼ਿਰੋਮਣੀ ਗੁਰਦੁਆਰਾ ਕਮੇਟੀ ਦੀ ਇਸ ਕੁਫਰ ਹਮਾਇਤੀ ਕਰਤੂਤ ਨੇ ਇਸ ਸ਼ਿਰੋਮਣੀ ਕਮੇਟੀ ਨੂੰ ਸੱਚੇ ਪੰਥ ਦਰਦੀਆ ਦੀ ਨਜ਼ਰਾਂ ਵਿਚ ਹਕੀਰ ਕਰ ਦਿੱਤਾ। ਜਦ ਕਿ ਖੁਲਮ-ਖੁਲੇ ਐਲਾਨਾਂ ਦੁਆਰਾ ਸ਼ਿਰੋਮਣੀ ਗੁਰਦੁਆਰਾ ਕਮੇਟੀ ਨੇ ਕੂਕਿਆਂ ਦੇ ਪਤਰਾ ਪਾਠ ਦੀ ਸ਼ਲਾਘਾ ਮਈ ਦਾਦ ਦਿਤੀ ਅਤੇ ਪੰਥ ਦੀ ਪੁਕਾਰ ਨੂੰ ਅਣਸੁਣਿਆ ਕਰ ਦਿੱਤਾ। ਤਾਂ ਏਹਨਾਂ ਐਲਾਨਾਂ ਦੇ ਕਾਰਨ ਏਹ ਸ਼ਿਰੋਮਣੀ ਕਮੇਟੀ ਗੁਰੂ ਪੰਥ ਦੀਆਂ ਨਜ਼ਰਾਂ ਵਿਚੋਂ ਅਜੇਹੀ ਗਿਰੀ ਕਿ ਇਸ ਦੀ ਨੌਬਤ ਹੁਣ ਮਲੀਆਮੇਟ ਹੋਣ ਉਪਰ ਆ ਢੁੱਕੀ ਹੈ। ਜਿਸ ਪ੍ਰਕਾਰ 1914 ਵਿਖੇ ਸ੍ਰੀ ਗੁਰਦੁਆਰਾ ਰਕਾਬ ਗੰਜ ਦੇ ਢਾਹੇ ਜਾਣ ਦੀ ਹਮਾਇਤ ਉਸ ਵਕਤ ਦੀ ਇਕ ਸਿਰਕਰਦਾ ਪੰਥਕ ਜਮਾਇਤ ਨੇ ਕੀਤੀ ਸੀ ਉਸੇ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿਤਰ ਬੀੜਾਂ ਤੋੜਨ ਦੀ ਹਮਾਇਤ ਅੱਜ ਏਹ ਸ਼ਿਰੋਮਣੀ ਕਮੇਟੀ ਕਰ ਰਹੀ ਹੈ। ਪਰ ਸ੍ਰੀ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਤਾਂ ਗਵਰਨਮਿੰਟ ਨੇ ਢਾਹੀ ਸੀ ਅਤੇ ਇਸ ਢੈਹ ਢਹਾਈ ਦੀ ਹਮਾਇਤ, ਪੰਥ ਦੇ ਚੰਦ ਇਕ, ਜੀ ਹਜ਼ੂਰੀਏ ਸਿਰਕੱਢ ਬੈਹਰੂਪੀ ਚਿਠੀਏ ਸਿਖ ਸਰਦਾਰਾਂ ਨੇ ਕੀਤੀ ਸੀ। ਹਜ਼ਾਰ, ਸਦ ਹਜ਼ਾਰ ਅਫਸੋਸ ਕਿ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਬੀੜਾਂ ਨੂੰ ਤੋੜਨ ਦੀ ਬੇਅਦਬੀ ਖਾਸ ਕੂਕ ਪੰਥੀਏ ਸਿੱਖਾਂ ਨੇ ਕੀਤੀ, ਜਿਸਦੀ ਹਮਾਇਤ ਕਿ ਗਵਰਨਮਿੰਟ ਰੂਪ ਹੋ ਕੇ ਖੁਦ ਸ਼੍ਰੋਮਣੀ ਕਮੇਟੀ ਕਰ ਰਹੀ ਹੈ। ਮਾਨੋ, ਇਸ ਕੁਫਰ ਕਰਤੂਤ ਦੀ ਕਰਨ ਕਾਰਨ, ਖਾਸ ਸ਼ਿਰੋਮਣੀ ਕਮੇਟੀ ਬਣ ਰਹੀ ਹੈ ਜੋ ਅਜ ਆਪਣੇ ਆਪ ਨੂੰ (Autocrit) ਆਟੋਕ੍ਰਿਟ ਗਵਰਨਮੈਂਟ ਸਮਝੀ ਬੈਠੀ ਹੈ। ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਦੀਵਾਰ ਤੋੜਨ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਤੋੜਨ ਦਾ ਸਵਾਲ ਹਜ਼ਾਰਾਂ ਦੂਜੇ ਅਹਿਮ ਹੈ। ਅਸੀਂ ਇਹ ਕਦੇ ਬਰਦਾਸ਼ਤ ਨਹੀਂ ਕਰ ਸਕਦੇ ਕਿ ਗੁਰੂ ਪੰਥ ਦੇ ਜਿਉਂਦਿਆਂ, ਇਹ ਘੋਰ ਬੇਅਦਬੀ ਪਵਿਤਰ ਬੀੜਾਂ ਤੋੜਨ ਦੀ, ਕੋਈ ਆਟੋਕ੍ਰਿਟ ਬਾਡੀ ਕਰੇ ਕਰਾਵੇ, ਭਾਵੇਂ ਓਹ ਅਪਣੇ ਆਪ ਨੂੰ ਅਹਿਲ ਗਰਵਨਮੈਂਟ ਹੀ ਕਿਉਂ ਨਾ ਸਮਝੀਂ ਬੈਠੀ ਹੋਵੇ। ਸਚਮੁਚ ਮੌਜੂਦਾ ਸ਼ਿਰੋਮਣੀ ਕਮੇਟੀ ਨੇ ਅੱਜਕਲ ਆਪਣੇ ਆਪ ਨੂੰ ਦੁਨਿਆਵੀ ਗਰਵਨਮੈਂਟ ਤੋਂ ਭੀ ਵੱਧ ਆਟੋਕ੍ਰਿਟ ਗਵਰਮੈਂਟ ਸਮਝਿਆ ਹੋਇਆ ਹੈ। ਪਰ ਇਹਨਾਂ ਯਾਦ ਰਹੇ ਕਿ ਇਸ ਆਟੋਕ੍ਰੇਸੀ ਦਾ ਬੁਰਾ ਹਸ਼ਰ ਹੋਵੇਗਾ।

1914 ਅੰਦਰ ਗੁਰਦਵਾਰਾ ਰਕਾਬ ਗੰਜ ਸਾਹਿਬ ਜੀ ਦੀ ਦੀਵਾਰ ਢਾਹਣ ਢਹਾਉਣ ਵਾਲਿਆਂ ਦਾ ਹਸ਼ਰ ਕੀ ਹੋਇਆ ? ਜੇ ਉਸ ਸਮੇਂ ਅਰਥਾਤ 1914 ਵਿਖੇ



www.AKJ.Org

ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਦੀਵਾਰ ਦੀ ਬੇਅਦਬੀ ਦੀ ਤਲਾਫੀ ਬਦਲੇ, ਜੋ ਓਦੋਂ ਅਨੇਕਾਂ ਸ਼ਹੀਦੀਆਂ ਹੋਈਆਂ ਅਤੇ ਅਨੇਕਾਂ ਕੁਰਬਾਨੀਆਂ, ਉਮਰ ਕੈਦਾਂ ਅਤੇ ਜਾਇਦਾਦਾਂ ਦੀ ਜ਼ਬਤੀ ਆਦਿ ਹੋਈਆਂ, ਪਰ ਸ੍ਰੀ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਮਹੱਤਤਾ ਕਾਇਮ ਦਾਇਮ ਰਹੀਂ ਅਤੇ ਢਾਹੀ ਦੀਵਾਰ ਢਾਹੁਣ ਹਾਰਿਆਂ ਦੇ ਹਥੋਂ ਹੀ ਮੁੜ ਉਸਰਾਈ ਗਈ। ਕੀ ਏਹ ਮਓਜੂਦਾ ਕੁਫਰ ਡੰਮੀ ਆਪੇ ਬਣੀ ਗਰਵਨਮੈਂਟ ਦੀਵਾਰ ਢਾਹੁਣ ਵਾਲਿਆਂ ਨਾਲੋਂ ਕੋਈ ਜ਼ਿਆਦਾ ਮਜ਼ਬੂਤ ਹੈ? ਅਸੀਂ ਇਸ ਕੁਫਰ ਡੰਮ ਸ਼ਿਰੋਮਣੀਆਂ (ਪਿਠ ਠੋਕੂਆਂ ਦੀ ਗਵਰਮੈਂਟ) ਨੂੰ ਗੋਡਿਆਂ ਪਰਨੇ ਕਰਕੇ ਦਮ ਲਵਾਂਗੇ। ਜਦ ਤਾਈਂ ਇਸ ਕੁਫਰ ਕੁਫਾਹੀ ਕਰਤੂਤ ਦਾ ਏਹ ਕਾਫਰ, ਖੁਦ ਕੁਫਾਰਾ ਨਾ ਉਠਾਉਣ, ਓਸ ਵਕਤ ਤਕ ਅਸੀਂ ਏਹਨਾਂ ਕਾਫਰਾਂ ਅਤੇ ਏਹਨਾਂ ਦੀ ਪਿਠ ਠੋਕੂ ਜਮਾਇਤ ਦੇ ਬਖੀਏ ਉਧੇੜ ਕੇ ਪਾਸ਼ ਪਾਸ਼ ਕਰਨ ਲਈ, ਅੱਜ ਦੀ ਕੁਫਰ ਤੋੜ ਕਾਨਫ੍ਰੰਸ ਵਾਂਗੂੰ, ਪੰਥ ਵਿਚ ਥਾਂਉ ਥਾਈਂ ਕਾਨਫ੍ਰੰਸਾਂ ਕਰਦੇ ਹੀ ਰਹਾਂਗੇ ਅਤੇ ਵਡੀ ਤੋਂ ਵਡੀ ਕੁਰਬਾਨੀ ਕਰਨ ਵਿਚ ਕੋਈ ਦਕੀਕਾ ਬਾਕੀ ਨਹੀਂ ਛਡਾਂਗੇ। ਸਾਨੂੰ ਪਤਾ ਹੈ ਕਿ ਇਹਲਾਂ ਕੂਕਿਆਂ ਦੀ ਪਿੱਠ ਤੇ ਓਹ ਜਮਾਇਤ ਹੈ, ਜੋ ਅਪਣੇ ਆਪ ਨੂੰ ਉਪਰੋਂ ਉਪਰੇ ਤਾਂ ਸਰਕਾਰ ਵਿਰੋਧੀ ਸਾਬਤ ਕਰਿ ਰਹੀ ਹੈ, ਪਰ ਅੰਦਰੋਂ ਬੋਗਸ ਵਾਰ ਡੀਫੈਂਸ ਕਮੇਟੀਆਂ ਬਣਾ ਬਣਾ ਕੇ ਗਵਰਨਮੈਂਟ ਦੀ ਹਮਾਇਤ ਦੀਆਂ ਜਕੜਬੰਦ ਮਜ਼ਬੂਤੀਆਂ, ਅਪਣੀ ਪਿੱਠ ਠੋਕੇ ਜਾਣ ਲਈ ਕਰ ਰਹੀ ਹੈ। ਪਰ ਗਵਰਨਮੈਂਟ ਭੀ ਜਾਣਦੀ ਹੈ ਕਿ ਏਹ ਓਹਨਾਂ ਦਾ ਦਿਖਾਵੇ ਦਾ ਪਾਜ ਹੀ ਹੈ। ਪੰਥ ਉਤੇ ਤਾਂ ਇਸ ਜਮਾਇਤ ਦਾ ਪਾਜ ਭਲੀ ਪ੍ਰਕਾਰ ਉੱਘੜ ਹੀ ਗਿਆ, ਕਿਉਂਕਿ ਓਸ ਸ਼ਿਰੋਮਣੀ ਕਮੇਟੀ ਨੇ ਆਪਣੇ ਆਪ ਨੂੰ ਵਾਰ ਡੀਫੈਂਸੀ ਹੋ ਕੇ ਸਰਕਾਰ ਪ੍ਰਸਤ ਸਿੱਧ ਕਰ ਹੀ ਦਿੱਤਾ ਹੈ। ਦੋ ਰੰਗੀ ਚਾਲ ਕਰਕੇ ਏਹ ਪੰਥ ਦੀਆਂ ਨਜ਼ਰਾਂ ਉਤੋਂ ਹੋਰ ਭੀ ਗਿਰ ਗਈ ਹੈ। ਇਸ ਜਮਾਇਤ ਦੀ ਏਹ ਰਿਆਕਾਰੀ (ਕੂਕਾ ਕੁਫਰ ਪ੍ਰਸਤੀ) ਹੀ ਇਸ ਜਮਾਇਤ ਨੂੰ ਲੈ ਡੁਬੇਗੀ ਸਣੇ ਇਨ੍ਹਾਂ ਹਮਾਇਤ ਪਾਤਰ ਕੂਕਿਆਂ ਦੇ। ਜੇ ਇਸ ਜਮਾਇਤ ਨੇ ਉਭਰਨਾ ਹੁੰਦਾ ਤਾਂ ਏਹ ਪੰਥ ਗੁਰੂ ਤੋਂ ਬੇ-ਮੁਖ ਨਾ ਹੁੰਦਾ। ਕੂਕਿਆਂ ਦੇ ਕਰਤਬ ਦੀ ਹਮਾਇਤ ਕਰਨੀ ਹੁੰਦੀ ਤਾਂ ਸਿਧੇ ਤੌਰ ’ਤੇ ਕਰਦੇ। ਗੁਰੂ ਪੰਥ ਵਿਚ ਅਪੀਲ ਕਰਦੇ। ਹਜ਼ਾਰਾਂ ਪਵਿਤਰ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬ ਵਿਆਪੀ ਸਰੂਪ ਦੀਆਂ, ਸਮੁੱਚੇ ਤੌਰ ’ਤੇ ਇਕ ਬਾਰ ਹੀ, ਸ੍ਰੀ ਅਖੰਡ ਪਾਠ ਕਰਨ ਦੀ ਖਾਤਰ, ਏਨਾਂ ਲਈ ਮੁਹੱਈਆ ਕੀਤੀਆਂ ਜਾਂਦੀਆਂ, ਜਿਨ੍ਹਾਂ ਉੱਤੇ ਇਕ ਵਾਰ ਹੀ, ਸਮੂਹ ਪੰਥ ਸੇਵਕਾਂ ਵਲੋਂ ਗੁਰੂ ਪੰਥਕ ਗੁਰਮਤੇ ਅਨੁਸਾਰ, ਸ਼ੁਭ ਰੀਤੀ ਅਪਨਾ ਕੇ, ਕਈ ਹਜ਼ਾਰਾਂ ਅਖੰਡਪਾਠ, ਇਕ ਬਾਰ ਹੀ ਅਰੰਭ ਕੀਤੇ ਜਾਂਦੇ। ਜਿਨ੍ਹਾਂ ਦਾ ਬੜੀ ਹੀ ਖੁਸ਼ੀ-ਅਸਲੂਬੀ ਨਾਲ ਇਕੋਤ੍ਰ ਲਖ ਅਖੰਡਪਾਠ ਇਕ ਬਾਰ ਹੀ ਹੋ ਸਕਦਾ ਸੀ, ਕੋਈ ਬੇਅਦਬੀ ਨਾ ਹੁੰਦੀ ਅਤੇ ਕੁਫਰ ਕੁਰੀਤੀ ਨਾ ਹੁੰਦੀ। ਪਰ ਨਹੀਂ, ਏਹਨਾਂ ਤਾਂ ਜਾਣ ਬੁਝ ਕੇ ਬੀੜਾਂ ਤੋੜੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਅਜਿਹਾ ਗੋਂਦ ਗੁੰਦਿਆ ਕਿ ਓਹ ਅਗੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਗਟ ਗੁਰਾਂ ਕੀ ਦੇਹ ਵਾਲੀ ਪਦਵੀ ਹੀ ਅਲੋਪ ਹੋ ਜਾਵੇ। ਏਹਨਾਂ ਨਾਮੁਰਾਦ ਇਰਾਦਿਆਂ ਨਾਲ ਹੀ ਏਹਨਾਂ ਨੇ ਬਦਨੀਯਤ ਹੋ ਕੇ, ਪੱਤਰਾ ਪਾਠ ਦਾ ਅਣਹੋਇਆ ਕੁਫਰ ਮਾਰਗ ਚਲਾਉਣ ਮਿਥਿਆ।



www.AKJ.Org

ਅੱਜ ਸ਼ਰੋਮਣੀ ਗੁਰਦੁਆਰਾ ਕਮੇਟੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤੱਤਾ ਵਾਲੀ ਮਹੱਤਤਾ ਨੂੰ ਮਲੀਆਮੇਟ ਕਰਨ ਲਈ ਸ੍ਰੀ ਅਕਾਲ ਤਖ਼ਤ ਉੱਤੇ ਦਸਮ ਗ੍ਰੰਥ ਦੇ ਅਖੰਡ ਪਾਠ ਅਰੰਭ ਕਰਵਾ ਰਹੀ ਹੈ। ਗੁਰੂ ਦੀ ਪਦਵੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੈ। ਪਰ ਸ਼ਿਰੋਮਣੀ ਕਮੇਟੀ, ਏਹਨਾਂ ਕੂਕਿਆਂ ਦੇ ਨਾਲ ਰਲਕੇ ਅੱਜ ਏਹ ਸਾਬਤ ਕਰ ਰਹੀ ਹੈ ਕਿ ਗੁਰੂ ਪੰਥ ਅੰਦਰ, ਖ਼ਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੀ ਗੁਰੂ ਕਰਕੇ ਨਹੀਂ ਪੂਜੀ ਜਾ ਸਕਦੀ, ਹੋਰ ਗ੍ਰੰਥ ਪੁਸਤਕਾਂ ਦੀ ਭੀ ਏਹੋ ਜੇਹੀ ਪੂਜਾ ਕੀਤੀ ਜਾ ਸਕਦੀ ਹੈ। ਇਕ ਪ੍ਰਕਾਰ, ਓਹ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪਰਤਿਸ਼ਟੀ ਘਟਾ ਰਹੇ ਹਨ। ਪੰਥ ਦਾ ਬੱਚਾ ਬੱਚਾ ਜਾਨਦਾ ਹੈ ਕਿ ਦਸਮ ਗ੍ਰੰਥ ਨੂੰ ਗੁਰੂ ਪਦਵੀ ਪ੍ਰਾਪਤ ਨਹੀਂ। ਫੇਰ ਏਹਨਾਂ ਸ਼ਿਰੋਮਣੀਆਂ ਦਾ ਐਨ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਇਸ ਦਸਮ ਗ੍ਰੰਥ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਰਸ਼ਨ ਪ੍ਰਕਾਸ਼ਤ ਕਰਨਾ, ਉਸ ਅੱਗੇ ਮੱਥੇ ਟੇਕਣਾ ਟਿਕਵਾਉਣਾ, ਉਸ ਉਪਰ ਚਉਰ ਕਰਨੇ ਅਤੇ ਚੰਦੋਏ ਤਾਨਣੇ, ਇਸ ਅੱਗੇ ਖਲੋ ਕੇ ਅਰਦਾਸਾਂ ਕਰਨੀਆਂ ਜੋਤਾਂ ਜਗਾਉਣੀਆਂ, ਏਹ ਗੱਲਾਂ ਸਾਫ ਸਿੱਧ ਕਰਦੀਆਂ ਹਨ ਕਿ ਅੱਜ ਏਹ ਨਵੀਨ ਮਨਮੱਤ ਏਹਨਾਂ ਸ਼ਿਰੋਮਣੀਆਂ ਨੇ ਕੇਵਲ ਕੂਕਿਆਂ ਦੀ ਕੁਫਰ ਕਰਤੂਤ ਦੀ ਪਿਠ ਠੋਕਨ ਲਈ ਹੀ ਕੀਤੀ ਹੈ। ਸੱਚ ਹੈ "ਬਿਨਾਸ ਕਾਲੇ ਬਿਪ੍ਰੀਤ ਬੁਧੀ" ਵਾਲੀ ਕਹਾਉਤ ਹੁਣ ਠੀਕ ਏਹਨਾਂ ਤੇ ਆਇਦ ਹੋਈ ਹੈ। ਜਦ ਕਿਸੇ ਦਾ ਬਿਨਾਸ ਕਾਲ ਆਉਂਦਾ ਹੈ ਤਾਂ ਉਸਦੀ ਬੁਧੀ ਬਿਪ੍ਰੀਤ ਹੋ ਜਾਂਦੀ ਹੈ। ਸੋ ਸਾਫ਼ ਪਰਤੀਤ ਹੋਈ ਹੈ ਕਿ ਅੱਜ ਸ਼ਿਰੋਮਣੀ ਕਮੇਟੀ ਦੀ ਬੁੱਧੀ ਬਿਪ੍ਰੀਤ ਲੱਚਰ ਹੋ ਗਈ ਹੈ। ਸੋ ਇਸ ਕਮੇਟੀ ਦੀ ਮਉਤ ਅਰਥਾਤ ਖਾਤਮੇ ਦੇ ਦਿਨ ਨੇੜੇ ਹੀ ਹਨ।

ਜੇਹੜਾ ਭੀ ਕੋਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬ੍ਰੀ ਕਰਨ ਲਈ ਤੁਲਿਆ, ਓਹ ਹਮੇਸ਼ਾ ਲਈ ਮਾਰਿਆ ਗਿਆ। ਪਰ ਅੱਜ-ਕਲ੍ਹ ਦੇ ਸਿਖ ਲੀਡਰ ਜੇਹੜੇ ਕਿ ਪੰਥ ਦੀ ਬਾਗ-ਡੋਰ ਅਪਣੇ ਹੱਥ ਹੀ ਸਮਝਦੇ ਹਨ, ਸੌਦੇ ਬਾਜ਼ੀ ਤੇ ਤੁਲੇ ਹੋਏ ਹਨ। ਤੱਤ ਖ਼ਾਲਸੇ ਨੇ ਕਦੀ ਭੀ ਏਹੋ ਜੇਹੀ ਮਨਮਤ ਚੱਲਣ ਨਹੀਂ ਦਿਤੀ ਅਤੇ ਨਾ ਹੀ ਹੁਣ ਚੱਲਣ ਦੇਵੇਗਾ। ਸਮੂਹ ਸਿੱਖ ਸੰਗਤਾਂ ਅੱਗੇ ਅਪੀਲ ਹੈ ਕਿ ਓਹ ਚੌਕਸੀ ਤੋਂ ਕੰਮ ਲਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖ਼ਾਲਸਾ ਪੰਥ ਦੀ ਜੁਗੋ-ਜੁਗ ਅਟੱਲਤਾ ਲਈ ਸਦਾ ਕਮਰ ਕਸੇ ਕੇ ਹੀ ਰੱਖੇ ਅਤੇ ਕਿਸੇ ਗੀਦੀ ਗੁਰੂ ਡੰਮੀ ਦੀ ਦੁਕਾਨ ਨੂੰ ਨਾ ਚੱਲਣ ਦੇਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਾ ਮੰਨਣ ਅਤੇ ਦੇਹਧਾਰੀ ਗੁਰੂ ਡੰਮ ਦਾ ਡਿੰਬ ਚਲਾਵਨ ਦੇ ਮੁਖ ਕਾਰਨਾਂ ਕਰਕੇ, ਏਹ ਕੂਕ ਪੰਥ ਸ਼੍ਰੇਣੀ ਮੁਢ ਤੋਂ ਹੀ ਗੁਰੂ ਪੰਥ ਵੱਲੋਂ ਖਾਰਜ (ਬਾਈਕਾਟ) ਕੀਤੀ ਗਈ ਸੀ ਅਤੇ ਹੁਣ ਤਾਈਂ ਖਾਰਜ ਕੀਤੀ ਚਲੀ ਆ ਰਹੀ ਹੈ। ਬਾਬਾ ਰਾਮ ਸਿੰਘ ਦੇ ਵੇਲੇ ਤੇ ਹੀ ਏਹੋ ਸ਼੍ਰੇਣੀ ਪੰਥ ਤੋਂ ਖਾਰਜ ਹੋਣ ਕਰਕੇ, ਪੰਥ ਗੁਰੂ ਦੇ ਸਮੂਹ ਗੁਰਦੁਆਰਿਆਂ ਅਤੇ ਤਖ਼ਤਾਂ ਤੇ ਨਹੀਂ ਚੜ੍ਹਨੇ ਪਾਏ ਸੀ ਅਤੇ ਤਨਖਾਹੀਆ ਗਰਦਾਨੀ ਗਈ ਸੀ। ਇਹ ਇਕ ਪੰਥ ਪਰਸਿਧ ਇਤਿਹਾਸਕ ਫੈਕਟ ਹੈ। ਮੁਢ ਤੋਂ ਹੀ ਜਦੋਂ ਬਾਬਾ ਰਾਮ ਸਿੰਘ ਨੂੰ ਕੂਕ ਸ਼੍ਰੇਣੀ ਨੇ ਗੁਰੂ ਮੰਨਿਆ ਅਤੇ ਗੁਰੂ ਨਸ਼ਰ ਕੀਤਾ, ਤਾਂ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਤੇ ਸਭ ਤੋਂ ਪਹਿਲਾਂ ਬਾਬਾ ਰਾਮ ਸਿੰਘ ਨੂੰ ਸਣੇ ਕੂਕ ਸ਼੍ਰੇਣੀ ਦੇ ਤਨਖਾਹੀਆ ਥਾਪਿਆ ਗਿਆ ਅਤੇ ਤਖ਼ਤ ਤੇ ਨਹੀਂ ਚੜ੍ਹਨ ਦਿੱਤਾ ਗਿਆ। ਨਾਹੀ



www.AKJ.Org

ਏਹਨਾਂ ਨੇ ਤਨਖਾਹ ਬਖਸ਼ਾਈ, ਨਾ ਗੁਰੂ ਪੰਥ ਅਤੇ ਗੁਰੂ ਪੰਥ ਦੇ ਤਖਤਾਂ ਨੇ ਏਹਨਾਂ ਨੂੰ ਬਖਸ਼ਿਆ।

ਕਿਉਂਕਿ ਏਹਨਾਂ ਨੇ ਦੇਹਧਾਰੀ ਗੁਰੂ ਥਾਪ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਸਚੇ ਸਤਿ ਗੁਰੂ ਦੀ ਹਮਸਰਸੀ ਕੀਤੀ, ਜਿਸ ਸਬੰਧੀ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਦੇ ਹੁਕਮਾਂ ਵਿਚ, ਖ਼ਾਲਸਾ ਪੰਥ ਨੂੰ ਸਖ਼ਤ ਤਾਕੀਦੀ ਹੁਕਮ ਇਕ ਏਹ ਸੀ ਕਿ ਖ਼ਾਲਸਾ ਜੀ ਮੀਣਿਆਂ ਮਸੰਦਾਂ ਨਾਲ ਨਹੀਂ ਵਰਤਣਾ। ਮੀਣੇ ਪਦ ਤੋਂ ਭਾਵ ਗੁਰੂ ਸਾਹਿਬ ਦਾ ਏਹ ਸੀ ਕਿ ਜੋ ਜੋ ਮਨਮਤੀ ਪ੍ਰਿਥੀ ਚੰਦ, ਧੀਰਮਲ ਆਦਿਕ ਡਿੰਭ ਭੇਖੀਆਂ ਦੀ ਨਿਆਈਂ, ਆਪਣੇ ਆਪ ਨੂੰ ਸ੍ਰੀ ਗੁਰੂ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਰਤਬੇ ਬਰਾਬਰ, ਆਪਣੇ ਆਪ ਨੂੰ ਗੁਰੂ ਸਦਾਇਗਾ ਅਤੇ ਗੁਰੂ ਡੰਮ ਸ਼੍ਰੇਣੀ ਵਖਰੀ ਚਲਾਏਗਾ, ਓਹ ਮੀਣਾ ਹੈ। ਗੁਰੂ ਪੰਥ ਸਦਾ ਲਈ ਉਸ ਨੂੰ ਮੀਣੇ ਦਾ ਖਤਾਬ ਦੇ ਕੇ ਗੁਰਪਾਤਸ਼ਾਹ ਪਦਵੀ ਤੋਂ ਦੁਰਕਾਰੇਗਾ। ਸੋ ਏਹ ਕੂਕ ਡੰਮ ਦਾ ਗੁਰੂ, ਡੰਮੀ ਭੇਖ, ਪੰਥ ਵੱਲੋਂ ਮੁਢ ਤੋਂ ਹੀ ਦੁਰਕਾਰਿਆ ਗਿਆ ਤੇ ਦੁਰਕਾਰਿਆ ਰਿਹਾ ਹੈ। ਪੰਥ ਗੁਰੂ ਦੀ ਮਨਜ਼ੂਰੀ ਬਾਜੋਂ, ਚੰਦ ਇਕ ਮਤਲਬ ਪ੍ਰਸਤਾਂ ਦੀ ਜੁੰਡੀ ਨੇ, ਏਹਨਾਂ ਦੁਰਕਾਰੇ ਹੋਏ ਕੂਕ ਡੰਮੀ ਮੀਣਿਆ ਨੂੰ ਸਿਰਫ਼ ਅਪਣੀ ਮਤਲਬ ਸਿਧੀ ਲਈ ਨਿਰਭੈ ਹੋ ਕੇ ਗੁਰੂ ਗਰਦਾਨਿਆ ਅਤੇ ਗੁਰੂ ਪੰਥ ਦੇ ਪਰਸਿਧ ਤਖ਼ਤ ਉਤੇ ਚੜ੍ਹਾਇਆ। ਏਹਨਾਂ ਦੀ ਅਰਦਾਸ ਪ੍ਰੰਪਰਾਂ ਤੋਂ ਗੁਰੂ ਪੰਥ, ਕਤਈ ਤੌਰ ਤੇ ਮਮਨੂਅ ਸੀ ਜੋ ਏਸ ਗੁਰਦੁਆਰਿਆਂ ਉਤੇ ਕਾਬਜ਼ ਹੋਏ ਸ਼ਿਰੋਮਣੀ ਟੋਲੇ ਨੇ ਫੇਰ ਜਾਇਜ਼ ਅਤੇ ਹਲਾਲ ਕਰਾਰ ਦਿਤੇ। ਗੁਰੂ ਫਿਟਕਾਰਿਆਂ ਗੁਰੂ ਪੰਥ ਦੁਰਕਾਰਿਆਂ ਮੀਣਿਆਂ ਨੂੰ ਕੂਕਿਆਂ ਅਤੇ ਇਹਨਾਂ ਮੀਣ ਪੰਥੀ ਕੂਕਿਆਂ ਨੂੰ ਬਿਨਾਂ ਦੰਡ ਦਿਤੇ ਅਤੇ ਬਿਨਾਂ ਗੁਰੂ ਪੰਥ ਵੱਲੋਂ ਬਖਸ਼ੇ ਜਾਣ ਦੇ, ਆਪ ਹੁਦਰੇ ਹੋ ਕੇ ਆਪਣੀ ਸ਼ਿਰੋਮਣੀ ਕਮੇਟੀ ਦੀ ਸ਼੍ਰੇਣੀ ਵਿਚ ਮਿਲਾਵਣ ਅਤੇ ਗੁਰਦੁਆਰਿਆਂ ਗੁਰ ਤਖ਼ਤਾਂ ਤੇ ਚੜ੍ਹਾਵਨ ਦੀ ਮਨਮੱਤ ਕੀਤੀ ਹੈ। ਇਸ ਸ਼ਿਰੋਮਣੀਏ ਟੋਲੇ ਨੇ ਕੀਤੀ, ਜਿਸ ਤੋਂ ਏਹਨਾਂ ਕੂਕ ਪੰਥੀਆਂ ਦੇ ਹੰਕਾਰ ਦਾ ਪਾਰਾ, ਪੂਰੀ ਡਿਗਰੀ ਵਾਲੀ ਮਨਮੁਖਤਾ ਤਾਈਂ ਜਾ ਚੜ੍ਹਿਆ।

ਇਹਨਾਂ ਨੂੰ ਇਸ ਘੋਰ ਬੇਅਦਬੀ ਦੇ ਕਰਨ ਦਾ ਹੌਸਲਾ ਪੈ ਗਿਆ ਜਿਸ ਦੇ ਕਾਰਨ ਕਿ ਅੱਜ ਸਾਰਾ ਪੰਥ ਤੜਫ ਰਿਹਾ ਹੈ ਅਤੇ ਇਸ ਤੜਫ ਨੂੰ ਲੈ ਕੇ ਇਸ ਕਾਨਫ੍ਰੰਸ ਵਿਚ ਆ ਜੁੜਿਆ ਐ। ਅਣਖੀਲੇ ਖ਼ਾਲਸਾ ਜੀ! ਅੱਜ ਅਸੀਂ ਕੂਕਿਆਂ ਦੇ ਇਸ ਕੁਫਰ ਨੂੰ ਤੋੜਨ ਦਾ ਬੀੜਾ ਉਠਾਇਆ ਹੈ। ਜਿਸ ਦੇ ਤੋੜਨ ਲਈ ਅਸੀਂ ਬੜੀ ਤੋਂ ਬੜੀ ਕੁਰਬਾਨੀ ਕਰਨੋਂ ਭੀ ਨਹੀਂ ਜਕਾਂਗੇ। ਨਾ ਸਿਰਫ਼ ਏਹਨਾਂ ਕੂਕ ਕਾਫਰਾਂ ਦੇ ਕੁਫਰ ਨੂੰ ਤੋੜਾਂਗੇ, ਬਲਕੇ ਏਹਨਾਂ ਦੇ ਪਿੱਠ ਠੋਕੂ ਸ਼ਿਰੋਮਣੀਏ ਮਨਮੁਖਾਂ ਦੀ ਮਨਮੁਖੀ ਦਾ ਗਾਟਾ ਮਰੋੜਾਂਗੇ। ਸੌ ਸਾਖੀ ਵਿਖੇ ਮਲੇਛ ਖ਼ਾਲਸਾ ਪੈਦਾ ਹੋਣ ਦਾ ਭਵਿਖਤ ਇਸ਼ਾਰਾ ਏਹਨਾਂ ਵਲ ਕੀਤਾ ਗਿਆ ਹੈ। ਓਹੀ ਮਲੇਛ ਬੁਧੀਏ ਏਹ ਦੋਵੇਂ ਟੋਲੇ ਹਨ। ਜੋ ਇਕ ਦੂਜੇ ਦੇ ਨਾਲੋਂ ਨਾਲ ਉਪਜ ਖੜੋਤੇ ਹਨ। ਅਸੀਂ ਏਹਨਾਂ ਮਲੇਛਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਏਹ ਘੋਰ ਬੇਅਦਬੀ ਹੋਈ ਦੇਖ ਕੇ, ਏਹਨਾਂ ਨੂੰ ਦਮਨ ਕੀਤੇ ਬਿਨਾਂ, ਦਮ ਨਹੀਂ ਲਵਾਂਗੇ। ਏਹ ਅਸਾਡੀ ਕੋਈ ਜਿਉਣੀ ਹੈ ਕਿ ਹੁਣ ਤਾਈਂ ਅਸੀਂ ਏਹਨਾਂ ਦੇ ਸੋਧੇ ਬਿਨਾਂ ਜਿਉਂਦੇ ਫਿਰਦੇ ਹਾਂ ? ਅਸੀਂ ਇਸ ਪ੍ਰਕਾਰ ਦਿਆਂ ਮੇਹਣਿਆਂ ਤਾਨਿਆਂ ਨੂੰ ਬਿਲਕੁਲ ਬੇ-ਬੁਨਿਆਦ ਸਮਝਦੇ ਹਾਂ। ਜੈਸਾ ਕਈ ਮੇਹਣੇ



www.AKJ.Org

ਤਾਅਨੇ ਬਾਜ਼ ਮਾਰਦੇ ਫਿਰਦੇ ਹਨ ਕਿ ਖ਼ਾਲਸਾ ਪੰਥ ਵਿਚ ਇਹਨਾਂ ਪਾਮਰੀ ਮਨਮੁਖਾਂ ਨੂੰ ਸੋਧਣ ਦੀ ਜਾਨ ਨਹੀਂ ਰਹੀ। ਸਭ ਮੁਰਦਾ ਹੋ ਚੁਕੇ ਹਨ। ਐਸੇ ਮੇਹਣੇ ਤਾਅਨੇ ਬਿਲਕੁਲ ਫਜ਼ੂਲ ਹਨ। ਓਹ ਆਪਣੇ ਅਖੀਂ ਦੇਖਣਗੇ ਅਤੇ ਕੰਨੀ ਸੁਣਨਗੇ ਕਿ ਜੇ ਏਹਨਾਂ ਮਨਮੁਖੀਆਂ ਨੇ ਖ਼ਾਂਲਸਾ ਪੰਥ ਦੀ ਸ਼ਰਨ ਪੈ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀਂ ਢਹਿ ਕੇ ਅਪਣੇ ਕੀਤੇ ਕੁਫ਼ਰ ਕੁਕਰਮ ਦਾ ਪ੍ਰਾਸਚਿਤ ਨਾ ਕਰਾਇਆ ਅਤੇ ਝਬਦੇ ਹੀ ਨਾ ਕਰਾਇਆ ਤਾਂ ਏਹਨਾਂ ਦਾ ਕੀ ਹਸ਼ਰ ਹੁੰਦਾ ਹੈ। ਏਹਨਾਂ ਦਾ ਨਮੂਦ ਨਫ਼ਰ ਨਹੀਂ ਆਏਗਾ। ਉਕਾ ਹੀ ਬੀਜ ਨਾਸ ਹੋ ਜਾਏਗਾ।

ਏਹ ਭੀ ਨਿਰੀ ਚਾਪਲੋਸੀ ਵਾਲੀਆਂ ਮੋਮੋਠਗਣੀਆਂ ਗੱਲਾਂ ਹਨ ਕਿ ਬਾਬਾ ਰਾਮ ਸਿੰਘ ਨੇ ਆਪਣੇ ਆਪ ਨੂੰ ਗੁਰੂ ਨਹੀਂ ਸਦਵਾਇਆ ਅਤੇ ਗੁਰੂ ਡੰਮ ਦਾ ਸਿਲਸਿਲਾ ਨਹੀਂ ਚਲਾਇਆ। ਐਸੀਆਂ ਲਿਖਤਾਂ ਹਨ ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਬਾਬਾ ਰਾਮ ਸਿੰਘ ਨੂੰ ਭੀ ਗੁਰੂ ਬਣਨ ਦਾ ਖਬਤ ਚਿਮੜਿਆ ਹੋਇਆ ਸੀ। ਥੋੜ੍ਹਾ ਨਹੀਂ, ਬਹੁਤ ਬਾਹਲਾ। ਹੁਣ ਦੱਸੋ ਜੀ, ਕੂਕ ਪੰਥ ਵਿਖੇ ਹਮ ਨਾਮਿਆਂ ਦੀ ਸ਼ਰਣ ਵਿਚ ਗਸ਼ਤੀ ਚਿਠੇ ਭੇਜਦੇ ਰਹੇ ਤਾਂ ਕਿਸ ਹੈਸੀਅਤ ਵਿਚ ਭੇਜਦੇ ਰਹੇ ਅਤੇ ਬਾਬਾ ਰਾਮ ਸਿੰਘ ਦੇ ਸਮੇਂ ਵਿਚ ਇਸ ਕੂਕਾ ਡੰਮੀ ਹਕੂਮਤ ਦੇ ਸੂਬੇ ਬਣੇ। ਨਾਮ ਦੇ ਦਾਤੇ ਹੋਣ ਦਾ ਦਾਅਵਾ ਕਰਨਾ ਅਤੇ ਨਾਮ ਦੀ ਦਾਤ ਦੇਣ ਦਾ ਸਿਲਸਿਲਾ ਚਲਾਨ ਦਾ ਮੋਢੀ ਬਣਨਾ, ਬਾਬਾ ਰਾਮ ਸਿੰਘ ਦੀਆਂ ਲਿਖਤਾਂ ਤੋਂ ਹੀ ਭਲੀ ਪ੍ਰਕਾਰ ਸਿਧ ਹੁੰਦਾ ਹੈ। ਬਾਬਾ ਬੁਧ ਸਿੰਘ ਨੂੰ ਕਾਲੇ ਪਾਣੀ ਬੈਠਿਆਂ ਹੀ, ਬਾਬਾ ਬੁਧ ਸਿੰਘ ਦਾ ਨਾਉਂ ਹਰੀ ਸਿੰਘ ਧਰਨਾ ਅਤੇ ਵੰਸ ਕੂਕੇ ਧਰਨਾਂ ਕਿ ਏਹਨਾਂ ਨੇ ਨਾਮਧਾਰੀ ਸ਼੍ਰੇਣੀ ਦੀ ਜੜ ਹਰੀ ਰੱਖੀ ਹੈ। ਚਲੀ 'ਪੀੜੀ ਸੋਢੀਆਂ' ਦੇ ਥਾਓਂ, ਚਲੀ ਪੀੜੀ 'ਵੇਦੀਆ' ਦੇ ਸੀਨਾ-ਬਸੀਨਾ ਹੁਕਮਨਾਮੇ ਕੂਕ ਪੰਥ ਵਿਖੇ ਪਰਚਾਰ ਕੀਤੇ ਗਏ ਤਾਂ ਇਸ ਬੁਧ ਸਿੰਘ ਤੋਂ ਹਰੀ ਸਿੰਘ ਮੁਢ ਧਰਨ ਤੋਂ ਹੀ ਕੀਤੇ ਗਏ। ਇਸ ਸੰਦੇਹ ਨਹੀ ਕਿ ਓਹ ਗੁਰੂ ਨਹੀਂ ਸਦਾਏ ਅਤੇ ਇਸ ਵਿਚ ਭੀ ਰੰਚਕ ਸੰਦੇਹ ਨਹੀਂ ਕਿ ਓਹ, ਬਿਨ ਗੁਰੂ ਗੁਣਾਂ ਦੇ ਹੀ ਗੁਰੂ ਸਦਾਏ। ਬਾਬਾ ਰਾਮ ਸਿੰਘ ਵਿਚ ਗੁਰੂ ਵਾਲਾ ਕੋਈ ਭੀ ਗੁਣ ਨਹੀਂ ਸੀ। ਕੂਕ ਪੰਥੀਏ ਕਾਫੀ ਐਵੇਂ ਫੋਕੀਆਂ ਬੜਕਾਂ ਮਾਰਦੇ ਫਿਰਦੇ ਹਨ। ਅਸੀਂ ਹੇਠਾਂ ਇਕ ਚਿੱਠੀ ਦਾ ਇੰਨ-ਬਿੰਨ ਉਤਾਰਾ ਸੁਣਾਉਂਦੇ ਹਾਂ ਤਾਂ ਜੋ ਬਾਬਾ ਰਾਮ ਸਿੰਘ ਨੇ ਖ਼ੁਦ ਆਪਣੀ ਕਲਮ ਤੋਂ ਲਿਖ ਕੇ ਬਾਬਾ ਬੁਧ ਸਿੰਘ ਨੂੰ ਭੇਜੀ ਸੀ :-

ਚਿਠੀ

ੴ ਸਤਿਗੁਰ ਪ੍ਰਸਾਦ।

ਲਿਖਤੋ ਰਾਮ ਸਿੰਘ ਨਾਨੂ ਸਿੰਘ ਜੋਗ ਬੁਧ ਸਿੰਘ ਹੋਰ ਸਬੂਹਿ ਸੰਗਤ ਸ੍ਰੀ ਵਾਹਿਗੁਰੂ ਫਤੇ ਬੁਲਾਈ ਵਾਚਣੀ। ਹੋਰ ਹੁਣ ਤਾਈਂ ਸਰੀਰ ਹੈ ਖਾਣੇ-ਪੈਨਣ ਨੂੰ ਖੰਡ ਘਿਉ ਚਾਉਲ ਲੀੜਾ ਬਹੁਤ ਮਿਲਦਾ ਹੈ। ਪਰ ਵਿਛੋੜੇ ਅੱਗ ਨੇ ਫੂਕ ਛਡਿਆ ਹੈ। ਹੋਰ ਬੀਬੀ ਨੰਦਾਂ ਨੂੰ ਰਾਮ ਸਤਿ ਵਾਚਣੀ। ਹੋਰ ਭਾਈ, ਨੰਦਾ ਦਾ ਮਾਈ ਬਾਪ ਤੂ ਹੀ ਹੈ। ਤੁਸੀ ਮੰਗਲ ਸਿੰਘ ਨੂੰ ਪੁੱਛ ਕੇ ਅਪੀਲ ਕਰਨੀ ਗੋਰਾ ਵਕੀਲ ਕਰਨਾ। ਜੇ ਅਪੀਲ ਤੇ



www.AKJ.Org

ਛੁਟਿਆ ਤਾਂ ਹੱਛਾ, ਜੇ ਨਾ ਛੁੱਟਾ ਤਾਂ ਬੁਧ ਸਿੰਘ ਤੈਂ ਸਾਹਿਬ ਤੇ ਪ੍ਰੇਮਾਨਾ ਲੈ ਕੇ, ਮਿਲ ਜਾਣਾ। ਜੇ ਪ੍ਰਮਾਨਾ ਨਾ ਦੇਣ ਤਾਂ ਤੂੰ ਨਾ ਆਈਂ। ਕਿਸੇ ਹੋਰ ਨੂੰ ਭੇਜ ਦੇਨਾ। ਸੌ ਰਪੈਈਆ ਦੇਣਾ ਸਾਡੇ ਵਾਸਤੇ ਅਰ ਜੋ ਪੂਜਾ ਪੈਸਾ ਹੈਗਾ ਸੋ ਸਭ ਪੁੰਨ ਦੇਣਾ। ਪਇਆ ਨਾ ਰਹੇ ਅਰ ਪੂਜਾ ਦੇ ਘੋੜੇ, ਮਹੀਂ, ਗਾਈ, ਵੈਲ, ਸਭ ਪੁੰਨ ਦੇਣੇ। ਵੇਚਣੇ ਨਹੀਂ, ਅਰੁ ਹੁਣ ਬੀ ਮੇਰੇ ਅਰਥ ਭੋਗੁ ਪੁਆਓਣੇ, ਪ੍ਰਸ਼ਾਦ ਛਕਾਇ ਦੇਣੇ, ਕਪੜੇ ਦੇਣੇ, ਸਾਧ ਬਾਮਣਾ ਨੂੰ, ਜੇ ਮੈਂ ਏਥੇ ਮਰ ਗਿਆ, ਤਾਂ ਬੀ ਪਿਛੇ ਭੋਗ, ਲੀੜੇ, ਗਊਆਂ, ਪੁੰਨ ਕਰਨੀਆਂ, ਪੰਜ ਭੌਂਗ ਮੇਰੇ ਮੁਕਤਸਰ ਪੁਆਓਣੇ। ਡੂਢ ਸੌ ਰੁਪੈਈਆ ਲਾਇ ਦੇਣਾ। ਤੁਸੀਂ ਹਛੀ ਨਾ ਕੀਤੀ ਜੋ ਅਜੁ ਤਾਈਂ ਅਪੀਲ ਨਾ ਕੀਤੀ। ਹੁਣ ਅਪੀਲ ਕਰੋ, ਛੇਤੀ ਸਭੇ ਮਿਲਕੇ ਅਰੁ ਬ੍ਰਨੀ ਭੋਗਾਂ ਦੀ ਕਰਨੀ। ਚੀਨੀ ਘੋੜੀ ਮੰਗਲ ਸਿੰਘ ਨੂੰ ਦੇਨੀ। ਹੋਰੁ ਬਾਵਰ, ਡੰਗ੍ਰ ਘੋੜਾ ਨਾ ਰਖੋ। ਹੋਰ ਏਨਾ ਲੋਕਾਂ ਨੇ ਮੇਰੇ ਪਾਸੋਂ ਵੈਰੁ ਲੈਣਾ ਸੀ, ਲੈ ਲਿਆ। ਹੋਰ ਨਾਨੂੰ ਸਿੰਘ ਦੇ ਭਾਈ ਨੂੰ ਸੱਦ ਕੇ ਦਿਲਾਸਾ ਦੇਣਾ। ਜੋ ਉਸ ਨੂੰ ਲੋੜ ਹੋਵੈ ਸੋ ਚੀਜ ਦੇਣੀ ਦਿਆ ਸਿੰਘ ਨੂੰ। ਹੋਰ ਮੈਨੂੰ ਏਹ ਤਵਕਾ ਨਹੀਂ ਥਾਂ ਕਿ ਮੇਰੇ ਨਾਲ ਏਨਾ ਲੋਕਾਂ ਨੇ ਇਓਂ ਕਰਨੀ ਹੈ, ਆਪੇ ਸਭ ਕੁਛ ਕਰਕੇ ਸਭੋ ਵਾਤ ਮੇਰੇ ਸਿਰ ਲਾ ਦਿਤੀ। ਜੇ ਸਰਕਾਰ ਅੱਗੇ ਤੇ ਪੁਛੇ ਤਾਂ ਜਿਸ ਦੀ ਮੈਨੂੰ ਖਬਰ ਥੀ, ਓਨ੍ਹਾਂ ਦੀ ਤਾਂ ਮੈਂ ਸਰਕਾਰ ਨੂੰ ਖਬਰ ਕਰ ਦਿੱਤੀ। ਆਪਣੀ ਜਾਨ ਬਚਾਉਣ ਵਾਸਤੇ ਮੇਰੇ ਸਿਰ ਲਾਇ ਦਿਤੀ। ਸਾਰੀ ਵਾਤ ਅਰੁ ਜੋ ਅਨੰਦ ਪੜਾਵੇ, ਸੋ ਸਭ ਲਾਗੀਆਂ ਨੂੰ ਲਾਗ ਦੇਵੋ। ਨਾ ਕਿਤੇ ਦੇਣਾ ਹੋਵੈ ਤਾਂ ਅਨੰਦ ਨਾ ਪੜ੍ਹਾਵੈ। ਅਗੈ ਵਾਂਗੂੰ ਅਪਨੀ ਮਰਜੀ ਬਰਤੇ ਇਹ ਬਾਤ ਸਾਰੇ ਆਖ ਦੇਣੀ ਅਰ ਮੇਰੇ ਪਿਛੋਂ ਪਿੰਡ, ਪਤਲ, ਕ੍ਰਿਆ, ਗਊ ਪੁੰਨ, ਭਾਗ, ਸੋਭ ਕਰਨਾ ਹਿੰਦੂਆਂ ਦੀ ਰੀਤ ਬੀ ਕਰਨੀ। ਭੋਗ ਭੀ ਪੁਆਣਾ। ਹੋਰ ਬੁਧ ਸਿੰਘ, ਬਾਬੇ ਦੇ ਪਿਛੇ, ਪੁੰਨ ਦਾਨ ਕਰਨਾ, ਸਾਧਾਂ ਬਾਮਣਾ ਨੂੰ ਭੋਜਨ ਜਮਾਲਣਾ ਜਥਾ ਸਕਤ ਲੀੜਾ ਬੀ ਦੇਣਾ। ਹੋਰ ਬੁਧ ਸਿੰਘ, ਜੇ ਮੈਨੂੰ ਏਨੀ ਅਪੀਲ ਵਿੱਚ ਛੱਡ ਦਿੱਤਾ ਤਾਂ ਅੱਛਾ, ਜੇ ਛਡਿਆ ਨਾ, ਤੈਂ ਬੁਧ ਸਿੰਘ ਮੈਨੂੰ ਮਿਲਿ ਜਾਣਾ, ਤੈਂ ਤਾਂ ਪ੍ਰਮਾਣਾ ਮੇਰੇ ਮਿਲਣ ਦਾ ਲੈ ਕੇ ਆਉਣਾ ਦਸ ਰੋਜ ਪਾਸ ਰਹਣ ਦਾ, ਜੇ ਨਾ ਪ੍ਰਮਾਨਾ ਦੇਵੇ ਸਰਕਾਰਿ, ਤਾ ਤੂ ਨਾ ਆਈ। ਹੋਰ ਕਿਸੇ ਨੂੰ ਭੇਜੀ ਦੇਈ ਹੁਸਿਆਰ ਆਦਮੀ ਨੂੰ, ਚਾਹੇ ਦਰਬਾਰਾ ਸਿੰਘ ਆਇ ਜਾਏ। ਉਹ ਐਥੇ ਦਾ ਬਾਕਵ ਹੈ। ਜੇ ਮੈ ਛੇਤੀ ਮਰ ਗਿਆ ਤਾ ਨਾਨੂ ਸਿੰਘ ਤੁਸਾਂ ਦੇ ਪਾਸ ਆਊਗਾ। ਜੋ ਬਾਤ ਤੁਸਾਂ ਨੂੰ ਨਾਨੂ ਸਿੰਘ ਆਖੇ ਸੋ ਤੁਸੀਂ ਜ਼ਰੂਰ ਕਰਨੀ। ਅਗੇ ਜੋ ਤੁਸਾਂ ਦੀ ਮਰਜੀ, ਮੈ ਤਾਂ ਦੇਖਣ ਨਹੀਂ ਆਓਣਾ। ਪਰ ਤੇਰੇ ਸਰੀਰ ਦਾ ਮੈਨੂੰ ਮੋਹ ਬਡਾ ਥਾ। ਪ੍ਰਮੇਸਰ ਦੀ ਮਰਜੀ ਜੀਉਂਦੇ ਈ ਬਿਛੁੜ ਗਏ। ਮੈਂ ਤਾਂ ਨਾਮੁ ਭਲੇ ਨੂੰ ਦਸਿਆ ਥਾ, ਮੈਨੂੰ ਏਹ ਖਵਰ ਨਹੀ ਥੀ ਕੇ ਮੇਰੇ ਨਾਲ ਏਹ ਬ੍ਰਤਨਾ ਹੈ, ਕੋਈ ਮੈ ਪਿਛਲੇ ਜਨਮ ਬਹੁਤ ਭਾਰਾ ਪਾਪ ਕੀਤਾ ਹੈ।

ਹੋਰ ਜੀ ਸ੍ਰਬਤ ਨੂੰ ਮੇਰੀ ਬਲੋ ਫਤੇ ਬੁਲਾਈ ਓਣੀ। ਭਾਈ ਗਰੀਬੀ ਦਾਵੇ ਦਿਨ ਕਟ ਲੈਣ। ਫਿਰੰਗੀ ਮੈਨੂੰ ਕਦਿ ਛੋੜਦੇ ਥੇ। ਹਜ਼ਾਰਾਂ ਲੋਕਾਂ ਨੇ ਬਦਨਾਮੀ ਮੇਰੇ ਨਾਇ ਲਾਈ। ਅਪਨਿਆਂ ਬੇਗਾਨਿਆਂ ਨੇ। ਠਾਕੁਰ ਬੇਅੰਤ ਹੈ, ਲੱਗੇ ਤਾਂ ਭਜਨ ਬਾਣੀ ਕਰਨ ਥੇ, ਭਾਣਾ ਏਹ ਬਰਤਿਆ। ਹੁਣ ਤਾਂ ਸਾਰੀ ਬਾਤ ਦੀ ਨਿਰਾਸੀ ਹੈ। ਪਰ ਮੇਰੇ ਮਰੇ ਤੇ ਭੋਗ, ਮੇਰੇ ਅਰਥ



www.AKJ.Org

ਪੁਆਇ ਦੇਣੇ, ਜਿਸ ਤੇ ਸਰਿ ਆਵੇ। ਸਾਰੇ ਦੇਸਾਂ ਦੇ ਸਿੰਘਾਂ ਨੂੰ ਹੁਕਮ ਹੈ ਅਗੇ ਤੁਸੀਂ ਜਾਣੋ। ਮੈ ਤਾਂ ਹੁਣ ਮਰਿ ਚੁੱਕਾ ਹਾਂ, ਕੋਈ ਦਿਨ ਦੇ ਸਾਸ ਹੈਨ। ਹੋਰ ਕੀ ਬਹੁਤਾ ਲਿਖਣਾਂ ਹੈ ਅਗੇ ਬਹੁਤ ਲਿਖ ਭੇਜਿਆ ਹੈ ਉਹ ਦੇਖ ਲੈਣ।

ਕੀ ਏਸ ਚਿੱਠੀ ਦੇ ਪੜ੍ਹਨ ਸੁਣਨ ਹਾਰਾ, ਕਦੇ ਏਹ ਅੰਦਾਜ਼ਾ ਲਗਾ ਸਕਦਾ ਹੈ ਕਿ ਅਜਿਹੀ ਚਿੱਠੀ ਦੇ ਲਿਖਣ ਵਾਲੇ ਬਾਬਾ ਰਾਮ ਸਿੰਘ ਨੂੰ ਗੁਰੂ ਪਦਵੀ ਦਿਤੀ ਜਾ ਸਕਦੀ ਹੈ। ਇਸ ਚਿੱਠੀ ਤੇ ਸਾਫ਼ ਸਪਸ਼ਟ ਹੁੰਦਾ ਹੈ, ਬਾਬਾ ਰਾਮ ਸਿੰਘ ਤਾਂ ਭਾਣਾ ਮਿੱਠਾ ਕਰਕੇ ਮੰਨਣ ਵਾਲਾ ਸਿਖ ਭੀ ਨਹੀਂ ਸੀ। ਗੁਰੂ ਪਦਵੀ ਨਾਲਿ ਉਸ ਬਾਬਾ ਰਾਮ ਸਿੰਘ ਦੀ ਕੀ ਹਮਸਰੀ ਹੋ ਸਕਦੀ ਹੈ। ਏਹ ਤਾਂ ਗੁਰੂ ਘਰ ਦੇ ਸ਼ਰਧਾਲੂ ਸਿਖਾਂ ਦਾ ਮੁਕਾਬਲਾ ਭੀ ਨਹੀਂ ਕਰ ਸਕਦਾ। ਬਾਬਾ ਰਾਮ ਸਿੰਘ ਨੂੰ ਉਸ ਦੀ ਆਪਣੀ ਚਿੱਠੀ ਮੂਜਬ ਖਾਣੇ ਪਕੌਣੇ ਖੰਡ ਘਿਉ ਚਾਵਲ ਲੀੜਾ ਬਹੁਤ ਮਿਲਦਾ ਸੀ ਪਰ ਓਸ ਨੇ ਵਕੀਲ ਦੀ ਰਾਹੀ ਅਪੀਲ ਕ੍ਰਕੇ ਛੁਟਣ ਲਈ ਦਰਖਾਸਤਾਂ ਕਰਨ (Undertakings ਦੇਣ) ਲਈ ਤਰਲੇ ਲਏ, ਜਿਨ੍ਹਾਂ ਦੇ ਸਬੂਤ ਵਿਚ ਏਹ ਚਿੱਠੀ ਬਾਬੇ ਰਾਮ ਸਿੰਘ ਦੀ ਮੂੰਹ ਬੋਲਦੀ ਤਸਵੀਰ ਹੈ। ਹਾਇ ਵਿਛੋੜੇ ਅਗਨ ਨੇ ਫੂਕ ਛਡਿਆ ਹੈ। ਕਦੇ ਕੋਈ ਗੁਰੂ ਜਾਮਾ, ਅਜਿਹੇ ਹੋਛੇ ਦਾਵੇ ਭਰ ਸਕਦਾ ਹੈ ? ਕੀ ਏਹ ਭਾਣਾ ਮਿਠਾ ਕਰਿ ਮੰਨਣ ਵਾਲੀ ਸਾਖੀ ਹੈ ? ਜੇ ਕਿਤੇ ਤਤੇ ਤਵਿਆਂ ’ਤੇ ਬੈਠਣ ਦੇ ਤਸੀਹੇ ਝਲਣੇ ਪੈਂਦੇ ਤਾਂ ਖਬਰ ਨਹੀਂ ਕੀ ਹਾਲ ਹੁੰਦਾ ? ਭਾਣਾ ਮਿਠਾ ਕਰਕੇ ਮੰਨਣ ਵਾਲੇ, ਗੁਰੂ ਦੇ ਸਿਖਾਂ ਦਾ ਭੀ, ਏਹ ਕੂਕਿਆਂ ਦਾ ਬਾਬਾ ਰਾਮ ਸਿੰਘ ਮੁਕਾਬਲਾ ਨਹੀਂ ਕਰ ਸਕਦਾ। ਕਿਥੇ ਤਾਂ ‘ਆਰਾ ਪਿਆਰਾ ਲਗਤ” ਦੀਆਂ ਸੱਦਾਂ ਨਿਕਲੀਆਂ ਅਤੇ ਚਰਖੀਆਂ ਤੇ ਚੜ੍ਹ ਕੇ ਬੰਦ ਬੰਦ ਕਟਾ ਕੇ “ਤੇਰਾ ਕੀਆ ਮੀਠਾ ਲਾਗੈ” ਦੇ ਸੁੰਦ੍ਰ ਰਾਗ ਅਲਾਪੇ ਜਾਣੇ ਅਤੇ ਕਿਥੇ ਕੂਕਿਆਂ ਦਾ ਗੁਰੂ ਬਾਬਾ ਰਾਮ ਸਿੰਘ ਕੇਵਲ ਨਜ਼ਰਬੰਦਾਂ ਵਾਲੀ ਕੈਦ ਵਿਚ ਆ ਕੇ ਹੀ ਨਿਰਾਸਾ ਹੋ ਕੇ ਇਹ ਆਖੇ “ਲਗੇ ਤਾਂ ਭਜਨ ਬਾਣੀ ਕਰਨੇ ਥੇ, ਭਾਣਾ ਏਹ ਬਰਤਿਆ” ਹੁਣ ਤਾਂ ਸਾਰੀ ਬਾਤ ਦੀ ਨਿਰਾਸੀ ਹੀ ਹੈ। ਛੁੱਟਣ ਦੀ ਕੋਈ ਆਸ ਨਹੀਂ। ਮੈਂ ਹੁਣ ਮਰ ਚੁੱਕਾ ਹਾਂ ਕੋਈ ਦਿਨ ਦੇ ਸਾਸ ਹਨ ਮੈਂ ਤਾਂ ਨਾਮ ਭਲੇ ਨੂੰ ਦਸਿਆ ਥਾਂ। ਮੈਨੂੰ ਏਹ ਖਬਰ ਨਹੀਂ ਸੀ ਕਿ ਮੇਰੇ ਨਾਲਿ ਏਹ ਬਰਤਨਾ ਹੈ। ਕੋਈ ਮੈਂ ਪਿਛਲੇ ਜਨਮ ਬਹੁਤ ਭਾਰੂ ਪਾਪ ਕੀਤਾ ਹੈ। ਕਿਤਨਾ ਅਲਪਗਲੀਤਾਂ ਵਾਲਾ ਪਛੋਤਾਵਾ ਹੈ। ਕਿਤਨੀ ਅਲਪਗਤਾ ਹੈ। ਸਰਬਗ ਗੁਰੂ ਸਾਹਿਬਾਨ ਦਾ ਏਥੇ ਮੁਕਾਬਲਾ ਹੀ ਕੀ। ਗੁਰੂ ਦੇ ਭਾਣਾ ਮਿਠਾ ਕਰ ਮੰਨਣ ਵਾਲੇ, ਸਿਖਾਂ ਨੇ ਭੀ ਅਜਿਹਾ ਪਛੋਤਾਵਾ ਨਹੀਂ ਕੀਤਾ।

ਨਾਮ ਦਸਨ ਦਾ ਦਾਅਵਾ ਅਤੇ ਫੇਰ ਪਛਤਾਵਾ ਭੀ ਕੀਤਾ ਹੈ। ਫੇਰ ਏਹਨਾਂ ਸਤਰਾਂ ਵਿਚ ਗੁਰੂ ਸਦਰਸ ਹੁਕਮਨਾਮੇ ਤੇ ਦਾਤ ਦੇ ਦਾਈਏ ਭੀ ਬੰਨੇ ਹਨ। “ਮੇਰੇ ਮਰੇ ਤੇ ਭੋਗ ਮੇਰੇ ਅਰਥ ਪਵਾਇ ਦੇਣੇ। ਸਾਰੇ ਦੇਸਾਂ ਦੇ ਸਿੰਘਾਂ ਨੂੰ ਹੁਕਮ ਹੈ। ਅਗੋਂ ਤੁਸੀਂ ਜਾਣੋ, ਮੈਂ ਤਾਂ ਹੁਣ ਮਰ ਚੁਕਾ। ਚੰਦ ਦਿਨ ਦੇ ਸਾਸ ਹੈਂ।

ਬਾਬੇ ਰਾਮ ਸਿੰਘ ਦੇ ਹੱਥੀਂ ਲਿਖੀ ਹੋਈ ਅਸਲ ਚਿੱਠੀ ਸਾਡੇ ਪਾਸ ਮਓਜੂਦ ਹੈ। ਜਿਸ ਦਾ ਫੋਟੋ ਲੈ ਕੇ ਕਿਸੇ ਮੌਕੇ ਤੇ ਛਪਾਇਆ ਜਾਵੇਗਾ। ਏਹ ਚਿੱਠੀ ਤਾਂ ਸਰਕਾਰ ਪਾਸੋਂ ਮਾਫੀ ਮੰਗਣ ਦੀ ਦਰਖਾਸਤ ਦੇਣ ਦਾ ਬਾਬੇ ਬੁਧ ਸਿੰਘ ਨੂੰ ਹੁਕਮਨਾਮਾ ਹੈ। ਅਤੇ ਜੋ ਮਾਫੀ ਨਾਮਾ (Undertakings) ਬਾਬੇ ਰਾਮ ਸਿੰਘ ਨੇ ਲਿਖ ਕੇ ਗਵਰਮੈਂਟ ਨੂੰ ਦਿੱਤਾ ਹੈ



www.AKJ.Org

ਓਹ ਤਾਂ ਬਹੁਤ ਹੀ ਗਿਰਿਆ ਹੋਇਆ ਮਾਫੀ ਨਾਮਾ ਹੈ। ਜੋ ਕਦੇ ਕਿਸੇ ਕਾਨਫ੍ਰੰਸ ਵਿਖੇ ਹੂ ਬਹੂ ਸੁਣਾਇਆ ਜਾਵੇਗਾ ਅਤੇ ਕੂਕ ਡੰਮ ਦੇ ਕੁਫਰ ਦੀ ਕਲਈ ਭਲੀ ਭਾਂਤ ਖੋਲੀ ਫੋਲੀ ਜਾਵੇਗੀ।

ਅਸੀਂ ਕੂਕਿਆਂ ਨੂੰ ਡੰਕੇ ਦੀ ਚੋਣ ਨਾਲ ਦੱਸ ਦੇਣਾ ਚਾਹੁੰਦੇ ਹਾਂ ਕਿ ਤੁਸਾਡਾ ਗੁਰੂ ਰਾਮ ਸਿੰਘ ਇਕ ਅਲਪਗ ਜੀਵ ਸੀ। ਗੁਰੂ ਹਰਗਿਜ਼ ਨਹੀਂ ਸੀ। ਗੁਰੂ ਸਰਬਗ ਹੁੰਦੇ ਹਨ ਉਸ ਵਿਚ ਸਰਬਗਤਾ ਵਾਲਾ ਕੋਈ ਭੀ ਗੁਣ ਨਹੀਂ ਸੀ। ਤੁਸੀਂ ਉਸ ਨੂੰ ਕਿੰਨਾਂ ਗੁਣਾਂ ਕਰਕੇ ਗੁਰੂ ਥਾਪੀ ਫਿਰਦੇ ਹੋ ? ਉਸ ਵਿਚ ਤਾਂ ਸਾਧਾਰਨ ਸਿਖਾਂ ਵਾਲੇ ਭੀ ਗੁਰਮਤ ਗੁਣੀ ਲੱਛਣ ਨਹੀਂ ਸਨ। ਅਸਾਡ ਪਾਸ ਏਹ ਮਸੱਦਕਾ ਸਬੂਤ ਹਨ ਕਿ ਤੁਸਾਡਾ ਰਾਮ ਸਿੰਘ ਗੁਰੂ ਆਪਣੇ ਜਤ-ਸਤ ਧਰਮ ਤੋਂ ਭੀ ਡੋਲਿਆ ਡਿਗਿਆ ਹੋਇਆ ਸੀ। ਜਦ ਉਹ ਮਾਫੀਆਂ (ਅੰਡਰਟੇਕਿੰਗ) ਦੇ ਕੇ ਹੰਭ ਗਿਆ ਅਤੇ ਓਸ ਨੂੰ ਆਪਣੇ ਛੁਟਕਾਰੇ ਦੀ ਪੱਕੀ ਨਿਰਾਸਤਾ ਹੋ ਗਈ ਕਿ ਗਵਰਨਮੈਂਟ, ਓਸ ਨੂੰ ਨਹੀਂ ਛਡੇਗੀ, ਤਾਂ ਉਸ ਇਕ ਬ੍ਰਹਮੀ ਔਰਤ ਨੂੰ, ਬਿਨਾ ਅਨੰਦ ਪੜ੍ਹਾਏ, ਚਾਦਰ ਪਾਏ ਬਿਨਾ ਹੀ, ਅਪਣੀ ਨਾਜਾਇਜ਼ ਇਸਤ੍ਰੀ ਬਣਾ ਲਿਆ। ਉਸ ਨਾਲ ਬਿਭਚਾਰ ਕੀਤਾ ਅਤੇ ਉਸ ਦੇ ਪੇਟੋਂ ਦੋ ਬੱਚੇ ਪੈਦਾ ਹੋਏ। ਜੋ ਹੁਣ ਤਾਈਂ ਮੋਲਮੀਨ ਵਿਖੇ ਜਿਉਂਦੇ ਹਨ। ਛੋਟਾ ਤਾਂ ਕੇਸ ਦਾੜ੍ਹਾ ਮੁਨਾ ਕੇ ਪਤਿਤ ਹੋ ਚੁੱਕਾ ਹੈ। ਵੱਡੇ ਦੇ ਕੇਸ ਦਾੜ੍ਹਾ ਅਜੇ ਹੈ। ਉਸ ਦਾ ਨਾਉਂ ਜੱਸਾ ਸਿੰਘ ਹੈ 50 ਸਾਲ ਦੇ ਕਰੀਬ ਉਸ ਦੀ ਉਮਰ ਹੈ। ਉਸ ਨੂੰ ਕੁਛ ਸਮੇਂ ਲਈ, ਕੂਕਿਆਂ ਦੀ ਬਹਿਤਰੀ ਵੇਲੇ ਰਸਦਾਂ ਭੀ ਲਗੀਆਂ ਰਹੀਆਂ, ਫੇਰ ਬੰਦ ਹੋ ਗਈਆਂ। ਹੁਣ ਭੁੱਖੇ ਮਰਦੇ ਹਨ। ਓਨ੍ਹਾਂ ਦੀ ਕੋਈ ਬਾਤ ਭੀ ਨਹੀਂ ਪੁਛਦਾ। ਕੂਕੇ ਰਾਮ ਸਿੰਘ ਦੀ ਇਸ ਹਰਾਮ ਖੋਰ ਔਲਾਦ ਨੇ ਗੁਜਾਰੇ ਲਈ ਗਵ੍ਮੈਂਟ ਬ੍ਰਹਮਾ ਪਾਸ ਦ੍ਖਾਸਤ ਭੀ ਦਿਤੀ ਸੀ, ਪਰ ਗਵਰਮੈਂਟ ਵਲੋਂ, ਇਸੇ ਬਿਨਾ ਉਤੇ ਕਿ ਓਹਨਾਂ ਦੀ ਮਾਂ ਬਾਬਾ ਰਾਮ ਸਿੰਘ ਦੀ ਮਨਕੂਹਾ ਔਰਤ ਨਹੀਂ ਸੀ, ਗੁਜ਼ਾਰਾ ਨਹੀਂ ਮਿਲ ਸਕਿਆ। ਅਨੇਕਾਂ ਸੱਜਣ ਮੋਲਮੀਨ ਦੇ ਰਹਿਣ ਵਾਲੇ ਇਸ ਗੱਲ ਨੂੰ ਭਲੀ ਭਾਂਤ ਜਾਨਦੇ ਹਨ ਕਿ ਕੂਕੇ ਰਾਮ ਸਿੰਘ ਨੇ ਨਾਜਾਇਜ਼ ਔਰਤ ਰੱਖੀ ਅਤੇ ਉਸ ਦੇ ਪੇਟੋਂ ਦੋ ਪੁਤ੍ਰ ਪੈਦਾ ਹੋਏ ਜੋ ਹੁਣ ਤਕ ਮੌਜੂਦ ਹਨ। ਹੁਣ ਹੀ ਦੋ ਕੁ ਮਹੀਨੇ ਪਹਿਲਾਂ ਇਕ ਡਾਕਟਰ ਸਾਹਿਬ ਗੁਜਰਵਾਲ ਪਿੰਡ ਦੇ ਮੋਲਮੀਨ ਤੋਂ ਛੂਟੀ ਆਏ ਹਨ। ਓਹਨਾਂ ਦੀ ਤਸਦੀਕ ਹੈ ਕਿ ਏਹ ਉਪਰ ਦੱਸੀ ਬਾਰਤਾ ਬਿਲਕੁਲ ਠੀਕ ਹੈ। ਸੋਲਾਂ ਆਨੇ ਸਹੀ ਹੈ, ਇਸ ਵਿਚ ਕੋਈ ਭੀ ਸੰਦੇਹ ਨਹੀਂ। ਵਡਾ ਲੜਕਾ ਜੱਸਾ ਸਿੰਘ ਓਹਨਾਂ ਦੇ ਜ਼ੇਰ ਇਲਾਜ ਰਿਹਾ ਹੈ। ਓਹ ਦਸਦਾ ਹੈ ਕਿ ਅਸੀਂ ਦੋਈ ਭਾਈ, ਬਾਬਾ ਰਾਮ ਸਿੰਘ ਦੇ ਬੀਰਜ ਤੋਂ ਪੈਦਾ ਹੋਏ ਹਾਂ। ਸ਼ਾਇਦ-ਓਹ ਡਾਕਟਰ ਸਾਇਬ ਇਸ ਸਮਾਗਮ ਵਿਚ ਭੀ ਬੈਠੇ ਹੋਏ ਹੋਣਗੇ। ਓਹ ਨਿਧੜਕ ਹੋ ਕੇ ਭਰੇ ਦੀਵਾਨ ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕਰਨ ਲਈ ਤਿਆਰ ਹੋਣ। ਓਹਨਾਂ ਦੇ ਨਾਮ, ਨਾਹੀ ਅਸੀਂ ਸੁਣਾਵਾਂਗੇ, ਪਰ ਓਹ ਆਪ ਹੀ ਪਰਗਟ ਕਰ ਦੇਣਗੇ। ਐ ਕੂਕਿਓ, ਕੀ ਤੁਸਾਂ ਨੂੰ ਅਜੇਹੇ ਪਤਿਤ ਗੁਰੂ ਉਤੇ ਹੀ ਏਡਾ ਮਾਣ ਹੈ ਕਿ ਇਸ ਪਤਿਤ ਗੁਰੂ ਸ੍ਰੇਣੀ ਨੂੰ ਗੁਰੂ ਸਿੱਧ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਕਰਨ ਉਤੇ ਤੁਲੇ ਹੋਏ ਹੋ ? ਤੁਸਾਂ ਨੂੰ ਸ਼ਰਮ ਨਾ ਆਈ ਕਿ ਪਤਿਤ ਗੁਰੂ ਦੀ ਅੰਸ ਬੰਸੀ ਪੀੜ੍ਹੀ ਤੋਂ ਚੱਲੀਆਂ ਗਿਆਰਵੀਆਂ, ਬਾਰਵੀਆਂ, ਤੇਰਵੀਆਂ ਗੁਰੂ ਪਾਤਸ਼ਾਹੀਆਂ ਦੇ ਤੁਸੀਂ ਕੂੜਾਵੇ ਦਾਅਵੇ ਬੰਨ੍ਹਦੇ ਹੋ। ਯਾਦ



www.AKJ.Org

ਰੱਖੋ, ਤੁਸਾਡੀ ਇਖਲਾਕੀ ਮੌਤ ਦੇ ਦਿਨ ਤੁਸਾਡੇ ਸਿਰ ਤੇ ਆ ਢੁੱਕੇ ਹਨ। ਤੁਸੀਂ ਅਜੇਹੀ ਅਣਿਆਈ ਮੌਤ ਮਰੋਂਗੇ ਕਿ ਤੁਸੀਂ ਫੇਰ ਨਹੀਂ ਉਠ ਸਕੋਗੇ। ਤੁਸਾਡੀ ਇਖਲਾਕੀ ਮੌਤ ਦੇ ਨਾਲ ਹੀ ਤੁਸਾਡੇ ਹਮਾਇਤੀਆਂ ਦੀ ਭੀ ਚੜ੍ਹੀ ਹੋਈ ਗੁੱਡੀ, ਧੁਰ ਅਸਮਾਨੋਂ ਡਿੱਗ ਕੇ ਚੀਥੜੇ ਚੀਥੜੇ ਲੀਰ ਲਾਰ ਹੋਣ ਵਾਲੀ ਹੈ।

ਐ ਵੋਟਾਂ ਦੀ ਕਨੌਡ ਖਾਤਰ, ਕੂਕਿਆਂ ਦੇ ਕਲੰਕ ਨੂੰ ਅਪਣੇ ਨਿਜ ਮੱਥੇ ਤੇ ਮਲਣ ਵਾਲਿਓ, ਸ਼ਿਰੋਮਣੀ ਕਮੇਟੀ ਦਿਓ ਚਉਧਰੀਓ, ਤੁਸੀਂ ਬਾਜ਼ ਆ ਜਾਓ। ਏਹਨਾਂ ਗੁਰਨਿੰਦਕਾਂ ਦੀ ਹਮਾਇਤ ਕਰਕੇ ਕਾਲਖ ਦਾ ਟਿੱਕਾ ਨਾ ਲਾਓ। ਨਹੀਂ ਤਾਂ ਤੁਸੀਂ ਭੀ ਕੁਫਰ ਪੰਥੀ ਕੂਕਿਆਂ ਦੀ ਨਿਆਈਂ ਪੰਥ ਵਲੋਂ ਖਾਰਜ ਕੀਤੇ ਜਾਓਗੇ। ਫੇਰ ਤੁਸਾਡਾ ਕਾਣੀਂ ਕਉਡੀ ਜਿਨਾ ਮੁੱਲ ਨਹੀਂ ਪੈਣਾ। ਲੋਕ ਪਰਲੋਕ ਦੋਹਾਂ ਵਿਖੇ ਹੀ ਦੁਖੀਏ ਹੋਵੋਂਗੇ। ਆਓ, ਅਜੇ ਭੀ ਵੇਲਾ ਹੈ ਕਿ ਅਪਣੀਆਂ ਭੁਲਾਂ ਪੰਥ ਪਾਸੋਂ ਬਖਸ਼ਵਾਓ ਅਤੇ ਕੂਕਿਆਂ ਨੂੰ ਅਪਣੇ ਮੂੰਹ ਨਾ ਲਾਓ। ਏਹਨਾਂ ਕੂਕਿਆਂ ਨਾਲ ਖਾਲਸਾ ਪੰਥ ਦਾ ਮਿਲਾਪ ਹੋ ਹੀ ਨਹੀਂ ਸਕਦਾ। ਗੁਰਮਤਿ ਅਸੂਲਾਂ ਕਰਕੇ ਬੁਨਿਆਦੀ ਮਤਿ ਭੇਦ ਏਹਨਾਂ ਦਾ ਮਿੱਟ ਨਹੀਂ ਸਕਦਾ। ਏਹ ਕੂਕੇ ਆਪ ਤਾਂ ਡੁੱਬੇ ਹਨ, ਤੁਹਾਨੂੰ ਭੀ ਏਹਨਾਂ ਨੇ ਨਾਲ ਲੈ ਡੁੱਬਨਾ ਹੈ। ਐ ਮਤਿ ਮਾਰੀ ਵਾਲਿਓ ਸ਼ਰੋਮਣੀਓ, ਤੁਸੀਂ ਹੁਣ ਕੂਕਿਆਂ ਦੇ ਨਾਲ ਰਲਕੇ, ਹੁਣ ਸ੍ਰੀ ਅਕਾਲ ਤਖ਼ਤ ਉਤੇ ਇਕ ਨਵਾਂ ਕੁਫਰ ਅਡੰਬਰ ਰਚ ਲਿਆ ਹੈ। ਦਸਮ ਗ੍ਰੰਥ ਨੂੰ ਗੁਰੂ ਦੀ ਪਦਵੀ ਦੇਣ ਤੇ ਤੁਲੇ ਹੋਏ ਹੋ ਅਤੇ ਕੁਫਰ ਰੀਤੀਆਂ ਸ੍ਰੀ ਅਕਾਲ ਤਖ਼ਤ ਦੇ ਪਵਿਤਰ ਗੁਰ ਅਸਥਾਤ ਉਤੇ ਹੀ, ਦਿਨ ਦੀਵੀਂ ਚਲਾ ਰਹੇ ਹੋ। ਤੁਸੀਂ ਖਲ੍ਹ, ਖੰਡ ਦਾ ਇਕੋ ਭਾਉ ਕਰ ਦੇਣ ਵਾਲੀ ਕੋਝੀ ਕਰਤੂਤ ਕਰ ਰਹੇ ਹੋ। ਯਾਦ ਰੱਖੋ ਕਿ ਖਾਲਸਾ ਪੰਥ ਦੇ ਗੁਰੂ, ਇਕੋ ਗੁਰੂ, "**ਆਦਿ ਅੰਤ ਏਕੈ ਅਵਤਾਰਾ**" ਗੁਰੂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਰਹਿਣਗੇ, ਦੂਜੇ ਨਹੀਂ ਹੋਣ ਲੱਗੇ। ਤੁਸੀਂ ਦਸਮ ਗ੍ਰੰਥ ਦਾ ਅਖੰਡ ਪਾਠ ਸ੍ਰੀ ਅਕਾਲ ਤਖ਼ਤ ਤੇ ਅਰੰਭ ਕਰਕੇ ਕੂਕਿਆਂ ਦੀ ਪੁਸ਼ਟੀ ਕਰਨ ਲੱਗੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪਦਵੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬਾਣੀ ਦੇ ਅਖੰਡ ਪਾਠ ਸਦਰਸ਼, ਹੋਰ ਕੱਚੀਆਂ ਬਾਣੀਆਂ ਵਾਲੇ, ਗ੍ਰੰਥ ਪੁਸਤਕਾਂ ਦੇ ਭੀ ਅਖੰਡ ਪਾਠ ਹੋ ਸਕਦੇ ਹਨ। ਏਹ ਕਦੇ ਨਹੀਂ ਹੋ ਸਕੇਗਾ। ਅੱਜ ਤੁਸੀਂ ਦਸਮ ਗ੍ਰੰਥ ਬਾਣੀ ਦੀ ਕੱਚੀ ਬਾਣੀ ਦਾ ਅਖੰਡ ਪਾਠ ਕਰਨ ਲੱਗ ਪਏ ਹੋ, ਕੱਲ੍ਹ ਨੂੰ ਕੂਕਿਆਂ ਦੀ ਕਲਪਤ ਬਾਣੀ ਅਤੇ ਕੂਕਿਆਂ ਦੀਆਂ ਪੁਸਤਕੜਾਂ ਦੇ ਭੀ ਪਾਠ ਕਰਨ ਲੱਗ ਪਓਂਗੇ। ਕੇਵਲ ਏਸ ਕਨੌਡ ਕਰਕੇ ਕਿ ਓਹਨਾਂ ਨੇ ਤੁਸਾਂ ਨੂੰ ਵੋਟਾਂ ਦਿੱਤੀਆਂ ਹਨ। ਤੁਸਾਡਾ ਧਰਮ ਵੋਟਾਂ ਦੇਣੀਆਂ ਲੈਣੀਆਂ ਰਹਿ ਗਿਆ ਹੈ। ਤੁਸਾਡੇ ਨਾਲੋਂ ਤਾਂ ਪੁਜਾਰੀ ਹੀ ਸੈਂਕੜੇ ਦਰਜੇ ਚੰਗੇ ਸਨ। ਓਹਨਾਂ ਦੇ ਹਿਰਦੇ ਵਿਚ ਏਹ ਭੈ ਤਾਂ ਸੀ ਕਿ ਅਕਾਲ ਤਖ਼ਤ ਉਪਰ, ਕਿਸੇ ਕੱਚੀ ਬਾਣੀ ਵਾਲੇ ਗ੍ਰੰਥ ਦਾ ਪਾਠ ਨਹੀਂ ਹੋ ਸਕਦਾ। ਤੁਸਾਡਾ ਧਰਮ ਤਾਂ ਅਜੇਹਾ ਗਿਰਿਆ ਗੁਜ਼ਰਿਆ ਹੋ ਗਿਆ ਹੈ ਕਿ ਜੇ ਤੁਸਾਂ ਨੂੰ ਕੋਈ ਕਹੇ ਕਿ ਅਕਾਲ ਤਖ਼ਤ ਤੇ ਕੁਰਾਨ, ਪੁਰਾਨ ਦੇ ਅਖੰਡ ਪਾਠ ਕਰੋ, ਤੁਸੀਂ ਤਾਂ ਓਹ ਭੀ ਕਰ ਗੁਜਰੋਗੇ। ਤੁਸਾਨੂੰ ਸ਼ਰਮ ਨਹੀਂ ਆਉਂਦੀ, ਤੁਸੀਂ ਓਹ ਦਿਨ ਭੁਲ ਗਏ ਹੋ, ਜਦੋਂ ਅਕਾਲੀਆਂ ਪ੍ਰੇਮ ਕੁਰਬਾਨੀਆਂ ਕਰਿ ਕਰਿ, ਸਿਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚੋਂ ਬੁਤਾਂ ਦੀ ਪੂਜਾ ਅਤੇ ਅਨਮਤੀ ਪੁਸਤਕਾਂ ਦੀ ਪੋਪ ਕਥਾ ਹਟਾਈ ਸੀ। ਅੱਜ ਤੁਸੀਂ ਅਜੇਹੇ



www.AKJ.Org

ਨਿਰਲੱਜ ਹੋ ਗਏ ਹੋ ਕਿ ਓਹਨਾਂ ਦੀ ਪੋਪ ਕਥਾਵਾਂ ਦੇ ਅਨਵਾਦ ਨੂੰ, ਸ੍ਰੀ ਅਕਾਲ ਤਖ਼ਤ ਦੇ ਪਵਿਤਰ ਧਾਮ ਉਤੇ ਬਿਸ੍ਰਾਮ ਦੇ ਕੇ, ਖੁਲਮ ਖੁਲੀ ਅਖੰਡ ਪਾਠੀ ਪਰਚਾਰ ਕਰਨ ਲੱਗ ਪਏ ਹੋ। ਤੁਸਾਂ ਨੂੰ ਛੇਤੀ ਹੀ ਗੁਰੂ ਪੰਥ, ਅਕਾਲੀ ਪੰਥ, ਇਸ ਮਸੰਦੀ ਮਸਨਦ ਤੋਂ ਉਤਾਰ ਕੇ ਪੁਜਾਰੀਆਂ ਦੀ ਤਰ੍ਹਾਂ ਹੀ ਧਕੇਲ ਦੇਵੇਗਾ। ਤੁਸੀਂ ਸਮਝਦੇ ਹੋ ਕਿ ਤੁਸਾਡੀ ਹਵਾ ਵੱਲ ਕੋਈ ਤੱਕਣ ਵਾਲਾ ਨਹੀਂ। ਤੁਸਾਡੀਆਂ ਮੁਖਤਾਰੀਆਂ ਦੇ ਦਿਨ ਮੁੱਕਣ ਵਾਲੇ ਹਨ। ਸ਼੍ਰੋਮਣੀ ਪ੍ਰਬੰਧਕ ਕਮੇਟੀ, ਗੁਰੂ ਪੰਥ ਵਲੋਂ ਕੇਵਲ ਗੁਰਦੁਆਰਿਆਂ ਦਾ ਸੁਚੱਜਾ ਪ੍ਰਬੰਧ ਕਰਨ ਖਾਤਰ ਹੀ ਬਣਾਈ ਗਈ ਹੈ। ਤੁਸੀਂ ਆਪੇ ਹੀ ਮੁਖਤਾਰੇ ਮੁਤਲੁਕ ਬਣ ਬੈਠੇ ਹੋ। ਤੁਸੀਂ ਕਮੇਟੀ ਹੋ। ਕਮੇਟੀ ਪੰਥ ਨਹੀਂ ਹੈ। ਆਖਰ ਕਮੇਟੀ, ਕਮੇਟੀ ਹੀ ਹੈ। ਕਮੇਟੀ ਦਾ ਪਰਬੰਧ ਕੋਝਾ ਤੇ ਕੁਚੱਜਾ ਕੁਫਰੱਜਾ ਹੋਣ ਕਰਕੇ, ਤੁਸਾਨੂੰ ਛੇਤੀ ਹੀ ਇਸ ਪਰਬੰਧ ਤੋਂ ਬਰ-ਤਰਫ ਕੀਤਾ ਜਾਵੇਗਾ। ਮਤ ਖਿਆਲ ਰਹੇ ਕਿ ਸਰਕਾਰੇ ਦਰਬਾਰੇ ਤੁਸਾਡੀ ਪੁੱਛ ਪਰਤੀਤ ਬਣੀ ਹੋਈ ਹੈ ਅਤੇ ਸਰਕਾਰ ਦੀ ਹਮਾਇਤ ਦਾ ਹੱਥ ਤੁਸਾਡੇ ਸਿਰ 'ਤੇ ਹੈ। ਏਸ ਫੂਸ ਵਾਲੇ ਨਿਘਾਸੀ ਖਾਮ-ਖਿਆਲ ਨੂੰ ਆਪਣੇ ਦਮਾਗ ਵਿਚੋਂ ਕੱਢ ਦੇਵੇ। ਗੁਰਧਾਮਾਂ ਨੂੰ ਪਰਪੰਚ ਲੀਲਾ ਦਾ ਅਖਾੜਾ ਬਣਾਉਣ ਲੱਗੇ ਹੋ, ਤਾਂ ਤੁਸਾਂ ਪਰਪੰਚੀਆਂ ਦਾ ਹੀ ਭੋਗ ਪੈ ਜਾਣਾ ਹੈ। ਪਰਪੰਚ ਦੇ ਭੋਗਾਂ ਨੇ ਤੁਸਾਡੇ ਪਰਪੰਚ ਨੂੰ ਖ਼ਤਮ ਕਰ ਦੇਣਾ ਹੈ। ਏਸ ਸਮਾਗਮ ਵਿੱਚ ਜੁੜਿਆ ਹੋਇਆ ਪੰਥ ਸ੍ਰੀ ਅਕਾਲ ਤਖ਼ਤ ਤੇ ਹਾਜ਼ਰ ਹੋ ਕੇ ਤੁਸਾਡੀ ਖਬਰ ਲਵੇਗਾ ਅਤੇ ਤੁਸਾਡੇ ਉਤੇ ਧਾਵਾ ਬੋਲ ਕੇ ਪੁਜਾਰੀਆਂ ਵਾਲਾ ਹਾਲ, ਤੁਸਾਡਾ ਕਰ ਦੇਵੇਗਾ। ਫੇਰ ਤੁਸੀਂ ਹੱਥ ਮਲਦੇ ਰਹਿ ਜਾਣਾ ਹੈ। ਹੁਣ ਭੀ ਤੁਸੀਂ ਏਹਨਾਂ ਦੀ ਮਾਰੀ ਹੋਈ ਮਾਰ ਹੀ ਖਾ ਰਹੇ ਹੋ। ਸ਼ੇਰਾਂ ਦਾ ਪੰਥ ਅਜੇ ਭੀ ਤੁਸਾਂ ਨੂੰ ਸੋਧਣ ਲਈ ਤੱਤਪਰ ਖੜਾ ਹੈ। ਜਿਨ੍ਹਾਂ ਸ਼ੇਰ ਮਰਦਾਂ ਨੇ ਤੁਸਾਨੂੰ ਏਹ ਸੌਂਪਨਾ ਸੌਂਪੀ ਸੀ ਓਹੀ ਸ਼ੇਰ ਖ਼ਾਲਸਾ ਤੁਸਾਂ ਤੋਂ ਲੇਖਾ-ਲੈਣ ਲਈ ਹੁਣ ਵੰਗਾਰ ਰਿਹਾ ਹੈ। ਆਪੇ ਹੀ ਬਾਜ਼ ਆ ਜਾਓ ਤਾਂ ਚੰਗੀ ਗੱਲ ਹੈ। ਨਹੀਂ ਤਾਂ ਆਪਣਾ ਕੀਤਾ ਆਪ ਪਾਓਗੇ ਅਤੇ ਫੇਰ ਪਿਛੋਂ ਪਛਤਾਓਗੇ।

***



www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸੂਬ ਹਿੰਦ ਕੂਕਾ ਕੁਫਰ ਤੋੜ
## ਅਕਾਲੀ ਕਾਨਫਰੰਸ

**ਅੱਡਾ ਮੁਲਾਂ ਪੁਰ**

**ਤਾਰੀਖ ੨੧-੨੨ ਫ਼ਰਵਰੀ, ੧੯੪੨**

**ਦੇ**

## ਜ਼ਰੂਰੀ ਗੁਰਮਤੇ

**ਜੋ ਕਿ**

**੧ ਲੱਖ ਦੀ ਹਾਜ਼ਰੀ ਵਿਚ ਸੂਬ ਸੰਮਤੀ ਨਾਲ ਪਾਸ ਹੋਏ।**

**ਅਤੇ**

**ਬਾਹਰ ਤੋਂ**

**ਵੱਖ ਵੱਖ ਸਭਾਵਾਂ ਅਤੇ ਸੋਸਾਇਟੀਆਂ**

**ਵੱਲੋਂ ਆਈਆਂ ਹੋਈਆਂ**

## ਚਿੱਠੀਆਂ



www.AKJ.Org

1. “ਸ੍ਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫ੍ਰੰਸ” ਦਾ ਪੰਜਾਂ ਪਿਆਰਿਆਂ ਦੀ ਪਰਧਾਨਗੀ ਹੇਠ ਸਜਿਆ ਸਮਾਗਮ, ਸਰਬ ਸੰਮਤੀ ਨਾਲ ਪਾਸ ਕਰਦਾ ਹੈ ਅਤੇ ਸਿਖ ਅਤੇ ਗੈਰ ਸਿਖ ਜਨਤਾ ਪਰਤੀ ਖੁਲੇ ਤੌਰ ’ਤੇ ਪਰਗਟ ਕਰਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਪ੍ਰਯੰਤ ਦਸੇ ਗੁਰੂ ਸਾਹਿਬਾਨ ਅਕਾਲ ਪੁਰਖ ਦੀ ਜੋਤ ਹੁੰਦੇ ਹੋਏ ਇੱਕ ਰੂਪ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰੂਆਂ ਦਾ ਸਰੂਪ ਪ੍ਰਗਟ ਪਰਮਾਨ ਗੁਰਾਂ ਕੀ ਦੇਹ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਯਾਈ ਜੁਗੋ ਜੁਗ ਅਟੱਲ ਹੈ। ਏਹਨਾਂ ਤੋਂ ਬਿਨਾਂ ਖ਼ਾਲਸਾ ਪੰਥ ਦਾ ਹੋਰ ਕੋਈ ਗੁਰੂ ਨਹੀਂ ਅਤੇ ਨਾਂ ਕੋਈ ਦੇਹਧਾਰੀ ਗੁਰੂ ਹੋ ਸਕਦਾ ਹੈ।
2. ਸਰਬ ਸੰਮਤੀ ਨਾਲ ਪਾਸ ਹੋਇਆ ਕਿ ਕੂਕਿਆਂ ਨੇ ਪੱਤਰਾ ਪਾਠ ਕਰਨ ਦੇ ਬਹਾਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਤੋੜ ਕੇ ਪੱਤਰਾ ਪੱਤਰਾ ਕਰਨ ਦਾ ਘੋਰ ਅਨਰਥ ਕੀਤਾ ਹੈ। ਇਹ ਮਹਾਨ ਨੀਚ ਕਰਮ ਹੈ। ਇਸ ਨੀਚ ਕਰਮ ਦਾ ਪਰਾਸਿਚਿਤ ਨਾ ਕਰਕੇ ਆਪਣੇ ਨੀਚ ਕਰਮ ਨੂੰ ਹੋਰ ਵੀ ਸੰਗੀਨ ਬਣਾ ਲਿਆ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋੜਨਾ ਜਾਂ ਅੱਡ ਅੱਡ ਪੋਥੀਆਂ ਤੋਂ ਪਾਠ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਤੇ ਗੁਰ ਮ੍ਰਯਾਦਾ ਤੋਂ ਉਲਟ ਹੈ।
3. ਸਰਬ ਸੰਮਤੀ ਨਾਲ ਪਰਵਾਨ ਹੋਇਆ, ਕਿ ਕੂਕਿਆਂ ਦੇ ਮਹੰਤ ਪਰਤਾਪ ਸਿੰਘ ਦੀ ਅਗਵਾਈ ਹੇਠ ਮੁੱਦਤ ਤੋਂ ਪਰੈਸ ਤੇ ਪਲੇਟਫਾਰਮਾਂ ਰਾਹੀਂ ਗੁਰਬਾਣੀ ਅਤੇ ਇਤਿਹਾਸ, ਗੁਰੂ ਘਰ ਦੀ ਰਹੁ ਰੀਤ ਤੋਂ ਉਲਟ, ਖ਼ਾਲਸਾ ਪੰਥ ਵਿਚ ਗਯਾਰਵੇਂ, ਬਾਰਵੇਂ, ਤੇਰਵੇਂ, ਚੌਦਵੇਂ ਗੁਰੂ ਹੋਣ ਦਾ ਪਰਚਾਰ ਕੀਤਾ ਜਾ ਰਿਹਾ ਹੈ ਅਤੇ ਮਹੰਤ ਪਰਤਾਪ ਸਿੰਘ ਅਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਗੱਦੀ ਦਾ ਜਾਨਸ਼ੀਨ ਹੋਣ ਦਾ ਦਾਹਵਾ ਕਰਦਾ ਹੈ। ਇਸ ਦੇ ਨਾਲ ਹੀ ਇਸ ਦੀ ਅਗਵਾਈ ਵਿਚ ਕੂਕਿਆਂ ਨੇ ‘੧ਓ ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਸਹਾਏ’ ਲਿਖਦੇ ਹੋਇਆਂ ਗੁਰਬਾਣੀ ਦੀ ਭੰਨ ਤੋੜ ਦਾ ਅਪਰਾਧ ਕੀਤਾ ਹੈ ਤੇ ਖ਼ਾਲਸੇ ਦੀ ਅਰਦਾਸ ਨੂੰ ਭੰਨ ਕੇ ਬਾਰਾਂ, ਤੇਰਾਂ ਪਾਤਸ਼ਾਹੀਆਂ ਦੀ ਅ੍ਰਦਾਸ ਕ੍ਰਦੇ ਹਨ ਇਸ ਲਈ ਗੁਰਮਤ ਵ੍ਰਿਧੀ ਅਤੇ ਗੁਰੂ ਕੇ ਸ਼ਰੀਕ ਬਣਨ ਦੇ ਕਾਰਨ ਮਹੰਤ ਪਰਤਾਪ ਸਿੰਘ ਅਤੇ ਉਸ ਦੇ ਅਨਿਯਈ ਸਭ ਕੂਕੇ ਸਿਖੀ ਤੋਂ ਖਾਰਜ ਹਨ ਅਤੇ ਉਨ੍ਹਾਂ ਨੂੰ ਸਿੱਖ ਪੰਥ ਦੇ ਨਾਲ ਕਿਸੇ ਕਿਸਮ ਦੀ ਸਾਂਝ ਪਰਾਪਤ ਨਹੀਂ। ਤਾਂਤਿ ਪ੍ਰਗਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਨਾਲ ਕੋਈ ਗੁਰਸਿੱਖ ਕਿਸੇ ਕਿਸਮ ਦੀ ਸਾਂਝ ਨਾ ਰੱਖੇ। ਕੂਕਿਆਂ ਦੀ ਪੋਜ਼ੀਸ਼ਨ ਸਿੱਖਾਂ ਦੇ ਸ਼ਰੀਕ ਰਾਮ ਰਾਈਆ, ਧੀਰਮੱਲੀਆਂ ਅਤੇ ਮੀਣੇਂ ਮਸੰਦਾ ਵਾਲੀ ਹੈ।
4. ਪਰਵਾਨ ਹੋਇਆ, ਕਿ ਸਿੱਖ ਨੈਸ਼ਨਲ ਕਾਲਜ ਲਾਹੌਰ ਦੇ ਪਰਬੰਧਕਾਂ ਨੇ ਕਾਲਜ ਦੇ ਗੁਰਦਵਾਰੇ ਦਾ ਬੁਨਯਾਦੀ ਪੱਥਰ ਕੂਕਿਆਂ ਦੇ ਮਹੰਤ ਪਰਤਾਪ ਸਿੰਘ ਦੇ ਹੱਥੋਂ ਰਖਵਾ ਕੇ ਸਿੱਖ ਜਜ਼ਬਾਤਾਂ ਨੂੰ ਭਾਰੀ ਸੱਟ ਮਾਰੀ ਹੈ। ਏਹ ਪੰਥਕ ਸਮਾਗਮ, ਸੰਗਤਾਂ ਦੇ ਪਾਸ ਪੁਰਜ਼ੋਰ ਅਪੀਲ ਕਰਦਾ ਹੈ ਕਿ ਜਿਨਾਂ ਚਿਰ ਗੁਰਦਵਾਰੇ ਦਾ ਬੁਨਯਾਦੀ ਪੱਥਰ ਹਟਾ ਨਾ ਦਿੱਤਾ ਜਾਵੇ, ਕੋਈ ਸਿੱਖ ਲੜਕਾ, ਉਸ ਕਾਲਜ ਵਿਚ ਦਾਖਲ ਨਾ ਹੋਵੇ ਅਤੇ ਨਾ ਕੋਈ ਮਾਲੀ ਸਹਾਇਤਾ ਦਿੱਤੀ ਜਾਵੇ। ਮਹਾਰਾਜਾ



www.AKJ.Org

ਸਾਹਿਬ ਪਟਿਆਲਾ ਅਤੇ ਸਰਦਾਰ ਬਲਦੇਵ ਸਿੰਘ ਟਾਟਾ ਨਗਰ ਦੇ ਪਾਸੋਂ ਪੁਰਜ਼ੋਰ ਮੁਤਾਲਬਾ ਕਰਦੇ ਹਾਂ ਕਿ ਕਾਲਜ ਦੀ ਸਹੈਤਾ ਕਰਨੀ ਬੰਦ ਕੀਤੀ ਜਾਏ, ਜਿੰਨਾਂ ਚਿਰ ਪਰਬੰਧਕ ਤੇ ਸਟਾਫ ਮੁਆਫੀ ਮੰਗ ਕੇ ਪੱਥਰ ਨਹੀਂ ਹਟਾ ਦੇਂਦੇ।

5. ਪਰਵਾਨ ਹੋਇਆ, ਕਿ 'ਅਕਾਲੀ ਅਖਬਾਰ' ਗੁਰੂ ਗੋਬਿੰਦ ਸਿੰਘ ਜੀ ਹਮਸਰੀ ਕਰਨ ਵਾਲੇ ਕੂਕਿਆਂ ਦੀ ਆਪਣੇ ਕਾਲਮਾਂ ਰਾਹੀਂ ਹੌਸਲਾ ਅਫ਼ਜ਼ਾਈ ਕਰਦਾ ਹੈ। ਇਸ ਦਾ ਸਾਫ ਮਤਲਬ ਏਹ ਹੈ ਕਿ ਕੂਕੇ ਪਰਤਾਪ ਸਿੰਘ ਨੂੰ ਗੁਰੂ ਬਣਾਕੇ ਖਾਲਸਾ ਪੰਥ ਦੇ ਗਲ੍ਹ ਮੜ੍ਹਿਆ ਜਾਵੇ। ਏਹ ਸਮਾਗਮ ਸੰਗਤਾਂ ਪਾਸ ਪੁਰਜ਼ੋਰ ਅਪੀਲ ਕਰਦਾ ਹੈ ਕਿ ਕੋਈ ਸਿੱਖ 'ਅਕਾਲੀ ਅਖਬਾਰ' ਨਾ ਪੜ੍ਹੇ। ਸਮਾਗਮ ਇਸ ਦੀ ਕੂਕਾ ਨਿਵਾਜ਼ ਪੌਲੀਸੀ ਤੇ ਘਿਰਣਾ ਪਰਗਟ ਕਰਦਾ ਹੈ।

6. ਅੱਜ ਦਾ ਸਜਿਆ ਭਾਰੀ ਸਮਾਗਮ ਸ਼੍ਰੋਮਣੀ ਗੁਰਦਵਾਰਾ ਕਮੇਟੀ ਤੋਂ ਪੁਰਜ਼ੋਰ ਮੁਤਾਲਬਾ ਕਰਦਾ ਹੈ ਕਿ ਕੂਕਿਆਂ ਨੂੰ, ਸਿੱਖ ਜੋਡੀਸ਼ਯਲ ਕਮੀਸ਼ਨ ਵਿਚ ਦਾਵਾ ਦਾਇਰ ਕਰਕੇ, ਸ਼੍ਰੋਮਣੀ ਕਮੇਟੀ ਸਿੱਖ ਵੋਟਰਾਂ ਦੀ ਫੈਹਰਿਸਤ ਤੋਂ ਖਾਰਜ ਕਰਾਵੇ। ਕਿਉਂਕਿ ਕੂਕੇ ਅਤੇ ਕੂਕਿਆਂ ਦਾ ਮਹੰਤ ਪ੍ਰਤਾਪ ਸਿੰਘ ਸਿੱਖ ਨਹੀਂ ਤਾਕਿ ਅੱਗੇ ਵਾਸਤੇ ਕੋਈ ਕੂਕਾ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਗੁਰਦਵਾਰਿਆਂ ਦਾ ਵੋਟਰ ਨਾ ਬਣ ਸਕੇ।

7. ਪਰਵਾਨ ਹੋਇਆ, ਕਿ ਸਿੱਖ ਸੰਗਤਾਂ ਕਿਸੇ ਕੂਕੇ ਤੋਂ ਗੁਰਦਵਾਰਿਆਂ ਵਿਚ ਪਾਠ, ਵਖਯਾਨ ਅਤੇ ਕੀਰਤਨ ਨਾ ਕ੍ਰਾਉਣ ਕਿਉਂਕਿ ਇਹ ਸਿੱਖ ਨਹੀਂ ਹਨ।

8. ਪਰਵਾਨ ਹੋਇਆ ਕਿ ਸ਼੍ਰੋਮਣੀ ਕਮੇਟੀ ਦੀ ਬਹੁ ਸੰਮਤੀ ਵਾਲੀ ਪਾਰਟੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਕਰਨ ਵਾਲੇ ਕੂਕਿਆਂ ਦੀ ਪਿੱਠ ਠੋਕ ਕੇ ਆਪਣੇ ਆਪ ਨੂੰ ਪੰਥ ਦੀਆਂ ਨਜ਼ਰਾਂ ਵਿਚੋਂ ਗਿਰਾ ਲਿਆ ਹੈ। ਹੁਣ ਏਹ ਸੰਗਤਾਂ ਦੇ ਵਿਸ਼ਵਾਸ ਦੇ ਪਾਤਰ ਨਹੀਂ ਰਹੇ। ਕੂਕਿਆਂ ਦੀ ਪੱਤਰਾ ਪਾਠ ਦੀ ਕੋਝੀ ਕਰਤੂਤ ਦੀ ਪਿੱਠ ਠੋਕ ਕੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਮ ਨੂੰ ਭੀ ਏਹਨਾਂ ਕਲੰਕਤ ਕੀਤਾ ਹੈ। ਏਹ ਪੰਥਕ ਸਮਾਗਮ ਸ਼੍ਰੋਮਣੀ ਕਮੇਟੀ ਦੀ ਇਸ ਕੋਝੀ ਪੌਲੀਸੀ ਤੇ ਘਿਰਣਾ ਪਰਗਟ ਕਰਦਾ ਹੈ।

9. ਅੱਜ ਦਾ ਸਜਿਆ ਸਮਾਗਮ ਸ਼੍ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਅਤੇ ਸ੍ਰੀ ਤਖਤ ਸਾਹਿਬਾਂ ਦੇ ਜਥੇਦਾਰਾਂ ਪਾਸੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਕੂਕਿਆਂ ਨੂੰ ਪਿਛਲੇ ਹੋਏ ਗੁਰਮਤਿਆਂ ਅਨੁਸਾਰ ਤਖਤਾਂ ਤੇ ਚੜ੍ਹਨ ਦਾ ਅਧਿਕਾਰ ਬੰਦ ਕੀਤਾ ਜਾਵੇ ਅਤੇ ਤਖ਼ਤ ਸਾਹਿਬਾਂ ਤੋਂ ਪੁਰਾਤਨ ਰਹੁ-ਰੀਤ ਅਨੁਸਾਰ ਹੁਕਮਨਾਮੇ ਜਾਰੀ ਕੀਤੇ ਜਾਣ ਕਿ ਕੂਕੇ ਸਿੱਖ ਨਹੀਂ ਹਨ।

**ਦਾਸ ਸਕੱਤ੍ਰ:**
**ਸ੍ਰਬ ਹਿੰਦ ਕੂਕਾ ਕੁਫ੍ਰ ਤੋੜ ਅਕਾਲੀ ਕਾਨਫ੍ਰੰਸ,**
ਅੱਡਾ ਮੁਲਾਂਪੁਰ, (ਜ਼ਿਲ੍ਹਾ ਲੁਧਿਆਣਾ)

(**ਨੋਟ** : ਚਾਰੇ ਕੂਕਾ ਕੁਫਰ ਤੋੜ ਅਕਾਲੀ ਕਾਨਫਰੰਸਾਂ ਵਿੱਚ ਗਿਆਨੀ ਹਰਭਗਤ ਸਿੰਘ ਜੀ ਨਾਰੰਗਵਾਲ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ ਸੀ।)

***



www.AKJ.Org

# ਚੀ.ਫ ਖ਼ਾਲਸਾ ਦੀਵਾਨ ਦਾ ਫ਼ੈਸਲਾ

**ਗੁਰਮਤਾ ਨੰ. ੧੬੮੩ ਤਰੀਕ ੮ ਜੂਨ, ੧੯੪੧,**
**ਕਾਰਜ ਸਾਧਕ ਤੇ ਜਨਰਲ ਕਮੇਟੀ ਖਾ: ਦੀਵਾਨ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਡੋ–ਅਡ ਪਤਰਿਆਂ ਤੇ ਵਖੋ-ਵੱਖਰੀ ਥਾਈਂ ਅਲੈਹਦਾ ਅਲੈਹਦਾ ਸਜਣਾ ਪਾਸੋਂ ਇਕ ਇਕ ਪਤਰੇ ਦਾ ਪਾਠ ਕਰਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਾ ਲੱਖ ਪਾਠ ਕਰਾਉਣ ਦੇ ਯਤਨ ਪਰ ਬਾਹਰੋਂ ਆਈਆਂ ਪੱਤਰਕਾਂ ਤੇ ਉਹਨਾਂ ਦੀਆਂ ਵਿਚਾਰਾਂ ਅਤੇ ਏਤਰਾਜ਼ਾਂ ਪਰ, ਪੂਰਨ ਤੇ ਦੀਰਘ ਵੀਚਾਰ ਹੋਣ ਤੋਂ ਉਪਰੰਤ ਫੈਸਲਾ ਹੋਇਆ ਕਿ:

੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਖੋਲ੍ਹ ਕੇ ਅੱਡੋ ਅੱਡ ਪੱਤਰੇ ਕਰਕੇ, ਉਪਰ ਲਿਖੇ ਪਾਠਾਂ ਦੇ ਯਤਨ ਵਿਚ ਵੰਡੇ ਜਾਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਤਯੰਤ ਬੇਅਦਬੀ ਹੋਈ ਹੈ। ਐਸੀ ਕਾਰਵਾਈ, ਕਿਸੇ ਸਿਖਾਮਾਤਰ ਤੋਂ ਯਾ ਕਿਸੇ ਸੰਗਤ ਤੋਂ ਹੋਣੀ ਬੜੀ ਅਯੋਗ ਤੇ ਨਿੰਦਨੀਯ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਸਤਿਗੁਰਾਂ ਦਾ ਸਰੂਪ ਹਨ ਤੇ ਗੁਰਯਾਈ ਦੀ ਗੱਦੀ ਉਤੇ ਜੁਗੋ-ਜੁਗ ਲਈ ਬਿਰਾਜਮਾਨ ਹਨ।

੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨਣ ਲਈ ਛਪੇ ਹੋਏ ਫਰਮਿਆਂ ਦਾ (ਜਿਨ੍ਹਾਂ ਦੇ ਉਤੇ, ਆਦਿ ਤੋਂ ਲੈ ਕੇ ਅੰਤ ਤਕ ਚਲਤੇ ਸਫੇ ਦਰਜ ਹੋਣ) ਅੱਡੋ-ਅੱਡ ਪਤਰੇ, ਵੱਖਰੀ ਥਾਂ, ਵੱਖੋ–ਵੱਖਰੇ ਸਜਨਾਂ ਨੂੰ ਅੱਡੋ–ਅੱਡ, ਉਹਨਾਂ ਪਤਰਿਆਂ ਦਾ ਪਾਠ ਕਰਨ ਲਈ, ਉਪਰ ਲਿਖੇ ਪਾਠਾਂ ਦੇ ਪੜ੍ਹਨ ਵਿਚ ਵੰਡੇ ਜਾਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨ ਬੇਅਦਬੀ ਹੈ ਤੇ ਐਸੀ ਕਾਰਵਾਈ ਕਿਸੇ ਸਿੱਖ ਮਾਤ੍ਰ ਪਾਸੋਂ ਹੋਣੀ ਮਹਾਂ ਅਯੋਗਤ ਵਿਵਰਜਤ ਹੈ।

੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਭੋਗ ਪਾਓਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ਹੋਣਾ ਉਚਤ ਹੈ। ਵੱਖੋ–ਵੱਖ ਪਤ੍ਰਿਆਂ ਤੋਂ ਅਡੋ ਅਡ ਥਾਈਂ ਅਲੈਦਾ ਅਲੈਦਾ ਸੱਜਣਾਂ ਤੇ ਪਾਠ ਕਰਾਉਣਾ ਤੇ ਐਸੇ ਪਾਠ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਕਹਿਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਦੀ ਬੇਅਦਬੀ ਹੈ ਅਤੇ ਇਹ ਗੱਲ ਗੁਰਸਿੱਖੀ ਵਿੱਚ ਵਿਵਰਜਤ ਅਤੇ ਬੜੀ ਅਯੋਗ ਹੈ।

੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹੀਆਂ ਦਾ ਸਰੂਪ ਹਨ। ਸ੍ਰੀ ਦਸਮੇਸ਼ ਜੀ ਤੋਂ ਪਿਛੋਂ ਜੁਗੋ ਜੁਗ ਲਈ ਗੁਰਿਆਈ ਦੀ ਗੱਦੀ ਤੇ ਬਿਰਾਜਮਾਨ ਹਨ। ਕਿਸੇ ਸਿਖ ਮਾਤ੍ਰ ਪਾਸੋਂ ਕੋਈ ਐਸੀ ਕਾਵਰਾਈ ਹੋਣੀ, ਜਿਸ ਦਾ ਅਸਰ ਸਿੱਧਾ ਜਾਂ ਵਲੇਵੇਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਨਤਾ ਤੇ ਪੂਰਨ ਸਤਿਕਾਰ ਨੂੰ ਨੀਵਾਂ ਕਰੇ ਜਾਂ ਘਟਾਵੇ, ਬਹੁਤ ਅਯੋਗ ਅਤੇ ਵਿਵਰਜਤ ਹੈ।

***



www.AKJ.Org

ੴ ਸ੍ਰੀ ਅਕਾਲ ਜੀ ਸਹਾਇ॥

ਤਖ਼ਤ ਸ੍ਰੀ ਦਮਦਮਾ ਸਾਹਿਬ, "ਗੁਰੂ ਕਾਸ਼ੀ"
ਡਾਕਘਰ ਤਲਵੰਡੀ ਸਾਬੋ ਰਿ. ਪਟਿਆਲਾ।

ਚਿੱਠੀ ਨੰ. ੩੨੭ ਮਿਤੀ ੯ ਫੱਗਣ ੯੮

ਸ੍ਰੀ ਮਾਨ ਸਕੱਤਰ ਸਾਹਿਬਃ-

**ਸਰਬ ਹਿੰਦ ਕੂਕਾ ਕੁਫਰ ਤੋੜ ਅਕਾਲੀ ਕਾਨਫ੍ਰੰਸ,**
ਅੱਡਾ ਮੁਲਾਂ ਪੁਰ।

ਪ੍ਰੇਮ ਕ੍ਰਿਪਾਲੂ ਜੀਉ!

ਕੂਕਿਆਂ ਦੇ ਪੱਤ੍ਰਾ ਪਾਠ ਸਬੰਧੀ ਤਖ਼ਤ ਸ੍ਰੀ ਦਮਦਮਾ ਸਾਹਿਬ "ਗੁਰੂ ਕਾਸ਼ੀ" ਵੱਲੋਂ ਏਹ ਹੁਕਮ ਹੈ ਕਿ :-

ਪੱਤ੍ਰਾ ਪਾਠ ਕਰਕੇ ਕੂਕਿਆਂ ਨੇ ਸਮੂਹ ਸਿੱਖ ਸੰਗਤਾਂ ਦੇ ਹਿਰਦਿਆਂ ਨੂੰ ਦੁਖਤ ਕੀਤਾ ਹੈ। ਅਤੇ ਗੁਰੂ ਪੰਥ ਦੀ ਪਵਿਤਰ ਮਰਯਾਦਾ ਨੂੰ ਭੰਗ ਕਰਨ ਦਾ ਭਾਰੀ ਦੋਸ਼ ਕੀਤਾ ਹੈ।

ਅਜੇਹੇ ਅਪਰਾਧੀ ਨੂੰ ਸਖਤ ਤੋਂ ਸਖਤ ਦੰਡ ਦੇਣਾ ਚਾਹੀਦਾ ਹੈ। ਜਿਸ ਤੋਂ ਅਗੇਰੇ ਨੂੰ ਇਸ ਤਰ੍ਹਾਂ ਮਨਮਤ ਕਰਨ ਦੀ ਕਿਸੇ ਨੂੰ ਦਲੇਰੀ ਨਾ ਪਵੇ।

ਗੁਰੂ ਖ਼ਾਲਸਾ ਪੰਥ ਵਿਚ ਕੋਈ ਦੇਹਧਾਰੀ ਮਨੁਖ 'ਗੁਰੂ' ਨਹੀਂ ਅਖਵਾ ਸਕਦਾ, ਜੋ ਗੁਰੂ ਸਦੌਂਦਾ ਹੈ ਓਹ ਗੁਰੂ ਘਰ ਦਾ ਦੋਖੀ ਹੈ।

ਦਾਸ ਲਾਲ ਸਿੰਘ ਹੈਡ ਗ੍ਰੰਥੀ



www.AKJ.Org

੧ੴ ਸਤਿ ਗੁਰਪ੍ਰਸਾਦਿ॥

ਕਮਾਲੀਆ
੧੭-੨-੪੨

੧. ਸ੍ਰੀ ਸਤਿ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦ ਪਰ ਸ੍ਰੀ ਕਲਗੀਧਰ ਸੱਚੇ ਪਾਤਸ਼ਾਹ ਜੀ ਆਪ ਅਸਥਾਪਨ ਕੀਤਾ ਹੈ। ਇਸੇ ਪਰ ਅਮਲ ਕਰਦੇ ਸ੍ਰਬਤ ਗੁਰੂ ਪੰਥ ਦਾ, ਸਤਿਕਾਰ ਜੋਗ, ਇਹੋ ਹੀ ਸਦਾ ਦਾ ਸਤਿਗੁਰੂ ਹੈ।
ਹੋਰ ਮਹਾਂ ਪੁਰਖ ਸਤਿਕਾਰ ਜੋਗ ਹਨ ਕਰਨੀ ਵਾਲੇ ਗੁਰਮੁਖ ਤਾਂ ਹਨ ਪਰ 'ਸਤਿਗੁਰੁ ਬਾਝਹੁ ਗੁਰੁ ਨਹੀ ਕੋਈ।'

੨. ਸ੍ਰੀ ਸਤਿਗੁਰੂ ਜੀ ਦੇ ਪਤ੍ਰੇ ਪਤ੍ਰੇ ਕਰਕੇ ਪਾਠ ਕਰਾਵਨਾ ਅਤੀ ਅਯੋਗ ਹੈ ਔਰ ਮਹਾਨ ਦੋਸ਼ ਹੈ॥

ਸੰਗਤ ਸਿੰਘ,
ਕਮਾਲੀਆ।

ਸ੍ਰੀਮਾਨ ਜੀ ! ਸ੍ਰੀ ਵਾਹਿਗੁਰੂ ਜੀ ਕੀ ਫਤਹਿ। ਆਪ ਜੀ ਦੀ ਕ੍ਰਿਪਾ ਪੱਤ੍ਰ ਪੁਜਾ ਹੈ ਜੀ। ਦਾਸ ਦਾ ਸਮਾਂ ਔਰ ਤ੍ਰੀਕ ਇਹੋ ਤ੍ਰੀਕ ਨੂੰ ਐਸੀ ਜਗਾ ਰੁੱਕ ਚੁੱਕਾ ਹੈ ਕਿ ਓਹ ਕਾਰਜ ਮੁਲਤਵੀ ਨਹੀਂ ਹੋ ਸਕਦਾ। ਇਸ ਲਈ ਪੁੱਜਨ ਤੋਂ ਬੇਬਸੀ ਹੈ।

ਖਿਮਾ ਦਾ ਯਾਚਕ ਸੰਗਤ ਸਿੰਘ॥



www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

1. ਜੇਲ੍ਹ ਚਿੱਠੀਆਂ
2. ਰੰਗਲੇ ਸੱਜਣ
3. ਅਣਡਿੱਠੀ ਦੁਨੀਆ
4. ਗੁਰਮਤਿ ਬਿਬੇਕ
5. ਗੁਰਮਤਿ ਲੇਖ
6. ਗੁਰਮਤਿ ਪ੍ਰਕਾਸ਼
7. ਗੁਰਮਤਿ ਵਿਚਾਰ
8. ਗੁਰਮਤਿ ਗੌਰਵਤਾ
9. ਸੰਤ ਪਦ ਨਿਰਣੈ
10. ਕਥਾ ਕੀਰਤਨ
11. ਸਚਖੰਡ ਦਰਸ਼ਨ
12. ਗੁਰਮਤਿ ਸਚ ਨਿਰਣੈ
13. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ ਪ੍ਰਸਤੀ ਹੈ ?
14. ਗੁਰਮਤਿ ਨਾਮ ਅਭਿਆਸ ਕਮਾਈ
15. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
16. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
17. ਚਰਨ ਕਮਲ ਕੀ ਮਉਜ
18. ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ
19. ਅਨਹਦ ਸ਼ਬਦ ਦਸਮ ਦੁਆਰ
20. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
21. ਜੋਤਿ ਵਿਗਾਸ (ਮਹਾਂ ਕਾਵਿ)
22. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
23. Autobiography of Bhai Sahib Randhir Singh Ji
24. Meaning of Sikh Baptism
25. ਅੰਮ੍ਰਿਤ ਕੀ ਹੈ?
26. ਅੰਮ੍ਰਿਤ ਕਲਾ
27. ਗੁਰਮਤਿ ਰਮਜ਼ਾਂ
28. ਸਿੱਖ ਕੌਣ ਹੈ?
29. ਸੱਚੀਆਂ ਦਾੜ੍ਹੀਆਂ
30. ਵਾਹਿਗੁਰੂ ਸਿਮਰਨ
31. ਉਮਰ ਕੈਦੀ ਦਾ ਸੁਪਨਾ
32. ਆਸਤਕ ਤੇ ਨਾਸਤਕ
33. ਸ਼ੰਕਿਆ ਦੇ ਉੱਤਰ
34. ਨਾਮ ਸਬੰਧੀ ਵਿਚਾਰ
35. ਪ੍ਰਗਟੀ ਜੋਤ ਮਿਲੇ ਰਾਮ ਪਿਆਰੇ
36. ਭਗਤ ਸਿੰਘ ਨਾਲ ਮੁਲਾਕਾਤ
37. ਤਿਮਰ ਅਗਿਆਨ ਤੋਂ ਉਜਿਆਰਾ
38. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
39. ਸਿੰਘਾਂ ਦਾ ਪੰਥ ਨਿਰਾਲਾ
40. ਬਾਬਾ ਵੈਦ ਰੋਗੀਆਂ ਦਾ
41. ਕੋ ਵਿਰਲਾ ਗੁਰਮਤਿ ਚਲੈ ਜੀਉ
42. ਹਉਮੈ ਨਾਵੈ ਨਾਲਿ ਵਿਰੋਧੁ ਹੈ
43. ਨਾਮ ਦਾ ਦਾਤਾ ਸਤਿਗੁਰੂ
44. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
45. ਸਿੱਖੀ ਸਿਦਕ ਤੇ ਧਰਮ ਰੱਖਿਆ
46. ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ
47. ਖਾਲਸਾ ਜੀ ਦਾ ਗੁਰਮਤਿ ਆਦਰਸ਼
48. ਸੰਖੇਪ ਜੀਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ**
**ਐਫ-ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ**

ੴ ਵਾਹਿਗੁਰੂ ਜੀ ਕੀ ਫਤਹਿ

੨.੪.੨੨

ਮੇਰੇ ਪਿਆਰੇ ਬਰਖੁਰਦਾਰ ਬਾਲਬੀਰ ਸਿੰਘ ॥ ਵਾਹਿਗੁਰੂ ਜੀ ਕਾ
ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥ ਤੇਰੀ ਚਿਠੀ ਮੈਨੂੰ ਪਰਸੋਂ
੨੧ ਜੁਲਾਈ ਨੂੰ ਮਿਲੀ ॥ ਸਭ ਸਮਾਚਾਰ ਮਲੂਮ ਹੋਇਆ ॥ ਮੈਂ ਤੇਰੇ
ਉਤੇ ਨਰਾਜ਼ ਨਹੀਂ ਹਾਂ ॥ ਇਸ ਤੋਂ ਪਹਿਲਾਂ ਭੀ ਇਕ ਪਤ੍ਰ ਤੇਰੇ ਨਾਉਂ ਤੇ ਭੇਜ
ਚੁਕਾਂ ਹਾਂ ॥ ਉਮੈਦ ਹੈ ਕਿ ਪਹੁੰਚ ਗਿਆ ਹੋਊ ॥ ਇਸ ਤੋਂ ਪਹਿਲੀ ਚਿਠੀ ਜੋ
ਤੁਸਾਂ ਪਾਸੋਂ ਭੇਜੀ ਸੀ ਬਹੁਤ ਚਿਰ ਪਿਛੋਂ ਮੈਨੂੰ ਮਿਲੀ ॥ ਥੋੜੇ ਦਨੋਂ ਚਿਠੀ ਦਾ
ਜਵਾਬ ਨਾ ਆਉਣ ਕਰਕੇ ਮੈਂ ਛੇਤੀ ਚਿਠੀ ਨਾ ਲਿਖੀ ॥ ਤੇਰੀ ਇਸ ਚਿਠੀ ਦੇ
ਨਾਲ ਹੀ ਭਾਈ ਮੱਲ ਸਿੰਘ ਜੀ ਦੀ ਚਿਠੀ ਭੀ ਮੈਨੂੰ ਮਿਲੀ ਹੈ ॥ ਉਹਨਾਂ ਵਿਚ [illegible]
ਲਿਖਦੇ ਹਨ ਕਿ ਅਸੀਂ ਸਣੇ ਸਾਰੇ ਪਰਵਾਰ ਦੇ ਮੁਲਾਕਾਤ ਕਰਨ ਆਵਾਂਗੇ ॥
ਨਾਲੇ ਤੈਨੂੰ ਨਾਲ ਲਿਆਉਣਗੇ ਨਾਲੇ ਬੀਬੀ ਦਲੇਰ ਕੌਰ ਨੂੰ ਨਾਲ ਲਿਆਉਣਗੇ ਤੇ
ਨਾਲੇ ਤੇਰੀ ਬੇਬੇ ਜੀ ਨੂੰ ਤੇ ਤੇਰੀ ਅੰਮਾਂ ਜੀ ਨੂੰ ਭੀ ॥ ਪਰ ਥੋਨੂੰ ਇਤਨੀ ਖੇਚਲ ਕਰਨ
ਦੀ ਲੋੜ ਨਹੀਂ ॥ ਗੁਰੂ ਦੇ ਭਾਣੇ ਅੰਦਰ ਅਸੀਂ ਆਪੇ ਹੀ ਕਦੇ ਥੋਨੂੰ ਸਾਰਿਆਂ ਨੂੰ
ਆ ਮਿਲਾਂਗੇ ॥ ਤੂੰ ਪਿਆਰਾ ਬਰ ਪਿਆਰਾ ਗੁਰੂ ਕਾ ਤਾਂ ਹੋਵੇਂਗਾ ਸਿੰਘ ਸਜਿਆ ਰਹੇਂਗਾ
ਤਾਂ ਛੇਤੀ ਹੀ ਗੁਰੂ ਸਾਨੂੰ ਪਾਰ ਲੈ ਆਊ ॥ ਤੂੰ ਗੁਰਮੁਖੀ ਲਿਖਣ ਪੜ੍ਹਨਾ
ਅਤੇ ਬਾਣੀ ਦਾ ਪਾਠ ਕਰਨਾ ਛੇਤੀ ਸਿਖ ਲੈ ॥ ਅਸੀਂ ਤੇਰੇ ਉਤੇ ਬੜੇ ਖੁਸ਼ੀ ਹੋਵਾਂਗੇ
ਆਪਣੀ ਬੇਬੇ ਜੀ ਦੀਆਂ ਅਖਾਂ ਦੀ ਬਾਬਤ ਛੇਤੀ ਖਬਰ ਭੇਜੋ ਕਿ ਠੀਕ ਹੋ
ਗਈਆਂ ਕਿ ਨਹੀਂ ॥ ਮੈਨੂੰ ਬਹੁਤ ਫ਼ਿਕਰ ਹੈ ॥ ਇਸੇ ਕਰਕੇ ਮੈਂ ਉਹਨਾਂ ਦੇ ਨਾਉਂ ਪਤ੍ਰ
ਅਜੇ ਨਹੀਂ ਲਿਖਿਆ ॥ ਜਵਾਬ ਆਉਣ ਪਰ ਲਿਖੂੰਗਾ ॥ ਤੂੰ ਆਪਣੀ
ਅੰਮਾਂ ਜੀ ਦੀ ਸੇਵਾ ਕਰਿਆ ਕਰ ॥ ਅਤੇ ਆਪਣੀ ਬੇਬੇ ਦੀਆਂ ਅਖਾਂ
ਦੀ ਦਾਰੂ ਬੂਟੀ ਦੀ ਟਹਿਲ ਕਰਦਾ ਰਹੀਂ ॥ ਤੇ ਜਵਾਬ ਇਸ ਪਤ੍ਰ ਦਾ ਛੇਤੀ
ਹੀ ਘਲੀਂ ॥ ਆਪਣੀ ਭੂਆ ਜੀ ਤੇ ਫੁਫੜ ਜੀ ਨੂੰ ਮੇਰੀ ਫਤਹਿ ਬੁਲਾਵਣ ਜੀ ਘਲਣੀ
ਅਤੇ ਉਹਨਾਂ ਦੀ ਸੁਖ ਸਾਂਦ ਦਾ ਹਾਲ ਲਿਖਣਾ ॥ ਭਾਈ ਸੁਰਜਨ ਸਿੰਘ ਦਾ
ਕੋਈ ਪਤ੍ਰ ਚਿਰ ਤੋਂ ਨਹੀਂ ਆਇਆ ॥ ਭਾਈ ਕਰਤਾਰ ਸਿੰਘ ਨੂੰ ਅਤੇ
ਅਤੇ ਆਪਣੇ ਭਾਈ ਤੇ ਸਭ ਛੋਟੇ ਵੀਰ ਅਤਰ ਸਿੰਘ ਨੂੰ ਅਤੇ ਹੋਰ ਸਾਰੇ
ਸਿੰਘਾਂ ਨੂੰ ਮੇਰੀ ਫਤਹਿ ਬੁਲਾਉਣਾ ॥ ਬੀਬੀ ਦਲੇਰ ਕੌਰ ਨੂੰ ਅਤੇ ਅਤਰ
ਸਿੰਘ ਦੀ ਬੀਬੀ ਨੂੰ ਤੇ ਨਾਲੇ ਤੈਨੂੰ ਮੇਰਾ ਬਹੁਤਾ ਬਹੁਤਾ ਪਿਆਰ ਤੇ ਦੀਰ [illegible]
ਰਣਜੀਤ ਸਿੰਘ ਤੇ ਅਜੀਤ ਸਿੰਘ ਨੂੰ ਪਿਆਰ ਨਾਲ ਫਤਹਿ ॥ ਤੇਰਾ [illegible] ਰਣਧੀਰ ਸਿੰਘ

# ਭਾਈ ਸਾਹਿਬ ਜੀ ਵਲੋਂ ਰਾਜਮੰਦਰੀ ਜੇਲ੍ਹ ਤੋਂ ਲਿਖੀ ਚਿੱਠੀ

(ਸਿਮ੍ਰਤੀ ਗ੍ਰੰਥ ਵਿਚੋਂ ਧੰਨਵਾਦ ਸਹਿਤ)

www.AKJ.Org

# ਵੀਹਵੀਂ ਸਦੀ ਦੇ ਮਹਾਨ ਤਪਸੱਵੀ

## ਪੰਥ ਦੀ ਸੋਨ ਚਿੜੀ



## ਗੁਰਦੁਆਰਾ ਸੁਧਾਰ ਅਤੇ
## ਗਦਰ ਲਹਿਰ ਦੇ ਮੋਢੀ

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

www.AKJ.Org